ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

22-28 ਜਨਵਰੀ 2025

ਸਾਲ 16ਵਾਂ - ਅੰਕ 4
email : info@sadelok.com
Ph. : 510-706-1300
Fax : 925-373-1300

## ਪੰਜਾਬ ਵਿੱਚ ਨਾ ਲੱਗੀ ਫਿਲਮ 'ਐਮਰਜੈਂਸੀ'



(ਦੇਖੋ ਸਫ਼ਾ 18 'ਤੇ)

## ਬਾਬਾ ਬਾਪੂ ਸੂਰਤ ਸਿੰਘ ਜੀ ਖਾਲਸਾ ਦਾ ਅੰਤਿਮ ਸਸਕਾਰ ਤੇ ਭੋਗ 26 ਜਨਵਰੀ ਨੂੰ



ਬੰਦੀ ਸਿੰਘਾਂ ਦੇ ਦਰਦੀ ਬਾਬੂ ਸੂਰਤ ਸਿੰਘ ਜੀ ਖਾਲਸਾ ਦਾ ਅੰਤਿਮ ਸਸਕਾਰ ਐਤਵਾਰ 26 ਜਨਵਰੀ 2025 ਨੂੰ ਦੁਪਹਿਰ 11 ਤੋਂ 2 ਵਜੇ ਤੱਕ Chapels of Chimes 32992 Mission Blvd, Hayward ਵਿਖੇ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਭੋਗ ਅਤੇ ਅਰਦਾਸ 3 ਤੋਂ 5 ਵਜੇ ਗੁਰਦੁਆਰਾ ਸਾਹਿਬ 300 ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ।

ਬਾਪੂ ਸੂਰਤ ਸਿੰਘ ਜ਼ਿਲ੍ਹਾ ਲੁਧਿਆਣਾ ਦੇ ਹਸਨਪੁਰ ਪਿੰਡ ਦੇ ਰਹਿਣ ਵਾਲੇ ਸਨ। ਬਾਪੂ ਸੂਰਤ ਸਿੰਘ ਖਾਲਸਾ ਜੀ ਲਗਭਗ 9 ਸਾਲਾਂ

ਦੇਖੋ ਸਫ਼ਾ 28-29 'ਤੇ

## ਟਰੰਪ ਸਰਕਾਰ ਬਣਨ ਤੋਂ ਬਾਅਦ ਕੁਝ ਧਿਆਨਯੋਗ ਗੱਲਾਂ

(ਦੇਖੋ ਸਫ਼ਾ 30-31 'ਤੇ)

# ਡੋਨਾਲਡ ਟਰੰਪ ਦੂਜੀ ਵਾਰ ਅਮਰੀਕਾ ਦੇ ਬਣੇ ਰਾਸ਼ਟਰਪਤੀ

## ਚੀਫ਼ ਜਸਟਿਸ ਨੇ 47ਵੇਂ ਰਾਸ਼ਟਰਪਤੀ ਵਜੋਂ ਦਿਵਾਇਆ ਹਲਫ਼; ਵਾਂਸ ਨੇ ਉਪ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ



ਵਾਸ਼ਿੰਗਟਨ : ਰਿਪਬਲਿਕਨ ਆਗੂ ਡੋਨਲਡ ਟਰੰਪ (78) ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਹਲਫ਼ ਲੈ ਲਿਆ ਹੈ। ਯੂਐੱਸ ਕੈਪੀਟਲ 'ਚ ਹੋਏ ਸਮਾਗਮ ਦੌਰਾਨ ਚੀਫ਼ ਜਸਟਿਸ ਜੌਹਨ ਰੌਬਰਟਸ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਹਲਫ਼ ਲੈਣ 'ਤੇ ਉਨ੍ਹਾਂ ਨੂੰ ਤੋਪਾਂ ਨਾਲ ਸਲਾਮੀ ਦਿੱਤੀ ਗਈ। ਉਨ੍ਹਾਂ ਪਰਿਵਾਰ ਦੀ ਬਾਈਬਲ ਅਤੇ 1861 'ਚ ਰਾਸ਼ਟਰਪਤੀ ਵਜੋਂ ਹਲਫ਼ ਲੈਣ ਵਾਲੇ ਅਬਰਾਹਮ ਲਿੰਕਨ ਵੱਲੋਂ ਵਰਤੀ ਗਈ ਬਾਈਬਲ 'ਤੇ ਹੱਥ ਰੱਖ ਕੇ ਸਹੁੰ ਚੁੱਕੀ। ਇਸ ਤੋਂ ਪਹਿਲਾਂ ਜੇਡੀ ਵਾਂਸ ਨੇ ਆਪਣੀ ਪੜਦਾਦੀ ਵੱਲੋਂ ਦਿੱਤੀ ਬਾਈਬਲ 'ਤੇ ਹੱਥ ਰੱਖ ਕੇ ਉਪ ਰਾਸ਼ਟਰਪਤੀ ਅਹੁਦੇ ਦਾ ਹਲਫ਼ ਲਿਆ। ਅਮਰੀਕਾ ਦੇ ਸਿਖਰਲੇ ਅਹੁਦੇ 'ਤੇ ਟਰੰਪ ਦਾ ਇਹ ਦੂਜਾ ਕਾਰਜਕਾਲ ਹੈ ਜਿਸ 'ਚ ਉਨ੍ਹਾਂ ਅਮਰੀਕੀ ਅਦਾਰਿਆਂ ਨੂੰ ਨਵਾਂ ਰੂਪ ਦੇਣ ਦੇ ਐਲਾਨ ਕੀਤਾ ਹੈ।

ਕੜਾਕੇ ਦੀ ਠੰਢ ਕਾਰਨ ਟਰੰਪ ਦਾ ਹਲਫ਼ਦਾਰੀ ਸਮਾਗਮ ਅੰਦਰ ਖੁੱਲ੍ਹੇ ਹਾਲ 'ਚ ਕੀਤਾ ਗਿਆ।

## ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ ਸਮੇਂ ਵਰਲਡ ਸਿੱਖ ਪਾਰਲੀਮੈਂਟ ਨੇ ਸਿੱਖਾਂ ਦੀ ਕੀਤੀ ਅਗਵਾਈ

(ਦੇਖੋ ਸਫ਼ਾ 11 'ਤੇ)

ਹਲਫ਼ਦਾਰੀ ਸਮਾਗਮ ਤੋਂ ਪਹਿਲਾਂ ਜੋਅ ਬਾਇਡਨ ਨੇ ਸੱਤਾ ਤਬਦੀਲੀ ਦੀਆਂ ਰਵਾਇਤਾਂ ਨੂੰ ਜਾਰੀ ਰਖਦਿਆਂ ਵ੍ਹਾਈਟ ਹਾਊਸ 'ਚ ਡੋਨਲਡ ਟਰੰਪ ਦਾ ਚਾਹ ਅਤੇ ਕੌਫੀ 'ਤੇ ਸਵਾਗਤ ਕੀਤਾ। ਉਨ੍ਹਾਂ ਟਰੰਪ ਨਾਲ ਹੱਥ ਮਿਲਾਉਂਦਿਆਂ ਕਿਹਾ, "ਘਰ ਵਾਪਸੀ ਦਾ

(ਦੇਖੋ ਸਫ਼ਾ 6 'ਤੇ)

Bhatia & Co, Inc
Certified Public Accountants
Our Services:
Business Tax (C crop/S corp/LLC etc)
Individual Tax
Estate Tax
International Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and Other Categories of nonimmigrant visas
Other Immigration Services: Citizenship; e-Verify, I-9 and Other Compliance; Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In:
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
Broker License # 24012019
206-295-5993
Cjs@realtorcjs.com
HOMESMART ONE REALTY
Charanjit Singh Seattle
ਜੇਕਰ ਤੁਸੀਂ ਬਿਜ਼ਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

BIBA INSURANCE
1.800.221.4187
Specializing in Truck Insurance for Owner Operators and Trucking Companies
ਟਰੱਕਾਂ ਦੀ ਸਸਤੀ ਅਤੇ ਵਧੀਆ ਇੰਸ਼ੋਰੈਂਸ ਕਰਾਉਣ ਲਈ ਭਰੋਸੇਮੰਦ ਅਤੇ ਜ਼ੁੰਮੇਵਾਰ ਕੰਪਨੀ
ਬੀਬਾ ਇੰਸ਼ੋਰੈਂਸ
ਨੂੰ ਅੱਜ ਹੀ ਕਾਲ ਕਰੋ
License #0F71937

Punjabi International Services Inc
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਉਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਪੀ.ਸੀ. ਏ. ਫਰਿਜ਼ਨੋ ਵੱਲੋ ਲਾਸ ਏਂਜਲਸ ਫਾਇਰ ਲਈ ਖਾਲਸਾ ਏਡ ਨੂੰ 11,000 ਡਾਲਰ ਦੀ ਰਾਸ਼ੀ ਭੇਂਟ



ਫਰਿਜ਼ਨੋ/ਕੈਲੀਫੋਰਨੀਆਂ, (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਲੰਘੇ ਐਤਵਾਰ ਪੀ.ਸੀ. ਏ. (ਪੰਜਾਬੀ ਕਲਚਰਲ ਐਸੋਸੀਏਸ਼ਨ) ਫਰਿਜ਼ਨੋ ਦੇ ਮੈਂਬਰਾਂ ਦੀ ਇਕੱਤਰਤਾ ਇੰਡੀਅਨ ਕਬਾਬ ਪੈਲੇਸ ਰੈਸਟੋਰੈਂਟ ਵਿਖੇ ਹੋਈ। ਜਿੱਥੇ ਐਸੋਸੀਏਸ਼ਨ ਦੇ ਮੈਂਬਰਾਂ ਨੇ ਲਾਸ ਏਂਜਲਸ ਫਾਇਰ ਦੇ ਪੀੜਤਾਂ ਦੀ ਮਦਦ ਲਈ 11,000 ਹਜ਼ਾਰ ਡਾਲਰ ਦਾ ਚੈੱਕ ਖਾਲਸਾ ਏਡ ਨੂੰ ਭੇਂਟ ਕੀਤਾ। ਇਸ ਮੌਕੇ ਖਾਲਸਾ ਏਡ ਦੇ ਬਾਨੀ ਰਵੀ ਸਿੰਘ ਖਾਲਸਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਪੀ. ਸੀ. ਏ. ਮੈਂਬਰ ਸ. ਸੁਖਬੀਰ ਸਿੰਘ ਭੰਡਾਲ ਨੇ ਉਹਨਾਂ ਨੂੰ ਜੀ ਆਇਆ ਕਿਹਾ ਤੇ ਸੰਸਥਾ ਦੇ ਮੈਂਬਰਾਂ ਨਾਲ ਜਾਣ ਪਹਿਚਾਣ ਕਰਵਾਈ। ਪੀ. ਸੀ. ਏ. ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਐਸੋਸੀਏਸ਼ਨ ਦੇ ਕੰਮਾਂ ਕਾਰਾਂ ਤੋ ਰਵੀ ਸਿੰਘ ਖ਼ਾਲਸਾ ਨੂੰ ਜਾਣੂ ਕਰਵਾਇਆ। ਇਸ ਮੌਕੇ ਰਵੀ ਸਿੰਘ ਖ਼ਾਲਸਾ ਨੇ ਪੀ. ਸੀ.ਏ. ਦਾ ਮਦਦ ਲਈ ਧੰਨਵਾਦ ਕੀਤਾ, ਅਤੇ ਉਨ੍ਹਾਂ ਕਿਹਾ ਕਿ ਅਸੀਂ ਤੁਹਾਡੇ ਵਰਗੇ ਸੱਜਣਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇ ਉਪਦੇਸ਼ ਤੇ ਚੱਲਦੇ ਮਨੁੱਖਤਾ ਦੀ ਸੇਵਾ ਕਰਦੇ ਆ ਰਹੇ ਹਾਂ। ਉਹਨਾਂ ਕਿਹਾ ਕਿ ਦੁਨੀਆਂ ਵਿੱਚ ਕਿੱਧਰੇ ਵੀ ਕੋਈ ਮੁਸੀਬਤ ਬਣੇ, ਖਾਲਸਾ ਏਡ ਬਿਨਾਂ ਕਿਸੇ ਧਰਮ, ਜਾਤ, ਰੰਗ ਨਸਲ ਦੇ ਭੇਦਭਾਵ ਤੋਂ ਬਿਨਾਂ, ਮੋਢਾ ਡਾਹਕੇ ਖੜ੍ਹਦੀ ਆ ਰਹੀ ਹੈ, ਇਹ ਸਭ ਤੁਹਾਡੇ ਵਰਗੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਡੀ ਪਹਿਲ ਪੰਜਾਬ ਹੁੰਦੀ ਹੈ, ਪਰ ਮਨੁੱਖਤਾ ਦੀ ਸੇਵਾ, ਸਾਡਾ ਧਰਮ ਸਾਨੂੰ ਸਿਖਾਉਂਦਾ ਹੈ ਤੇ ਮਨੁੱਖਤਾ ਦੀ ਸੇਵਾ ਲਈ ਅਸੀਂ ਦੁਨੀਆਂ ਦੇ ਹਰ ਹਿੱਸੇ ਵਿੱਚ ਪਹੁੰਚਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਪਾਰਦਰਸ਼ਤਾ ਨਾਲ ਕੰਮ ਕਰ ਰਹੇ ਹਾਂ, ਅਗਰ ਕਿਸੇ ਨੂੰ ਕੋਈ ਵੀ ਸਵਾਲ ਹੋਵੇ, ਅਸੀਂ ਲੋਕਾਂ ਨੂੰ ਜਵਾਬਦੇਹ ਹਾਂ। ਇਸ ਮੌਕੇ ਪੀ. ਸੀ. ਏ. ਨੇ ਮੀਡੀਏ ਦਾ ਧੰਨਵਾਦ ਕੀਤਾ ਅਤੇ ਰਵੀ ਸਿੰਘ ਖ਼ਾਲਸਾ ਅਤੇ ਖਾਲਸਾ ਏਡ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders


We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਡੋਨਾਲਡ ਟਰੰਪ ਦੂਜੀ ਵਾਰ ਅਮਰੀਕਾ ਦੇ ਬਣੇ ਰਾਸ਼ਟਰਪਤੀ

## ਚੀਫ਼ ਜਸਟਿਸ ਨੇ 47ਵੇਂ ਰਾਸ਼ਟਰਪਤੀ ਵਜੋਂ ਦਿਵਾਇਆ ਹਲਫ਼; ਵੈਂਸ ਨੇ ਉਪ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ








ਵਾਸ਼ਿੰਗਟਨ : ਰਿਪਬਲਿਕਨ ਆਗੂ ਡੋਨਲਡ ਟਰੰਪ (78) ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਹਲਫ਼ ਲੈ ਲਿਆ ਹੈ। ਯੂਐੱਸ ਕੈਪੀਟਲ ’ਚ ਹੋਏ ਸਮਾਗਮ ਦੌਰਾਨ ਚੀਫ਼ ਜਸਟਿਸ ਜੌਹਨ ਰੌਬਰਟਸ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਹਲਫ਼ ਲੈਣ ’ਤੇ ਉਨ੍ਹਾਂ ਨੂੰ ਤੋਪਾਂ ਨਾਲ ਸਲਾਮੀ ਦਿੱਤੀ ਗਈ। ਉਨ੍ਹਾਂ ਪਰਿਵਾਰ ਦੀ ਬਾਈਬਲ ਅਤੇ 1861 ’ਚ ਰਾਸ਼ਟਰਪਤੀ ਵਜੋਂ ਹਲਫ਼ ਲੈਣ ਵਾਲੇ ਅਬਰਾਹਮ ਲਿੰਕਨ ਵੱਲੋਂ ਵਰਤੀ ਗਈ ਬਾਈਬਲ ’ਤੇ ਹੱਥ ਰੱਖ ਕੇ ਸਹੁੰ ਚੁੱਕੀ। ਇਸ ਤੋਂ ਪਹਿਲਾਂ ਜੇਡੀ ਵਾਂਸ ਨੇ ਆਪਣੀ ਪੜਦਾਦੀ ਵੱਲੋਂ ਦਿੱਤੀ ਬਾਈਬਲ ’ਤੇ ਹੱਥ ਰੱਖ ਕੇ ਉਪ ਰਾਸ਼ਟਰਪਤੀ ਅਹੁਦੇ ਦਾ ਹਲਫ਼ ਲਿਆ। ਅਮਰੀਕਾ ਦੇ ਸਿਖਰਲੇ ਅਹੁਦੇ ’ਤੇ ਟਰੰਪ ਦਾ ਇਹ ਦੂਜਾ ਕਾਰਜਕਾਲ ਹੈ ਜਿਸ ’ਚ ਉਨ੍ਹਾਂ ਅਮਰੀਕੀ ਅਦਾਰਿਆਂ ਨੂੰ ਨਵਾਂ ਰੂਪ ਦੇਣ ਦੇ ਐਲਾਨ ਕੀਤਾ ਹੈ।



ਜੇਡੀ ਵਾਂਸ ਅਮਰੀਕਾ ਦੇ ਉਪ ਰਾਸ਼ਟਰਪਤੀ ਵਜੋਂ ਹਲਫ ਲੈਂਦੇ ਹੋਏ।

ਕੜਾਕੇ ਦੀ ਠੰਢ ਕਾਰਨ ਟਰੰਪ ਦਾ ਹਲਫ਼ਦਾਰੀ ਸਮਾਗਮ ਅੰਦਰ ਖੁੱਲ੍ਹੇ ਹਾਲ ’ਚ ਕੀਤਾ ਗਿਆ। ਹਲਫ਼ਦਾਰੀ ਸਮਾਗਮ ਤੋਂ ਪਹਿਲਾਂ ਜੋਅ ਬਾਇਡਨ ਨੇ ਸੱਤਾ ਤਬਦੀਲੀ ਦੀਆਂ ਰਵਾਇਤਾਂ ਨੂੰ ਜਾਰੀ ਰਖਦਿਆਂ ਵ੍ਹਾਈਟ ਹਾਊਸ ’ਚ ਡੋਨਲਡ ਟਰੰਪ ਦਾ ਚਾਹ ਅਤੇ ਕੌਫੀ ’ਤੇ ਸਵਾਗਤ ਕੀਤਾ। ਉਨ੍ਹਾਂ ਟਰੰਪ ਨਾਲ ਹੱਥ ਮਿਲਾਉਂਦਿਆਂ ਕਿਹਾ, ‘‘ਘਰ ਵਾਪਸੀ ਦਾ ਸਵਾਗਤ ਹੈ।’’ ਹਲਫ਼ਦਾਰੀ ਸਮਾਗਮ ’ਚ ਭਾਰਤ ਵੱਲੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸ਼ਮੂਲੀਅਤ ਕੀਤੀ। ਸੂਤਰਾਂ ਮੁਤਾਬਕ ਉਹ ਟਰੰਪ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਿਖਿਆ ਪੱਤਰ ਵੀ ਲੈ ਕੇ ਗਏ ਹਨ। ਇਸ ਮੌਕੇ ਕਾਰੋਬਾਰੀ ਮੁਕੇਸ਼ ਅੰਬਾਨੀ ਅਤੇ ਉਨ੍ਹਾਂ ਦੀ ਪਤਨੀ ਨੀਤਾ ਵੀ ਹਾਜ਼ਰ ਸਨ। ਇਸ ਤੋਂ ਪਹਿਲਾਂ ਟਰੰਪ ਨੇ ਪਰਿਵਾਰ ਸਮੇਤ ਸੇਂਟ ਜੌਹਨਸ ਐਪਿਸਕੋਪਲ ਚਰਚ ’ਚ ਪ੍ਰਾਰਥਨਾ ਕੀਤੀ। ਹਲਫ਼ ਲੈਣ ਤੋਂ ਬਾਅਦ 200 ਤੋਂ ਵਧ ਮਹਿਮਾਨਾਂ ਲਈ ਦੁਪਹਿਰ ਦੇ ਭੋਜਨ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ’ਚ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਉਨ੍ਹਾਂ ਦੇ ਪਰਿਵਾਰ, ਅਮਰੀਕੀ ਸੁਪਰੀਮ ਕੋਰਟ ਦੇ ਜੱਜ, ਮਨੋਨੀਤ ਕੈਬਨਿਟ ਮੰਤਰੀ ਅਤੇ ਕਾਂਗਰਸ ਦੇ ਮੈਂਬਰ ਸ਼ਾਮਲ ਹੋਣਗੇ। ਹਲਫ਼ਦਾਰੀ ਸਮਾਗਮ ’ਚ ਇਵਾਂਕਾ ਟਰੰਪ, ਲਾਰਾ ਟਰੰਪ, ਰੌਬਰਟ ਐੱਫ ਕੈਨੇਡੀ ਜੂਨੀਅਰ, ਤੁਲਸੀ ਗਾਬਾਰਡ, ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਿਲੇਈ, ਐਪਲ ਦੇ ਟਿਮ ਕੁਕ, ਰੂਪਰਟ ਮਰਡੋਕ, ਸੈਨੇਟਰ ਮਾਰਕੋ ਰੂਬੀਓ, ਸੀਨ ਡਫੀ, ਟਿਕਟੌਕ ਦੇ ਸੀਈਓ ਸ਼ੋਊ ਚਿਊ, ਟੈਸਲਾ ਦੇ ਮੁਖੀ ਐਲਨ ਮਸਕ, ਮਾਈਕ ਵਾਲਟਜ਼, ਕਾਸ਼ ਪਟੇਲ, ਭਾਰਤ-ਅਮਰੀਕੀ ਆਗੂ ਵਿਵੇਕ ਰਾਮਾਸਵਾਮੀ, ਫੇਸਬੁੱਕ ਦੇ ਮੁਖੀ ਮਾਰਕ ਜ਼ਕਰਬਰਗ, ਜੈੱਫ ਬੇਜ਼ੋਸ, ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਤੇ ਗੂਗਲ ਦੇ ਸੀਈਓ ਸੁੰਦਰ ਪਿਚਾਈ ਸਮੇਤ ਹੋਰ ਹਸਤੀਆਂ ਹਾਜ਼ਰ ਸਨ।



ਡੋਨਲਡ ਟਰੰਪ ਦੇ ਹਲਫ਼ਦਾਰੀ ਸਮਾਗਮ ਵਿੱਚ ਹਿੱਸਾ ਲੈਂਦੇ ਹੋਏ ਮੁਕੇਸ਼ ਅੰਬਾਨੀ ਤੇ ਨੀਤਾ ਅੰਬਾਨੀ।

## ਨਰਿੰਦਰ ਮੋਦੀ ਨੇ ਟਰੰਪ ਨੂੰ ਦਿੱਤੀ ਵਧਾਈ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੋਨਾਲਡ ਟਰੰਪ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ’ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਦੋਵਾਂ ਦੇਸ਼ਾਂ ਦੇ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਦੁਨੀਆ ਲਈ ਬਿਹਤਰ ਭਵਿੱਖ ਬਣਾਉਣ ਲਈ ਇਕ ਵਾਰ ਫਿਰ ਮਿਲ ਕੇ ਕੰਮ ਕਰਨ ਦੀ ਉਮੀਦ ਰੱਖਦੇ ਹਨ। ਮੋਦੀ ਨੇ ‘ਐਕਸ’ ’ਤੇ ਇਕ ਪੋਸਟ ਵਿਚ ਕਿਹਾ ਕਿ ਮੇਰੇ ਪਿਆਰੇ ਦੋਸਤ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਇਤਿਹਾਸਕ ਉਦਘਾਟਨ ’ਤੇ ਵਧਾਈ! ਮੈਂ ਇਕ ਵਾਰ ਫਿਰ ਇਕੱਠੇ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ, ਅਸੀਂ ਦੋਵਾਂ ਦੇਸ਼ਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਅਤੇ ਵਿਸ਼ਵ ਲਈ ਇਕ ਬਿਹਤਰ ਭਵਿੱਖ ਨੂੰ ਰੂਪ ਦੇਣ ਲਈ ਮਿਲ ਕੇ ਕੰਮ ਕਰਾਂਗੇ।

## ਰੂਸੀ ਰਾਸ਼ਟਰਪਤੀ ਪੁਤਿਨ ਵਲੋਂ ਵਧਾਈ



ਮਾਸਕੋ : ਡੋਨਾਲਡ ਟਰੰਪ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਠੀਕ ਪਹਿਲਾਂ ਰੂਸ ਦੀ ਸੁਰੱਖਿਆ ਪ੍ਰੀਸ਼ਦ ਦੇ ਮੈਂਬਰਾਂ ਨਾਲ ਵੀਡੀਓ ਕਾਲ ਦੌਰਾਨ ਬੋਲਦੇ ਹੋਏ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਅਸੀਂ ਟਰੰਪ ਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਵਲੋਂ ਰੂਸ ਨਾਲ ਸਿੱਧੇ ਸੰਪਰਕਾਂ ਨੂੰ ਬਹਾਲ ਕਰਨ ਲਈ ਉਨ੍ਹਾਂ ਦੀ ਇੱਛਾ ਬਾਰੇ ਬਿਆਨ ਸੁਣਿਆ ਹੈ। ਪੁਤਿਨ ਨੇ ਕਿਹਾ ਕਿ ਅਸੀਂ ਤੀਜੇ ਵਿਸ਼ਵ ਯੁੱਧ ਨੂੰ ਰੋਕਣ ਲਈ ਸਭ ਕੁਝ ਕਰਨ ਦੀ ਜ਼ਰੂਰਤ ਬਾਰੇ ਉਨ੍ਹਾਂ ਦੇ ਬਿਆਨ ਵੀ ਸੁਣਦੇ ਹਾਂ। ਅਸੀਂ ਯਕੀਨੀ ਤੌਰ ’ਤੇ ਅਜਿਹੀ ਪਹੁੰਚ ਦਾ ਸਵਾਗਤ ਕਰਦੇ ਹਾਂ ਤੇ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਨੂੰ ਅਹੁਦਾ ਸੰਭਾਲਣ ’ਤੇ ਵਧਾਈ ਦਿੰਦੇ ਹਾਂ। ਪੁਤਿਨ ਨੇ ਕਿਹਾ ਕਿ ਮਾਸਕੋ ਯੂਕਰੇਨ ’ਚ ਸੰਭਾਵੀ ਸ਼ਾਂਤੀ ਸਮਝੌਤੇ ’ਤੇ ਚਰਚਾ ਕਰਨ ਲਈ ਤਿਆਰ ਹੈ।

## ਅਮਰੀਕਾ ਦਾ ਸੁਨਹਿਰਾ ਦੌਰ ਸ਼ੁਰੂ ਹੋਇਆ: ਟਰੰਪ

ਹਲਫ਼ਦਾਰੀ ਸਮਾਗਮ ਮਗਰੋਂ ਆਪਣੇ ਪਹਿਲੇ ਸੰਬੋਧਨ ’ਚ ਡੋਨਲਡ ਟਰੰਪ ਨੇ ਕਿਹਾ ਕਿ ਅਮਰੀਕਾ ਦਾ ਸੁਨਹਿਰਾ ਦੌਰ ਸ਼ੁਰੂ ਹੋ ਗਿਆ ਹੈ। ਟਰੰਪ ਨੇ ਕਿਹਾ ਕਿ ਸਰਕਾਰ ਅਜੇ ਸੰਕਟ ਦੇ ਦੌਰ ’ਚੋਂ ਗੁਜ਼ਰ ਰਹੀ ਹੈ ਪਰ ਉਨ੍ਹਾਂ ਦੇ ਮੌਜੂਦਾ ਕਾਰਜਕਾਲ ’ਚ ਅਮਰੀਕਾ ਵਧੇਰੇ ਮਜ਼ਬੂਤ ਅਤੇ ਤਾਕਤਵਰ ਬਣ ਕੇ ਉਭਰੇਗਾ। ਅਮਰੀਕਾ ’ਚ ਘੁਸਪੈਠ ਰੋਕਣ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਲਾਸ ਏਂਜਲਸ ਵਰਗੀ ਘਟਨਾ ਨੂੰ ਨਹੀਂ ਵਾਪਰਨ ਦਿੱਤਾ ਜਾਵੇਗਾ। ਟਰੰਪ ਨੇ ਕਿਹਾ ਕਿ ਪਰਮਾਤਮਾ ਨੇ ਅਮਰੀਕਾ ਨੂੰ ਮਹਾਨ ਬਣਾਉਣ ਲਈ ਉਨ੍ਹਾਂ ਨੂੰ ਬਚਾਇਆ ਹੈ ਅਤੇ ਉਹ ਅਮਰੀਕਾ ਨੂੰ ਮੁੜ ਤੋਂ ਮਹਾਨ ਬਣਾਉਣ ਲਈ ਪੂਰੀ ਵਾਹ ਲਗਾ ਦੇਣਗੇ। ਪਿਛਲੇ ਸਾਲ ਚੋਣ ਪ੍ਰਚਾਰ ਦੌਰਾਨ ਟਰੰਪ ’ਤੇ ਦੋ ਵਾਰ ਹਮਲੇ ਹੋਏ ਸਨ। ਟਰੰਪ ਨੇ ਸਿਆਹਫਾਮ ਭਾਈਚਾਰੇ ਦਾ ਉਚੇਚੇ ਤੌਰ ’ਤੇ ਧੰਨਵਾਦ ਕੀਤਾ। ਇਸ ਦੇ ਨਾਲ ਹੀ ਟਰੰਪ ਨੇ ਕਿਹਾ ਕਿ ਉਹ ਮੈਕਸਿਕੋ ਸਰਹੱਦ ’ਤੇ ਕੌਮੀ ਐਮਰਜੈਂਸੀ ਐਲਾਨਣਗੇ ਅਤੇ ਉਥੇ ਘੁਸਪੈਠ ਰੋਕਣ ਲਈ ਹੋਰ ਫੌਜ ਭੇਜੀ ਜਾਵੇਗੀ। ਉਨ੍ਹਾਂ ਵਿਦੇਸ਼ੀ ਅਤਿਵਾਦੀ ਜਥੇਬੰਦੀਆਂ ਦੇ ਖ਼ਾਤਮੇ ਦਾ ਵੀ ਅਹਿਦ ਲਿਆ। ਟਰੰਪ ਨੇ ਕਿਹਾ ਕਿ ਉਹ ਕਈ ਫ਼ੈਸਲਿਆਂ ਨਾਲ ਸਬੰਧਤ ਸਰਕਾਰੀ ਹੁਕਮ ਅੱਜ ਹੀ ਜਾਰੀ ਕਰਨਗੇ। ਰਾਸ਼ਟਰਪਤੀ ਨੇ ਕਿਹਾ ਪ੍ਰੈੱਸ ’ਤੇ ਸੈਂਸਰਸ਼ਿਪ ਖ਼ਤਮ ਕੀਤੀ ਜਾਵੇਗੀ ਅਤੇ ਹਰ ਕਿਸੇ ਨੂੰ ਬੋਲਣ ਦੀ ਆਜ਼ਾਦੀ ਹੋਵੇਗੀ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਅਤਿਵਾਦੀ ਮੰਨਿਆ ਜਾਵੇਗਾ। ਟਰੰਪ ਨੇ ਅਮਰੀਕੀ ਨਾਗਰਿਕਾਂ ਨੂੰ ਅਮੀਰ ਬਣਾਉਣ ਲਈ ਵਿਦੇਸ਼ੀ ਮੁਲਕਾਂ ’ਤੇ ਟੈਕਸ ਲਗਾਉਣ ਦਾ ਵੀ ਐਲਾਨ ਕੀਤਾ।







# ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਜਲਦ : ਟਰੰਪ

ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ 'ਅਮਰੀਕਾ ਦਾ ਹੁਣ ਸੁਨਹਿਰੀ ਯੁੱਗ' ਸ਼ੁਰੂ ਹੋ ਗਿਆ ਹੈ। ਇਸ ਦਿਨ ਤੋਂ ਸਾਡਾ ਦੇਸ਼ ਇਕ ਨਵੀਂ ਦਿਸ਼ਾ 'ਚ ਅੱਗੇ ਵਧੇਗਾ। ਦੇਸ਼ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਦੇ ਵਾਈਟ ਹਾਊਸ ਤੋਂ ਸੰਬੋਧਨ ਹੁੰਦਿਆਂ ਟਰੰਪ ਨੇ ਕਿਹਾ ਕਿ ਦੁਨੀਆ ਕੁਝ ਵੀ ਕਹੇ ਅਸੀਂ ਆਪਣੇ ਦੇਸ਼ ਨੂੰ ਅੱਗੇ ਲਿਜਾਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਉਨ੍ਹਾਂ ਆਪਣੇ ਭਾਸ਼ਨ ਵਿਚ ਵਿਦੇਸ਼ੀ ਸਾਮਾਨ 'ਤੇ ਟੈਰਿਫ਼ ਲਗਾਉਣ ਦੀ ਗੱਲ ਫਿਰ ਦੁਹਰਾਈ ਤੇ ਇਹ ਨਾਲ ਹੀ ਇਹ ਵੀ ਕਿਹਾ ਕਿ ਕਾਨੂੰਨੀ ਦਰਜੇ ਤੋਂ ਬਿਨਾਂ ਰਹਿਣ ਵਾਲੇ ਹਰ ਪ੍ਰਵਾਸੀ ਨੂੰ ਦੇਸ਼ ਨਿਕਾਲ ?ਾ ਦੇ ਦਿੱਤਾ ਜਾਵੇਗਾ। ਆਪਣੇ ਉਦਘਾਟਨੀ ਭਾਸ਼ਨ ਵਿਚ ਉਨ੍ਹਾਂ ਹੋਰ ਵਿਸਥਾਰ ਦਿੰਦਿਆਂ ਕਿਹਾ ਕਿ ਉਹ ਕਾਰਜਕਾਰੀ ਆਦੇਸ਼ਾਂ ਦੀ ਲੜੀ ਤੇ ਦਸਤਕ ਕਰਨਗੇ ਜੋ ਇਮੀਗ੍ਰੇਸ਼ਨ ਅਤੇ ਆਰਥਿਕਤਾ 'ਤੇ ਕੇਂਦਰਿਤ ਹਨ। ਟਰੰਪ ਨੇ ਕਿਹਾ ਕਿ ਅਸੀਂ ਮੈਕਸੀਕੋ ਨਾਲ ਲਗਦੀ ਦੱਖਣੀ ਸਰਹੱਦ 'ਤੇ ਐਮਰਜੈਂਸੀ ਦਾ ਐਲਾਨ ਜਲਦ ਕਰਾਂਗੇ ਤੇ ਉਹ ਇਮੀਗ੍ਰੇਸ਼ਨ ਨੂੰ ਰੋਕ ਦੇਣਗੇ ਦੇ ਨਾਲ ਅਪਰਾਧਿਕ ਪ੍ਰਵਾਸੀਆਂ ਨੂੰ ਇਕਦਮ ਦੇਸ਼ 'ਚੋਂ ਬਾਹਰ ਕਰ ਦਿੱਤਾ ਜਾਵੇਗਾ। ਅਸੀਂ ਇਸ ਸਾਰੇ ਕਾਰਜ ਨੂੰ ਇਸ ਪੱਧਰ ਤੱਕ ਕਰਾਂਗੇ ਕਿ ਕਿਸੇ ਨੇ ਨਾ ਕਦੇ ਪਹਿਲਾਂ ਸੋਚਿਆ ਤੇ ਦੇਖਿਆ ਵੀ ਨਹੀਂ ਹੋਵੇਗਾ। ਟਰੰਪ ਨੇ ਇਹ ਵੀ ਕਿਹਾ ਕਿ ਉਹ ਰਾਸ਼ਟਰੀ ਊਰਜਾ ਐਮਰਜੈਂਸੀ ਦਾ ਐਲਾਨ ਕਰਨਗੇ ਨਿਊ ਗਰੀਨ ਡੀਲ ਅਤੇ ਇਲੈਕਟ੍ਰਿਕ ਵਾਹਨ ਆਦੇਸ਼ ਨੂੰ ਰੱਦ ਕਰ ਦੇਣਗੇ ਤੇ ਦੂਜੇ ਦੇਸ਼ਾਂ ਦੇ ਸਾਮਾਨ ਦੇ ਵਿਰੁੱਧ ਟੈਰਿਫ਼ ਬਰਾਬਰ ਕਰਨ ਦੀ ਇਕ ਬਾਹਰੀ ਮਾਲੀਆ ਸੇਵਾ ਬਣਾਉਣਗੇ।

# ਅੰਮ੍ਰਿਤਸਰ ਦੇ ਕਲਾਕਾਰ ਨੇ ਬਣਾਈ ਟਰੰਪ ਦੀ ਸਾਢੇ 7 ਫੁੱਟ ਉੱਚੀ ਪੇਂਟਿੰਗ

ਅੰਮ੍ਰਿਤਸਰ : ਅੰਮ੍ਰਿਤਸਰ ਦੀ ਸੁਲਤਾਨਵਿੰਡ ਰੋਡ ਵਿਖੇ ਰਹਿੰਦੇ ਕਲਾਕਾਰ ਡਾ. ਜਗਜੋਤ ਸਿੰਘ ਰੂਬਲ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਜਾ ਰਹੇ ਡੋਨਾਲਡ ਟਰੰਪ ਦੀ ਦਿਲਖਿੱਚ ਪੇਂਟਿੰਗ ਤਿਆਰ ਕੀਤੀ ਹੈ। ਇਹ ਪੇਂਟਿੰਗ ਰੂਬਲ ਵਲੋਂ ਅਮਰੀਕੀ ਰਾਸ਼ਟਰਪਤੀ ਨੂੰ ਤੋਹਫ਼ੇ ਵਜੋਂ ਭੇਟ ਕਰਨ ਲਈ ਬਣਾਈ ਗਈ ਹੈ। ਉਸ ਨੇ ਇਹ ਪੇਂਟਿੰਗ ਅਮਰੀਕਾ ਦੇ ਵਾਈਟ ਹਾਊਸ ਨੂੰ ਭੇਜਣ ਦੀ ਇੱਛਾ ਜਤਾਈ ਹੈ। ਏਸ਼ੀਆ ਬੁੱਕ ਆਫ਼ ਵਰਲਡ ਰਿਕਾਰਡ, ਇੰਡੀਆ ਬੁੱਕ ਆਫ਼ ਰਿਕਾਰਡਜ਼, ਅਮਰੀਕਾ ਬੁੱਕ ਆਫ਼ ਰਿਕਾਰਡ, ਮਦਰ ਇੰਡੀਆ ਬੁੱਕ ਆਫ਼ ਰਿਕਾਰਡ, ਬ੍ਰਿਟਿਸ਼ ਰਿਕਾਰਡ ਸਮੇਤ 65 ਵਰਲਡ ਰਿਕਾਰਡ ਆਪਣੇ ਨਾਂਅ ਕਰ ਚੁੱਕੇ ਡਾ. ਰੂਬਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ,



ਰਾਸ਼ਟਰਪਤੀ ਪ੍ਰਣਾਬ ਮੁਖਰਜੀ, ਪ੍ਰਤਿਭਾ ਪਾਟਿਲ ਅਤੇ ਦਰੋਪਦੀ ਮੁਰਮੂ ਦੀਆਂ ਵੱਡੇ ਆਕਾਰ ਦੀਆਂ ਪੇਂਟਿੰਗ ਤਿਆਰ ਕਰਕੇ ਉਨ੍ਹਾਂ ਨੂੰ ਭੇਟ ਕਰ ਚੁੱਕਿਆ ਹੈ, ਜਿਸ ਦੇ ਲਈ ਉਕਤ ਸ਼ਖ਼ਸੀਅਤਾਂ ਵਲੋਂ ਉਸ ਨੂੰ ਭੇਜੇ ਪ੍ਰਸ਼ੰਸਾ ਪੱਤਰ ਵੀ ਮਿਲ ਚੁੱਕੇ ਹਨ। ਇਸ ਤੋਂ ਪਹਿਲਾਂ ਰੂਬਲ ਵਲੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੀ ਤਸਵੀਰ ਸਮੇਤ ਅਮਰੀਕਾ ਦੇ ਸਾਰੇ 46 ਰਾਸ਼ਟਰਪਤੀਆਂ ਦੀਆਂ ਪੇਂਟਿੰਗ ਬਣਾਉਣ ਦੇ ਨਾਲ-ਨਾਲ ਬਾਲੀਵੁੱਡ ਤੇ ਹਾਲੀਵੁੱਡ ਦੇ ਫ਼ਿਲਮੀ ਕਲਾਕਾਰਾਂ ਅਤੇ ਕਾਰੋਬਾਰੀਆਂ ਦੀਆਂ ਪੇਂਟਿੰਗ ਵੀ ਬਣਾਈਆਂ ਹਨ। ਰੂਬਲ ਨੇ ਦੱਸਿਆ ਕਿ ਉਸ ਨੇ ਰਾਸ਼ਟਰਪਤੀ ਟਰੰਪ ਦੀ ਤਸਵੀਰ 1 ਜਨਵਰੀ ਨੂੰ ਬਣਾਉਣੀ ਸ਼ੁਰੂ ਕੀਤੀ ਸੀ ਅਤੇ 19 ਜਨਵਰੀ ਨੂੰ ਇਸ ਨੂੰ ਅੰਤਿਮ ਰੂਪ ਦੇ ਦਿੱਤਾ। ਇਸ ਤਸਵੀਰ ਦੀ ਲੰਬਾਈ 7 ਫੁੱਟ ਹੈ, ਜਦਕਿ ਚੌੜਾਈ 5 ਫੁੱਟ ਹੈ। ਤਸਵੀਰ ਨੂੰ ਤਿਆਰ ਕਰਨ ਲਈ ਉਸ ਨੇ ਐਕ੍ਰੇਲਿਕ ਰੰਗਾਂ ਦੀ ਵਰਤੋਂ ਕੀਤੀ ਹੈ। ਉਹ ਤਸਵੀਰ ਨੂੰ ਵ੍ਹਾਈਟ ਹਾਊਸ ਭੇਜਣਾ ਚਾਹੁੰਦਾ ਹੈ, ਤਾਂ ਜੋ ਉਸ ਦਾ ਤੋਹਫ਼ਾ ਡੋਨਾਲਡ ਟਰੰਪ ਤੱਕ ਪਹੁੰਚ ਸਕੇ।

# ਅਮਰੀਕਾ 'ਚ 'ਟਿੱਕ-ਟਾਕ' ਦੇ ਬੂਹੇ ਕੁਝ ਸਮਾਂ ਬੰਦ ਰਹਿਣ ਪਿਛੋਂ ਮੁੜ ਖੁੱਲ੍ਹੇ

ਸਾਨ ਫਰਾਂਸਿਸਕੋ : ਕੁਝ ਘੰਟਿਆਂ ਬਾਅਦ 'ਟਿੱਕ-ਟਾਕ' ਦੇ ਬੂਹੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਦਖਲ ਅੰਦਾਜੀ ਨਾਲ ਮੁੜ ਖੋਲ੍ਹ ਦਿੱਤੇ ਗਏ ਹਨ । ਇਹ ਬੂਹੇ ਖੁੱਲਣ ਪਿਛੋਂ ਇਕ ਕਰੋੜ 70 ਲੱਖ ਦੇ ਕਰੀਬ ਅਮਰੀਕੀਆਂ ਦੇ ਚਿਹਰੇ ਖੁਸ਼ੀ ਨਾਲ ਖਿੜ ਗਏ ਹਨ । ਸੁਪਰੀਮ ਕੋਰਟ ਵਲੋਂ ਪਿਛਲੀ ਸਰਕਾਰ ਦੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਨੂੰ ਉਚਿਤ ਠਹਿਰਾਏ ਜਾਣ ਪਿਛੋਂ 'ਟਿੱਕ-ਟਾਕ' ਦੇ ਉਪਭੋਗਤਾਵਾਂ ਵਿਚ ਨਿਰਾਸ਼ਾ ਤੇ ਬੇਚੈਨੀ ਪਾਈ ਜਾ ਰਹੀ ਸੀ। ਉਧਰ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ 'ਟਿੱਕ-ਟਾਕ' 'ਤੇ ਅਮਰੀਕਾ ਵਿਚ ਸੰਭਾਵੀ ਪਾਬੰਦੀ ਨੂੰ ਆਪਣੇ ਅਧਿਕਾਰ ਵਰਤਦਿਆਂ 90 ਦਿਨ ਲਈ




ਰਾਹਤ ਵਜੋਂ ਅੱਗੇ ਪਾ ਦੇਣਗੇ । ਸਥਾਈ ਤੌਰ 'ਤੇ 'ਟਿੱਕ-ਟਾਕ' 'ਤੇ ਪਾਬੰਦੀ ਲਗਾਈ ਰੱਖਣਾ ਜਾਂ ਨਾ ਰੱਖਣਾ ਉਹ ਆਪਣੀ ਸਰਕਾਰ ਦੀ ਕਾਰਜਸ਼ੈਲੀ ਵਿਚ ਵਿਚਾਰਨਗੇ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ 'ਟਿੱਕ-ਟਾਕ' ਦੇ ਸੀ. ਈ. ਓ. ਸ਼ਾਊ ਜੀ ਚਿਊ ਟਰੰਪ ਦੇ ਸਹੁੰ ਚੁੱਕ ਸਮਾਗਮ ਦੇ ਮਹਿਮਾਨ ਹਨ ਤੇ ਉਨ੍ਹਾਂ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਹੀ 'ਟਿੱਕ-ਟਾਕ' ਦੇ ਸਿਰ 'ਤੇ ਟਰੰਪ ਨੇ ਹੱਥ ਰੱਖ ਦਿੱਤਾ ਹੈ।

# ਡੋਨਾਲਡ ਟਰੰਪ ਦੇ ਤਾਜਪੋਸ਼ੀ ਸਮਾਰੋਹ 'ਚ ਸਿੱਖਸ ਫਾਰ ਟਰੰਪ ਨੇ ਕੀਤੀ ਸ਼ਮੂਲੀਅਤ

ਵਾਸ਼ਿੰਗਟਨ (ਰਾਜ ਗੋਗਨ) : ਡੋਨਾਲਡ ਟਰੰਪ ਨੇ 20 ਜਨਵਰੀ 2025 ਦਿਨ ਸੋਮਵਾਰ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਆਪਣਾ ਅਹੁਦਾ ਸੰਭਾਲਿਆ। ਇਸ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਲਈ ਉੱਘੇ ਸਿੱਖ ਆਗੂ ਸ: ਜਸਦੀਪ ਸਿੰਘ ਜੱਸੀ' ਦੀ ਅਗਵਾਈ ਵਾਲੀ ਸੰਸਥਾ 'ਸਿੱਖਸ ਫਾਰ ਟਰੰਪ' ਨੂੰ ਵੀ ਵਿਸ਼ੇਸ਼ ਸੱਦਾ ਮਿਲਿਆ, ਜਿਸਨੂੰ ਕਬੂਲ ਕਰਦੇ ਹੋਏ ਸਿੱਖਸ ਆਫ ਟਰੰਪ ਵਲੋਂ ਬਹੁਤ ਹੀ ਉਤਸ਼ਾਹ ਨਾਲ ਇਸ ਸਮਾਗਮ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਨਾਸ਼ਤੇ ਦੌਰਾਨ ਜਸਦੀਪ ਸਿੰਘ ਜੱਸੀ ਤੇ ਉਹਨਾਂ ਦੇ ਸਾਥੀਆਂ ਵੱਲੋਂ ਡੋਨਾਲਡ ਟਰੰਪ ਦੇ ਬੇਟੇ ਡੋਨਾਲਡ ਟਰੰਪ ਜੂਨੀਅਰ, ਰਿਚਰਡ ਹਡਸਨ ਕਾਂਗਰਸਮੈਨ (ਨੌਰਥ ਕੈਰੋਲੀਨਾ), ਮਾਈਕ



ਜੌਹਨਸਨ ਸਪੀਕਰ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਡੋਨਾਲਡ ਟਰੰਪ ਦੀ ਆਮਦ ਨਾਲ ਅਮਰੀਕਾ ਵਿਚ ਭਾਰਤੀ ਭਾਈਚਾਰੇ ਖਾਸ ਕਰ ਸਿੱਖਾਂ ਨੂੰ ਵੱਡਾ ਲਾਭ ਮਿਲਣ ਦੀ ਆਸ ਪੈਦਾ ਹੋਈ ਹੈ, ਕਿਉਂਕਿ ਡੋਨਾਲਡ ਟਰੰਪ ਦੇ ਜਿੱਥੇ ਇੰਡੀਆ ਨਾਲ ਸਬੰਧ ਵਧੀਆ ਹਨ, ਉੱਥੇ ਹੀ 2015 ਤੋਂ ਹੋਂਦ ਵਿਚ ਆਈ 'ਸਿੱਖਸ ਫਾਰ ਟਰੰਪ' ਨੇ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਬਹੁਤ ਹੀ ਨੇੜਿਓਂ ਰਾਬਤਾ ਰੱਖਦੇ ਹੋਏ ਭਾਰਤੀਆਂ ਅਤੇ ਖਾਸਕਰ ਸਿੱਖਾਂ ਦੀਆਂ ਸਮੱਸਿਆਵਾਂ ਤੋਂ ਸਮੇਂ ਸਮੇਂ 'ਤੇ ਜਾਣੂ ਕਰਵਾਇਆ ਹੈ। ਉਨ੍ਹਾਂ ਸਮੂਹ ਅਮਰੀਕਾ ਵਾਸੀਆਂ ਨੂੰ ਟਰੰਪ ਦੇ ਰੂਪ ਵਿਚ ਨਵਾਂ ਰਾਸ਼ਟਰਪਤੀ ਮਿਲਣ ਲਈ ਵਧਾਈਆਂ ਵੀ ਦਿੱਤੀਆਂ।



# ਪੰਜਾਬ ਦਾ ਅਸਲ ਵਾਰਿਸ ਕੌਣ ?

ਸਿੱਖ ਪੰਥ ਵਿਚ ਚੱਲ ਰਹੀ ਖ਼ਾਨਾਜੰਗੀ ਪੰਜਾਬ ਤੇ ਪੰਜਾਬੀਆਂ ਲਈ ਸ਼ੁਭ ਸ਼ਗਨ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦੀ ਖ਼ੁੱਸੀ ਹੋਈ ਜ਼ਮੀਨ ਦਾ ਇੰਤਕਾਲ ਆਪਣੇ ਨਾਂ ਕਰਵਾਉਣ ਲਈ ਪੰਥ ਦੇ ਖੈਰਖਵਾਹ ਹੋਣ ਦਾ ਦਾਅਵਾ ਕਰਨ ਵਾਲਿਆਂ ਦੀ ਹੋੜ ਲੱਗੀ ਹੋਈ ਹੈ। ਕਿਹੜਾ 'ਪੰਥ ਦੋਖੀ' ਤੇ ਕੌਣ 'ਪੰਥ-ਹਿਤੈਸ਼ੀ' ਹੈ, ਇਹ ਸਾਬਿਤ ਕਰਨ ਲਈ ਇਕ-ਦੂਜੇ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ। ਤੱਤੀਆਂ ਤਕਰੀਰਾਂ ਨਾਲ ਨੌਜਵਾਨ ਪੀੜ੍ਹੀ ਨੂੰ ਗੁਮਰਾਹ ਕਰ ਕੇ ਆਪਣਾ ਉੱਲੂ ਸਿੱਧਾ ਕੀਤਾ ਜਾ ਰਿਹਾ ਹੈ। ਅਟੱਲ ਸੱਚਾਈ ਤਾਂ ਇਹ ਹੈ ਕਿ ਤੱਤੇ ਨਾਅਰਿਆਂ ਨਾਲ ਦੁੱਧ ਤੋਂ ਪਹਿਲਾਂ ਖ਼ੂਨ ਉਬਲਦਾ ਹੈ। ਕਲਮਾਂ ਦੀ ਬਜਾਏ ਜਦੋਂ ਨੌਜਵਾਨਾਂ ਦੇ ਹੱਥਾਂ ਵਿਚ ਹਥਿਆਰ ਆ ਜਾਣ ਤਾਂ ਚੁੱਲ੍ਹਿਆਂ 'ਤੇ ਘਾਹ ਉੱਗਣਾ ਸ਼ੁਰੂ ਹੋ ਜਾਂਦਾ ਹੈ। ਜੋੜ ਮੇਲਿਆਂ 'ਤੇ ਅਮੀਰ ਰਵਾਇਤਾਂ ਨੂੰ ਵਿਸਾਰ ਕੇ ਸਿਆਸਤ ਭਾਰੂ ਹੋ ਰਹੀ ਹੈ। ਜੋੜ-ਮੇਲ, ਆਮ ਮੇਲੇ ਨਹੀਂ ਹੁੰਦੇ। ਮੇਲਿਆਂ ਵਿਚ ਤਾਂ ਕਈ ਵਿਛੜਦੇ ਤੇ ਕਈ ਵਿਛੜੇ ਹੋਏ ਮਿਲ ਜਾਂਦੇ ਹਨ। ਇਸ ਦੇ ਵਿਪਰੀਤ ਜੋੜ-ਮੇਲ ਵਿਚ ਸ਼ਰਧਾ ਦਾ ਸੈਲਾਬ ਹਰ ਕਿਸੇ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦਾ ਹੈ। ਹਰ ਸ਼ਰਧਾਲੂ ਇਕ ਧਾਗੇ ਵਿਚ ਪਰੋਇਆ ਮਹਿਸੂਸ ਹੁੰਦਾ ਹੈ। ਜੋੜ-ਮੇਲੇ ਤਾਂ ਸਿਰ ਜੋੜ ਕੇ ਸਾਂਝੇ ਸਿਜਦੇ ਕਰਨ ਦੇ ਦਿਵਸ ਹੋਇਆ ਕਰਦੇ ਹਨ। ਬੀਤੇ ਕੁਝ ਅਰਸੇ ਤੋਂ ਜੋੜ ਮੇਲਿਆਂ 'ਤੇ ਆਯੋਜਿਤ ਹੁੰਦੀਆਂ ਸਿਆਸੀ ਕਾਨਫਰੰਸਾਂ 'ਤੇ ਚਿੱਕੜ-ਉਛਾਲੀ ਦਾ ਦੌਰ ਚੱਲ ਰਿਹਾ ਹੈ। ਵੋਟਾਂ ਦੀ ਰਾਜਨੀਤੀ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੇ ਨੇਤਾ ਅੱਡੀ-ਚੋਟੀ ਦਾ ਜ਼ੋਰ ਲਗਾ ਕੇ 'ਵਿਸ਼ਾਲ ਕਾਨਫਰੰਸਾਂ' ਦਾ ਆਯੋਜਨ ਕਰਦੇ ਹਨ। ਬੱਸਾਂ, ਟਰੱਕਾਂ ਤੇ ਟਰਾਲੀਆਂ ਵਿਚ ਲੋਕਾਂ ਨੂੰ ਢੋਇਆ ਜਾਂਦਾ ਹੈ। ਭਾਸ਼ਣਾਂ ਵਿਚ ਵਿਰੋਧੀਆਂ ਦੇ ਪੋਤੜੇ ਫਰੋਲੇ ਜਾਂਦੇ ਹਨ। ਇਸ ਦੀ ਤਾਜ਼ਾ ਉਦਾਹਰਨ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਆਯੋਜਿਤ ਕੀਤੀਆਂ ਗਈਆਂ ਸਿਆਸੀ ਕਾਨਫਰੰਸਾਂ ਹਨ। ਮਾਘੀ ਦਾ ਮੇਲਾ 'ਟੁੱਟੀ ਗੰਢਣ' ਦਾ ਪ੍ਰਤੀਕ ਹੈ। ਦੋ ਦਸੰਬਰ 2024 ਨੂੰ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਦੀ ਰੋਸ਼ਨੀ ਵਿਚ ਉੱਥੇ ਏਕਤਾ ਦੀਆਂ ਗੱਲਾਂ/ਤਕਰੀਰਾਂ ਹੋਣੀਆਂ ਚਾਹੀਦੀਆਂ ਸਨ। ਟੁੱਟੀਆਂ ਤੰਦਾਂ ਮੁੜ ਗੰਢਣ ਲਈ ਰਾਹ ਪੱਧਰਾ ਹੋ ਸਕਦਾ ਸੀ। ਇਸ ਭਾਵਨਾ ਦੇ ਬਿਲਕੁਲ ਉਲਟ ਖੱਖੜੀ-ਖੱਖੜੀ ਹੋਈਆਂ ਪੰਥਿਕ ਧਿਰਾਂ ਨੇ ਇਕ-ਦੂਜੇ ਨੂੰ ਪਾਣੀ ਪੀ-ਪੀ ਕੇ ਕੋਸਿਆ ਤੇ ਭੰਡਿਆ। ਗੰਢਾਂ ਖੁੱਲ੍ਹਣ ਦੀ ਬਜਾਏ ਹੋਰ ਪੀਡੀਆਂ ਹੋ ਗਈਆਂ। ਹੱਥਾਂ ਨਾਲ ਦਿੱਤੀਆਂ ਗੰਢਾਂ ਮੂੰਹ ਨਾਲ ਵੀ ਨਹੀਂ ਖੁੱਲ੍ਹ ਰਹੀਆਂ। ਟੁੱਟੀ ਗੰਢਣ ਦੀ ਬਜਾਏ ਇਕ ਹੋਰ ਅਕਾਲੀ ਦਲ (ਵਾਰਿਸ ਪੰਜਾਬ ਦੇ) ਦਾ ਜਨਮ ਹੋ ਗਿਆ। ਇਸ ਸਮਾਗਮ ਵਿਚ ਲੱਗੇ ਵੱਖਵਾਦੀ ਤੇ ਗਰਮ ਨਾਅਰਿਆਂ ਨੇ ਚਿੰਤਕਾਂ ਨੂੰ ਡੂੰਘੀ ਚਿੰਤਾ ਵਿਚ ਡੋਬ ਦਿੱਤਾ। ਪੰਜਾਬ ਨੇ ਪਹਿਲਾਂ ਹੀ ਬੇਹੱਦ ਸੰਤਾਪ ਭੋਗਿਆ ਹੈ। 'ਕਾਲੇ ਦਿਨਾਂ' ਦੀ ਆਹਟ ਨਾਲ ਅਮਨ-ਪਸੰਦ ਲੋਕਾਂ ਦੀ ਨੀਂਦ ਹਰਾਮ ਹੋ ਰਹੀ ਹੈ। ਅੱਸੀਵਿਆਂ ਤੋਂ ਪਹਿਲਾਂ ਪੰਜਾਬ ਦੇਸ਼ ਦਾ ਸਭ ਤੋਂ ਵੱਧ ਖ਼ੁਸ਼ਹਾਲ ਸੂਬਾ ਹੋਇਆ ਕਰਦਾ ਸੀ। ਅੱਜ ਹਾਲਤ ਇਹ ਹੈ ਕਿ ਸਰਕਾਰੀ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖ਼ਾਹਾਂ ਦੇਣੀਆਂ ਵੀ ਮੁਸ਼ਕਲ ਹੋ ਰਹੀਆਂ ਹਨ। ਨਿਵੇਸ਼ਕ ਤੇ ਸੈਲਾਨੀ ਪੰਜਾਬ ਵੱਲ ਮੂੰਹ ਕਰਨ ਵੇਲੇ ਕਈ ਵਾਰ ਸੋਚਦੇ ਹਨ। ਰੇਲ ਤੇ ਸੜਕ ਮਾਰਗਾਂ 'ਤੇ ਲੱਗਣ ਵਾਲੇ ਰੋਸ ਧਰਨੇ ਆਮ ਹੋ ਗਏ ਹਨ। ਪੰਜਾਬ ਦੀਆਂ ਵਾਜਬ ਮੰਗਾਂ ਵੀ ਨਾ ਮੰਨੀਆਂ ਜਾਣ ਤਾਂ ਰੋਸ ਜਰਬਾਂ ਖਾ ਜਾਂਦਾ ਹੈ। ਅੰਨ ਉਗਾਉਣ ਵਾਲਾ ਵੀ ਜੇ ਅੰਨ ਨੂੰ ਮੂੰਹ ਨਾ ਲਾਵੇ ਤਾਂ ਸਮੱਸਿਆ ਗੰਭੀਰ ਮੰਨਣੀ ਚਾਹੀਦੀ ਹੈ। ਸੰਵਾਦ ਟੁੱਟਣੇ ਨਹੀਂ ਚਾਹੀਦੇ। ਦਰਵਾਜ਼ੇ ਬੰਦ ਹੋਣ ਤਾਂ ਝਰੋਖੇ ਖੁੱਲ੍ਹੇ ਰੱਖਣੇ ਚਾਹੀਦੇ ਹਨ। ਇਸ ਵੇਲੇ ਪੰਜਾਬ ਬੇਹੱਦ ਨਾਜ਼ੁਕ ਦੌਰ 'ਚੋਂ ਗੁਜ਼ਰ ਰਿਹਾ ਹੈ। ਖੜਗ-ਭੁਜਾ ਨੂੰ ਦੁਸ਼ਮਣ ਦੇਸ਼ਾਂ ਖ਼ਿਲਾਫ਼ ਵਰਤਣ ਲਈ ਮਿਆਨ 'ਚ ਸੰਭਾਲ ਕੇ ਰੱਖਣਾ ਚਾਹੀਦਾ ਹੈ। ਪੰਜਾਬ ਹਮੇਸ਼ਾ ਹੀ ਦੇਸ਼ ਲਈ ਹਰ ਕੁਰਬਾਨੀ ਦੇਣ ਲਈ ਤਿਆਰ-ਬਰ-ਤਿਆਰ ਰਹਿੰਦਾ ਆਇਆ ਹੈ। ਅਣਵੰਡੇ ਪੰਜਾਬ ਨੂੰ 'ਦੇਸ ਪੰਜਾਬ' ਕਹਿ ਕੇ ਪੁਕਾਰਿਆ ਜਾਂਦਾ ਸੀ।

ਪੰਜ ਪਾਣੀਆਂ ਦੇ ਇਸ ਖੇਤਰ ਦੀ ਆਬੋ-ਹਵਾ ਵਿਚ ਤਲਿਸਮ ਹੈ ਜੋ ਸਭ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਆਈ ਹੈ। ਇਸੇ ਲਈ ਇਸ ਨੂੰ ਸਾਂਝੀਵਾਲਤਾ ਦੀ ਧਰਤੀ ਕਿਹਾ ਜਾਂਦਾ ਹੈ। ਪੰਜਾਬ ਦੀਆਂ ਛੇ ਸੁਹਾਣੀਆਂ ਰੁੱਤਾਂ ਕਿਸੇ ਹੋਰ ਖੇਤਰ ਵਿਚ ਨਹੀਂ ਮਿਲਦੀਆਂ। ਅਲਬੇਲਾ ਕਵੀ ਪ੍ਰੋ. ਪੂਰਨ ਸਿੰਘ ਪੰਜਾਬ ਦੇ ਤੁਲ ਕਿਸੇ ਹੋਰ ਖੇਤਰ ਨੂੰ ਨਹੀਂ ਮੰਨਦਾ, "ਮੈਨੂੰ ਪੰਜਾਬ ਜੇਹਾ ਮੁਲਖ ਕੋਈ ਹੋਰ ਨਾ ਦਿੱਸਦਾ/ ਵਸਦਾ ਤੇ ਹੱਸਦਾ, ਖੇਡਦਾ, ਮਜ਼ੂਰੀ ਕਰਦਾ ਪਿਆਰ ਦੀ।" ਉਹ ਪੰਜਾਬ ਦੀ ਸਦਭਾਵਨਾ ਦੇ ਸੋਹਲੇ ਗਾਉਂਦਾ ਨਹੀਂ ਥੱਕਦਾ। ਪੰਜਾਬ ਕਦੇ ਫ਼ਿਰਕਿਆਂ ਦੀ ਵਲਗਣ ਵਿਚ ਕੈਦ ਹੋਣ ਵਾਲਾ ਪ੍ਰਦੇਸ ਨਹੀਂ ਹੈ। ਹਿੰਦੂ, ਮੁਸਲਮਾਨ ਤੇ ਸਿੱਖ, ਸਭ ਦਾ ਸਾਂਝਾ ਹੈ। ਪ੍ਰੋ. ਪੂਰਨ ਸਿੰਘ ਦੀਆਂ ਸਤਰਾਂ ਪੰਜਾਬੀਆਂ ਨੂੰ ਇਕਜੁੱਟਤਾ ਦਾ ਸੁਨੇਹਾ ਦੇ ਰਹੀਆਂ ਹਨ, "ਕੰਧਾਂ ਸਾਰੀਆਂ ਢਾਹਵੋ ਹੁਣ, ਬੂਹੇ ਸਾਰੇ ਖੋਹਲ ਦੇਵੋ, ਮਿਲੋ ਬਸੰਤ ਨੂੰ ਪਾ ਪਾ ਜੱਫੀਆਂ।" ਅਫ਼ਸੋਸ! ਅੱਜ ਪੰਜਾਬ ਦੇ ਹਾਲਾਤ ਵਿਸਫੋਟਕ ਹਨ। ਆਪਣੀ ਧਰਤੀ ਮਾਂ/ਮਿੱਟੀ ਦਾ ਮੋਹ ਤਿਆਗ ਕੇ ਹਰ ਕੋਈ ਵਿਦੇਸ਼ ਜਾਣਾ ਲੋਚਦਾ ਹੈ। ਅਜਿਹੀ ਲੋਚਣਾ ਤਕਲੀਫ਼ਦੇਹ ਹੈ। ਮਰਹੂਮ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਦੀਆਂ ਇਹ ਸਤਰਾਂ, "ਪੰਛੀ ਤਾਂ ਉੱਡ ਗਏ, ਰੁੱਖ ਵੀ ਸਲਾਹਾਂ ਕਰਨ, ਚਲੋ ਏਥੋਂ ਚੱਲੀਏ... ਏਹੀ ਏਥੇ ਤਾਲ ਹੈ ਤੇ ਏਹੀ ਏਥੇ ਰਾਗ ਹੈ/ ਏਹੀ ਹੈ ਵ੍ਰਿੰਦਗਾਨ/ਏਹੀ ਹੈ ਸਮੂਹ-ਗਾਨ।" ਇਸ ਤ੍ਰਾਸਦੀ ਨੂੰ ਸਮਝਣ ਲਈ ਹਾਕਮਾਂ ਕੋਲ ਕੋਈ ਵਿਹਲ ਨਹੀਂ ਹੈ। ਪੈਲੀਆਂ ਨੂੰ ਕਿਤਾਬਾਂ ਵਾਂਗ ਪੜ੍ਹਨ ਵਾਲਿਆਂ ਦਾ ਰੁਖ਼ ਬੇਗਾਨੀਆਂ ਧਰਤੀਆਂ ਵੱਲ ਹੈ। ਪਰਵਾਸੀ ਭਾਰਤੀਆਂ ਵੱਲੋਂ ਖ਼ਾਲੀ ਕੀਤੀਆਂ ਥਾਵਾਂ ਨੂੰ ਪਰਵਾਸੀ ਪੂਰ ਕਰ ਰਹੇ ਹਨ। ਪੰਜਾਬ ਦਾ ਸੰਸਕ੍ਰਿਤਕ ਮੁਹਾਂਦਰਾ ਬਦਲ ਨਹੀਂ ਰਿਹਾ, ਬਲਕਿ ਬਦਲ ਚੁੱਕਾ ਹੈ। ਪੰਜਾਬ ਦੇ ਅਮੀਰ ਸੱਭਿਆਚਾਰ ਨੂੰ ਬਚਾਉਣ ਖ਼ਾਤਰ ਸਿਆਸੀ ਜਮਾਤਾਂ ਅਵੇਸਲੀਆਂ ਹਨ। ਉਨ੍ਹਾਂ ਲਈ ਸਿਆਸੀ ਮੁਫਾਦ ਸਭ ਤੋਂ ਉੱਪਰ ਹਨ। ਹਰ ਸਿਆਸੀ ਜਮਾਤ ਦੀ ਅੰਦਰੂਨੀ ਖਿੱਚੋਤਾਣ ਨੇ ਪੰਜਾਬ ਦੀ ਤਾਣੀ ਹੋਰ ਉਲਝਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਹਾਸ਼ੀਏ 'ਤੇ ਜਾਣਾ ਮੰਦਭਾਗਾ ਹੈ। ਖੇਤਰੀ ਪਾਰਟੀਆਂ ਆਪੋ-ਆਪਣੇ ਖੇਤਰ ਦੀ ਨੁਮਾਇੰਦਗੀ ਕਰਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਹੈ ਜਿਸ ਨੇ ਦੇਸ਼ ਅਤੇ ਕੌਮ ਖ਼ਾਤਰ ਲਾਸਾਨੀ ਕੁਰਬਾਨੀਆਂ ਦਿੱਤੀਆਂ ਸਨ। ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਤਰਸਯੋਗ ਹਾਲਤ ਲਈ ਇਸ ਦੀ ਲੀਡਰਸ਼ਿਪ ਨੂੰ 'ਕਲੀਨ ਚਿੱਟ' ਨਹੀਂ ਦਿੱਤੀ ਜਾ ਸਕਦੀ। ਸੱਤਾ ਦਾ ਸੁੱਖ ਮਾਣਦਿਆਂ ਜਦੋਂ ਨੇਤਾ ਅਸਲ ਮੁੱਦਿਆਂ ਤੋਂ ਭਟਕ ਜਾਣ ਤਾਂ ਲੋਕ ਬੇਮੁੱਖ ਹੋਣ ਲੱਗਿਆਂ ਸਮਾਂ ਨਹੀਂ ਗੁਆਉਂਦੇ। ਅਕਾਲੀ ਆਪਣੀ ਜ਼ਮੀਨ ਨਾ ਗੁਆਉਂਦੇ ਤਾਂ ਅਸਲੋਂ ਨਵੀਂ 'ਆਮ ਆਦਮੀ ਪਾਰਟੀ' ਸੱਤਾ ਵਿਚ ਕਿਵੇਂ ਆਉਂਦੀ? ਲੋਕ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਤੋਂ ਖ਼ਫ਼ਾ ਸਨ। ਵੋਟਰ ਤਾਂ ਭਗਵਾਨ ਹੁੰਦਾ ਹੈ, ਉਸ ਦੀ ਪੂਜਾ ਵਿਚ ਕੋਈ ਕਮੀ-ਪੇਸ਼ੀ ਸੱਤਾਧਾਰੀਆਂ ਨੂੰ ਮਹਿੰਗੀ ਪੈ ਸਕਦੀ ਹੈ। ਬਚਾਅ ਵਿਚ ਹੀ ਬਚਾਅ ਹੁੰਦਾ ਹੈ। ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੇ ਉਨ੍ਹਾਂ ਦੇ ਦਿਲਾਂ 'ਤੇ ਵੀ ਰਾਜ ਕਰਦੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਇਸ ਨੇ ਆਪਣੀਆਂ ਗ਼ਲਤੀਆਂ ਤੋਂ ਬਹੁਤਾ ਸਿੱਖਿਆ ਨਹੀਂ ਜਾਪਦਾ। ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਿਹਾ ਜਾਂਦਾ। ਇਸ ਦੇ ਉਲਟ ਸ਼ਾਮ ਨੂੰ ਘਰ ਵਾਪਸ ਆਇਆਂ ਜੇ ਅਗਲੇ ਦਿਨ ਸਵੇਰੇ ਫਿਰ ਭੁੱਲ ਜਾਵੇ ਤਾਂ ਉਸ ਨੂੰ ਭੁਲੱਕੜ ਨਹੀਂ ਤਾਂ ਹੋਰ ਕੀ ਕਹੋਗੇ। ਦੋ ਦਸੰਬਰ 2024 ਨੂੰ ਅਕਾਲ ਤਖ਼ਤ 'ਤੇ ਪੇਸ਼ ਹੋਏ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਸਾਰੀਆਂ ਭੁੱਲਾਂ ਨੂੰ ਨਿਮਾਣੇ ਸਿੱਖ ਵਜੋਂ ਝੋਲੀ ਪੁਆ ਕੇ ਤਨਖ਼ਾਹ ਲਵਾਈ ਸੀ। ਤਨਖ਼ਾਹ ਭੁਗਤਦਿਆਂ ਉਨ੍ਹਾਂ 'ਤੇ ਜਾਨਲੇਵਾ ਹਮਲਾ ਵੀ ਹੋਇਆ ਜਿਸ ਵਿਚ ਉਹ ਵਾਲ-ਵਾਲ ਬਚ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਨਾਲ ਸੰਗਤ ਦੀ ਹਮਦਰਦੀ ਵੀ ਜੁੜੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪਟੜੀ 'ਤੇ ਵਾਪਸ ਆਉਣ ਦੇ ਆਸਾਰ ਪੈਦਾ ਹੋ ਗਏ ਸਨ। ਲੇਕਿਨ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨ ਦੀ ਬਜਾਏ ਇਕਤਰਫ਼ਾ ਭਰਤੀ ਦੇ ਐਲਾਨ ਨੇ ਅਕਾਲੀ ਦਲ ਲਈ ਨਵੀਆਂ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਸ ਤਰ੍ਹਾਂ ਕਰਨ ਨਾਲ ਅਕਾਲੀ ਲੀਡਰਸ਼ਿਪ ਨੇ ਪੈਰ 'ਤੇ ਕੁਹਾੜਾ ਨਹੀਂ ਮਾਰਿਆ ਸਗੋਂ ਕੁਹਾੜਾ ਸਿੱਧਾ ਰੱਖ ਕੇ ਉਸ 'ਤੇ ਪੈਰ ਮਾਰਿਆ ਹੈ। ਅਜਿਹੇ ਹਾਲਤ 'ਚ ਪੰਜਾਬ ਦਾ ਅਸਲ ਖੈਰ ਖਵਾਹ ਵਾਰਿਸ ਕੌਣ ਬਣੇਗਾ, ਇਹ ਤਾਂ ਸਮਾਂ ਹੀ ਦੱਸੇਗਾ।

-ਵਰਿੰਦਰ ਸਿੰਘ ਵਾਲੀਆ

# ਸਿਆਸਤਦਾਨਾਂ ਦੀਆਂ ਚਾਲਾਂ ਸਮਝਦੇ ਹੋਏ ਵੀ ਲੋਕ ਖਾਮੋਸ਼ ਕਿਉਂ ਰਹਿੰਦੇ ਹਨ ?

**ਪੂਰਨ ਚੰਦ ਸਰੀਨ**

ਹੋਰ ਕਾਰੋਬਾਰਾਂ ਵਾਂਗ ਸਿਆਸਤ ਵੀ ਇਕ ਧੰਦਾ ਹੈ। ਵਪਾਰ, ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਦਾ ਉਦੇਸ਼ ਨਿੱਜੀ ਜ਼ਰੂਰਤਾਂ ਪੂਰੀਆਂ ਕਰਨਾ, ਪੈਸਾ ਕਮਾਉਣਾ ਅਤੇ ਮਾਣ-ਸਨਮਾਨ ਹਾਸਲ ਕਰਨਾ ਹੁੰਦਾ ਹੈ। ਇਸ ਦੇ ਉਲਟ ਸਿਆਸਤ ਨੂੰ ਆਪਣਾ ਜੀਵਨ ਸਮਰਪਿਤ ਕਰਨ ਲਈ ਆਪਣੀਆਂ ਜਿਨ੍ਹਾਂ ਇੱਛਾਵਾਂ ਨੂੰ ਪੂਰਾ ਕਰਨਾ ਹੁੰਦਾ ਹੈ, ਉਨ੍ਹਾਂ ਲਈ ਪਹਿਲੀ ਸ਼ਰਤ ਹੈ ਕਿ ਵਿਅਕਤੀ ਸੰਵੇਦਨਸ਼ੀਲ ਹੋਵੇ, ਆਪਣੇ ਪਰਿਵਾਰ ਤੋਂ ਉੱਪਰ ਉੱਠ ਕੇ ਸਮਾਜ ਪ੍ਰਤੀ ਫਰਜ਼ ਨਿਭਾਉਣ ਦੀ ਸਮੱਰਥਾ ਰੱਖਦਾ ਹੋਵੇ ਅਤੇ ਕਿਸੇ ਵੀ ਮੁਸ਼ਕਿਲ ਸਥਿਤੀ 'ਚ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਾ ਹਟੇ, ਚਾਹੇ ਇਸ ਲਈ ਕਿੰਨੀ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਸਿਆਸਤ 'ਚ ਨਿੱਜੀ ਹਿਤਾਂ ਨੂੰ ਪੂਰਾ ਕਰਨ, ਬੇਸ਼ੁਮਾਰ ਧਨ-ਦੌਲਤ ਤੇ ਐਸ਼ੋ-ਆਰਾਮ ਦੇ ਸਾਧਨ ਇਕੱਤਰ ਕਰਨ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ, ਕਿਉਂਕਿ ਅਜਿਹੀ ਜ਼ਿੰਦਗੀ ਇਕ ਸੰਨਿਆਸੀ ਵਾਂਗ ਜਾਂ ਸੰਸਾਰਕ ਚੀਜ਼ਾਂ ਦਾ ਮੋਹ ਨਾ ਹੋਣ ਦਾ ਨਾਂਅ ਹੈ।



ਸਿਆਸਤ ਦੀ ਦੂਜੀ ਸ਼ਰਤ ਇਹ ਹੈ ਕਿ ਇਸ 'ਚ ਸਫਲਤਾ ਦੀ ਕੋਈ ਗਾਰੰਟੀ ਨਹੀਂ ਹੈ, ਤੁਹਾਡੇ ਕੰਮਾਂ ਦੀ ਪ੍ਰਸ਼ੰਸਾ ਹੋਵੇਗੀ ਜਾਂ ਰੁਤਬਾ ਵਧੇਗਾ, ਗੁਣਗਾਣ ਹੋਵੇਗਾ ਜਾਂ ਤੁਹਾਨੂੰ ਕੋਈ ਲਾਭ ਜਾਂ ਅਹੁਦਾ ਮਿਲੇਗਾ, ਉਸ ਦੀ ਕੋਈ ਵਿਵਸਥਾ ਨਹੀਂ ਹੈ। ਕਦੇ ਲੱਗੇਗਾ ਕਿ ਜ਼ਮੀਨ ਤੋਂ ਆਸਮਾਨ ਦੀਆਂ ਬੁਲੰਦੀਆਂ ਤੱਕ ਪਹੁੰਚ ਗਏ ਅਤੇ ਦੂਜੇ ਹੀ ਪਲ ਹੇਠਾਂ ਫ਼ਰਸ਼ 'ਤੇ ਵੀ ਸੁੱਟੇ ਜਾ ਸਕਦੇ ਹੋ। ਇਹੀ ਸਿਆਸਤ ਦਾ ਸੱਚ ਹੈ।

**ਸਿਆਸਤ ਅਤੇ ਸਿਆਸਤਦਾਨ :** ਸਿਆਸਤ 'ਚ ਜਦੋਂ ਵਿਅਕਤੀ ਵਿਦਵਾਨ ਬਣਨ ਲਗਦੇ ਹਨ ਤਾਂ ਹੀ ਉਹ ਸਿਆਸਤਦਾਨ ਬਣਨ ਲਗਦੇ ਹਨ। ਇਨ੍ਹਾਂ ਦੀਆਂ ਦੋ ਸ਼੍ਰੇਣੀਆਂ ਹਨ। ਇਕ ਉਨ੍ਹਾਂ ਲੋਕਾਂ ਦੀ ਜੋ ਆਪਣੇ ਖੇਤਰ, ਸਮਾਜ, ਪ੍ਰਦੇਸ਼ ਅਤੇ ਦੇਸ਼ ਦੇ ਸਾਹਮਣੇ ਜੋ ਚੁਣੌਤੀਆਂ ਹਨ, ਸਮੱਸਿਆਵਾਂ ਹਨ, ਗ਼ਰੀਬੀ, ਬੇਰੁਜ਼ਗਾਰੀ ਜਿਹੇ ਮੂਲ ਮੁੱਦੇ ਹਨ, ਉਨ੍ਹਾਂ 'ਤੇ ਚਰਚਾ ਕਰਦੇ ਹਨ ਅਤੇ ਫ਼ੈਸਲੇ ਲੈਂਦੇ ਹਨ। ਆਪਣੇ ਸਮਰੱਥ, ਵਿਵੇਕ ਨਾਲ ਨੀਤੀਆਂ ਬਣਾਉਂਦੇ ਜਾਂ ਬਣਵਾਉਂਦੇ ਹਨ ਤੇ ਅਮਲ ਕਰਵਾਉਂਦੇ ਹਨ। ਦੂਜੀ ਸ਼੍ਰੇਣੀ ਉਨ੍ਹਾਂ ਦੀ ਹੈ, ਜੋ ਜਨਤਾ ਦੇ ਵਿਵੇਕ ਨੂੰ ਖ਼ਤਮ ਕਰਨ ਦਾ ਕੰਮ ਕਰਦੇ ਹਨ, ਭਾਵ ਜੋ ਨੇਤਾਜੀ ਕਹਿਣਗੇ, ਉਹੀ ਲੋਕ ਕਰਨਗੇ। ਉਹ ਸਰਕਾਰੀ ਖ਼ਜ਼ਾਨਾ ਜੋ ਟੈਕਸ ਨਾਲ ਬਣਦਾ ਹੈ, ਉਸ 'ਚੋਂ ਉਨ੍ਹਾਂ ਨੂੰ ਮੁਫ਼ਤ ਅਨਾਜ, ਰਾਸ਼ਨ, ਨਕਦ ਪੈਸਾ, ਬਿਨਾਂ ਮਿਹਨਤ ਜਾਂ ਧਨ ਕਮਾਏ ਘਰ ਬੈਠੇ ਸਾਰੀਆਂ ਸਹੂਲਤਾਂ ਦਿਵਾਉਣ 'ਚ ਲਗ ਜਾਂਦੇ ਹਨ। ਜ਼ਿਆਦਾਤਰ ਲੋਕ ਸਿਆਸਤ 'ਚ ਇਸ ਲਈ ਆਉਣ ਲੱਗੇ ਹਨ ਕਿ ਲੋਕ ਉਨ੍ਹਾਂ ਨੂੰ ਰੱਬ ਸਮਝਣ ਲੱਗ ਪੈਣ, ਭਾਵ ਇਹ ਕਿ ਉਨ੍ਹਾਂ ਦੇ ਦਿਲੋਂ-ਦਿਮਾਗ਼ 'ਤੇ ਨੇਤਾ ਦਾ ਕਬਜ਼ਾ ਹੋਵੇ ਅਤੇ ਉਹ ਖ਼ੁਦ ਫ਼ੈਸਲੇ ਲੈਣ ਦੇ ਕਾਬਲ ਨਾ ਰਹਿਣ।

ਚਲੋ ਕੁਝ ਉਦਾਹਰਨਾਂ ਨਾਲ ਗੱਲ ਸਮਝਦੇ ਹਾਂ। ਪੂਰਾ ਦੇਸ਼ ਅੱਜ ਹਵਾ, ਪਾਣੀ ਅਤੇ ਵਾਤਾਵਰਨ ਪ੍ਰਦੂਸ਼ਣ ਨਾਲ ਗ੍ਰਸਤ ਹੁੰਦਾ ਜਾ ਰਿਹਾ ਹੈ। ਸਾਹ ਲੈਣ 'ਚ ਮੁਸ਼ਕਿਲ ਹੈ, ਫ਼ੇਫੜਿਆਂ 'ਚ ਸੰਕਰਮਣ (ਲਾਗ ਜਾਂ ਵਾਇਰਸ) ਫੈਲ ਰਿਹਾ ਹੈ ਅਤੇ ਅਸੀਂ ਸਰਕਾਰ ਅਤੇ ਪ੍ਰਸ਼ਾਸਨ ਤੋਂ ਇਹ ਮੰਗ ਤੱਕ ਨਹੀਂ ਕਰਦੇ ਕਿ ਉਹ ਦੇਸ਼ ਦੀ ਵਿਕਸਿਤ ਤਕਨਾਲੋਜੀ ਦੀ ਵਰਤੋਂ ਕਰਕੇ ਸਾਫ਼ ਹਵਾ ਅਤੇ ਨਿਰਮਲ ਪਾਣੀ ਮਿਲਣਾ ਯਕੀਨੀ ਬਣਾਉਣ। ਸਰਕਾਰ ਦੀ ਨਜ਼ਰ 'ਚ ਤਾਂ ਇਹ ਤਰਜੀਹ ਹੈ ਹੀ ਨਹੀਂ ਅਤੇ ਜਨਤਾ ਕੁਝ ਕਹਿੰਦੀ ਨਹੀਂ, ਇਸ ਲਈ ਗੰਦਗੀ ਤੇ ਕੂੜੇ ਦੇ ਪਹਾੜ ਖੜ੍ਹੇ ਹੋ ਜਾਂਦੇ ਹਨ। ਸੱਤਾਧਾਰੀ ਨੇਤਾ ਅਤੇ ਉਨ੍ਹਾਂ ਦੇ ਚਮਚੇ ਲੋਕਾਂ ਨੂੰ ਦੱਸਦੇ ਹਨ ਕਿ ਮੂੰਹ 'ਤੇ ਮਾਸਕ ਲਗਾ ਲਓ, ਉਬਾਲ ਕੇ ਪਾਣੀ ਪੀਓ ਅਤੇ ਬਾਹਰ ਨਿਕਲ ਕੇ ਦਿਖਾਓ ਕਿ ਪ੍ਰਦੂਸ਼ਣ ਤਾਂ ਵਿਰੋਧੀ ਧਿਰਾਂ ਦਾ ਫੈਲਾਇਆ ਹੋਇਆ ਝੂਠ ਹੈ।

ਦੂਜੀ ਉਦਾਹਰਨ ਦੇਖੋ, ਜਦੋਂ ਦੇਸ਼ 'ਚ ਉਦਯੋਗਾਂ ਅਤੇ ਕਾਰਖਾਨਿਆਂ ਦੀ ਸਥਾਪਨਾ ਹੋ ਰਹੀ ਸੀ, ਉਦੋਂ ਵੱਡੇ ਪੱਧਰ 'ਤੇ ਦਿਹਾਤੀ ਇਲਾਕਿਆਂ ਤੋਂ ਲੈ ਕੇ ਸ਼ਹਿਰਾਂ 'ਚ ਲੋਕ ਨੌਕਰੀ ਕਰਨ ਆ ਰਹੇ ਸਨ। ਉਹ ਰਹਿਣਗੇ ਕਿੱਥੇ ਤਾਂ ਬਜਾਏ ਇਸ ਦੇ ਕਿ ਉਦਯੋਗਪਤੀ ਜਾਂ ਉੱਦਮੀ ਉਨ੍ਹਾਂ ਦੇ ਰਹਿਣ ਦਾ ਬੰਦੋਬਸਤ ਕਰਦੇ (ਭਾਵੇਂ ਕਿ ਇਹ ਗੱਲਾਂ ਸਰਕਾਰ ਤੋਂ ਜ਼ਮੀਨ ਅਤੇ ਦੂਜੀਆਂ ਸਹੂਲਤਾਂ ਲੈਣ ਸਮੇਂ ਉਨ੍ਹਾਂ ਮੰਨੀਆਂ ਵੀ ਸਨ ਕਿ ਉਹ ਮਜ਼ਦੂਰਾਂ, ਕਾਰੀਗਰਾਂ ਅਤੇ ਹੋਰ ਕਰਮਚਾਰੀਆਂ ਦੇ ਰਹਿਣ ਦੀ ਵਿਵਸਥਾ ਕਰਨਗੇ), ਉਨ੍ਹਾਂ ਨੇ ਰਿਸ਼ਵਤ ਅਤੇ ਕਮਿਸ਼ਨ ਦੇ ਕੇ ਅਧਿਕਾਰੀਆਂ ਨੂੰ ਇਸ ਪਾਸੇ ਤੋਂ ਅੱਖਾਂ ਬੰਦ ਕਰ ਲੈਣ ਨੂੰ ਕਿਹਾ ਅਤੇ ਦੂਜੇ ਪਾਸੇ ਝੁੱਗੀ ਮਾਫ਼ੀਆ ਖੜ੍ਹਾ ਕਰ ਕੇ ਇਸ ਕੰਮ 'ਤੇ ਲਗਾ ਦਿੱਤਾ ਕਿ ਉਹ ਖਾਲੀ ਪਈ ਸਰਕਾਰੀ ਜ਼ਮੀਨ 'ਤੇ ਗ਼ੈਰਕਾਨੂੰਨੀ ਢੰਗ ਨਾਲ ਝੁੱਗੀਆਂ-ਬਸਤੀਆਂ ਵਸਾ ਕੇ ਉਨ੍ਹਾਂ ਦੀ ਫੈਕਟਰੀ 'ਚ ਕੰਮ ਕਰਨ ਵਾਲਿਆਂ ਨੂੰ ਵਸਾ ਦੇਣ। ਬਾਅਦ 'ਚ ਇੱਥੇ ਮੁਫ਼ਤ ਬਿਜਲੀ ਲੈਣ ਦੀ ਤਰਕੀਬ ਦੱਸ ਦਿੱਤੀ। ਇਸੇ ਤਰ੍ਹਾਂ ਪਾਣੀ ਅਤੇ ਪਾਖਾਨਿਆਂ ਦਾ ਇੰਤਜ਼ਾਮ ਕੀਤਾ ਗਿਆ, ਕਿਉਂਕਿ ਇਹ ਸਭ ਬਿਨਾਂ ਕਿਸੇ ਮਨਜ਼ੂਰੀ ਅਤੇ ਯੋਜਨਾ ਦੇ ਹੋਇਆ ਸੀ ਤਾਂ ਚਾਰੇ ਪਾਸੇ ਬਦਬੂ ਅਤੇ ਗੰਦਗੀ ਫੈਲਣ ਲੱਗੀ, ਬਿਮਾਰੀਆਂ ਹੋਣ ਲੱਗੀਆਂ ਅਤੇ ਇਕ ਤਰ੍ਹਾਂ ਨਾਲ ਆਲੀਸ਼ਾਨ ਕਾਲੋਨੀਆਂ ਵਿਚਕਾਰ ਨਾਸੂਰ ਬਣ ਕੇ ਇਹ ਸਮੱਸਿਆ ਪੈਦਾ ਹੋ ਗਈ।

ਨੇਤਾਜੀ ਆਉਂਦੇ ਅਤੇ ਕਹਿੰਦੇ ਕਿ ਅਸੀਂ ਉਨ੍ਹਾਂ ਦੀ ਰੱਖਿਆ ਕਰਾਂਗੇ, ਬੱਸ ਉਨ੍ਹਾਂ ਦੀਆਂ ਵੋਟਾਂ ਮਿਲਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਝੁੱਗੀਆਂ-ਝੌਂਪੜੀਆਂ ਅੱਜ ਸਾਡੇ ਹਰ ਵੱਡੇ-ਛੋਟੇ ਸ਼ਹਿਰਾਂ 'ਚ ਆਮ ਵੇਖਣ ਨੂੰ ਮਿਲ ਜਾਂਦੀਆਂ ਹਨ। ਕਹਿੰਦੇ ਹਨ ਕਿ ਦਿੱਲੀ ਵਿਧਾਨ ਸਭਾ ਦੀਆਂ 30 ਸੀਟਾਂ ਇਨ੍ਹਾਂ ਝੁੱਗੀਆਂ ਦੀ ਬਦੌਲਤ ਕਿਸੇ ਵੀ ਪਾਰਟੀ ਦੀ ਸਰਕਾਰ ਬਣਵਾ ਸਕਦੀਆਂ ਹਨ। ਇਸੇ ਤਰ੍ਹਾਂ ਮੁੰਬਈ, ਚੇਨਈ, ਬੈਂਗਲੁਰੂ ਅਤੇ ਕੋਲਕਾਤਾ ਜਿਹੇ ਵੱਡੇ ਮਹਾਂਨਗਰ ਹਨ। ਇਨ੍ਹਾਂ ਬਸਤੀਆਂ ਦੀ ਬਦੌਲਤ ਕਿਸੇ ਵੀ ਨੇਤਾ ਨੂੰ ਲੰਬੇ ਸਮੇਂ ਤੱਕ ਸੱਤਾ 'ਤੇ ਕਾਬਜ਼ ਰਹਿਣ ਦੀ ਇਜਾਜ਼ਤ ਮਿਲ ਸਕਦੀ ਹੈ।

ਅਦਾਲਤਾਂ ਤੇ ਕਾਨੂੰਨ

ਸਾਡੇ ਦੇਸ਼ ਦੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਮਾਮਲੇ ਚੱਲ ਰਹੇ ਹਨ ਅਤੇ ਕੋਈ ਨਹੀਂ ਜਾਣਦਾ ਕਿ ਕਿੰਨੇ ਸਮੇਂ 'ਚ ਸੁਣਵਾਈ ਹੋਵੇਗੀ ਅਤੇ ਕਦੋਂ ਫ਼ੈਸਲਾ ਆਏਗਾ। ਇਸੇ ਤਰ੍ਹਾਂ ਸਾਡੀਆਂ ਜੇਲ੍ਹਾਂ 'ਚ ਬੰਦ ਸਿਰਫ਼ ਇਕ-ਚੌਥਾਈ ਕੈਦੀਆਂ ਨੂੰ ਸਜ਼ਾ ਸੁਣਾਈ ਜਾ ਸਕੀ ਹੈ ਅਤੇ ਬਾਕੀ ਸਾਰੇ ਹਾਲੇ ਤੱਕ 'ਅੰਡਰ ਟਰਾਇਲ' ਹਨ ਜਾਂ ਬਿਨਾਂ ਕਿਸੇ ਅਪਰਾਧ ਦੇ ਜੇਲ੍ਹ 'ਚ ਬੰਦ ਹਨ। ਉਨ੍ਹਾਂ ਦੀ ਪੁੱਛ-ਗਿੱਛ ਕਰਨ ਵਾਲਾ ਜਾਂ ਜ਼ਮਾਨਤ ਦੇਣ ਵਾਲਾ ਕੋਈ ਨਹੀਂ ਹੈ ਅਤੇ ਉਹ ਆਪਣੀ ਕਿਸਮਤ ਨੂੰ ਦੋਸ਼ ਦਿੰਦੇ ਰਹਿੰਦੇ ਹਨ। ਮਾਮੂਲੀ ਲੜਾਈ-ਝਗੜੇ ਜਾਂ ਦੁਸ਼ਮਣੀ ਜਾਂ ਕਿਸੇ ਬਦਮਾਸ਼ ਦੀ ਗੱਲ ਨਾ ਮੰਨਣ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਲੱਖਾਂ 'ਚ ਹੈ।

ਤ੍ਰਾਸਦੀ ਇਹ ਹੈ ਕਿ ਕੁਝ ਨੇਤਾ ਤਾਂ ਗ੍ਰਿਫ਼ਤਾਰ ਹੋਣ ਨੂੰ ਉਤਾਵਲੇ ਰਹਿੰਦੇ ਹਨ ਕਿ ਮੰਨੋ ਅਸਲ 'ਚ ਉਹ ਉਨ੍ਹਾਂ ਦਾ ਸਹੁਰਾ ਘਰ ਹੋਵੇ, ਕਿਉਂਕਿ ਉੱਥੇ ਉਨ੍ਹਾਂ ਦੀ ਖ਼ਾਤਿਰਦਾਰੀ ਹੋਣ ਦੇ ਸਾਰੇ ਪ੍ਰਬੰਧ ਕੀਤੇ ਜਾਂਦੇ ਹਨ। ਕਿਸੇ ਘੁਟਾਲੇ, ਜਿਨਸੀ ਸ਼ੋਸ਼ਣ ਜਾਂ ਕਿਸੇ ਵਿੱਤੀ ਅਪਰਾਧ ਦੀ ਸਜ਼ਾ ਭੁਗਤ ਰਹੇ ਨੇਤਾ ਨੂੰ ਜੇਲ੍ਹ ਦੇ ਦਰਵਾਜ਼ੇ ਤੱਕ ਇਕ ਹਜੂਮ ਛੱਡਣ ਆਉਂਦਾ ਹੈ ਅਤੇ ਜ਼ਮਾਨਤ 'ਤੇ ਰਿਹਾਅ ਹੋਣ 'ਤੇ ਵਾਜੇ ਵਜਾਉਂਦੇ ਹੋਏ ਇਕ ਭੀੜ ਅਜਿਹਾ ਸਵਾਗਤ ਕਰਦੀ ਹੈ ਕਿ ਆਜ਼ਾਦੀ ਅੰਦੋਲਨ ਦੇ ਕ੍ਰਾਂਤੀਕਾਰੀ ਵੀ ਅਫ਼ਸੋਸ 'ਚ ਸਿਰ ਝੁਕਾ ਲੈਣ ਕਿ ਉਨ੍ਹਾਂ ਨੇ ਕਿੰਨਾਂ ਲੋਕਾਂ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।

ਇਹ ਕਿਹੋ ਜਿਹਾ ਕਾਨੂੰਨ ਹੈ, ਜੋ ਕਿਸੇ ਅੱਤਵਾਦੀ ਅਤੇ ਦੇਸ਼ਧ੍ਰੋਹੀ ਨੂੰ ਜੇਲ੍ਹ 'ਚੋਂ ਚੋਣ ਲੜਨ ਦੀ ਛੋਟ ਦੇ ਸਕਦਾ ਹੈ, ਪਰ ਕਿਸੇ ਬੰਦੀ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਰੱਖਦਾ ਹੈ।

ਇਸ ਨੂੰ ਆਪਣੀ ਮਰਜ਼ੀ ਨਾਲ ਜਨਤਾ ਨੂੰ ਹੱਕਣ ਦੀ ਚਲਾਕੀ ਕਹੀਏ ਜਾਂ ਯੋਗਤਾ,ਹਕੀਕਤ ਜਾਣਦੇ ਹੋਏ ਵੀ ਲੋਕ ਚੁੱਪ ਰਹਿੰਦੇ ਹਨ, ਜ਼ਿਆਦਤੀ ਸਹਿੰਦੇ ਹਨ ਅਤੇ ਆਪਣੀ ਜ਼ੁਬਾਨ ਬੰਦ ਰੱਖਣ 'ਚ ਹੀ ਹੁਨਰ ਸਮਝਦੇ ਹਨ। ਪੜ੍ਹੇ-ਲਿਖੇ ਹੋਣ ਜਾਂ ਅਨਪੜ੍ਹ, ਅਮੀਰ ਹੋਣ ਜਾਂ ਗ਼ਰੀਬ, ਨੌਕਰੀਪੇਸ਼ਾ ਹੋਣ ਜਾਂ ਕਾਰੋਬਾਰੀ, ਵਪਾਰੀ ਹੋਣ ਜਾਂ ਉਦਯੋਗਪਤੀ, ਸਭ ਇਹੀ ਸੋਚਦੇ ਰਹਿੰਦੇ ਹਨ ਕਿ ਜਿਵੇਂ ਵੀ ਹੋਵੇ ਆਪਣਾ ਕੰਮ ਨਿਪਟਾਓ ਅਤੇ ਆਪਣੀ ਰਾਹ 'ਤੇ ਇਸ ਤਰ੍ਹਾਂ ਚੱਲੋ ਕਿ ਘਰ ਪਹੁੰਚ ਜਾਓ। ਸਰਕਾਰ ਦੀ ਨੁਕਤਾਚੀਨੀ ਜਾਂ ਕਮੀਆਂ ਕੱਢਣ ਦਾ ਅਰਥ ਨੇਤਾਜੀ ਨਾਲ ਜ਼ਿੰਦਗੀ ਭਰ ਦੀ ਦੁਸ਼ਮਣੀ ਮੁੱਲ ਲੈਣਾ ਹੈ। ਜੇਕਰ ਮੰਨ ਲਓ ਕਿ ਉਨ੍ਹਾਂ ਦੀ ਵੋਟ ਨਾਲ ਭ੍ਰਿਸ਼ਟ ਪਾਰਟੀ ਦੀ ਸਰਕਾਰ ਡਿੱਗ ਵੀ ਜਾਂਦੀ ਹੈ ਤਾਂ ਕੋਈ ਗਾਰੰਟੀ ਨਹੀਂ ਕਿ ਅਗਲੀ ਸਰਕਾਰ ਅਨੈਤਿਕ ਕਾਰਜ ਨਹੀਂ ਕਰੇਗੀ। ਇਹੀ ਹੁੰਦਾ ਹੈ ਨਾਗਰਿਕਾਂ ਦੀ ਸੋਚ 'ਤੇ ਕਬਜ਼ਾ ਕਰਨਾ ਤਾਂ ਕਿ ਉਹ ਕਦੇ ਵਿਰੋਧ ਨਾ ਕਰ ਸਕਣ।

ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਦੇਸ਼ ਦੇ ਕੁਝ ਇਮਾਨਦਾਰ ਨੇਤਾਵਾਂ ਨੇ ਦੇਸ਼ਵਾਸੀਆਂ ਦੀ ਭਲਾਈ ਲਈ ਕੰਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਅਤੇ ਦੇਸ਼ ਦਾ ਮਾਣ-ਸਨਮਾਨ ਵਧਾਇਆ ਅਤੇ ਵਿਸ਼ਵ 'ਚ ਭਾਰਤ ਨੂੰ ਗੌਰਵਸ਼ਾਲੀ ਸਥਾਨ ਦਿਵਾਇਆ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਜ਼ਿਆਦਾਤਰ ਨੇ ਆਪਣੀਆਂ ਨਿੱਜੀ ਤੇ ਪਰਿਵਾਰਕ ਸੰਪਤੀਆਂ ਵਧਾਉਣ ਦਾ ਕੰਮ ਕੀਤਾ ਹੈ। ਸਰਕਾਰੀ ਭਾਵ ਜਨਤਾ ਦੇ ਧਨ ਨੂੰ ਆਪਣੀਆਂ ਤਿਜ਼ੌਰੀਆਂ 'ਚ ਭਰਨ ਲਈ ਅਨੇਕਾਂ ਐੱਨ.ਜੀ.ਓ. ਜਾਂ ਫਾਊਂਡੇਸ਼ਨ ਬਣਾ ਲਏ ਹਨ। ਇਨ੍ਹਾਂ 'ਚ ਕਿੰਨਾ ਅਤੇ ਕਿੱਥੋਂ ਪੈਸਿਆਂ ਦਾ ਲੈਣ-ਦੇਣ ਹੁੰਦਾ ਹੈ, ਕੋਈ ਨਹੀਂ ਜਾਣਦਾ। ਚੋਣਾਂ ਲੜਨ ਲਈ ਪੈਸਾ ਜਨਤਾ ਦੁਆਰਾ ਦਿੱਤਾ ਦੱਸਦੇ ਹਨ, ਪਰ ਅਸਲ 'ਚ ਇਹ ਉਗਰਾਹੀ ਦਾ ਪੈਸਾ ਹੁੰਦਾ ਹੈ, ਜੋ ਚੋਣਾਂ 'ਚ ਬੇਹਿਸਾਬ ਖਰਚ ਹੁੰਦਾ ਹੈ ਅਤੇ ਕਿਉਂਕਿ ਕਿਸੇ ਨੂੰ ਇਸ ਦਾ ਸਰੋਤ ਜਾਣਨ ਦਾ ਅਧਿਕਾਰ ਨਹੀਂ ਹੈ, ਇਸ ਲਈ ਇਹ ਪੈਸਾ ਕਿੱਥੋਂ ਆਇਆ, ਕੋਈ ਨਹੀਂ ਜਾਣ ਪਾਉਂਦਾ। ਕੀ ਇਹੀ ਲੋਕਤੰਤਰ ਹੈ, ਜ਼ਰ੍ਹਾ ਸੋਚੋ?

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਟਰੰਪ ਪ੍ਰਸ਼ਾਸਨ ਨਸ਼ੀਲੇ ਪਦਾਰਥਾਂ ਦੇ ਗਿਰੋਹਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨਾਂ ਵਜੋਂ ਕਰੇਗਾ ਨਾਮਜ਼ਦ

ਮੈਕਸੀਕੋ ਸਿਟੀ : ਰਾਸ਼ਟਰਪਤੀ ਡੌਨਾਲਡ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਹਨ ਜਿਸ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਰਾਜ ਅਮਰੀਕਾ ਡਰੱਗ ਗਿਰੋਹਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਐਲਾਨ ਕਰੇਗਾ। ਅਮਰੀਕਾ ਦਾ ਇਹ ਕਦਮ ਸਰਹੱਦ ਅਤੇ ਲਾਤੀਨੀ ਅਮਰੀਕਾ ਲਈ ਆਪਣੇ ਫੌਜੀ ਏਜੰਡੇ ਨੂੰ ਅੱਗੇ ਵਧਾਏਗਾ। ਇਹ ਆਰਡਰ ਮੈਕਸੀਕਨ ਡਰੱਗ ਗੈਂਗਾਂ ਅਤੇ ਹੋਰ ਲਾਤੀਨੀ ਅਮਰੀਕੀ ਅਪਰਾਧਿਕ ਸਮੂਹਾਂ, ਜਿਵੇਂ ਕਿ ਵੈਨੇਜ਼ੁਏਲਾ ਦੇ ਗੈਂਗ ਟਰੇਨ ਡੀ ਅਰਾਗੁਆ ਅਤੇ ਸਲਵਾਡੋਰਨ ਗੈਂਗ ਮਾਰਾ ਸਲਵਾਤਰੂਚਾ (ਐਮਐਸ-13) 'ਤੇ ਕੇਂਦ੍ਰਿਤ ਹੈ। ਹੁਕਮ ਅਨੁਸਾਰ ਡਰੱਗ ਗਿਰੋਹ 'ਅਮਰੀਕੀ ਲੋਕਾਂ ਦੀ ਸੁਰੱਖਿਆ, ਸੰਯੁਕਤ ਰਾਜ ਅਮਰੀਕਾ ਦੀ ਸੁਰੱਖਿਆ ਅਤੇ ਪੱਛਮੀ ਗੋਲਿਸਫਾਇਰ ਵਿੱਚ ਅੰਤਰਰਾਸ਼ਟਰੀ ਵਿਵਸਥਾ ਦੀ ਸਥਿਰਤਾ ਨੂੰ ਖ਼ਤਰਾ ਪੈਦਾ ਕਰਦੇ ਹਨ।' ਹਾਲਾਂਕਿ ਇਸ ਹੁਕਮ ਵਿੱਚ ਅਜਿਹੇ ਸਮੂਹਾਂ ਦੇ ਨਾਵਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ, ਪਰ ਕੈਬਨਿਟ ਸਕੱਤਰ ਅਗਲੇ 14 ਦਿਨਾਂ ਵਿੱਚ ਸਿਫਾਰਸ਼ ਕਰਨਗੇ ਕਿ ਕਿਹੜੇ ਸਮੂਹਾਂ/ਗੈਂਗਾਂ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ ਜਾਣਾ ਚਾਹੀਦਾ ਹੈ। ਇਹ ਸੋਮਵਾਰ ਨੂੰ ਆਪਣੇ ਪ੍ਰਸ਼ਾਸਨ ਦਾ ਕਾਰਜਭਾਰ ਸੰਭਾਲਣ ਤੋਂ ਬਾਅਦ ਟਰੰਪ ਦੁਆਰਾ ਦਸਤਖ਼ਤ ਕੀਤੇ ਗਏ ਕੁਝ ਹੁਕਮਾਂ ਵਿੱਚੋਂ ਇੱਕ ਹੈ। ਆਦੇਸ਼ ਵਿੱਚ ਕਿਹਾ ਗਿਆ ਹੈ, 'ਇਨ੍ਹਾਂ ਗਿਰੋਹਾਂ ਨੇ ਪੱਛਮੀ ਗੋਲਿਸਫਾਇਰ ਵਿੱਚ ਹਿੰਸਾ ਅਤੇ ਦਹਿਸ਼ਤ ਦੀਆਂ ਮੁਹਿੰਮਾਂ ਚਲਾਈਆਂ ਹਨ ਜਿਨ੍ਹਾਂ ਨੇ ਨਾ ਸਿਰਫ਼ ਸਾਡੇ ਰਾਸ਼ਟਰੀ ਹਿੱਤਾਂ ਲਈ ਮਹੱਤਵਪੂਰਨ ਦੇਸ਼ਾਂ ਨੂੰ ਅਸਥਿਰ ਕੀਤਾ ਹੈ, ਸਗੋਂ ਸੰਯੁਕਤ ਰਾਜ ਅਮਰੀਕਾ ਵਿੱਚ ਘਾਤਕ ਨਸ਼ੀਲੇ ਪਦਾਰਥਾਂ, ਹਿੰਸਕ ਅਪਰਾਧੀਆਂ ਅਤੇ ਖਤਰਨਾਕ ਅੱਤਵਾਦੀਆਂ ਦੀ ਬੇਮਿਸਾਲ ਸਪਲਾਈ ਵੀ ਕੀਤੀ ਹੈ।'



ਇਹ ਸਪੱਸ਼ਟ ਨਹੀਂ ਹੈ ਕਿ ਇਸ ਹੁਕਮ ਦਾ ਇਨ੍ਹਾਂ ਗਿਰੋਹਾਂ ਨਾਲ ਲੜਨ 'ਤੇ ਕੀ ਪ੍ਰਭਾਵ ਪਵੇਗਾ, ਪਰ ਚਿੰਤਾਵਾਂ ਹਨ ਕਿ ਇਹ ਹੋਰ ਤਰੀਕਿਆਂ ਨਾਲ ਉਨ੍ਹਾਂ ਦੇਸ਼ਾਂ ਦੇ ਲੋਕਾਂ ਲਈ ਅਮਰੀਕਾ ਆਉਣਾ ਮੁਸ਼ਕਲ ਬਣਾ ਸਕਦਾ ਹੈ ਜਿੱਥੇ ਇਹ ਗਿਰੋਹ ਮੌਜੂਦ ਹਨ ਅਤੇ ਸਮੂਹ ਵਿਚ ਕੰਮ ਕਰਦੇ ਹਨ। ਇਹ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਐਲਾਨੀ ਗਈ ਐਮਰਜੈਂਸੀ ਤੋਂ ਇਲਾਵਾ ਹੈ। ਟਰੰਪ ਪ੍ਰਸ਼ਾਸਨ ਨੇ 1 ਫਰਵਰੀ ਨੂੰ ਮੈਕਸੀਕੋ ਅਤੇ ਕੈਨੇਡਾ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਅਤੇ ਸੀਬੀਪੀ ਵਨ ਐਪ ਦੀ ਵਰਤੋਂ ਖ਼ਤਮ ਕਰਨ ਦਾ ਵਾਅਦਾ ਕੀਤਾ ਹੈ। ਇਸ ਐਪ ਨੇ ਪ੍ਰਵਾਸੀਆਂ ਨੂੰ ਸਰਹੱਦ 'ਤੇ ਪਹੁੰਚਣ ਤੋਂ ਪਹਿਲਾਂ ਸ਼ਰਣ ਲਈ ਅਰਜ਼ੀ ਦੇਣ ਦੀ ਆਗਿਆ ਦਿੱਤੀ। ਟਰੰਪ ਨੇ ਇਨ੍ਹਾਂ ਗਿਰੋਹਾਂ ਨਾਲ ਲੜਨ ਲਈ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦਾ ਵਾਅਦਾ ਕੀਤਾ ਹੈ ਅਤੇ ਮੈਕਸੀਕੋ ਵਿੱਚ ਫੌਜੀ ਦਖਲਅੰਦਾਜ਼ੀ ਦੀ ਧਮਕੀ ਦਿੱਤੀ ਹੈ, ਜਿਸ ਨੂੰ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਤਿੱਖੀ ਤੌਰ 'ਤੇ ਰੱਦ ਕਰ ਦਿੱਤਾ ਹੈ। ਕਈਆਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਅੱਤਵਾਦੀ ਨਾਮਜ਼ਦਗੀ ਅਮਰੀਕਾ ਨੂੰ ਇਨ੍ਹਾਂ ਗਿਰੋਹਾਂ ਵਿਰੁੱਧ ਫੌਜੀ ਕਾਰਵਾਈ ਕਰਨ ਅਤੇ ਉਨ੍ਹਾਂ ਨੂੰ ਜਾਇਜ਼ ਠਹਿਰਾਉਣ ਲਈ ਪ੍ਰੇਰਿਤ ਕਰ ਸਕਦੀ ਹੈ।

# ਅਮਰੀਕਾ 'ਚ ਸਹਾਇਤਾ ਸੰਸਥਾ ਨੇ ਮਨਾਈ ਨਵ-ਜਨਮੇ ਬੱਚਿਆਂ ਦੀ ਲੋਹੜੀ

ਸਾਨ ਫਰਾਂਸਿਸਕੋ : ਅਮਰੀਕਾ ਦੀ ਸਮਾਜ ਸੇਵੀ 'ਸਹਾਇਤਾ ਸੰਸਥਾ' ਵਲੋਂ ਪੈਰਾਡਾਇਜ਼ ਬਾਲਰੂਮ ਫਰੀਮਾਂਟ ਵਿਖੇ ਨਵ ਜਨਮੇ ਬੱਚਿਆਂ ਲਈ ਲੋਹੜੀ ਦਾ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਸੰਸਥਾ ਦੇ ਮੁਖੀ ਸੇਵਾਦਾਰ ਡਾਕਟਰ ਹਰਕੇਸ਼ ਸਿੰਘ ਸੰਧੂ ਨੇ ਦੱਸਿਆ ਕਿ 2005 ਤੋਂ ਹੋਂਦ ਵਿਚ ਆਈ ਇਸ ਸੰਸਥਾ ਵਲੋਂ ਹਜ਼ਾਰਾਂ ਬੱਚਿਆਂ ਦੀ ਪੜ੍ਹਾਈ, ਅਨਾਥ ਤੇ ਬੇਸਹਾਰਾ ਬੱਚਿਆਂ ਦਾ ਸਹਾਰਾ ਬਣਨਾ, ਅੰਗਹੀਣ ਬੱਚਿਆਂ ਦੀ ਸਾਂਭ ਸੰਭਾਲ ਤੇ ਲੋੜਵੰਦ ਬੱਚਿਆਂ ਨੂੰ ਸਹਾਇਤਾ ਪ੍ਰਦਾਨ ਕਰਨਾ ਹੀ ਸੰਸਥਾ ਦਾ ਮੁੱਖ ਉਦੇਸ਼ ਰਿਹਾ ਹੈ। ਲੋਹੜੀ ਸਮਾਗਮ 'ਚ ਨਵ ਜਨਮੇ ਬੱਚੇ ਤੇ ਉਨ੍ਹਾਂ ਦੇ ਮਾਂ-ਬਾਪ ਵੀ ਸ਼ਾਮਿਲ ਸਨ, ਜਿੱਥੇ ਨਿੱਕੇ ਨਿੱਕੇ ਬੱਚਿਆਂ ਨੇ ਲੋਹੜੀ ਦੇ ਗੀਤ ਗਾਏ ਉਥੇ ਦੁੱਲਾ




ਭੱਟੀ ਤੇ ਸੁੰਦਰ ਮੁੰਦਰੀਏ ਬਾਰੇ ਸਵਾਲਾਂ ਦੇ ਜਵਾਬ ਦਿਲਚਸਪੀ ਨਾਲ ਦਿੱਤੇ। ਇਸ ਮੌਕੇ ਲੋਹੜੀ ਨਾਲ ਸੰਬੰਧਿਤ ਖ਼ੂਬਸੂਰਤ ਵਸਤਾਂ ਦੀ ਪ੍ਰਦਰਸ਼ਨੀ ਦੇ ਨਾਲ ਨਾਲ ਪੰਜਾਬੀ ਮੁਟਿਆਰਾਂ ਨੇ ਗਿੱਧਾ ਪੇਸ਼ ਕਰਕੇ ਤੀਆਂ ਵਰਗਾ ਪਿੜ ਬੰਨਿਆ ਤੇ ਲੋਹੜੀ ਦੀ ਬੋਲੀਆਂ ਨਾਲ ਹਾਜ਼ਰ ਬੀਬੀਆਂ ਨੂੰ ਨਾਲ ਨੱਚਣ ਲਈ ਮਜਬੂਰ ਕਰ ਦਿੱਤਾ। ਭੰਗੜੇ ਦੀ ਪੇਸ਼ਕਾਰੀ ਵੀ ਬਾ-ਕਮਾਲ ਸੀ। ਅਮਰੀਕਾ ਵਸਦੇ ਪੰਜਾਬੀ ਗਾਇਕ ਸੱਤੀ ਪਾਬਲਾ ਨੇ ਆਪਣੇ ਗੀਤਾਂ ਨਾਲ ਸਮਾਗਮ ਦੀ ਸ਼ਾਮ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ। ਡਾਕਟਰ ਹਰਕੇਸ਼ ਸੰਧੂ ਨੇ ਕਿਹਾ ਕਿ ਅਗਲੇ ਸਾਲਾਂ ਵਿਚ ਇਸ ਲੋਹੜੀ ਨੂੰ ਹੋਰ ਵੀ ਵਧੇਰੇ ਆਕਰਸ਼ਕ ਤੇ ਵੱਡੀ ਪੱਧਰ 'ਤੇ ਮਨਾਉਣ ਦਾ ਯਤਨ ਕੀਤਾ ਜਾਵੇਗਾ।

# ਅਮਰੀਕਾ 'ਚ ਲੱਗੀ ਐਮਰਜੈਂਸੀ, ਸਰਹੱਦ 'ਤੇ ਤਾਇਨਾਤ ਹੋਵੇਗੀ ਅਮਰੀਕੀ ਫੌਜ

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਡੋਨਾਲਡ ਟਰੰਪ ਨੇ ਵੱਡਾ ਫੈਸਲਾ ਲਿਆ ਹੈ। ਟਰੰਪ ਨੇ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਉਸਨੇ ਘੋਸ਼ਣਾ ਕੀਤੀ ਕਿ ਅਮਰੀਕੀ ਸੈਨਿਕਾਂ ਨੂੰ ਮੈਕਸੀਕਨ ਸਰਹੱਦ 'ਤੇ ਭੇਜਿਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਅਮਰੀਕਾ ਵਿਚ ਜਨਮ ਤੋਂ ਨਾਗਰਿਕਤਾ ਦੇ ਅਧਿਕਾਰ ਨੂੰ ਖਤਮ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਹੁਕਮਾਂ 'ਤੇ ਦਸਤਖਤ ਕਰਨ ਤੋਂ ਬਾਅਦ ਟਰੰਪ ਨੇ ਓਵਲ ਦਫਤਰ 'ਚ ਪ੍ਰੈੱਸ ਕਾਨਫਰੰਸ ਕੀਤੀ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡਾ ਫੈਸਲਾ ਹੈ। ਹਾਲਾਂਕਿ ਜਨਮ ਤੋਂ ਨਾਗਰਿਕਤਾ ਖਤਮ ਕਰਨ ਦੀ ਟਰੰਪ ਦੀ ਕੋਸ਼ਿਸ਼ ਨੂੰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਜਨਮ



ਦੇ ਆਧਾਰ 'ਤੇ ਨਾਗਰਿਕਤਾ ਖਤਮ ਹੋ ਜਾਂਦੀ ਹੈ ਤਾਂ ਇਸ ਦਾ ਅਸਰ ਭਾਰਤੀਆਂ 'ਤੇ ਵੀ ਪਵੇਗਾ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਸ ਨੂੰ ਸਵੀਕਾਰ ਕਰਦੇ ਹੋਏ ਕਿਹਾ, 'ਮੈਨੂੰ ਲੱਗਦਾ ਹੈ ਕਿ ਸਾਡੇ ਕੋਲ ਇੱਕ ਚੰਗਾ ਆਧਾਰ ਹੈ।' ਇੱਕ ਹੋਰ ਕਾਰਜਕਾਰੀ ਆਦੇਸ਼ ਵਿੱਚ, ਅਮਰੀਕਾ-ਮੈਕਸੀਕੋ ਸਰਹੱਦ 'ਤੇ ਰਾਸ਼ਟਰੀ ਐਮਰਜੈਂਸੀ ਘੋਸ਼ਿਤ ਕੀਤੀ ਗਈ ਸੀ। ਟਰੰਪ ਨੇ ਕਿਹਾ, 'ਮੈਨੂੰ ਉਨ੍ਹਾਂ ਲੋਕਾਂ ਨਾਲ ਕੋਈ ਸਮੱਸਿਆ ਨਹੀਂ ਹੈ ਜੋ ਕਾਨੂੰਨੀ ਤੌਰ 'ਤੇ ਵੀਜ਼ਾ ਲੈ ਕੇ ਅਮਰੀਕਾ ਆਉਂਦੇ ਹਨ। ਮੈਨੂੰ ਇਹ ਪਸੰਦ ਹੈ. ਸਾਨੂੰ ਲੋਕਾਂ ਦੀ ਲੋੜ ਹੈ ਅਤੇ ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਸ ਤੋਂ ਪਹਿਲਾਂ ਸਹੁੰ ਚੁੱਕਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਅਸੀਂ ਅਮਰੀਕਾ 'ਤੇ ਵਿਨਾਸ਼ਕਾਰੀ ਹਮਲੇ ਨੂੰ ਰੋਕਾਂਗੇ।




# ਮਨ ਉੱਤੇ ਮੂਰਤਾਂ ਦਾ ਮਹੱਤਵ !




ਇਹ ਕਈ ਦਹਾਕੇ ਪੁਰਾਣੀ ਗੱਲ ਹੈ, ਹੁਣ ਤਾਂ ਸ਼ਾਇਦ ਪੰਜਾਬੀ (ਗੁਰਮੁਖੀ) ਸਿੱਖਣ ਲਈ ਛੋਟੇ ਬੱਚਿਆਂ ਦੇ 'ਕੈਦੇ' ਉਦੋਂ ਵਰਗੇ ਨਹੀਂ ਹੋਣਗੇ, ਜਦੋਂ ਦੀ ਮੈਂ ਇਹ ਅੱਖੀਂ ਦੇਖੀ ਵਾਰਤਾ ਲਿਖਣ ਜਾ ਰਿਹਾ ਹਾਂ। ਮੈਂ ਆਪਣੇ ਇਕ ਦੋਸਤ ਨੂੰ ਮਿਲਣ ਗਿਆ ਤਾਂ ਉਸਦੀ ਛੋਟੀ ਬੇਟੀ ਕੈਦਾ ਹੱਥ 'ਚ ਲਈ ਬੈਠੀ ਸੀ।

ਮੈਂ ਦੋਸਤ ਨੂੰ ਪੁੱਛਿਆ ਕਿ ਬੇਟੀ ਪੜ੍ਹਨ ਲਾ'ਤੀ ਸਕੂਲੇ ? ਉਹ ਥੋੜ੍ਹਾ ਹੱਸ ਕੇ ਕਹਿੰਦਾ-'ਆਹੋ ਜੀ ਪੜ੍ਹਨ ਤਾਂ ਜਾਂਦੀ ਆ ਸਕੂਲੇ ਬੜੇ ਚਾਅ ਨਾਲ ਪਰ ਇਹਦੀ ਇੱਕ ਅੱਖਰ ਉੱਤੇ 'ਗਰਾਰੀ' ਅੜੀ ਹੋਈ ਆ !'



ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ ਐਸ.ਜੀ.ਪੀ.ਸੀ
ਕੈਲੇਫੋਰਨੀਆਂ,ਯੂ.ਐਸ.ਏ
001-408-915-1268


ਸਵਾਲੀਆ-ਚਿੰਨ੍ਹ ਬਣਿਆਂ ਮੇਰਾ ਚਿਹਰਾ ਦੇਖ ਕੇ ਉਹ ਆਪ ਹੀ ਦੱਸਣ ਲੱਗ ਪਿਆ-

"ਕੈਦੇ ਉੱਤੇ 'ਪੈਂਤੀ' ਦੇ ਅੱਖਰ ਪੜ੍ਹਨ ਵੇਲੇ ਇਹ 'ਊੜਾ-ਊਠ, ਐੜਾ-ਅਨਾਰ, ਈੜੀ-ਇੰਜਣ, ਸੱਸਾ-ਸਲੇਟ' ਤੋਂ ਸ਼ੁਰੂ ਕਰਕੇ ਬਾਕੀ 'ਵਾਵੇ' ਤੱਕ ਤਾਂ ਸਾਰੇ ਅੱਖਰ ਬਿਲਕੁਲ ਸਹੀ ਸਹੀ ਬੋਲੀ ਜਾਂਦੀ ਐ ਪਰ ਫੱਫੇ ਅੱਖਰ ਦੀ ਵਾਰੀ ਇਹ 'ਫੱਫਾ-ਕੇਲਾ' ਕਹਿਣੋ ਨੀ ਹਟਦੀ ! ਅਸੀਂ ਬਥੇਰਾ ਕਹੀ ਜਾਨੇ ਆਂ ਕਿ ਪੁੱਤ 'ਫੱਫਾ-ਫਲ ?' ਕਹਿ ! ਪਰ ਇਸਨੇ 'ਫੱਫੇ' ਅੱਖਰ ਮੋਹਰੇ ਛਪੀ ਹੋਈ ਕੇਲੇ ਦੀ ਮੂਰਤ ਨੂੰ ਐਸਾ ਮਨ 'ਚ ਪੱਕਾ ਵਸਾ ਲਿਆ ਐ ਕਿ ਫੱਫਾ-ਫਲ ਕਹਿਣ ਦੀ ਬਜਾਏ ਇਹ 'ਫੱਫਾ-ਕੇਲਾ' ਹੀ ਰਟੀ ਜਾਂਦੀ ਐ !

ਇਹ ਤਾਂ ਹੋਈ ਬਾਲ-ਮਨਾਂ ਉੱਤੇ ਮੂਰਤਾਂ ਦੇ ਪ੍ਰਭਾਵ ਦੀ ਗੱਲ ਪਰ ਇਹ ਵਾਰਤਾ ਇਸ ਨੁਕਤੇ ਦੀ ਵੀ ਵੱਡੀ ਮਿਸਾਲ ਹੈ ਕਿ ਸਾਡੇ ਮਨ-ਮਸਤਿਕ ਵਿਚ ਲਿਖਤਾਂ ਨਾਲੋਂ ਤਸਵੀਰਾਂ ਕਿਉਂ ਜਿਆਦਾ ਖੁੱਭੀਆਂ ਵਸੀਆਂ ਰਹਿੰਦੀਆਂ ਹਨ ! ਜਿਵੇਂ ਗੁਰੂ ਸਾਹਿਬਾਨ ਨੇ ਦੇਹਧਾਰੀ ਪ੍ਰਥਾ ਨੂੰ ਸਦਾ ਸਦਾ ਲਈ ਬੰਦ ਕਰਕੇ ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ ਪਰ ਅਜੋਕੇ ਸਿੱਖਾਂ ਦੀ ਵੱਡੀ ਗਿਣਤੀ ਸ਼ਬਦ ਦੀ ਥਾਂਹ ਕਿਸੇ ਨਾ ਕਿਸੇ ਦੇਹਧਾਰੀ ਡੇਰੇਦਾਰ ਸੰਤ ਮਹੰਤ ਦੇ ਚੁੰਗਲ 'ਚ ਫਸੀ ਹੋਈ ਹੈ। ਆਪੋ ਆਪਣੇ ਬਾਬਿਆਂ ਨੂੰ 'ਮਹਾਰਾਜ' ਕਹਿਣ ਵਾਲੇ ਸਿੱਖ ਵੀ ਫੱਫਾ-ਫਲ ਕਹਿਣ ਦੀ ਬਜਾਏ 'ਫੱਫਾ-ਕੇਲਾ' ਹੀ ਕਹਿ ਰਹੇ ਸਮਝੋ !

# ਸੈ.ਫ ਨੂੰ ਚਾਕੂ ਮਾਰਨ ਵਾਲਾ ਕੌਮੀ ਪੱਧਰ ਦਾ ਸੀ ਪਹਿਲਵਾਨ

## ਮੁਲਜ਼ਮ ਨੇ ਸ਼ਾਹਰੁਖ਼ ਸਣੇ ਹੋਰ ਨਾਮੀ ਹਸਤੀਆਂ ਦੇ ਘਰਾਂ ਦੀ ਕੀਤੀ ਸੀ ਰੇਕੀ

ਮੁੰਬਈ : ਬੋਲੀਵੁੱਡ ਅਦਾਕਾਰ ਸੈਫ਼ ਅਲੀ ਖ਼ਾਨ 'ਤੇ ਹਮਲੇ ਦੇ ਦੋਸ਼ ਹੇਠ ਗ੍ਰਿਫ਼ਤਾਰ ਮੁਲਜ਼ਮ ਸ਼ਰੀਫੁਲ ਇਸਲਾਮ ਸ਼ਹਿਜ਼ਾਦ ਮੁਹੰਮਦ ਰੋਹਿੱਲਾ ਅਮੀਨ ਫ਼ਕੀਰ (30) ਨੇ ਪੁਲੀਸ ਨੂੰ ਦੱਸਿਆ ਹੈ ਕਿ ਉਹ ਭਾਰਤ ਆਉਣ ਤੋਂ ਪਹਿਲਾਂ ਬੰਗਲਾਦੇਸ਼ 'ਚ ਕੌਮੀ ਪੱਧਰ ਦਾ ਪਹਿਲਵਾਨ ਸੀ। ਇਸ ਦੌਰਾਨ ਪੁਲੀਸ ਨੇ ਸ਼ਹਿਜ਼ਾਦ ਨੂੰ ਹੋਰ ਪੁੱਛ ਪੜਤਾਲ ਅਤੇ ਜਾਂਚ ਲਈ ਸਾਂਤਾਕਰੂਜ਼ ਪੁਲੀਸ ਥਾਣੇ ਤੋਂ ਬਾਂਦਰਾ ਪੁਲੀਸ ਥਾਣੇ ਤਬਦੀਲ ਕੀਤਾ ਹੈ। ਮੁੰਬਈ ਪੁਲੀਸ ਨੇ ਬੰਗਲਾਦੇਸ਼ੀ ਨਾਗਰਿਕ ਸ਼ਰੀਫੁਲ ਨੂੰ ਲੰਘੇ ਦਿਨ ਠਾਣੇ ਤੋਂ ਗ੍ਰਿਫ਼ਤਾਰ ਕੀਤਾ ਸੀ। ਪੁਲੀਸ ਨੇ ਦਾਅਵਾ ਕੀਤਾ ਕਿ ਸ਼ਹਿਜ਼ਾਦ ਨੇ ਸੈਫ਼ ਦੇ ਘਰ ਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ ਸ਼ਾਹਰੁਖ਼ ਖ਼ਾਨ ਦੀ ਰਿਹਾਇਸ਼ 'ਮੰਨਤ' ਸਣੇ ਹੋਰਨਾਂ ਨਾਮੀ ਹਸਤੀਆਂ ਦੇ ਘਰਾਂ ਦੀ ਵੀ ਰੇਕੀ ਕੀਤੀ ਸੀ। ਹਾਲਾਂਕਿ ਸ਼ਾਹਰੁਖ਼ ਦੇ ਘਰ ਦੇ ਬਾਹਰ ਸਖ਼ਤ ਸੁਰੱਖਿਆ ਤੇ ਉੱਚੀਆਂ ਕੰਧਾਂ ਦੇਖ ਕੇ ਉਸ ਨੇ ਇਰਾਦਾ ਤਿਆਗ ਦਿੱਤਾ। ਸੈਫ਼ ਅਲੀ ਖ਼ਾਨ 'ਤੇ ਕਥਿਤ ਚਾਕੂ ਨਾਲ ਵਾਰ ਕਰਨ ਵਾਲਾ ਬਮੁਹੰਮਦ ਸ਼ਰੀਫੁਲ ਇਸਲਾਮ ਸ਼ਹਿਜ਼ਾਦ 16 ਜਨਵਰੀ ਨੂੰ ਤੜਕਸਾਰ ਸਤਗੁਰੂ ਸ਼ਰਨ ਇਮਾਰਤ 'ਚ ਸੈਫ਼ ਦੀ ਰਿਹਾਇਸ਼ ਅੰਦਰ ਚੋਰੀ ਦੇ ਇਰਾਦੇ ਨਾਲ ਦਾਖ਼ਲ ਹੋਇਆ ਸੀ। ਅਧਿਕਾਰੀ ਨੇ ਦੱਸਿਆ ਕਿ ਅਦਾਕਾਰ 'ਤੇ ਹਮਲੇ ਮਗਰੋਂ ਮੁਲਜ਼ਮ ਬੱਸ ਸਟਾਪ 'ਤੇ ਆਰਾਮ ਨਾਲ ਸੁੱਤਾ, ਕੱਪੜੇ ਬਦਲੇ ਤੇ ਬਾਂਦਰਾ ਰੇਲਵੇ ਸਟੇਸ਼ਨ 'ਤੇ ਪੁੱਜਾ। ਉਹ ਠਾਣੇ ਸ਼ਹਿਰ ਜਾਣ ਤੋਂ ਪਹਿਲਾਂ ਦਾਦਰ ਅਤੇ ਵਰਲੀ 'ਚ ਘੁੰਮਦਾ ਰਿਹਾ। ਉਨ੍ਹਾਂ ਕਿਹਾ ਕਿ ਸ਼ਹਿਜ਼ਾਦ ਨੇ ਪੁਲੀਸ



ਤੋਂ ਬਚਣ ਲਈ ਪੂਰੀ ਸਾਵਧਾਨੀ ਵਰਤੀ ਸੀਸੀਟੀਵੀ ਫੁਟੇਜ 'ਚ ਨਜ਼ਰ ਆਏ ਆਪਣੇ ਬੈਗ ਕਾਰਨ ਫੜਿਆ ਗਿਆ। ਸੂਤਰਾਂ ਨੇ ਦਾਅਵਾ ਕੀਤਾ ਕਿ ਸ਼ਹਿਜ਼ਾਦ ਨੇ ਪੁੱਛ ਪੜਤਾਲ ਦੌਰਾਨ ਦੱਸਿਆ ਕਿ ਉਹ ਬੰਗਲਾਦੇਸ਼ ਵਿਚ ਜ਼ਿਲ੍ਹਾ ਤੇ ਕੌਮੀ ਪੱਧਰ ਦੀਆਂ ਕੁਸ਼ਤੀ ਚੈਂਪੀਅਨਸ਼ਿਪਾਂ ਵਿਚ ਹੇਠਲੇ ਭਾਰ ਵਰਗ ਵਿਚ ਖੇਡਦਾ ਰਿਹਾ ਹੈ। ਸੂਤਰਾਂ ਮੁਤਾਬਕ ਸ਼ਹਿਜ਼ਾਦ ਨੇ ਦਾਅਵਾ ਕੀਤਾ ਕਿ ਉਸ ਦੇ ਕੁਸ਼ਤੀ ਪਿਛੋਕੜ ਕਰਕੇ ਹੀ ਸੈਫ ਅਲੀ ਖ਼ਾਨ 'ਤੇ ਕੀਤੇ ਹਮਲੇ ਦੌਰਾਨ ਉਸ ਦੇ ਕਿਤੇ ਕੋਈ ਸੱਟ ਫੇਟ ਨਹੀਂ ਲੱਗੀ। ਪਿਛਲੇ ਸਾਲ ਆਇਆ ਸੀ। ਸ਼ਹਿਜ਼ਾਦ ਜੋ ਪਹਿਲਾਂ ਵਰਲੀ ਦੇ ਇੱਕ ਪੱਬ 'ਚ ਕੰਮ ਕਰਦਾ ਸੀ, 16 ਜਨਵਰੀ ਦੀ ਰਾਤ ਨੂੰ ਉੱਥੇ ਠਹਿਰਿਆ ਸੀ।

# ਭਾਈ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ 18 ਮਾਰਚ ਤੱਕ ਫ਼ੈਸਲਾ ਲਏ: ਸੁਪਰੀਮ ਕੋਰਟ

## ਬੈਂਚ ਨੇ ਦਿੱਤਾ ਆਖ਼ਰੀ ਮੌਕਾ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕੇਂਦਰ ਨੂੰ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਅਰਜ਼ੀ 'ਤੇ 18 ਮਾਰਚ ਤੱਕ ਫ਼ੈਸਲਾ ਲੈਣ ਲਈ ਕਿਹਾ ਹੈ। ਜਸਟਿਸ ਬੀਆਰ ਗਵਈ ਦੀ ਅਗਵਾਈ ਹੇਠਲੇ ਬੈਂਚ ਨੇ ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ, "ਅਸੀਂ ਤੁਹਾਨੂੰ ਆਖ਼ਰੀ ਮੌਕੇ ਵਜੋਂ ਸਮਾਂ ਦੇ ਰਹੇ ਹਾਂ। ਤੁਸੀਂ ਜਾਂ ਤਾਂ ਕੋਈ ਫ਼ੈਸਲਾ ਲਵੋ ਨਹੀਂ ਤਾਂ ਅਸੀਂ ਗੁਣ-ਦੋਸ਼ ਦੇ ਆਧਾਰ 'ਤੇ ਸੁਣਵਾਈ ਕਰਾਂਗੇ।" ਮਹਿਤਾ ਨੇ ਕਿਹਾ ਕਿ ਇਹ ਮਾਮਲਾ ਤਤਕਾਲੀ ਮੁੱਖ ਮੰਤਰੀ ਦੀ ਹੱਤਿਆ ਨਾਲ ਜੁੜਿਆ ਹੈ। ਸੁਣਵਾਈ ਸ਼ੁਰੂ ਹੁੰਦੇ ਸਾਰ ਮਹਿਤਾ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਰਹਿਮ ਪਟੀਸ਼ਨ ਹਾਲੇ ਵਿਚਾਰ ਅਧੀਨ ਹੈ। ਉਨ੍ਹਾਂ ਬੈਂਚ ਨੂੰ ਅਪੀਲ ਕੀਤੀ ਕਿ ਫ਼ੈਸਲਾ ਲੈਣ ਲਈ ਛੇ ਹਫ਼ਤਿਆਂ ਦਾ ਸਮਾਂ ਦਿੱਤਾ ਜਾਵੇ। ਰਾਜੋਆਣਾ ਦੇ ਵਕੀਲ ਨੇ ਬੈਂਚ ਨੂੰ ਦੱਸਿਆ



ਕਿ ਉਨ੍ਹਾਂ ਦਾ ਮੁਵੱਕਿਲ ਕਰੀਬ 29 ਸਾਲ ਜੇਲ੍ਹ 'ਚ ਗੁਜ਼ਾਰ ਚੁੱਕਾ ਹੈ ਪਰ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ। ਆਪਣੀ ਅਰਜ਼ੀ 'ਚ ਰਾਜੋਆਣਾ ਨੇ ਮੰਗ ਕੀਤੀ ਹੈ ਕਿ ਸਜ਼ਾ-ਏ-ਮੌਤ 'ਚ ਦੇਰੀ ਅਤੇ ਰਹਿਮ ਦੀ ਪਟੀਸ਼ਨ 'ਤੇ ਕੋਈ ਫ਼ੈਸਲਾ ਨਾ ਲਏ ਜਾਣ ਕਾਰਨ ਉਸ ਦੀ ਸਜ਼ਾ ਨੂੰ ਘਟਾਉਣ ਦੇ ਨਿਰਦੇਸ਼ ਦਿੱਤੇ ਜਾਣ। ਅਰਜ਼ੀ 'ਚ ਇਹ ਵੀ ਕਿਹਾ ਗਿਆ ਹੈ ਕਿ ਉਹ ਉਮਰ ਕੈਦ ਤੋਂ ਵੀ ਵਧ ਸਮਾਂ ਜੇਲ੍ਹ 'ਚ ਬਿਤਾ ਚੁੱਕਾ ਹੈ, ਜਿਸ ਕਾਰਨ ਉਸ ਦੀ ਰਿਹਾਈ ਦੇ ਹੁਕਮ ਦਿੱਤੇ ਜਾਣ। ਉਧਰ ਰਾਜੋਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ, "ਇਹ ਮਾਮਲਾ ਸੀਜੇਆਈ ਐੱਸਏ ਬੋਬਡੇ ਦੇ ਸਮੇਂ ਤੋਂ ਚੱਲ ਰਿਹਾ ਹੈ। ਉਹ ਪਿਛਲੇ 15 ਸਾਲਾਂ ਤੋਂ ਮੌਤ ਦੀ ਸਜ਼ਾ ਯਾਫ਼ਤਾ ਹੈ ਅਤੇ ਉਹ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿਚ ਹੈ। ਉਸ ਨੂੰ ਹੁਣ ਰਿਹਾਅ ਕੀਤਾ ਜਾਣਾ ਚਾਹੀਦਾ ਹੈ।" ਜ਼ਿਕਰਯੋਗ ਹੈ ਕਿ 31 ਅਗਸਤ, 1995 ਨੂੰ ਚੰਡੀਗੜ੍ਹ 'ਚ ਸਿਵਲ ਸਕੱਤਰੇਤ ਦੇ ਗੇਟ 'ਤੇ ਹੋਏ ਧਮਾਕੇ 'ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਵਿਅਕਤੀ ਮਾਰੇ ਗਏ ਸਨ। ਵਿਸ਼ੇਸ਼ ਅਦਾਲਤ ਨੇ ਰਾਜੋਆਣਾ ਨੂੰ ਜੁਲਾਈ 2007 'ਚ ਸਜ਼ਾ-ਏ-ਮੌਤ ਦੀ ਸਜ਼ਾ ਸੁਣਾਈ ਸੀ।

# ਕੋਲਕਾਤਾ ਕੇਸ : ਸੰਜੈ ਰਾਏ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ

## ਪੱਛਮੀ ਬੰਗਾਲ ਸਰਕਾਰ ਨੂੰ ਪੀੜਤ ਪਰਿਵਾਰ ਨੂੰ 17 ਲੱਖ ਰੁਪਏ ਮੁਆਵਜ਼ਾ ਦੇਣ ਦੇ ਹੁਕਮ





ਕੋਲਕਾਤਾ : ਇੱਥੋਂ ਦੀ ਸਿਆਲਦਾਹ ਅਦਾਲਤ ਨੇ ਸਰਕਾਰੀ ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਟਰੇਨੀ ਮਹਿਲਾ ਡਾਕਟਰ ਨਾਲ ਜਬਰ-ਜਨਾਹ ਤੇ ਕਤਲ ਮਾਮਲੇ ਵਿਚ ਦੋਸ਼ੀ ਠਹਿਰਾਏ ਸੰਜੈ ਰਾਏ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੂੰ 50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਗਿਆ ਹੈ। ਸੀਬੀਆਈ ਨੇ ਹਾਲਾਂਕਿ ਰਾਏ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਅਦਾਲਤ ਨੇ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਪੀੜਤ ਮਹਿਲਾ ਡਾਕਟਰ ਦੇ ਪਰਿਵਾਰ ਨੂੰ ਮੁਆਵਜ਼ੇ ਵਜੋਂ 17 ਲੱਖ ਰੁਪਏ ਦੀ ਅਦਾਇਗੀ ਕਰੇ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਨਿਰਬਾਨ ਦਾਸ ਨੇ ਕਿਹਾ ਕਿ ਇਹ ਅਪਰਾਧ 'ਵਿਰਲਿਆਂ 'ਚੋਂ ਵਿਰਲੇ' ਵਰਗ ਵਿਚ ਨਹੀਂ ਆਉਂਦਾ ਜੋ ਦੋਸ਼ੀ ਨੂੰ ਮੌਤ ਦੀ ਸਜ਼ਾ ਨਾ ਦੇਣ ਦਾ ਇਕ ਕਾਰਨ ਹੈ। ਅਦਾਲਤ ਨੇ ਰਾਏ ਨੂੰ ਬੀਐੱਨਐੱਸ ਦੀ ਧਾਰਾ 64, 66 ਤੇ 103 (1) ਤਹਿਤ ਦੋਸ਼ੀ ਠਹਿਰਾਇਆ ਸੀ। ਜੱਜ ਨੇ ਫ਼ੈਸਲੇ 'ਚ ਕਿਹਾ, 'ਸੀਬੀਆਈ ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਬਚਾਅ ਪੱਖ ਦੇ ਵਕੀਲ ਨੇ ਮੰਗ ਕੀਤੀ ਕਿ ਮੌਤ ਦੀ ਸਜ਼ਾ ਮਗਰੋਂ ਜੇਲ੍ਹ ਦੀ ਸਜ਼ਾ ਦਿੱਤੀ ਜਾਵੇ। ਇਹ ਅਪਰਾਧ ਵਿਰਲਿਆਂ 'ਚੋਂ ਵਿਰਲੇ ਅਪਰਾਧ ਦੀ ਸ਼੍ਰੇਣੀ 'ਚ ਨਹੀਂ ਆਉਂਦਾ।' ਜੱਜ ਨੇ ਕਿਹਾ ਕਿ ਰਾਏ ਨੂੰ ਇਸ ਫ਼ੈਸਲੇ ਖ਼ਿਲਾਫ਼ ਕਲਕੱਤਾ ਹਾਈ ਕੋਰਟ 'ਚ ਅਪੀਲ ਕਰਨ ਦਾ ਅਧਿਕਾਰ ਹੈ ਅਤੇ ਲੋੜ ਪੈਣ 'ਤੇ ਉਸ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

# ਹਾਈ ਕੋਰਟਾਂ ਨੂੰ ਵਿਸ਼ੇਸ਼ ਅਦਾਲਤ ਅਤੇ ਤਿਹਾੜ ਵਿੱਚ ਵੀਡੀਓ ਕਾਨਫ਼ਰੰਸਿੰਗ ਸੁਵਿਧਾ ਸ਼ੁਰੂ ਕਰਨ ਦੇ ਨਿਰਦੇਸ਼

## ਉਚ ਅਦਾਲਤਾਂ ਦੇ ਰਜਿਸਟਰਾਰ ਜਨਰਲਾਂ ਨੂੰ 18 ਫਰਵਰੀ ਨੂੰ ਸਥਿਤੀ ਰਿਪੋਰਟ ਦਾਖ਼ਲ ਕਰਨ ਨੂੰ ਕਿਹਾ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਅੱਜ ਜੰਮੂ ਕਸ਼ਮੀਰ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਜੰਮੂ ਵਿੱਚ ਇਕ ਵਿਸ਼ੇਸ਼ ਅਦਾਲਤ 'ਚ ਵੀਡੀਓ ਕਾਨਫਰੰਸਿੰਗ ਦੀ ਉਚਿਤ ਸੁਵਿਧਾ ਯਕੀਨੀ ਬਣਾਏ। ਜੰਮੂ ਦੀ ਇਸ ਅਦਾਲਤ ਵਿੱਚ 1989 ਦੇ ਰੁਬਈਆ ਸਈਦ ਅਗਵਾ ਅਤੇ 1990 ਦੇ ਸ੍ਰੀਨਗਰ ਗੋਲੀਬਾਰੀ ਮਾਮਲਿਆਂ ਦੀ ਸੁਣਵਾਈ ਹੋ ਰਹੀ ਹੈ, ਜਿਨ੍ਹਾਂ ਵਿੱਚ ਜੇਲ੍ਹ 'ਚ ਬੰਦ ਜੇਕੇਐੱਲਐੱਫ ਦਾ ਮੁਖੀ ਯਾਸਿਨ ਮਲਿਕ ਤੇ ਹੋਰ ਮੁਲਜ਼ਮ ਹਨ। ਸਿਖ਼ਰਲੀ ਅਦਾਲਤ ਨੇ ਦਿੱਲੀ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਤਿਹਾੜ ਜੇਲ੍ਹ ਵਿੱਚ ਵੀ ਉਚਿਤ ਵੀਡੀਓ ਕਾਨਫਰੰਸਿੰਗ ਸੁਵਿਧਾ ਯਕੀਨੀ ਬਣਾਉਣ ਦਾ ਨਿਰਦੇਸ਼ ਦਿੱਤਾ, ਜਿੱਥੇ ਮਲਿਕ ਅਤਿਵਾਦ ਫੰਡਿੰਗ ਦੇ ਇਕ ਹੋਰ ਮਾਮਲੇ ਵਿੱਚ ਬੰਦ ਹੈ। ਬੈਂਚ ਨੇ ਦੋਵੇਂ ਹਾਈ ਕੋਰਟਾਂ ਦੇ ਰਜਿਸਟਰਾਰ ਜਨਰਲਾਂ ਨੂੰ 18 ਫਰਵਰੀ ਨੂੰ ਸਥਿਤੀ ਰਿਪੋਰਟ ਦਾਖ਼ਲ ਕਰਨ ਨੂੰ ਕਿਹਾ ਹੈ ਅਤੇ ਸੀਬੀਆਈ ਦੀ ਪਟੀਸ਼ਨ 'ਤੇ ਸੁਣਵਾਈ 21 ਫਰਵਰੀ ਨੂੰ ਕਰਨੀ ਤੈਅ ਕੀਤੀ ਹੈ।

ਜਸਟਿਸ ਅਭੈ ਐੱਸ ਓਕਾ ਅਤੇ ਜਸਟਿਸ ਉੱਜਲ ਭੂਈਆਂ ਦਾ ਬੈਂਚ ਸੀਬੀਆਈ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ, ਜਿਸ ਵਿੱਚ 1989 ਦੇ ਰੁਬਈਆ ਸਈਦ ਅਗਵਾ ਅਤੇ 1990 ਦੇ ਸ੍ਰੀਨਗਰ ਗੋਲੀਬਾਰੀ ਮਾਮਲਿਆਂ ਦੀ ਸੁਣਵਾਈ ਜੰਮੂ ਤੋਂ ਦਿੱਲੀ ਤਬਦੀਲ ਕਰਨ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਮਲਿਕ ਨੂੰ ਉੱਥੋਂ ਦੀ ਵਿਸ਼ੇਸ਼ ਅਦਾਲਤ ਵਿੱਚ ਲਿਜਾਣ ਦੀ ਲੋੜ ਨਾ ਪਵੇ। ਸਿਖ਼ਰਲੀ ਅਦਾਲਤ ਨੇ ਪਿਛਲੇ ਸਾਲ 18 ਦਸੰਬਰ ਨੂੰ ਛੇ ਮੁਲਜ਼ਮਾਂ ਨੂੰ ਮਾਮਲਿਆਂ ਦੀ ਸੁਣਵਾਈ ਤਬਦੀਲ ਕਰਨ ਸਬੰਧੀ ਸੀਬੀਆਈ ਦੀ ਪਟੀਸ਼ਨ 'ਤੇ ਜਵਾਬ ਦੇਣ ਲਈ ਦੋ ਹਫ਼ਤਿਆਂ ਦਾ ਸਮਾਂ ਦਿੱਤਾ ਸੀ। ਇਕ ਮਾਮਲਾ 25 ਜਨਵਰੀ 1990 ਨੂੰ ਸ੍ਰੀਨਗਰ ਵਿੱਚ ਭਾਰਤੀ ਹਵਾਈ ਸੈਨਾ ਦੇ ਚਾਰ ਮੁਲਾਜ਼ਮਾਂ ਦੀ ਹੱਤਿਆ ਨਾਲ ਜੁੜਿਆ ਹੈ ਤਾਂ ਦੂਜਾ ਮਾਮਲਾ 8 ਦਸੰਬਰ 1989 ਨੂੰ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਮੁਫ਼ਤੀ ਮੁਹੰਮਦ ਸਈਦ ਦੀ ਧੀ ਰੁਬਈਆ ਸਈਦ ਦੇ ਅਗਵਾ ਨਾਲ ਸਬੰਧਤ ਹੈ। ਪਾਬੰਦੀਸ਼ੁਦਾ ਜਥੇਬੰਦੀ ਜੇਕੇਐੱਲਐੱਫ ਦਾ ਮੁਖੀ ਮਲਿਕ ਦੋਵੇਂ ਮਾਮਲਿਆਂ ਵਿੱਚ ਮੁਕੱਦਮਿਆਂ ਦਾ ਸਾਹਮਣਾ ਕਰ ਰਿਹਾ ਹੈ। ਸਿਖ਼ਰਲੀ ਅਦਾਲਤ ਜੰਮੂ ਦੀ ਇਕ ਹੇਠਲੀ ਅਦਾਲਤ ਦੇ 20 ਸਤੰਬਰ 2022 ਦੇ ਹੁਕਮਾਂ ਖ਼ਿਲਾਫ਼ ਸੀਬੀਆਈ ਦਾ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਹੁਕਮਾਂ ਵਿੱਚ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਮਲਿਕ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਸੀਬੀਆਈ ਨੇ ਕਿਹਾ ਕਿ ਮਲਿਕ ਕੌਮੀ ਸੁਰੱਖਿਆ ਲਈ ਖ਼ਤਰਾ ਹੈ ਅਤੇ ਉਸ ਨੂੰ ਤਿਹਾੜ ਜੇਲ੍ਹ ਕੰਪਲੈਕਸ ਤੋਂ ਬਾਹਰ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ। ਮਈ, 2023 ਵਿੱਚ ਕੌਮੀ ਜਾਂਚ ਏਜੰਸੀ ਦੀ ਵਿਸ਼ੇਸ਼ ਅਦਾਲਤ ਵੱਲੋਂ ਅਤਿਵਾਦ ਫੰਡਿੰਗ ਦੇ ਇਕ ਮਾਮਲੇ ਵਿੱਚ ਸਜ਼ਾ ਸੁਣਾਏ ਜਾਣ ਦੇ ਬਾਅਦ ਤੋਂ ਉਹ ਤਿਹਾੜ ਜੇਲ੍ਹ ਵਿੱਚ ਬੰਦ ਹੈ।

# ਅਮਰੀਕਾ ਦੇ 47ਵੇਂ ਰਾਸ਼ਟਰਪਤੀ ਟਰੰਪ ਦੇ ਸਹੁੰ ਚੁੱਕ ਸਮਾਗਮ ਸਮੇਂ World Sikh Parliament ਨੇ ਸਿੱਖਾਂ ਦੀ ਕੀਤੀ ਅਗਵਾਈ











ਵਾਸ਼ਿੰਗਟਨ : ਅਮਰੀਕਾ ਦੇ 45ਵੇਂ ਅਤੇ 47ਵੇਂ ਰਾਸ਼ਟਰਪਤੀ ਟਰੰਪ ਦੇ ਸਹੁੰ ਚੁੱਕ ਸਮਾਗਮ ਸਮੇਂ ਸਿੱਖਾਂ ਦੀ ਵੱਡੀ ਜਥੇਬੰਦੀ World Sikh Parliament ਦੇ ਸਿਰਮੌਰ ਆਗੂਆਂ ਨੇ ਕੇਸਰੀ ਦਸਤਾਰਾਂ ਨਾਲ ਅਮਰੀਕਾਂ ਹੀ ਨਹੀ ਪੂਰੀ ਦੂਨੀਆਂ ਦੇ ਸਿੱਖਾਂ ਦੀ ਅਗਵਾਈ ਕੀਤੀ ਗਈ। ਅਮਰੀਕਾ ਤੋਂ ਸਿੱਖਾਂ ਦੀ ਨੁਮਾਇੰਦਾ ਜਮਾਤ World Sikh Parliament (WSP) ਨੇ ਕੇਸਰੀ ਦਸਤਾਰਾਂ ਅਤੇ ਸਿੱਖੀ ਸਰੂਪ 'ਚ ਅਮਰੀਕਾ ਦੇ ਪ੍ਰਸਿੱਧ ਆਗੂਆਂ ਨੇ ਸਿੱਖਾਂ ਦੀ ਪਹਿਚਾਣ ਦੀ ਦਸਤਾਰ ਦੀ ਅਗਵਾਈ ਕੀਤੀ। World Sikh Parliament (WSP) ਨੇ ਜਿਥੇ ਸਿੱਖਾਂ ਦੀ ਅਜ਼ਾਦੀ ਅਤੇ ਸਿੱਖਾਂ ਉਪਰ ਹੋਏ ਜ਼ੁਲਮ ਦੇ ਇਨਸਾਫ਼ ਲਈ ਅਮਰੀਕਾ 'ਚ ਨਹੀਂ ਪੂਰੀ ਦੁਨੀਆ 'ਚ ਬਹੁਤ ਜ਼ੋਰਦਾਰ ਢੰਗ ਨਾਲ ਲੜ ਰਹੀ ਹੈ, ਉਥੇ ਮਨੁੱਖੀ ਹੱਕਾਂ, ਅਧਿਕਾਰਾਂ ਅਤੇ ਮਨੁੱਖਤਾ ਦੀ ਸੇਵਾ ਲਈ ਵੀ ਪਹਿਲ ਦੇ ਅਧਾਰ 'ਤੇ ਸੇਵਾ ਕਰਦੀ ਹੈ। ਇਸ ਸਬੰਧੀ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਵਾਸ਼ਿੰਗਟਨ ਅਮਰੀਕਾ ਤੋਂ WSP ਦੇ ਸੀਨੀਅਰ ਆਗੂ ਅਤੇ ਸੈਲਫ ਡਿਟੈਰਮੀਨੇਸ਼ਨ ਦੇ ਕੁਆਰਡੀਨੇਟਰ ਭਾਈ ਬਲਵਿੰਦਰ ਸਿੰਘ ਚੱਠਾ ਨੇ ਕਿਹਾ ਕਿ ਇਹ ਸੱਦਾ ਮਾਣਯੋਗ ਪ੍ਰੈਜ਼ੀਡੈਂਟ ਦੀ ਟੀਮ ਵਲੋਂ ਸੇਵਾਵਾਂ ਅਤੇ ਸਿੱਖਾਂ ਦੀ ਅਜ਼ਾਦੀ ਲਈ ਸ਼ਾਂਤੀਪੂਰਵਕ ਸੰਘਰਸ਼ ਕਾਰਨ ਦਿੱਤਾ ਗਿਆ ਹੈ। ਉਨ੍ਹਾਂ ਸਮੂਹ ਅਮਰੀਕਨਾਂ ਦਾ ਪ੍ਰੈਜ਼ੀਡੈਂਟ ਟਰੰਪ ਨੂੰ ਚੁਣਨ ਲਈ ਧੰਨਵਾਦ ਕੀਤਾ। ਉਪ੍ਰੰਤ ਇਸ ਬਾਰੇ ਗੱਲਬਾਤ ਕਰਦਿਆਂ WSP ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਨਿਊਯਾਰਕ ਨੇ ਕਿਹਾ ਕਿ World Sikh Parliament ਵਲੋਂ ਕਰੋਨਾ ਵਾਇਰਸ ਦੇ ਸਮੇਂ ਮਨੁੱਖਤਾ ਪ੍ਰਤੀ ਕੀਤੀਆਂ ਸੇਵਾਵਾਂ ਲਈ ਵਾਸ਼ਿੰਗਟਨ ਵਲੋਂ ਸੱਦਾ ਭੇਜਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਸਿੱਖ ਪੰਥ ਪਿਛਲੇ 550 ਸਾਲ ਤੋਂ ਬਿਨਾ ਭੇਦਭਾਵ ਮਨੁੱਖਤਾ ਦੀ ਬਿਨਾਂ ਕਿਸੇ ਭੇਦਭਾਵ ਦੇ ਸੇਵਾ ਕਰ ਰਿਹਾ ਹੈ। ਉਨ੍ਹਾਂ ਸਾਡੇ ਲੋਕ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕੀ ਜਿਸ ਦਿਨ ਪ੍ਰੈਜੀਡੈਂਟ ਨੇ ਸਹੁੰ ਚੁੱਕੀ ਉਸ ਦਿਨ ਕਹਿਰਾਂ ਦੀ ਠੰਡ ਸੀ ਅਤੇ ਹਜ਼ਾਰਾਂ ਲੋਕ ਲਾਈਨਾਂ 'ਚ ਲੱਗੇ ਹੋਏ ਹਨ ਉਸ ਸਮੇਂ ਗੁਰੂ ਸਾਹਿਬ ਦੀ ਕਿਰਪਾ ਨਾਲ ਦੁਨੀਆ ਦਾ ਵੱਡਾ ਮੀਡੀਆ ਸਾਡੀ ਵਾਰ ਵਾਰ ਇੰਟਰਵਿਊ ਕਰ ਰਿਹਾ ਸੀ ਅਤੇ ਸਿੱਖੀ ਵਾਰੇ ਆਪਣੇ ਪ੍ਰਸ਼ਨ ਪੁੱਛ ਰਿਹਾ ਸੀ, ਉਸ ਸਮੇਂ ਲਾਈਨਾਂ 'ਚ ਲੱਗੇ ਲੋਕ ਸਾਡੇ ਨਾਲ ਆ ਕੇ ਫੋਟੋ ਖਿਚਵਾ ਰਹੇ ਸਨ ਅਤੇ ਸਿੱਖੀ ਵਾਰੇ ਅਤੇ ਸਿੱਖਾਂ ਉਪਰ ਹੋਏ ਜੁਲਮ ਵਾਰੇ ਬਹੁਤ ਡੁਘਾਈ ਨਾਲ ਜਾਣਕਾਰੀ ਲੈ ਰਹੇ ਸਨ। ਇਸ ਸਮੇਂ ਉਹਨਾਂ ਨਾਲ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਜਥੇਬੰਦੀ ਦੇ ਕੋਆਰਡੀਨੇਟਰ ਭਾਈ ਹਰਮਿੰਦਰ ਸਿੰਘ ਆਹਲੂਵਾਲੀਆਂ ਅਤੇ ਭਾਈ ਭਗਤ ਸਿੰਘ ਪੈਨਸਲਵਾਨੀਆਂ ਹਾਜ਼ਰ ਸਨ।

## ਭ੍ਰਿਸ਼ਟਾਚਾਰ ਮਾਮਲੇ: ਇਮਰਾਨ ਤੇ ਬੁਸ਼ਰਾ ਬੀਬੀ ਨੂੰ 14 ਤੇ 7 ਸਾਲ ਕੈਦ ਦੀ ਸਜ਼ਾ

ਇਸਲਾਮਾਬਾਦ: ਪਾਕਿਸਤਾਨ ਦੀ ਅਦਾਲਤ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 19 ਕਰੋੜ ਪੌਂਡ ਦੇ ਅਲ-ਕਾਦਿਰ ਟਰੱਸਟ ਭ੍ਰਿਸ਼ਟਾਚਾਰ ਮਾਮਲੇ 'ਚ ਦੋਸ਼ੀ ਕਰਾਰ ਦਿੰਦਿਆਂ ਦੋਵਾਂ ਨੂੰ ਕ੍ਰਮਵਾਰ 14 ਤੇ 7 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਭ੍ਰਿਸ਼ਟਾਚਾਰ ਰੋਕੂ ਅਦਾਲਤ ਦੇ ਜੱਜ ਨਾਸਿਰ ਜਾਵੇਦ ਰਾਣਾ ਨੇ ਫ਼ੈਸਲਾ ਸੁਣਾਇਆ, ਜਿਸ ਨੂੰ ਵੱਖ ਵੱਖ ਕਾਰਨਾਂ ਕਰਕੇ ਪਹਿਲਾਂ ਤਿੰਨ ਵਾਰ ਟਾਲਿਆ ਜਾ ਚੁੱਕਾ ਸੀ। ਆਖਰੀ ਵਾਰ ਇਹ ਫ਼ੈਸਲਾ 13 ਜਨਵਰੀ ਨੂੰ ਟਾਲਿਆ ਗਿਆ ਸੀ। ਜੱਜ ਨੇ ਆਦਿਲਾ ਜੇਲ੍ਹ 'ਚ ਬਣਾਈ ਗਈ ਆਰਜ਼ੀ ਅਦਾਲਤ 'ਚ ਇਮਰਾਨ ਤੇ ਉਨ੍ਹਾਂ ਦੀ ਪਤਨੀ ਨੂੰ ਇਹ ਸਜ਼ਾ ਸੁਣਾਈ। ਜੇਲ੍ਹ ਦੀ ਸਜ਼ਾ ਤੋਂ ਇਲਾਵਾ ਖਾਨ ਨੂੰ 10 ਲੱਖ ਪਾਕਿਸਤਾਨੀ ਰੁਪਏ ਅਤੇ ਬੁਸ਼ਰਾ ਬੀਬੀ ਨੂੰ ਪੰਜ ਲੱਖ ਪਾਕਿਸਤਾਨੀ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਜੁਰਮਾਨਾ ਨਾ ਭਰਨ ਦੀ ਸੂਰਤ 'ਚ ਖਾਨ ਨੂੰ ਛੇ ਮਹੀਨੇ ਤੇ ਬੁਸ਼ਰਾ ਬੀਬੀ ਨੂੰ ਤਿੰਨ ਮਹੀਨੇ ਦੀ ਹੋਰ ਸਜ਼ਾ ਭੁਗਤਨੀ ਪਵੇਗੀ। ਅਦਾਲਤ ਨੇ ਉਨ੍ਹਾਂ ਵੱਲੋਂ ਸਥਾਪਤ ਅਲ-ਕਾਦਿਰ ਯੂਨੀਵਰਸਿਟੀ ਦੀ ਜ਼ਮੀਨ ਜ਼ਬਤ ਕਰਨ ਦੇ ਹੁਕਮ ਵੀ ਦਿੱਤੇ ਹਨ। ਖਾਨ ਪਹਿਲਾਂ ਤੋਂ ਹੀ ਜੇਲ੍ਹ ਵਿੱਚ ਹਨ ਜਦਕਿ ਬੁਸ਼ਰਾ ਨੂੰ ਅਦਾਲਤ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸਾਬਕਾ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਉਨ੍ਹਾਂ ਦੀ ਪਾਰਟੀ ਨੇ ਕਿਹਾ, 'ਅੱਜ ਦੇ ਫ਼ੈਸਲੇ ਨਾਲ ਨਿਆਂਪਾਲਿਕਾ ਦਾ ਅਕਸ ਖਰਾਬ ਹੋਇਆ ਹੈ। ਇਸ ਮਾਮਲੇ 'ਚ ਨਾ ਤਾਂ ਮੈਨੂੰ ਕੋਈ ਲਾਭ ਹੋਇਆ ਸੀ ਤੇ ਨਾ ਹੀ ਸਰਕਾਰ ਨੂੰ ਕੋਈ ਘਾਟਾ ਹੋਇਆ ਸੀ। ਮੈਂ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਚਾਹੁੰਦਾ ਅਤੇ ਮੈਂ ਸਾਰੇ ਮਾਮਲਿਆਂ ਦਾ ਸਾਹਮਣਾ ਕਰਾਂਗਾ।'



## ਜੰਗਬੰਦੀ: ਇਜ਼ਰਾਈਲ ਵੱਲੋਂ 90 ਫ਼ਲਸਤੀਨੀ ਕੈਦੀ ਰਿਹਾਅ

ਰਾਮੱਲ੍ਹਾ : ਇਜ਼ਰਾਈਲ ਨੇ ਹਮਾਸ ਨਾਲ ਹੋਏ ਜੰਗਬੰਦੀ ਸਮਝੌਤੇ ਤਹਿਤ ਸੋਮਵਾਰ ਤੜਕੇ 90 ਫਲਸਤੀਨੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ। ਇਸ ਤੋਂ ਕੁਝ ਘੰਟੇ ਪਹਿਲਾਂ ਐਤਵਾਰ ਨੂੰ ਹਮਾਸ ਨੇ ਤਿੰਨ ਮਹਿਲਾ ਬੰਦੀਆਂ ਨੂੰ ਇਜ਼ਰਾਈਲ ਹਵਾਲੇ ਕਰ ਦਿੱਤਾ ਸੀ। ਬੰਦੀਆਂ ਅਤੇ ਕੈਦੀਆਂ ਦੀ ਅਗਲੀ ਰਿਹਾਈ ਹੁਣ ਸ਼ਨਿੱਚਰਵਾਰ ਨੂੰ ਹੋਵੇਗੀ। ਅਗਲੇ ਦੋ ਹਫ਼ਤਿਆਂ ਦੇ ਅੰਦਰ ਜੰਗਬੰਦੀ ਸਮਝੌਤੇ ਦੇ ਦੂਜੇ ਪੜਾਅ ਤਹਿਤ ਵਾਰਤਾ ਦਾ ਦੌਰ ਸ਼ੁਰੂ ਹੋਵੇਗਾ ਜੋ ਵਧੇਰੇ ਚੁਣੌਤੀ ਭਰਿਆ ਸਮਾਂ ਮੰਨਿਆ ਜਾ ਰਿਹਾ ਹੈ।

ਫਲਸਤੀਨੀ ਬੰਦੀਆਂ ਨੂੰ ਸਫ਼ੈਦ ਰੰਗ ਦੀਆਂ ਵੱਡੀਆਂ ਬੱਸਾਂ 'ਚ ਜਿਵੇਂ ਹੀ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ, ਲੋਕਾਂ ਨੇ ਖ਼ੁਸ਼ੀ 'ਚ ਆਤਿਸ਼ਬਾਜ਼ੀ ਕੀਤੀ। ਫਲਸਤੀਨੀਆਂ ਦੀ ਭੀੜ ਬੱਸਾਂ ਦੇ ਆਲੇ-ਦੁਆਲੇ ਜੁੜ ਗਈ ਅਤੇ ਲੋਕਾਂ ਨੇ ਨਾਅਰੇਬਾਜ਼ੀ ਕੀਤੀ। ਕਈ ਲੋਕ ਬੱਸਾਂ 'ਤੇ ਚੜ੍ਹ ਗਏ ਅਤੇ ਹਮਾਸ ਦੇ ਤਿੰਨ ਝੰਡੇ ਲਹਿਰਾ ਦਿੱਤੇ। ਫਲਸਤੀਨੀ ਅਥਾਰਿਟੀ ਦੇ ਕੈਦੀ ਮਾਮਲਿਆਂ ਬਾਰੇ ਕਮਿਸ਼ਨ ਵੱਲੋਂ ਦਿੱਤੀ ਗਈ ਸੂਚੀ ਮੁਤਾਬਕ ਰਿਹਾਅ ਕੀਤੇ ਗਏ ਲੋਕਾਂ 'ਚ ਔਰਤਾਂ ਅਤੇ ਨਾਬਾਲਗ ਸ਼ਾਮਲ ਹਨ। ਇਜ਼ਰਾਈਲ ਨੇ ਉਨ੍ਹਾਂ ਨੂੰ ਦੇਸ਼ ਦੀ ਸੁਰੱਖਿਆ ਖ਼ਤਰੇ 'ਚ ਪਾਉਣ ਨਾਲ ਜੁੜੇ ਦੋਸ਼ਾਂ ਹੇਠ



ਹਿਰਾਸਤ 'ਚ ਲਿਆ ਸੀ। ਇਨ੍ਹਾਂ ਲੋਕਾਂ 'ਤੇ ਪੱਥਰਬਾਜ਼ੀ ਤੋਂ ਲੈ ਕੇ ਹੱਤਿਆ ਦੀਆਂ ਕੋਸ਼ਿਸ਼ਾਂ ਜਿਹੇ ਗੰਭੀਰ ਦੋਸ਼ ਸਨ। ਪੱਛਮੀ ਕਿਨਾਰੇ 'ਤੇ ਇਜ਼ਰਾਈਲ ਦਾ ਕਬਜ਼ਾ ਹੈ ਅਤੇ ਫੌਜ ਨੇ ਲੋਕਾਂ ਨੂੰ ਜਨਤਕ ਤੌਰ 'ਤੇ ਕੋਈ ਵੀ ਜਸ਼ਨ ਨਾ ਮਨਾਉਣ ਲਈ ਕਿਹਾ ਹੈ। ਕੈਦੀਆਂ ਦੀ ਰਿਹਾਈ ਐਤਵਾਰ ਅੱਧੀ ਰਾਤ ਤੋਂ ਬਾਅਦ ਕੀਤੀ ਗਈ ਜਿਸ ਦੀ ਫਲਸਤੀਨੀਆਂ ਨੇ ਆਲੋਚਨਾ ਕੀਤੀ। ਰਿਹਾਅ ਕੀਤੇ ਬੰਦੀਆਂ 'ਚ ਖਾਲਿਦਾ ਜਰਾਰ (62) ਵੀ ਸ਼ਾਮਲ ਹੈ ਜੋ ਫਲਸਤੀਨ ਦੀ ਆਜ਼ਾਦੀ ਲਈ ਕੰਮ ਕਰਨ ਵਾਲੀ ਜਥੇਬੰਦੀ 'ਪੀਐੱਫਐੱਲਪੀ' ਦੀ ਮੁੱਖ ਮੈਂਬਰ ਹੈ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। “ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ” ਅਤੇ “ਦਸਤਾਰ ਕਿ ਟੋਪੀ” ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ “ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ” ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ ‘ਸਾਡੇ ਲੋਕ’ ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ ‘ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ’ ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ ‘ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ’ ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਬੀਧੇ ਕਾਨ ਨਾ ਨਾਕ ਕੋ,**
**ਸਤਿਗੁਰ ਕੀ ਮ੍ਰਿਜਾਦ॥**
**ਪੰਜ ਸ਼ਸਤ੍ਰ ਧਰ ਦੇਹ ਪੈ,**
**ਕ੍ਰਿਪਾਣ ਗਾਤ੍ਰੇ ਰਾਖ॥**
**ਕਰਦ ਭੇਦ ਬਿਨ ਪਾਨ ਨਹਿ,**
**ਅਕਾਲ ਭਾਵ ਸਤ ਭਾਖ॥**
**(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੮)**

ਅਤੇ

ਕਾਨ ਨਾਕ ਨ ਕਟਾਨੇ ਦੇਇ। ਜੈਸਾ ਮਨ ਮਹਿ ਹੈ ਤੈਸਾ ਰਹੈ ਅਖੰਡ ਸੁਧ॥
(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੧)

ਇਸ ਤਰ੍ਹਾਂ ਗੁਰੂ ਸਾਹਿਬ ਨੇ ਜਿਸ ਖਾਲਸੇ ਦੀ ਸਿਰਜਨਾ ਕੀਤੀ ਉਹ ਸੀ :

ਗੁਰ ਬਰ ਅਕਾਲ ਕੇ ਹੁਕਮ ਸੋਂ ਉਪਜਿਓ ਬਿਗਿਆਨਾ॥
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ॥
(ਵਾਰ ੪੧ ਪਉੜੀ ੧੬/੨੦)

(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ ਮਾਰ ਨਾਲ ਨਾ ਵਰਤੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)


“ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਾਰੇ॥” (ਕਬੀਰ ਜੀ, ਅੰਗ 1349)

ਇਸਤ੍ਰੀ ਅਤੇ ਮਰਦ ਦੋਨੋਂ ਹੀ ਵਾਹਿਗੁਰੂ ਦੀ ਸਿਰਜਨਾ ਹੈ ਅਤੇ ਦੋਹਾਂ ਵਿਚ ਵਾਹਿਗੁਰੂ ਦੀ ਆਪਣੀ ਜੋਤ ਹੈ। ਇਸ ਲਈ ਇਸ ਮੱਦ ਵਿਚ ਸਖ਼ਤ ਹਦਾਇਤ ਹੈ ਕਿ ਗੁਰੂ ਕਾ ਸਿੱਖ ਕੰਨਿਆ ਨੂੰ ਨਾ ਮਾਰੇ ਅਤੇ ਨਾ ਹੀ ਕਿਸੇ ਕੰਨਿਆ ਮਾਰਨ ਵਾਲੇ ਨਾਲ ਵਰਤਣ ਹੀ ਰੱਖੇ।

ਇਹ ਕੈਸੀ ਵਿਡੰਬਨਾ ਹੈ ਕਿ ਇਕ ਪਾਸੇ ਭਾਰਤ ਵਿਚ ਦੇਵੀ ਦੀ ਪੂਜਾ ਕੀਤੀ ਜਾਂਦੀ ਰਹੀ ਹੈ ਪਰ ਦੂਸਰੇ ਪਾਸੇ ਇਸੇ ਹੀ ਦੇਸ਼ ਵਿਚ ਪੁਰਾਤਨ ਸਮੇਂ ਤੋਂ ਹੀ ਧੀਆਂ ਨੂੰ ਇਕ ਬੋਝ ਸਮਝਿਆ ਜਾਂਦਾ ਰਿਹਾ ਹੈ। ਕਾਰਨ ਇਸ ਦਾ ਭਾਵੇਂ ਸਮਾਜਿਕ ਹੋਵੇ, ਧਾਰਮਿਕ ਹੋਵੇ ਤੇ ਭਾਵੇਂ ਰਿਸ਼ਤੇ ਨਾਤੇ ਲੱਭਣ ਵਿਚ ਦਰਪੇਸ਼ ਮੁਸ਼ਕਲਾਂ ਤੇ ਜਾਂ ਫਿਰ ਹਿੱਕ ਦੇ ਜ਼ੋਰ ਨਾਲ “ਜੋਰੀ ਮੰਗੈ ਦਾਨੁ ਵੇ ਲਾਲੋ॥” (ਮ. ੧, ਅੰਗ 723), ਕੁੜੀਆਂ ਨੂੰ ਜੰਮਣ ਹੀ ਨਹੀਂ ਸੀ ਦਿੱਤਾ ਜਾਂਦਾ ਤੇ ਜਾਂ ਫਿਰ ਜੰਮਦਿਆਂ ਸਾਰ ਹੀ ਉਸਦੇ ਮਾਪੇ ਉਸ ਦਾ ਕਤਲ ਕਰ ਦਿੰਦੇ ਰਹੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੇ ਦਰਦਨਾਕ ਹਾਲਾਤ ਨੂੰ ਕਿਸੇ ਸ਼ਾਇਰ ਨੇ ਵਰਣਨ ਕੀਤਾ :

ਵਿਲਾਦਤ ਥੀ ਦੁਖ਼ਤਰ ਕੀ ਉਨ ਕੋ ਜਬੂੰ,
ਸਮਝਤੇ ਥੇ ਅਪਨੇ ਲੀਏ ਬਦ ਸ਼ਗੂੰ।
ਕੀਆ ਕਤਲ ਲੜਕੀ ਜੁ ਪੈਦਾ ਹੁਈ,
ਜਹਾਲਤ ਕੀ ਬਸ ਇੰਤਹਾ ਹੋ ਗਈ।
ਚੁਨਾਂਚਿ ਥੀ ਜਬ ਹਿੰਦ ਮੇਂ ਤਰੀਗੀ,
ਭੰਵਰ ਮੇਂ ਥੀ ਇਨਸਾਂ ਕੀ ਕਿਸ਼ਤੀ ਘਿਰੀ।
ਖਵੱਯੀਆ ਜਹਾਂ ਮੇ ਹਵੈਦਾ ਹੂਏ,
ਤੋ ਅੱਲ੍ਹਾ ਸੇ ਨਾਨਕ ਜੀ ਪੈਦਾ ਹੁਏ।
ਨਾਨਕ ਜੀ ਅੱਲਾ ਸੇ ਹੁਏ ਰਸੂਲ,
ਹਕੀਕਤ ਮੇਂ ਅੱਲ੍ਹਾ ਕੋ ਥਾ ਯਹ ਕਬੂਲ॥
(ਹਜ਼ੂਰੀ ਲੈਕਚਰ ੯)

ਐਸੇ ਹਾਲਾਤ ਵਿਚ ਗੁਰੂ ਸਾਹਿਬ ਨੇ ਇਸਤ੍ਰੀ ਨੂੰ ਸਨਮਾਨ ਯੋਗ ਅਤੇ ਬਰਾਬਰੀ ਦਾ ਸਥਾਨ ਦਿਵਾਇਆ। ਇਸ ਵਿਚ ਘੁੰਡ ਪ੍ਰਥਾ ਸਮਾਪਤ ਕਰਨੀ, ਸਤੀ ਹੋਣ ਦੀ ਮਨਾਹੀ ਕਰਨੀ ਅਤੇ ਨਾਲ ਬੀਬੀਆਂ ਨੂੰ ਵੀ ਪ੍ਰਚਾਰਕ ਥਾਪਣਾ ਅਤੇ ਜੰਗਾਂ ਜੁੱਧਾਂ ਵਿਚ ਸ਼ਾਮਲ ਕਰਨਾ। ਪਰ ਇਹ ਇੱਲਤ ਘਟੀ ਤਾਂ ਸਹੀ ਪਰ ਬਦਲਵੇਂ ਰੂਪ ਵਿਚ ਮੁੜ ਮੁੜ ਉਭਰ ਕੇ ਸਾਹਮਣੇ ਆਂਦੀ ਰਹੀ।




ਮੁਗ਼ਲ ਕਾਲ ਵਿਚ ਸਿੱਖੀ ਦਾ ਇਮਤਿਹਾਨ ਕੁਠਾਲੀ ਵਿਚ ਸੀ ਉਸ ਸਮੇਂ ਮਹਾਨ ਸੂਰਮੇ ਭਾਈ ਸੁੱਖਾ ਸਿੰਘ ’ਤੇ ਆਪਣੀ ਧੀ ਦੇ ਕਤਲ ਦਾ ਦੋਸ਼ ਲੱਗਾ। ਉਨ੍ਹਾਂ ਨੂੰ ਵੀ ਕੁਝ ਸਮਾਂ ਪੰਥ ’ਚੋਂ ਛੇਕਿਆ ਗਿਆ। ‘ਪੰਥ ਪ੍ਰਕਾਸ਼’ ਵਿਚ ਇਸ ਬਾਰੇ ਹਵਾਲਾ ਹੈ :

ਸਮੋਂ ਪਾਇ ਉਸ ਬੇਟੀ ਭਾਈ।
ਆਪ ਮੁਈ ਕੈ ਨਾਰ ਮਾਰ ਦਈ॥ ੩੮॥
ਯਹ ਚਰਚਾ ਖਾਲਸੇ ਮੈਂ ਆਈ।
ਬਰਤਨ ਛੂਹਨ ਤੈ ਦਯੋ ਹਟਾਈ॥
ਕਹੈ ਖ਼ਾਲਸਾ, ‘ਕੰਨਯਾ ਮਹੀ।
ਰੀਤਿ ਖਾਲਸੇ ਕੀ ਹੈ ਬਿਗਾਰੀ॥ ੩੯॥
ਪੰਥ ਖਾਲਸਾ ਮੁਖ ਨ ਲਗਾਵੈ।
‘ਕੁੜੀ ਮਾਰ’ ਕਹਿ ਦੂਰ ਬਿਠਾਵੈ।
ਬਖਸ਼ੈ ਨ ਖਾਲਸੇ ਬਿਨੈ ਕਰ ਰਹਯੋ।
ਖਾਇ ਅੰਦੇਸੋ ਸਿੰਘ ਕੋ ਗਯੋ॥ ੪੦॥
ਜਿਤੀ ਚੜ੍ਹੀ ਥੀ ਸਿੰਘ ਕੀ ਬਾਤ।
ਤਿਤੀ ਉਸੈ ਭਈ ਨੀਚੀ ਜਾਤ॥
ਮਨ ਅਪਨੇ ਮਹਿਂ ਚਿੰਤਾ ਕਰੇ।
ਬਕੇ ਨ ਬੋਲੈ ਚੁਪ ਕਰ ਰਹੇ॥ ੪੧॥
(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੨੪)

ਉਪਰੰਤ ਪੰਥ ਨੇ ਸਾਰੇ ਮਾਮਲੇ ਨੂੰ ਵਿਚਾਰ ਕੇ ਭਾਈ ਸੁੱਖਾ ਸਿੰਘ ਨੂੰ ਮੁੜ ਪੰਥ ਵਿਚ ਸ਼ਾਮਲ ਕੀਤਾ।

ਦੋਹਰਾ ॥ ਠਾਢ ਭਯੋ ਕਰ ਜੋਰ ਕਰਿ, ਸਰਬ ਪੰਥ ਕੇ ਪਾਸ।
ਲਯੋ ਖਾਲਸੋ ਮੇਲ ਗਲ, ਕਰ ਦਈ ਖੁਸ਼ੀ ਅਰਦਾਸ॥ ੫੫॥
(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੩੦)

ਇਤਿਹਾਸ ਵਿਚ ਇਕ ਹੋਰ ਦਾਗ਼ਨੁਮਾ ਅਧਿਆਇ ਮਿਲਦਾ ਹੈ। "he Journal of the Bihar and Orissa Research Society,1922. ਦੇ ਪੰਨਾ 340 ਵਿਚ ਪਿਛਲੀ ਸਦੀ ਵਿਚ ਪਟਨਾ ਸਾਹਿਬ ਬਾਰੇ ਜ਼ਿਕਰ ਹੈ ਕਿ ਇਥੇ ਜਿਹੜੇ ਮਹੰਤ ਸਨ ਉਨ੍ਹਾਂ ਦੇ 1400 ਦੇ ਕਰੀਬ ਪੁੱਤਰ ਸਨ ਪਰ ਧੀ ਕੋਈ ਵੀ ਨਹੀਂ ਸੀ। ਲਿਖਾਰੀ ਮੁਤਾਬਕ ਇਹ ਸ਼ਾਇਦ ‘ਕੰਨਿਆ ਮਾਰਨ’ ਦੀ ਪ੍ਰਥਾ ਦਾ ਸ਼ਿਕਾਰ ਹੋਈਆਂ।

(ਚਲਦਾ)

# ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਉਮੀਦ

ਡੋਨਾਲਡ ਟਰੰਪ ਨੇ ਇਕ ਵਾਰ ਫਿਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ ਹੈ। ਇਸ ਤੋਂ ਪਹਿਲਾਂ ਵੀ ਉਹ ਸਾਲ 2017 ਤੋਂ 2021 ਤੱਕ ਅਮਰੀਕਾ ਦਾ ਰਾਸ਼ਟਰਪਤੀ ਰਿਹਾ ਹੈ। ਅੱਜ ਅਮਰੀਕਾ ਬੇਹੱਦ ਸ਼ਕਤੀਸ਼ਾਲੀ ਮੁਲਕ ਹੈ। ਉਸ ਦੀਆਂ ਨੀਤੀਆਂ ਦਾ ਕਿਸੇ ਨਾ ਕਿਸੇ ਰੂਪ ਵਿਚ ਦੁਨੀਆ ਭਰ ’ਤੇ ਪ੍ਰਭਾਵ ਪੈਂਦਾ ਹੈ। ਟਰੰਪ ਅਮਰੀਕਾ ਵਿਚ ਇਕ ਅਜਿਹੀ ਚਰਚਿਤ ਸ਼ਖ਼ਸੀਅਤ ਵਜੋਂ ਉੱਭਰਿਆ ਹੈ, ਜਿਸ ਦੀਆਂ ਨੀਤੀਆਂ ਸੰਬੰਧੀ ਦਾਅਵੇ ਨਾਲ ਕੁਝ ਕਹਿ ਸਕਣਾ ਬੇਹੱਦ ਮੁਸ਼ਕਿਲ ਹੈ। ਆਪਣੇ ਜੀਵਨ ਕਾਲ ਵਿਚ ਉਹ ਬੇਹੱਦ ਵਿਵਾਦਗ੍ਰਸਤ ਵਿਅਕਤੀ ਵੀ ਰਿਹਾ ਹੈ। ਧਨ-ਦੌਲਤ ਦੇ ਸੰਬੰਧ ਵਿਚ ਉਹ ਦੁਨੀਆ ਦੇ ਅਮੀਰ ਲੋਕਾਂ ’ਚੋਂ ਇਕ ਰਿਹਾ ਹੈ। ਅੱਜ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਉਸ ਦਾ ਨੇੜਲਾ ਸਾਥੀ ਹੈ। ਇਸੇ ਹੀ ਕੜੀ ਵਿਚ ਜੈੱਫ਼ ਬੇਜੋਸ ਅਤੇ ਟਿਮ ਕੁੱਕ ਆਉਂਦੇ ਹਨ। ਫੇਸਬੁੱਕ (ਮੇਟਾ) ਦੇ ਸੰਚਾਲਕ ਮਾਰਕ ਜ਼ੁਕਰਬਰਗ ਵੀ ਹੁਣ ਉਸ ਦੇ ਕੈਂਪ ਵਿਚ ਸ਼ਾਮਿਲ ਹੋ ਚੁੱਕੇ ਹਨ। ਟਰੰਪ ਦੇ ਜੀਵਨ ਬਾਰੇ ਅਨੇਕਾਂ ਵਿਵਾਦ ਵੀ ਉੱਠਦੇ ਰਹੇ ਹਨ। ਪਿੱਛੇ ਜਿਹੇ ਹੀ ਉਸ ਨੂੰ ਇਕ ‘ਪੋਰਨ ਸਟਾਰ’ ਨਾਲ ਜੁੜੇ ਮਾਮਲੇ ਵਿਚ ਦੋਸ਼ੀ ਮੰਨਿਆ ਗਿਆ ਸੀ, ਪਰ ਉਸ ਦੇ ਰਾਸ਼ਟਰਪਤੀ ਚੁਣੇ ਜਾਣ ਕਾਰਨ ਉਸ ਨੂੰ ਜੱਜ ਵਲੋਂ ਕੋਈ ਸਜ਼ਾ ਨਹੀਂ ਸੁਣਾਈ ਗਈ ਸੀ। ਉਹ ਹੁਣ ਤੱਕ ਦੇ ਅਮਰੀਕਾ ਦੇ ਰਾਸ਼ਟਰਪਤੀਆਂ ’ਚੋਂ ਦੂਸਰਾ ਵਿਅਕਤੀ ਹੈ, ਜੋ ਆਪਣੀ ਪਹਿਲੀ ਪਾਰੀ ਤੋਂ ਬਾਅਦ ਹਾਰ ਗਿਆ ਸੀ ਅਤੇ ਫਿਰ ਦੁਬਾਰਾ ਰਾਸ਼ਟਰਪਤੀ ਚੁਣਿਆ ਗਿਆ ਹੈ। ਪਹਿਲੀ ਪਾਰੀ ਵਿਚ ਉਸ ਦੀ ਹਾਰ ਦੇ ਨਤੀਜਿਆਂ ਤੋਂ ਬਾਅਦ ਵੱਡੀ ਗਿਣਤੀ ਵਿਚ ਉਸ ਦੇ ਹਮਾਇਤੀਆਂ ਨੇ ਕੈਪੀਟਲ ਹਿੱਲ, ਜੋ ਅਮਰੀਕਾ ਦੀ ਪਾਰਲੀਮੈਂਟ ਦੀ ਇਮਾਰਤ ਹੈ, ’ਤੇ ਹਮਲਾ ਕਰ ਦਿੱਤਾ ਸੀ। ਇਸ ਵਾਰ ਆਪਣੇ ਚੋਣ ਪ੍ਰਚਾਰ ਦੌਰਾਨ ਉਸ ਨੇ ਆਪਣੇ ਵਲੋਂ ਅਪਣਾਈਆਂ ਜਾਣ ਵਾਲੀਆਂ ਅਜਿਹੀਆਂ ਨੀਤੀਆਂ ਦੀ ਗੱਲ ਵੀ ਕੀਤੀ ਸੀ, ਜੋ ਦੁਨੀਆ ਭਰ ਦੇ ਬਹੁਤੇ ਦੇਸ਼ਾਂ ਨੂੰ ਫ਼ਿਕਰਮੰਦੀ ਵਿਚ ਪਾ ਰਹੀਆਂ ਹਨ। ਟਰੰਪ ਨੇ ਪਹਿਲਾਂ ਵੀ ਅਤੇ ਇਸ ਵਾਰ ਵੀ ‘ਅਮਰੀਕਾ ਫਸਟ’ ਦਾ ਨਾਅਰਾ ਦਿੱਤਾ ਹੈ, ਜਿਸ ਵਿਚ ਉਸ ਨੇ ਆਪਣੇ ਵਲੋਂ ਅਪਣਾਈਆਂ ਜਾਣ ਵਾਲੀਆਂ ਨੀਤੀਆਂ ਵਿਚ ਹਰ ਪੱਖ ਤੋਂ ਆਪਣੇ ਦੇਸ਼ ਨੂੰ ਤਰਜੀਹ ਦੇਣ ਦਾ ਵਾਅਦਾ ਕੀਤਾ ਹੈ। ਇਸੇ ਲਈ ਉਸ ਨੇ ਆਪਣੇ ਸਹੁੰ ਚੁੱਕਣ ਵਾਲੇ ਦਿਨ 20 ਜਨਵਰੀ ਨੂੰ ‘ਮੁਕਤੀ ਦਿਵਸ’ ਕਿਹਾ ਹੈ ਅਤੇ ਇਹ ਵੀ ਕਿਹਾ ਹੈ ਕਿ ਅਮਰੀਕਾ ਦਾ ਪਤਨ ਖ਼ਤਮ ਹੋ ਚੁੱਕਾ ਹੈ, ਕਿਉਂਕਿ ਉਸ ਦੇ ਮੁਤਾਬਿਕ ਬਹੁਤ ਜਲਦੀ ਤਬਦੀਲੀ ਆਉਣ ਵਾਲੀ ਹੈ ਅਤੇ ਹੁਣ ਦੁਨੀਆ ਅਮਰੀਕਾ ਦਾ ਇਸਤੇਮਾਲ ਨਹੀਂ ਕਰ ਸਕੇਗੀ। ਉਸ ਨੇ ਤਿੰਨ ਗੱਲਾਂ ’ਤੇ ਵਧੇਰੇ ਜ਼ੋਰ ਦਿੱਤਾ ਹੈ-ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ, ਮਹਿੰਗਾਈ ’ਤੇ ਨੱਥ ਪਾਉਣਾ ਅਤੇ ਆਪਣੇ ਦੇਸ਼ ਵਿਚ ਗ਼ਲਤ ਘੁਸਪੈਠ ਨੂੰ ਰੋਕਣਾ। ਇਸ ਦੇ ਨਾਲ ਹੀ ਉਸ ਨੇ ਦਰਾਮਦ ਦੇ ਖੇਤਰ ਵਿਚ ਦੂਜੇ ਦੇਸ਼ਾਂ ਦੇ ਮਾਲ ’ਤੇ ਕਰਾਂ ਦੀਆਂ ਦਰਾਂ ਵਧਾਉਣ ਦੀ ਗੱਲ ਵੀ ਸਪੱਸ਼ਟ ਰੂਪ ਵਿਚ ਕਹੀ ਹੈ। ਇਸ ਨਾਲ ਦੁਨੀਆ ਦੇ ਵਪਾਰ ਦਾ ਤਵਾਜ਼ਨ ਵਿਗੜ ਸਕਦਾ ਹੈ। ਭਾਰਤ ਵਰਗੇ ਦੇਸ਼ ’ਤੇ ਵੀ ਇਸ ਦਾ ਵੱਡਾ ਪ੍ਰਭਾਵ ਪਵੇਗਾ। ਉਸ ਨੇ ਕੁਝ ਗੱਲਾਂ ਸਪੱਸ਼ਟ ਰੂਪ ਵਿਚ ਕਹੀਆਂ ਹਨ, ਕਿ ਗੁਆਂਢੀ ਦੇਸ਼ ਮੈਕਸੀਕੋ ਦੀ ਸਰਹੱਦ ’ਤੇ ਦੀਵਾਰ ਬਣਾਈ ਜਾਵੇਗੀ ਅਤੇ ਨਾਜਾਇਜ਼ ਘੁਸਪੈਠ ਰੋਕਣ ਲਈ ਇਸ ਸਰਹੱਦ ’ਤੇ ਐਮਰਜੈਂਸੀ ਵੀ ਲਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਉਸ ਨੇ ਇਹ ਵੀ ਕਿਹਾ ਹੈ ਕਿ ਨਸ਼ਿਆਂ ਦੇ ਵਪਾਰੀਆਂ ਨੂੰ ਅੱਤਵਾਦੀ ਐਲਾਨਿਆ ਜਾਵੇਗਾ। ਦੂਸਰਿਆਂ ਦੀ ਜੰਗ ਵਿਚ ਅਮਰੀਕੀ ਫ਼ੌਜ ਨਹੀਂ ਭੇਜੀ ਜਾਵੇਗੀ ਤੇ ਦੇਸ਼ ਵਿਚ ਰੰਗਭੇਦ ਨਹੀਂ ਹੋਵੇਗਾ, ਸਗੋਂ ਯੋਗਤਾ ਨੂੰ ਪਹਿਲ ਦਿੱਤੀ ਜਾਏਗੀ।



ਚਾਹੇ ਉਸ ਦੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਇਜ਼ਰਾਈਲ ਅਤੇ ਹਮਾਸ ਵਿਚ ਜੰਗਬੰਦੀ ਦਾ ਸਮਝੌਤਾ ਹੋ ਗਿਆ ਹੈ, ਪਰ ਇਸ ਦੇ ਨਾਲ ਹੀ ਰੂਸ ਅਤੇ ਯੂਕਰੇਨ ਦੀ ਜੰਗ ਨਾਲ ਨਿਪਟ ਸਕਣਾ ਉਸ ਲਈ ਵੱਡੀ ਚੁਣੌਤੀ ਹੋਵੇਗੀ। ਇਸ ਦੇ ਨਾਲ ਹੀ ਚੀਨ ਦੀਆਂ ਵਿਸਥਾਰਵਾਦੀ ਨੀਤੀਆਂ ਨੂੰ ਠੱਲ੍ਹ ਪਾਉਣਾ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਨੂੰ ਜ਼ਾਬਤੇ ਵਿਚ ਰੱਖ ਸਕਣਾ ਵੀ ਟਰੰਪ ਦੀ ਕੌਮਾਂਤਰੀ ਯੋਜਨਾਬੰਦੀ ਦਾ ਅਹਿਮ ਹਿੱਸਾ ਹੋਵੇਗਾ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਟਰੰਪ ਦੇ ਚੰਗੇ ਦੋਸਤਾਨਾ ਸੰਬੰਧ ਬਣੇ ਰਹੇ ਹਨ, ਪਰ ਇਸੇ ਦੌਰਾਨ ਭਾਰਤ ਲਈ ਰੂਸ ਨਾਲ ਚੰਗੇ ਸੰਬੰਧਾਂ ਨੂੰ ਕਾਇਮ ਰੱਖ ਸਕਣਾ ਵੀ ਇਕ ਵੱਡਾ ਇਮਤਿਹਾਨ ਹੋਵੇਗਾ। ਇਸ ਸਮੇਂ ਤਾਂ ਉਸ ਤੋਂ ਇਹੀ ਉਮੀਦ ਰੱਖੀ ਜਾਏਗੀ ਕਿ ਉਸ ਦੀ ਇਹ ਪਾਰੀ ਦੁਨੀਆ ਵਿਚ ਇਕ ਚੰਗੀ ਤਬਦੀਲੀ ਲਿਆਉਣ ਦੇ ਸਮਰੱਥ ਹੋ ਸਕੇ ਅਤੇ ਆਉਂਦੇ ਸਾਲਾਂ ਵਿਚ ਉਸ ਨੂੰ ਉਸ ਦੇ ਹਾਂ-ਪੱਖੀ ਰੋਲ ਲਈ ਯਾਦ ਕੀਤਾ ਜਾਏ।

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਟਰੰਪ ਅਤੇ ਮੇਲਾਨੀਆ ਨੇ 47ਵੇਂ ਅਮਰੀਕੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਕੀਤਾ ਡਾਂਸ



ਵਾਸ਼ਿੰਗਟਨ, (ਰਾਜ ਗੋਗਨਾ) : ਬੀਤੇ ਦਿਨ ਡੋਨਾਲਡ ਟਰੰਪ ਨੇ ਅਧਿਕਾਰਤ ਤੌਰ 'ਤੇ ਸੰਯੁਕਤ ਰਾਜ ਦੇ 47ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਨੂੰ ਦਰਸਾਉਂਦੇ ਹੋਏ। ਉਨ੍ਹਾਂ ਦੇ ਨਾਲ ਜੇਡੀ ਵਾਂਸ ਨੇ ਉਪ-ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਉਦਘਾਟਨ ਸਮਾਰੋਹ ਵਿੱਚ ਮਹੱਤਵਪੂਰਨ ਧੂਮਧਾਮ ਅਤੇ ਜਸ਼ਨਾਂ ਦੇ ਨਾਲ ਲੱਖਾਂ ਦੀ ਗਿਣਤੀ 'ਚ ਹਾਜ਼ਰ ਲੋਕਾਂ ਦੀ ਹਾਜ਼ਰੀ ਚ' ਸਹੁੰ ਚੱਕ ਸਮਾਗਮ ਮਨਾਇਆ ਗਿਆ ਸੀ। ਜਿਸ ਵਿੱਚ ਮੁੱਖ ਗੱਲ ਇਹ ਸੀ ਕਿ ਟਰੰਪ ਆਪਣੀ ਪਤਨੀ, ਮੇਲਾਨੀਆ ਟਰੰਪ, ਸੰਯੁਕਤ ਰਾਜ ਦੀ ਪਹਿਲੀ ਮਹਿਲਾ ਨਾਲ ਨੱਚਦੇ ਹੋਏ ਦਿਖਾਈ ਦਿੱਤੇ। ਸਹੁੰ ਚੁੱਕ ਸਮਾਗਮ ਤੋਂ ਬਾਅਦ ਜਸ਼ਨ ਮਨਾਉਣ ਵਾਲਾ ਡਾਂਸ ਹੋਇਆ ਅਤੇ ਜੇਡੀ ਵੈਨਸ ਅਤੇ ਉਨ੍ਹਾਂ ਦੀ ਭਾਰਤੀ ਮੂਲ ਦੀ ਪਤਨੀ ਵੀ ਸ਼ਾਮਲ ਹੋਏ। ਦੋਵਾਂ ਜੋੜਿਆਂ ਦੇ ਡਾਂਸ ਦੇ ਪਲਾਂ ਨੂੰ ਕੈਪਚਰ ਕਰਨ ਵਾਲੇ ਵੀਡੀਓਜ਼ ਨੇ ਵਿਆਪਕ ਲੋਕਾਂ ਦਾ ਧਿਆਨ ਖਿੱਚਿਆ ਹੈ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਇਹ ਕਾਫ਼ੀ ਵਾਇਰਲ ਹੋ ਗਈ ਹੈ।

ਵਾਸ਼ਿੰਗਟਨ, ਡੀ.ਸੀ. ਵਿੱਚ ਆਯੋਜਿਤ ਇਸ ਸਮਾਗਮ ਵਿੱਚ ਪ੍ਰਮੁੱਖ ਰਾਜਨੀਤਿਕ ਹਸਤੀਆਂ ਅਤੇ ਸਮਰਥਕਾਂ ਦੀ ਸ਼ਮੂਲੀਅਤ ਭਾਰੀ ਗਿਣਤੀ ਵਿੱਚ ਦੇਖੀ ਗਈ, ਜਿਸ ਵਿੱਚ ਟਰੰਪ ਦੇ ਨਵੇਂ ਪ੍ਰਸ਼ਾਸਨ ਲਈ ਇਹ ਮਾਹੌਲ ਇੱਕ ਤਿਉਹਾਰ ਦੇ ਨਾਲੋਂ ਘੱਟ ਨਹੀ ਸੀ।

# ਟਰੰਪ ਵਲੋਂ ਪੈਰਿਸ ਜਲਵਾਯੂ ਸਮਝੌਤੇ ਤੇ ਡਬਲਯੂ.ਐਚ.ਓ. ਤੋਂ ਬਾਹਰ ਆਉਣ ਦਾ ਐਲਾਨ

## ਪਹਿਲੇ ਦਿਨ ਬਾਈਡਨ ਕਾਰਜਕਾਲ ਦੌਰਾਨ ਜਾਰੀ 78 ਆਦੇਸ਼ ਕੀਤੇ ਰੱਦ

ਵਾਸ਼ਿੰਗਟਨ/ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਡੋਨਾਲਡ ਟਰੰਪ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਪੈਰਿਸ ਜਲਵਾਯੂ ਸਮਝੌਤੇ ਤੋਂ ਪਿੱਛੇ ਹਟਣ, ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਤੋਂ ਬਾਹਰ ਨਿਕਲਣ, ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਨੂੰ ਖਤਮ ਕਰਨ, ਵਿਭਿੰਨਤਾ ਪ੍ਰੋਗਰਾਮਾਂ ਅਤੇ ਐਲ. ਜੀ. ਬੀ. ਟੀ. ਕਿਊ. ਸੁਰੱਖਿਆ ਕਾਨੂੰਨ ਨੂੰ ਉਲਟਾਉਣ, ਯੂ.ਐਸ. ਕੈਪੀਟਲ 'ਤੇ ਹਮਲਾ ਕਰਨ ਵਾਲੇ 1500 ਦੋਸ਼ੀਆਂ ਨੂੰ ਮੁਆਫ਼ ਕਰਨ ਅਤੇ ਬਿਜਲਈ ਵਾਹਨਾਂ ਨੂੰ ਦਿੱਤੀ ਜਾਂਦੀ ਸਬਸਿਡੀ ਖ਼ਤਮ ਕਰਨ ਸਮੇਤ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਦੇ 78 ਆਦੇਸ਼ਾਂ ਨੂੰ ਰੱਦ ਕਰ ਦਿੱਤਾ। ਅਮਰੀਕੀ ਰਾਸ਼ਟਰਪਤੀ ਵਲੋਂ ਦਿੱਤੇ ਕਾਰਜਕਾਰੀ ਆਦੇਸ਼ ਸੰਸਦ ਤੋਂ ਪਾਸ ਕਾਨੂੰਨ ਦੇ ਬਰਾਬਰ ਹੁੰਦੇ ਹਨ। ਹਾਲਾਂਕਿ, ਇਨ੍ਹਾਂ ਨੂੰ ਆਉਣ ਵਾਲੇ ਰਾਸ਼ਟਰਪਤੀ ਜਾਂ ਅਦਾਲਤ ਪਲਟ ਸਕਦੀ ਹੈ। ਓਵਲ ਦਫ਼ਤਰ 'ਚ ਟਰੰਪ ਨੇ ਅਮਰੀਕਾ ਦੀ ਦੱਖਣੀ ਸਰਹੱਦ 'ਤੇ ਐਮਰਜੈਂਸੀ ਲਗਾਉਣ ਦੇ ਨਿਰਦੇਸ਼ ਦਿੱਤੇ, ਜਿਸ ਤਹਿਤ ਮੈਕਸੀਕੋ ਦੀ ਸਰਹੱਦ ਨਾਲ ਕੰਧ ਦਾ ਹੋਰ ਨਿਰਮਾਣ ਕਰਵਾਇਆ ਜਾਵੇਗਾ। ਇਸ ਤੋਂ ਬਾਅਦ ਉਨ੍ਹਾਂ ਕਿਹਾ ਕਿ ਪ੍ਰਵਾਸੀਆਂ ਦੇ ਅਮਰੀਕਾ 'ਚ ਜਨਮੇ ਬੱਚਿਆਂ ਨੂੰ ਖ਼ੁਦ-ਬ-ਖ਼ੁਦ ਮਿਲਣ ਵਾਲੀ ਅਮਰੀਕੀ ਨਾਗਰਿਕਤਾ ਵੀ ਨਹੀਂ ਮਿਲੇਗੀ। ਟਰੰਪ ਨੇ ਉਨ੍ਹਾਂ ਆਦੇਸ਼ਾਂ 'ਤੇ ਵੀ ਹਸਤਾਖ਼ਰ ਕੀਤੇ, ਜਿਨ੍ਹਾਂ ਤਹਿਤ ਨਸ਼ਾ ਤਸਕਰ ਗਰੋਹਾਂ ਦੇ ਮੈਂਬਰਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਦਾ ਦਰਜਾ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਸਜ਼ਾ ਵੀ ਇਸੇ ਤਹਿਤ ਮਿਲੇਗੀ। ਟਰੰਪ ਵਲੋਂ ਡਬਲਯੂ.ਐਚ.ਓ. ਤੋਂ ਹਟਣ ਦੇ ਵੀ ਨਿਰਦੇਸ਼ ਜਾਰੀ ਕੀਤੇ। ਟਰੰਪ, ਜੋ ਕੋਰੋਨਾ ਨਾਲ ਨਿਪਟਣ ਲਈ ਵਿਸ਼ਵ ਸਿਹਤ ਸੰਗਠਨ ਦੀ ਆਲੋਚਨਾ ਕਰਦੇ ਰਹੇ ਹਨ, ਵਲੋਂ ਪਹਿਲੇ ਕਾਰਜਕਾਲ ਦੌਰਾਨ ਵੀ ਅਜਿਹੇ ਆਦੇਸ਼ ਦਿੱਤੇ ਗਏ ਸਨ। ਟਰੰਪ ਨੇ ਚੀਨ ਦੀ ਮਾਲਕੀ ਵਾਲੀ ਸੋਸ਼ਲ ਮੀਡੀਆ ਕੰਪਨੀ ਟਿਕਟਾਕ ਨੂੰ ਰਾਹਤ ਦਿੰਦਿਆਂ ਉਨ੍ਹਾਂ ਆਦੇਸ਼ਾਂ 'ਤੇ ਦਸਤਖ਼ਤ ਕੀਤੇ, ਜਿਸ ਤਹਿਤ ਹੁਣ ਪਾਬੰਦੀ ਦਾ ਆਦੇਸ਼ 75 ਦਿਨਾਂ ਲਈ ਟਲ ਗਿਆ ਹੈ। ਟਰੰਪ ਨੇ ਇਕ ਹੋਰ ਕਾਰਜਕਾਰੀ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਅਮਰੀਕਾ 'ਚ ਹੁਣ ਕੇਵਲ ਮਰਦ ਅਤੇ ਔਰਤ ਹੋਣਗੇ, ਭਾਵ ਕਿ 'ਥਰਡ ਜੈਂਡਰ' (ਐਲ. ਜੀ. ਬੀ. ਟੀ. ਕਿਊ.) ਨੂੰ ਮਾਨਤਾ ਨਹੀਂ ਹੋਵੇਗੀ। ਟਰੰਪ ਨੇ ਆਪਣੇ ਕਾਰਜਕਾਰੀ ਆਦੇਸ਼ਾਂ ਤਹਿਤ ਮੈਕਸੀਕੋ ਦੀ ਖਾੜੀ ਦਾ ਨਾਂਅ ਬਦਲ ਕੇ 'ਅਮਰੀਕਾ ਦੀ ਖਾੜੀ' ਕਰਨ ਦਾ ਆਦੇਸ਼ ਵੀ ਦਿੱਤਾ। ਟਰੰਪ ਨੇ ਵਿਸ਼ਵ ਦੇ ਵਧਦੇ ਤਾਪਮਾਨ ਨਾਲ ਨਿਪਟਣ ਲਈ ਅੰਤਰਰਾਸ਼ਟਰੀ ਪੱਧਰ 'ਤੇ ਅਹਿਮ ਪੈਰਿਸ ਜਲਵਾਯੂ ਸਮਝੌਤੇ ਤੋਂ ਵੀ ਅਮਰੀਕਾ ਨੂੰ ਵੱਖ ਹੋਣ ਵਾਲੇ ਆਦੇਸ਼ 'ਤੇ ਵੀ ਦਸਤਖ਼ਤ ਕੀਤੇ। ਟਰੰਪ ਸਾਲ 2017 'ਚ ਵੀ ਪੈਰਿਸ ਜਲਵਾਯੂ ਸਮਝੌਤੇ ਤੋਂ ਹਟੇ ਸਨ। ਟਰੰਪ ਨੇ 6 ਜਨਵਰੀ, 2021 ਨੂੰ ਹੋਈ ਕੈਪੀਟਲ ਹਿੱਲ ਹਿੰਸਾ ਦੇ ਦੋਸ਼ 'ਚ ਗ੍ਰਿਫ਼ਤਾਰ ਹੋਏ ਆਪਣੇ ਕਰੀਬ 1500 ਸਮਰਥਕਾਂ ਦੀ ਸਜ਼ਾ ਮੁਆਫ਼ ਕਰ ਦਿੱਤੀ। ਜ਼ਿਕਰਯੋਗ ਹੈ ਕਿ ਟਰੰਪ ਇਸ ਮਾਮਲੇ 'ਚ ਗ੍ਰਿਫ਼ਤਾਰ ਹੋਏ ਲੋਕਾਂ ਨੂੰ 'ਅਗਵਾ' ਕਹਿੰਦੇ ਰਹੇ ਹਨ। ਟਰੰਪ ਨੇ 'ਨੈਸ਼ਨਲ ਐਨਰਜੀ ਐਮਰਜੈਂਸੀ' ਦਾ ਵੀ ਐਲਾਨ ਕੀਤਾ ਤਾਂ ਜੋ ਆਪਣਾ ਤੇਲ ਭੰਡਾਰ ਭਰਿਆ ਜਾ ਸਕੇ। ਉਨ੍ਹਾਂ ਅਲਾਸਕਾ 'ਚ ਤੇਲ ਅਤੇ ਗੈਸ ਸਮੇਤ ਹੋਰਨਾਂ ਕੁਦਰਤੀ ਸਾਧਨਾਂ ਨਾਲ ਜੁੜੇ ਇਕ ਆਦੇਸ਼ 'ਤੇ ਵੀ ਦਸਤਖ਼ਤ ਕੀਤੇ। ਟਰੰਪ ਨੇ ਬਾਈਡਨ ਪ੍ਰਸ਼ਾਸਨ ਦੌਰਾਨ ਲਿਆਂਦੇ ਗਏ 'ਗ੍ਰੀਨ ਨਿਊ ਡੀਲ' ਉਤੇ ਵੀ ਰੋਕ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ 'ਵਿੰਡ ਫਾਰਮਜ਼' ਨੂੰ ਲੀਜ਼ 'ਤੇ ਦੇਣਾ ਬੰਦ ਕਰੇਗਾ।

# ਟਰੰਪ ਦੇ ਸਹੁੰ ਚੁੱਕ ਸਮਾਗਮ ਨੂੰ ਟੀਵੀ ਤੇ ਲਗਭਗ 2.46 ਕਰੋੜ ਦਰਸ਼ਕਾਂ ਨੇ ਦੇਖਿਆ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਨੂੰ ਟੈਲੀਵਿਜ਼ਨ 'ਤੇ ਅੰਦਾਜ਼ਨ 2.46 ਕਰੋੜ (24.6 ਮਿਲੀਅਨ) ਦਰਸ਼ਕਾਂ ਨੇ ਦੇਖਿਆ। ਅਮਰੀਕਾ ਵਿੱਚ ਰਾਸ਼ਟਰਪਤੀ ਦਾ ਕਾਰਜਕਾਲ ਚਾਰ ਸਾਲ ਹੁੰਦਾ ਹੈ ਅਤੇ ਟਰੰਪ ਨੇ ਦੂਜੀ ਵਾਰ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ ਹੈ। ਨੀਲਸਨ ਕੰਪਨੀ ਨੇ ਮੰਗਲਵਾਰ ਨੂੰ ਕਿਹਾ ਕਿ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ 2021 ਦੇ ਉਦਘਾਟਨ ਸਮਾਰੋਹ ਲਈ ਦਰਸ਼ਕਾਂ ਦੀ ਗਿਣਤੀ ਘੱਟ ਸੀ।

ਬਾਈਡੇਨ ਦੇ ਸਹੁੰ ਚੁੱਕ ਸਮਾਗਮ ਨੂੰ 33.8 ਮਿਲੀਅਨ ਮਤਲਬ 3.38 ਕਰੋੜ ਲੋਕਾਂ ਨੇ ਦੇਖਿਆ, ਜਦੋਂ ਕਿ ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ 2017 ਵਿੱਚ ਹੋਏ ਸਹੁੰ ਚੁੱਕ ਸਮਾਗਮ ਨੂੰ 36 ਮਿਲੀਅਨ ਮਤਲਬ 3.6 ਕਰੋੜ ਦਰਸ਼ਕਾਂ ਨੇ ਦੇਖਿਆ ਸੀ। ਪਿਛਲੇ 50 ਸਾਲਾਂ ਵਿੱਚ ਸਹੁੰ ਚੁੱਕ ਸਮਾਗਮ ਵਿੱਚ ਦਰਸ਼ਕਾਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਈ ਹੈ। ਜਦੋਂ ਰੋਨਾਲਡ ਰੀਗਨ ਨੇ 1981 ਵਿੱਚ ਅਹੁਦਾ ਸੰਭਾਲਿਆ ਸੀ ਤਾਂ ਇਹ ਗਿਣਤੀ 41.8 ਮਿਲੀਅਨ ਮਤਲਬ 4.18 ਕਰੋੜ ਸੀ, ਅਤੇ 2004 ਵਿੱਚ ਜਾਰਜ ਡਬਲਯੂ. ਬੁਸ਼ ਦੇ ਦੂਜੇ ਕਾਰਜਕਾਲ ਦੌਰਾਨ 15.5 ਮਿਲੀਅਨ ਮਤਲਬ 1.55 ਕਰੋੜ ਲੋਕਾਂ ਨੇ ਸਹੁੰ ਚੁੱਕ ਸਮਾਰੋਹ ਦੇਖਿਆ।

# ਕੈਨੇਡਾ ਵੱਲੋਂ 2024 'ਚ ਰਿਕਾਰਡ 2000 ਭਾਰਤੀ ਨਾਗਰਿਕਾਂ ਨੂੰ ਦੇਸ਼ ਨਿਕਾਲਾ

ਟੋਰਾਂਟੋ : ਕੈਨੇਡਾ ਨੇ 2024 ਵਿਚ ਭਾਰਤੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਣ ਦਾ ਇੱਕ ਨਵਾਂ ਰਿਕਾਰਡ ਬਣਾਇਆ। ਇਸ ਦੇਸ਼ ਨਿਕਾਲੇ ਵਿਚ ਸੁਰੱਖਿਆ, ਸੰਗਠਿਤ ਅਪਰਾਧ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਅਪਰਾਧਿਕ ਗਤੀਵਿਧੀਆਂ ਨਾਲ ਸਬੰਧਤ ਮਾਮਲਿਆਂ ਨੂੰ ਤਰਜੀਹ ਦਿੱਤੀ ਗਈ। ਇਸ ਤੋਂ ਇਲਾਵਾ, ਕੈਨੇਡੀਅਨ ਸਰਕਾਰ ਦੇ ਨਵੇਂ ਨਿਯਮਾਂ ਤਹਿਤ, ਜੇਕਰ ਦੇਸ਼ ਨਿਕਾਲਾ ਦਿੱਤੇ ਗਏ ਲੋਕ ਕੈਨੇਡਾ ਵਾਪਸ ਆਉਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ ਵੱਧ ਲਾਗਤ ਦਾ ਸਾਹਮਣਾ ਕਰਨਾ ਪਵੇਗਾ। 2024 ਵਿਚ ਕੈਨੇਡਾ ਨੇ ਰਿਕਾਰਡ 2,000 ਭਾਰਤੀ ਨਾਗਰਿਕਾਂ ਨੂੰ ਬਾਹਰ ਦੇਸ਼ ਨਿਕਾਲਾ ਦਿੱਤਾ, ਜੋ ਕਿ ਪਿਛਲੇ ਸਾਲਾਂ ਨਾਲੋਂ ਕਾਫ਼ੀ ਜ਼ਿਆਦਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਅੰਕੜਿਆਂ ਅਨੁਸਾਰ 2024 ਵਿਚ ਕੁੱਲ 1,932 ਭਾਰਤੀ ਨਾਗਰਿਕਾਂ



ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਜੋ ਕਿ 2023 ਵਿਚ 1,129 ਤੋਂ 50 ਫੀਸਦੀ ਵੱਧ ਹੈ। ਇਹ ਗਿਣਤੀ 2019 ਵਿਚ ਦੇਸ਼ ਨਿਕਾਲਾ ਦਿੱਤੇ ਗਏ 625 ਨਾਗਰਿਕਾਂ ਤੋਂ 3 ਗੁਣਾ ਜ਼ਿਆਦਾ ਹੈ।

ਇਸ ਤਰ੍ਹਾਂ 2024 ਵਿਚ ਕੱਢੇ ਗਏ ਲੋਕਾਂ ਵਿਚੋਂ 11.5 ਫੀਸਦੀ ਭਾਰਤੀ ਸਨ, ਜੋ ਕਿ 2023 ਵਿਚ 7.5 ਫੀਸਦੀ ਸੀ। ਦੇਸ਼ ਨਿਕਾਲੇ ਦੀ ਕੁੱਲ ਗਿਣਤੀ 2023 ਵਿਚ 15,124 ਤੋਂ ਵੱਧ ਕੇ 2024 ਵਿਚ 16,781 ਹੋ ਗਈ। ਸੀ.ਬੀ.ਐੱਸ.ਏ. ਦੀ ਮਹਿਲਾ ਬੁਲਾਰਾ ਜੈਕਲੀਨ ਰੋਬੀ ਨੇ ਕਿਹਾ, ਅਣਚਾਹੇ ਵਿਦੇਸ਼ੀ ਨਾਗਰਿਕਾਂ ਦਾ ਸਮੇਂ ਸਿਰ ਦੇਸ਼ ਨਿਕਾਲਾ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਦੀ ਅਖੰਡਤਾ ਨੂੰ ਬਣਾਈ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।"ਦੇਸ਼ ਨਿਕਾਲਾ ਦਿੱਤੇ ਜਾਣ ਤੋਂ ਬਾਅਦ ਕੈਨੇਡਾ ਵਾਪਸ ਆਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਵਧੀ ਹੋਈ ਲਾਗਤ ਦਾ ਸਾਹਮਣਾ ਕਰਨਾ ਪਵੇਗਾ। 3 ਜਨਵਰੀ ਨੂੰ ਸੀ.ਬੀ.ਐੱਸ.ਏ. ਨੇ ਇੱਕ ਬਿਆਨ ਜਾਰੀ ਕੀਤਾ, ਜਿਸ ਵਿਚ ਦੱਸਿਆ ਗਿਆ ਕਿ ਨਵੇਂ ਲਾਗਤ ਰਿਕਵਰੀ ਫਰੇਮਵਰਕ ਦੇ ਤਹਿਤ, ਦੇਸ਼ ਨਿਕਾਲੇ ਦੀ ਪਹਿਲਾਂ ਲਾਗਤ ਲਗਭਗ 1,500 ਕੈਨੇਡੀਅਨ ਡਾਲਰ ਸੀ, ਜੋ ਹੁਣ ਵੱਧ ਕੇ ਐਸਕਾਰਟਡ 12,800 ਕੈਨੇਡੀਅਨ ਡਾਲਰ (ਲਗਭਗ 8,833 ਅਮਰੀਕੀ ਡਾਲਰ) ਅਤੇ ਬਿਨਾਂ ਐਸਕਾਰਟ ਲਈ 3,800 ਕੈਨੇਡੀਅਨ ਡਾਲਰ (ਲਗਭਗ 2,622 ਅਮਰੀਕੀ ਡਾਲਰ) ਹੋ ਜਾਵੇਗੀ। ਇਹ ਨਿਯਮ ਅਪ੍ਰੈਲ ਤੋਂ ਲਾਗੂ ਹੋਵੇਗਾ।

# ਵਾਸ਼ਿੰਗਟਨ ਡੀ.ਸੀ ਵਿੱਚ ਇਕ ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

ਵਾਸ਼ਿੰਗਟਨ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਿਸ ਵਿੱਚ ਇਕ ਭਾਰਤੀ ਤੇਲਗੂ ਵਿਦਿਆਰਥੀ ਜਿਸ ਦੀ ਪਹਿਚਾਣ ਰਵੀ ਤੇਜਾ (26) ਦੇ ਵਜੋਂ ਹੋਈ ਹੈ ਉਸ ਦੀ ਵਾਸ਼ਿੰਗਟਨ ਡੀਸੀ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਅਮਰੀਕਾ ਵਿੱਚ ਮਾਸਟਰ ਡਿਗਰੀ ਕਰ ਰਿਹਾ ਸੀ। ਜਿਸ ਦਾ ਭਾਰਤ ਤੋ ਪਿਛੋਕੜ ਹੈਦਰਾਬਾਦ ਦੇ ਨਾਲ ਸੀ। ਦੋਸ਼ੀਆਂ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ। ਰਵੀ ਤੇਜਾ, ਭਾਰਤ ਦੇ ਹੈਦਰਾਬਾਦ ਸ਼ਹਿਰ ਦੇ ਚੈਤੰਨਿਆਪੁਰੀ ਵਿੱਚ ਗ੍ਰੀਨ ਹਿਲਜ਼ ਕਲੋਨੀ ਵਿੱਚ ਆਰਕੇ ਪੁਰਮ ਦਾ ਇੱਕ ਮੂਲ ਨਿਵਾਸੀ ਸੀ ਅਤੇ ਉਹ ਆਪਣੀ ਮਾਸਟਰ ਡਿਗਰੀ ਪ੍ਰਾਪਤ ਕਰਨ ਲਈ ਸੰਨ 2022 ਵਿੱਚ ਸੰਯੁਕਤ ਰਾਜ ਅਮਰੀਕਾ ਚਲਾ ਗਿਆ ਸੀ ਅਤੇ ਉਹ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਹ ਆਪਣਾ ਕੈਰੀਅਰ ਸ਼ੁਰੂ ਕਰਨ ਦੀ ਉਮੀਦ ਵਿੱਚ



ਨੌਕਰੀ ਦੀ ਭਾਲ ਕਰ ਰਿਹਾ ਸੀ। ਗੋਲੀਬਾਰੀ ਦੇ ਆਲੇ ਦੁਆਲੇ ਦੇ ਹਾਲਾਤਾਂ ਬਾਰੇ ਵੇਰਵੇ ਅਸਪਸ਼ਟ ਹਨ, ਸਥਾਨਕ ਅਧਿਕਾਰੀਆਂ ਤੋਂ ਹੋਰ ਜਾਣਕਾਰੀ ਦੀ ਉਡੀਕ ਕੀਤੀ ਜਾ ਰਹੀ ਹੈ। ਵਾਸ਼ਿੰਗਟਨ ਡੀਸੀ ਵਿੱਚ ਜਾਂਚ ਜਾਰੀ ਹੈ, ਘਟਨਾ ਬਾਰੇ ਹੋਰ ਵੇਰਵੇ ਅਤੇ ਦੋਸ਼ੀਆਂ ਦੀ ਪਛਾਣ ਆਉਣ ਵਾਲੇ ਦਿਨਾਂ ਵਿੱਚ ਸਾਹਮਣੇ ਆਉਣ ਦੀ ਉਮੀਦ ਹੈ।

# ਟਰੂਡੋ ਨੇ ਟਰੰਪ ਨੂੰ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੇ ਦਿੱਤੀ ਵਧਾਈ

ਟੋਰਾਂਟੋ- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਡੋਨਾਲਡ ਟਰੰਪ ਨੂੰ ਸੰਯੁਕਤ ਰਾਜ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ 'ਤੇ ਵਧਾਈ ਦਿੱਤੀ। ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਪੋਸਟ ਕੀਤੇ ਇੱਕ ਸੰਦੇਸ਼ ਵਿੱਚ ਟਰੂਡੋ ਨੇ ਦੋਵਾਂ ਦੇਸ਼ਾਂ ਵਿਚਕਾਰ ਨਵੇਂ ਸਹਿਯੋਗ ਦੀ ਸੰਭਾਵਨਾ ਬਾਰੇ ਆਸ ਪ੍ਰਗਟ ਕੀਤੀ।

ਟਰੂਡੋ ਨੇ ਐਕਸ 'ਤੇ ਲਿਖਿਆ, 'ਮੁਬਾਰਕਾਂ, ਰਾਸ਼ਟਰਪਤੀ ਟਰੰਪ। ਕੈਨੇਡਾ ਅਤੇ ਅਮਰੀਕਾ ਕੋਲ ਦੁਨੀਆ ਦੀ ਸਭ ਤੋਂ ਸਫਲ ਆਰਥਿਕ ਭਾਈਵਾਲੀ ਹੈ। ਸਾਡੇ ਕੋਲ ਦੁਬਾਰਾ ਇਕੱਠੇ ਕੰਮ ਕਰਨ ਦਾ ਮੌਕਾ ਹੈ ਜੋ ਸਾਡੇ ਦੋਵਾਂ ਦੇਸ਼ਾਂ ਲਈ ਹੋਰ ਨੌਕਰੀਆਂ ਅਤੇ ਖੁਸ਼ਹਾਲੀ ਪੈਦਾ ਕਰ ਸਕਦਾ ਹੈ।' ਗੌਰਤਲਬ ਹੈ ਕਿ ਟਰੰਪ ਦਾ ਸਹੁੰ ਚੁੱਕ ਸਮਾਰੋਹ ਵਾਸ਼ਿੰਗਟਨ ਡੀ.ਸੀ. ਵਿੱਚ ਹੋਇਆ, ਜਿੱਥੇ ਉਨ੍ਹਾਂ ਨੂੰ ਚੀਫ ਜਸਟਿਸ ਜੌਨ ਰੌਬਰਟਸ ਨੇ ਸਹੁੰ ਚੁਕਾਈ। ਉਪ ਰਾਸ਼ਟਰਪਤੀ ਵੈਂਸ ਨੇ ਵੀ ਅਹੁਦੇ ਦੀ ਸਹੁੰ ਚੁੱਕੀ, ਜਿਸ ਨੂੰ ਸੁਪਰੀਮ ਕੋਰਟ ਦੇ ਜਸਟਿਸ ਬ੍ਰੈਟ ਕੈਵਾਨੌ ਨੇ ਸਹੁੰ ਚੁਕਾਈ।

ਜਿਵੇਂ ਹੀ ਟਰੰਪ ਨੇ ਆਪਣਾ ਰਾਸ਼ਟਰਪਤੀ ਅਹੁਦਾ ਸੰਭਾਲਿਆ, ਉਨ੍ਹਾਂ ਦੇ ਪ੍ਰਸ਼ਾਸਨ ਨੇ ਵਪਾਰ ਨੀਤੀਆਂ ਵਿੱਚ ਮਹੱਤਵਪੂਰਨ ਤਬਦੀਲੀਆਂ ਦਾ ਸੰਕੇਤ ਦਿੱਤਾ ਹੈ। ਹਾਲਾਂਕਿ ਕੈਨੇਡੀਅਨ ਸਾਮਾਨਾਂ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦੀਆਂ ਉਨ੍ਹਾਂ ਦੀਆਂ ਪਹਿਲਾਂ ਦੀਆਂ ਧਮਕੀਆਂ 'ਤੇ ਤੁਰੰਤ ਕਾਰਵਾਈ ਨਹੀਂ ਕੀਤੀ ਗਈ ਪਰ ਟਰੰਪ ਦੇ ਉਦਘਾਟਨੀ ਭਾਸ਼ਣ ਵਿੱਚ ਵਪਾਰਕ ਸਬੰਧਾਂ ਨੂੰ ਸੁਧਾਰਨ, ਨਵੇਂ ਟੈਰਿਫ ਲਾਗੂ ਕਰਨ ਅਤੇ ਟੈਰਿਫ ਮਾਲੀਆ ਇਕੱਠਾ ਕਰਨ ਲਈ ਇੱਕ ਸਮਰਪਿਤ ਏਜੰਸੀ ਸਥਾਪਤ ਕਰਨ ਦੀਆਂ ਯੋਜਨਾਵਾਂ ਦਾ ਜ਼ਿਕਰ ਕੀਤਾ ਗਿਆ। ਵਿੱਤ ਮੰਤਰੀ ਡੋਮਿਨਿਕ ਲੇਬਲੈਂਕ ਨੇ ਜ਼ਿਕਰ ਕੀਤਾ ਕਿ ਕੈਨੇਡਾ ਕਿਸੇ ਵੀ ਸਥਿਤੀ ਲਈ ਤਿਆਰ ਹੈ ਅਤੇ ਦੋਵਾਂ ਅਰਥਚਾਰਿਆਂ 'ਤੇ ਟੈਰਿਫ ਦੇ ਨਕਾਰਾਤਮਕ ਪ੍ਰਭਾਵਾਂ 'ਤੇ ਚਰਚਾ ਕਰਨ ਲਈ ਅਮਰੀਕੀ ਅਧਿਕਾਰੀਆਂ ਨਾਲ ਜੁੜਨ ਦੀ ਯੋਜਨਾ ਬਣਾ ਰਿਹਾ ਹੈ। ਜਿਵੇਂ-ਜਿਵੇਂ ਵਿਕਾਸ ਹੁੰਦਾ ਜਾ ਰਿਹਾ ਹੈ, ਟਰੂਡੋ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਜੇਕਰ ਟੈਰਿਫ ਲਗਾਏ ਜਾਂਦੇ ਹਨ ਤਾਂ ਕੈਨੇਡਾ ਜਵਾਬ ਦੇਵੇਗਾ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ 'ਸਭ ਕੁਝ ਮੇਜ਼ 'ਤੇ ਹੈ।'



# ਦਿੱਲੀ ਚੋਣਾਂ: 'ਆਪ' ਦੇ ਸਟਾਰ ਪ੍ਰਚਾਰਕਾਂ 'ਚ ਪੰਜਾਬ ਦਾ ਬੋਲਬਾਲਾ







ਚੰਡੀਗੜ੍ਹ : ਦਿੱਲੀ ਵਿੱਚ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਾਰੀਆਂ ਰਾਜਸੀ ਪਾਰਟੀਆਂ ਨੇ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਚੋਣਾਂ ਦੌਰਾਨ ਪੰਜਾਬ ਤੋਂ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਕਾਂਗਰਸ ਤੇ ਭਾਜਪਾ ਦੇ ਵੱਡੀ ਗਿਣਤੀ ਆਗੂ ਚੋਣ ਪ੍ਰਚਾਰ ਵਿੱਚ ਡਟੇ ਹੋਏ ਹਨ। 'ਆਪ' ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਪੰਜਾਬ ਦਾ ਬੋਲ-ਬਾਲਾ ਦਿਖਾਈ ਦੇ ਰਿਹਾ ਹੈ। 'ਆਪ' ਵੱਲੋਂ ਦਿੱਲੀ ਚੋਣਾਂ ਲਈ ਜਾਰੀ ਕੀਤੇ 40 ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਅੱਧ ਦੇ ਕਰੀਬ ਪੰਜਾਬ ਨਾਲ ਸਬੰਧਤ ਆਗੂ ਹਨ। 'ਆਪ' ਦੇ ਸਟਾਰ ਪ੍ਰਚਾਰਕਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਤਿੰਨ ਲੋਕ ਸਭਾ ਮੈਂਬਰ, 9 ਕੈਬਨਿਟ ਮੰਤਰੀਆਂ ਸਣੇ ਰਾਜ ਸਭਾ ਮੈਂਬਰ ਤੇ ਹੋਰ ਵਿਧਾਇਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਹਾਲਾਂਕਿ ਦੋ ਰਾਜ ਸਭਾ ਮੈਂਬਰ ਪੰਜਾਬ ਨਾਲ ਸਬੰਧਤ ਨਹੀਂ ਹਨ, ਪਰ ਪੰਜਾਬ ਦੇ ਰਾਜ ਸਭਾ ਮੈਂਬਰ ਹੋਣ ਕਰਕੇ ਉਨ੍ਹਾਂ ਨੂੰ ਸਬੰਧਤ ਸੂਬੇ ਦੇ ਆਗੂ ਹੀ ਗਿਣਿਆ ਜਾ ਰਿਹਾ ਹੈ। ਇਨ੍ਹਾਂ ਵੱਲੋਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਵੱਡੇ ਪੱਧਰ 'ਤੇ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। 'ਆਪ' ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਇਲਾਵਾ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ, ਰਾਘਵ ਚੱਢਾ, ਹਰਭਜਨ ਸਿੰਘ, ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਡਾ. ਰਾਜ ਕੁਮਾਰ ਚੱਬੇਵਾਲ, ਮਲਵਿੰਦਰ ਸਿੰਘ ਕੰਗ, ਮੰਤਰੀ ਹਰਪਾਲ ਸਿੰਘ ਚੀਮਾ, ਹਰਜੋਤ ਸਿੰਘ ਬੈਂਸ, ਹਰਭਜਨ ਸਿੰਘ ਈਟੀਓ, ਡਾ. ਬਲਬੀਰ ਸਿੰਘ, ਲਾਲਜੀਤ ਸਿੰਘ ਭੁੱਲਰ, ਤਰੁਣਪ੍ਰੀਤ ਸਿੰਘ ਸੌਂਦ, ਡਾ. ਰਵਜੋਤ ਸਿੰਘ, ਹਰਦੀਪ ਮੁੰਡੀਆਂ, ਮੰਤਰੀ ਤੇ ਸੂਬਾ ਪ੍ਰਧਾਨ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਬਲਜਿੰਦਰ ਕੌਰ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਨਾਲ ਸਬੰਧਤ ਸਟਾਰ ਪ੍ਰਚਾਰਕਾਂ ਵੱਲੋਂ ਦਿੱਲੀ ਚੋਣਾਂ ਦੌਰਾਨ 'ਆਪ' ਦੀ ਸਰਕਾਰ ਵੱਲੋਂ ਪੰਜਾਬ 'ਚ ਕੀਤੇ ਕੰਮਾਂ ਨੂੰ ਪ੍ਰਚਾਰਿਆ ਜਾ ਰਿਹਾ ਹੈ।

## ਵਿਸ਼ਵਾਸ ਨਗਰ ਤੋਂ ਉਮੀਦਵਾਰ ਦੀਪਕ ਸਿੰਗਲ ਦੇ ਹੱਕ ਵਿੱਚ ਅਰਵਿੰਦ ਕੇਜਰੀਵਾਲ ਕੀਤੀ ਪਬਲਿਕ ਮੀਟਿੰਗ



ਨਵੀਂ ਦਿੱਲੀ : ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਸਮਰਥਕਾਂ ਨੇ ਸੋਮਵਾਰ ਨੂੰ ਨਵੀਂ ਦਿੱਲੀ ਵਿੱਚ ਪਾਰਟੀ ਦੇ ਵਿਸ਼ਵਾਸ ਨਗਰ ਹਲਕੇ ਦੇ ਉਮੀਦਵਾਰ ਦੀਪਕ ਸਿੰਗਲ ਦੇ ਸਮਰਥਨ ਵਿੱਚ ਪਾਰਟੀ ਦਾ ਚੋਣ ਨਿਸ਼ਾਨ (ਝਾੜੂ) ਫੜਿਆ ਹੋਇਆ ਹੈ ਅਤੇ ਪਬਲਿਕ ਮੀਟਿੰਗ ਨੂੰ ਸੰਬੋਧਨ ਕੀਤਾ।

## ਕੇਜਰੀਵਾਲ ਦੀ ਕਾਰ ਉੱਤੇ ਇੱਟਾਂ-ਰੋੜਿਆਂ ਨਾਲ ਹਮਲਾ



ਨਵੀਂ ਦਿੱਲੀ : ਆਮ ਆਦਮੀ ਪਾਰਟੀ (ਆਪ) ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਕਾਰ ਉੱਤੇ ਕਥਿਤ ਇੱਟਾਂ-ਰੋੜਿਆਂ ਨਾਲ ਹਮਲਾ ਕੀਤੇ ਜਾਣ ਦਾ ਦਾਅਵਾ ਕੀਤਾ ਹੈ। ਪਾਰਟੀ ਨੇ ਦੋਸ਼ ਲਾਇਆ ਕਿ ਭਾਜਪਾ ਵੱਲੋਂ ਅਗਾਮੀ ਅਸੈਂਬਲੀ ਚੋਣਾਂ ਵਿਚ ਹਾਰ ਦੇ ਡਰ ਕਰਕੇ ਕੇਜਰੀਵਾਲ ਦੀ ਜਾਨ ਲੈਣ ਲਈ ਸਾਜ਼ਿਸ਼ ਘੜੀ ਜਾ ਰਹੀ ਹੈ। ਉਧਰ ਭਾਜਪਾ ਨੇ ਇਨ੍ਹਾਂ ਦੋਸ਼ਾਂ ਲਈ ਪਲਟਵਾਰ ਕਰਦਿਆਂ ਦਾਅਵਾ ਕੀਤਾ ਕਿ ਕੇਜਰੀਵਾਲ ਦੀ ਕਾਰ ਨੇ ਦੋ ਨੌਜਵਾਨਾਂ ਨੂੰ ਟੱਕਰ ਮਾਰੀ, ਜੋ ਆਪ ਸੁਪਰੀਮੋ ਨੂੰ ਦਿੱਲੀ ਦੇ ਵਿਕਾਸ ਬਾਰੇ ਸਵਾਲ ਪੁੱਛ ਰਹੇ ਸਨ।

'ਆਪ' ਨੇ ਕੇਜਰੀਵਾਲ 'ਤੇ ਇਸ ਕਥਿਤ ਹਮਲੇ ਸਬੰਧੀ ਐਕਸ ਉੱਤੇ ਇਕ ਵੀਡੀਓ ਵੀ ਸਾਂਝੀ ਕੀਤੀ ਹੈ। ਸਾਲ 2013 ਤੋਂ ਦਿੱਲੀ ਦੀ ਸੱਤਾ ਉੱਤੇ ਕਾਬਜ਼ 'ਆਪ' ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਆਪਣੀ ਹਾਰ ਨੂੰ ਦੇਖਦਿਆਂ ਭਾਜਪਾ ਇੰਨੀ ਘਬਰਾ ਗਈ ਹੈ ਕਿ ਉਹ ਕੇਜਰੀਵਾਲ ਦੀ ਜਾਨ ਲੈਣ ਲਈ ਅਜਿਹੇ ਹਮਲਿਆਂ ਦਾ ਸਹਾਰਾ ਲੈਣ ਲੱਗੀ ਹੈ। ਕੀ ਭਾਜਪਾ ਕੇਜਰੀਵਾਲ ਦੀ ਹੱਤਿਆ ਕਰਕੇ ਦਿੱਲੀ ਦੇ ਲੋਕਾਂ ਲਈ ਕੀਤੇ ਕੰਮਾਂ ਦਾ ਬਦਲਾ ਲੈਣਾ ਚਾਹੁੰਦੀ ਹੈ?" ਮੁੱਢਲੀਆਂ ਰਿਪੋਰਟਾਂ ਮੁਤਾਬਕ ਕੇਜਰੀਵਾਲ 'ਤੇ ਕਥਿਤ ਹਮਲਾ ਉਨ੍ਹਾਂ ਦੇ ਆਪਣੇ ਨਵੀਂ ਦਿੱਲੀ ਹਲਕੇ ਵਿਚ ਹੋਇਆ।

ਉਧਰ ਨਵੀਂ ਦਿੱਲੀ ਅਸੈਂਬਲੀ ਹਲਕੇ ਤੋਂ ਭਾਜਪਾ ਉਮੀਦਵਾਰ ਪਰਵੇਸ਼ ਵਰਮਾ ਨੇ ਕਿਹਾ ਕਿ ਕੇਜਰੀਵਾਲ ਦੀ ਕਾਰ ਨੇ ਦੋ ਨੌਜਵਾਨਾਂ, ਜੋ ਉਨ੍ਹਾਂ ਨੂੰ ਦਿੱਲੀ ਦੇ ਵਿਕਾਸ ਬਾਰੇ ਸਵਾਲ ਪੁੱਛ ਰਹੇ ਸਨ, ਨੂੰ ਟੱਕਰ ਮਾਰੀ ਸੀ। ਵਰਮਾ ਨੇ ਕਿਹਾ ਕਿ ਸਾਹਮਣੇ ਹਾਰ ਦੇਖ ਕੇ ਉਹ ਲੋਕਾਂ ਦੀ ਜਾਨ ਦੀ ਕੀਮਤ ਭੁੱਲ ਗਏ ਹਨ।

## ਕੇਜਰੀਵਾਲ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਭਾਜਪਾ: ਆਤਿਸ਼ੀ

### *ਮੁੱਖ ਮੰਤਰੀ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਭਾਜਪਾ 'ਤੇ ਲਾਏ 'ਆਪ' ਕਨਵੀਨਰ 'ਤੇ ਹਮਲੇ ਦੇ ਦੋਸ਼*

ਨਵੀਂ ਦਿੱਲੀ : ਆਮ ਆਦਮੀ ਪਾਰਟੀ ਨੇ ਦੋਸ਼ ਲਗਾਇਆ ਕਿ ਭਾਰਤੀ ਜਨਤਾ ਪਾਰਟੀ ਅਰਵਿੰਦ ਕੇਜਰੀਵਾਲ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚ ਰਹੀ ਹੈ, ਕਿਉਂਕਿ ਵਿਰੋਧੀ ਪਾਰਟੀਆਂ ਉਨ੍ਹਾਂ ਨੂੰ ਹਰਾ ਨਹੀਂ ਸਕਦੀਆਂ।



ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਪਾਰਟੀ ਦੇ ਰਾਜ ਸਭਾ ਮੈਂਬਰ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਭਾਜਪਾ 'ਤੇ ਹਮਲੇ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ। ਉਨ੍ਹਾਂ ਦੋਸ਼ ਲਾਇਆ ਕਿ ਜਿਨ੍ਹਾਂ ਲੋਕਾਂ ਨੇ ਅਰਵਿੰਦ ਕੇਜਰੀਵਾਲ 'ਤੇ ਹਮਲਾ ਅਤੇ ਉਨ੍ਹਾਂ ਦੀ ਕਾਰ 'ਤੇ ਪਥਰਾਅ ਕੀਤਾ ਹੈ, ਉਹ ਅਪਰਾਧੀ ਕਿਸਮ ਦੇ ਵਿਅਕਤੀ ਹਨ ਅਤੇ ਉਨ੍ਹਾਂ ਖ਼ਿਲਾਫ਼ ਲੁੱਟ ਅਤੇ ਹੱਤਿਆ ਦੇ ਯਤਨ ਸਣੇ ਕਈ ਕੇਸ ਦਰਜ ਹਨ। ਆਤਿਸ਼ੀ ਨੇ ਦਾਅਵਾ ਕੀਤਾ ਕਿ ਕਥਿਤ ਹਮਲਵਾਵਰਾਂ ਵਿੱਚੋਂ ਇੱਕ ਦਾ ਨਾਮ ਰਾਹੁਲ ਉਰਫ਼ ਸ਼ੌਂਕੀ ਹੈ ਅਤੇ ਉਹ ਪ੍ਰਵੇਸ਼ ਵਰਮਾ ਦਾ ਨਜ਼ਦੀਕੀ ਹੈ। ਉਨ੍ਹਾਂ ਕਿਹਾ ਕਿ ਹਮਲੇ ਵਿੱਚ ਸ਼ਾਮਲ ਵਿਅਕਤੀ ਖ਼ਿਲਾਫ਼ ਕਈ ਅਪਰਾਧਿਕ ਕੇਸ ਦਰਜ ਹਨ। ਉਹ ਅਕਸਰ ਵਰਮਾ ਨਾਲ ਦੇਖਿਆ ਜਾਂਦਾ ਹੈ। ਉਹ ਅਰਵਿੰਦ ਕੇਜਰੀਵਾਲ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਸੰਜੈ ਸਿੰਘ ਨੇ ਕਿਹਾ ਕਿ ਭਾਜਪਾ ਵਿਧਾਨ ਸਭਾ ਚੋਣਾਂ ਵਿੱਚ ਸਾਨੂੰ ਹਰਾਉਣ ਵਿੱਚ ਅਸਮਰਥ ਹੈ। ਇਸ ਲਈ ਉਹ ਅਰਵਿੰਦ ਕੇਜਰੀਵਾਲ ਨੂੰ ਆਪਣੇ ਰਸਤੇ ਤੋਂ ਹਟਾਉਣ ਲਈ ਅਜਿਹੇ ਹੱਥਕੰਡੇ ਵਰਤ ਰਹੀ ਹੈ। 'ਆਪ' ਨੇ ਦਾਅਵਾ ਕੀਤਾ ਕਿ ਸ਼ਨਿਚਰਵਾਰ ਸ਼ਾਮ ਨੂੰ ਕੇਜਰੀਵਾਲ ਦੀ ਕਾਰ 'ਤੇ ਕਥਿਤ ਹਮਲੇ ਵਿੱਚ ਸ਼ਾਮਲ ਵਿਅਕਤੀਆਂ ਵਿੱਚੋਂ ਇੱਕ ਪ੍ਰਵੇਸ਼ ਵਰਮਾ ਨਾਲ ਅਕਸਰ ਦੇਖਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪ੍ਰਵੇਸ਼ ਵਰਮਾ ਭਾਜਪਾ ਵੱਲੋਂ 'ਆਪ' ਕਨਵੀਨਰ ਖ਼ਿਲਾਫ਼ ਨਵੀਂ ਦਿੱਲੀ ਵਿਧਾਨ ਸਭਾ ਸੀਟ ਤੋਂ ਚੋਣ ਲੜ ਰਹੇ ਹਨ। 'ਆਪ' ਨੇ ਦੋਸ਼ ਲਗਾਇਆ ਕਿ ਨਵੀਂ ਦਿੱਲੀ ਵਿਧਾਨ ਸਭਾ ਖੇਤਰ ਵਿੱਚ ਪ੍ਰਚਾਰ ਦੌਰਾਨ ਕੇਜਰੀਵਾਲ ਦੀ ਕਾਰ 'ਤੇ ਪਥਰਾਅ ਕੀਤਾ ਗਿਆ, ਜਿਸ ਵਿੱਚ ਉਸ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਵਧ ਗਈ ਹੈ।

## ਫਿਨਲੈਂਡ ਯੂਨੀਵਰਸਿਟੀ ਦੇ ਮਾਹਿਰਾਂ ਦਾ ਵਫ਼ਦ ਪੰਜਾਬ ਦੌਰੇ 'ਤੇ ਇਕ ਦਿਨਾਂ ਸਿਖਲਾਈ ਪ੍ਰੋਗਰਾਮ 'ਚ 296 ਪ੍ਰਾਇਮਰੀ ਅਧਿਆਪਕਾਂ ਨੇ ਹਿੱਸਾ

ਚੰਡੀਗੜ੍ਹ : ਪੰਜਾਬ ਦੇ ਸਕੂਲ ਅਤੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਦੇ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਨੂੰ ਵਿਸ਼ਵ ਪੱਧਰੀ ਬਣਾਉਣ ਦੀ ਦਿਸ਼ਾ ਵਿਚ ਇੱਕ ਹੋਰ ਠੋਸ ਕਦਮ ਚੁੱਕਦਿਆਂ ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਯੂਨੀਵਰਸਿਟੀ ਆਫ਼ ਤੁਰਕੂ, ਫਿਨਲੈਂਡ ਦੇ ਮਾਹਿਰਾਂ ਨਾਲ ਇੱਕ ਰੋਜ਼ਾ ਸਿਖਲਾਈ ਤੇ ਵਿਚਾਰ-ਵਟਾਂਦਰਾ ਪ੍ਰੋਗਰਾਮ ਕਰਵਾਇਆ। ਇਥੇ ਮੈਗਸੀਪਾ ਵਿਖੇ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਸੂਬੇ ਦੇ ਵੱਖ-ਵੱਖ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ 296 ਅਧਿਆਪਕਾਂ ਨੇ ਹਿੱਸਾ ਲਿਆ। ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਫਿਨਲੈਂਡ ਵਿਖੇ ਤਿੰਨ ਹਫ਼ਤਿਆਂ ਦੇ ਸਿਖਲਾਈ ਪ੍ਰੋਗਰਾਮ ਲਈ ਭੇਜੇ ਗਏ 72 ਅਧਿਆਪਕਾਂ ਦੇ ਪਹਿਲੇ ਬੈਚ ਦੀ ਸ਼ਾਨਦਾਰ ਸਫ਼ਲਤਾ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਅੱਜ 273 ਪ੍ਰਾਇਮਰੀ ਅਧਿਆਪਕਾਂ ਤੇ 23 ਡੀ.ਈ.ਓ. (ਐਲੀਮੈਂਟਰੀ) ਲਈ ਇੱਕ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ



ਕਰਵਾਇਆ ਗਿਆ। ਸਕੂਲ ਸਿੱਖਿਆ ਮੰਤਰੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਉਦੇਸ਼ ਅਧਿਆਪਕਾਂ ਨੂੰ ਪ੍ਰਭਾਵਸ਼ਾਲੀ ਪ੍ਰਾਇਮਰੀ ਸਕੂਲ ਅਧਿਆਪਨ ਤਕਨੀਕਾਂ ਨਾਲ ਲੈਸ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹ ਪਹਿਲ ਟਰੇਨਰਾਂ ਨੂੰ ਸੂਬੇ ਦੇ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਢੰਗ ਨਾਲ ਸਮਝਣ ਦੇ ਯੋਗ ਬਣਾਏਗੀ। ਕੌਮਾਂਤਰੀ ਮਾਹਿਰਾਂ ਦਾ ਸਮੂਹ, ਜਿਸ ਵਿਚ ਸ੍ਰੀ ਐਰੀ ਕਿਓਸਕੀ, ਮਿਸ ਮਿਰਜਾਮੀ ਈਨੋਲਾ ਤੇ ਮਿਸ ਸਾਰੀ ਇਸੋਕਯਟੋ-ਸਿੰਜੋਈ ਸ਼ਾਮਿਲ ਸਨ, ਦਾ ਨਿੱਘਾ ਸਵਾਗਤ ਕਰਦਿਆਂ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਸ੍ਰੀ ਕਮਲ ਕਿਸ਼ੋਰ ਯਾਦਵ ਨੇ ਇਸ ਸਿਖਲਾਈ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਾਸਤੇ ਟਰੇਨਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਪ੍ਰਾਇਮਰੀ ਸਕੂਲ ਦੇ ਅਧਿਆਪਕਾਂ ਨੂੰ ਉਨ੍ਹਾਂ ਤਕਨੀਕਾਂ ਨੂੰ ਅਪਣਾਉਣ ਵਿਚ ਮਦਦ ਕਰੇਗਾ ਜੋ ਵਿਦਿਆਰਥੀਆਂ ਲਈ ਸਿੱਖਣ ਪ੍ਰਕਿਰਿਆ ਨੂੰ ਰੁਮਾਂਚਕ ਤੇ ਤਣਾਅ-ਮੁਕਤ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੇ ਸਮੁੱਚੇ ਵਿਕਾਸ ਵਿਚ ਯੋਗਦਾਨ ਪਾਉਣਗੀਆਂ। ਇਸ ਮੌਕੇ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਚਰਚਿਲ ਕੁਮਾਰ, ਡਾਇਰੈਕਟਰ ਅਮਨਿੰਦਰ ਕੌਰ ਬਰਾੜ ਤੇ ਸਕੂਲ ਸਿੱਖਿਆ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਮਰਨ ਵਰਤ ਤੋੜਦਾ ਤਾਂ ਕੇਂਦਰ ’ਤੇ ਦਬਾਅ ਘੱਟ ਹੋ ਜਾਂਦਾ, ਗੱਲਬਾਤ ਦਾ ਇਕ ਸਾਲ ਤੋਂ ਬੰਦ ਰਾਹ ਇਸੇ ਅੰਦੋਲਨ ਕਾਰਨ ਖੁੱਲ੍ਹਾ : ਡੱਲੇਵਾਲ

ਸੰਗਰੂਰ : ਐੱਮਐੱਸਪੀ ’ਤੇ ਕਾਨੂੰਨੀ ਗਾਰੰਟੀ ਸਮੇਤ ਹੋਰ ਕਿਸਾਨਾਂ ਮੰਗਾਂ ਲਈ ਖਨੌਰੀ ਬਾਡਰ ’ਤੇ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਖ਼ਤਮ ਕਰਨ ਦੀਆਂ ਅਪੀਲਾਂ ’ਤੇ ਕਿਹਾ ਹੈ ਕਿ ਜਦੋਂ ਕੇਂਦਰ ’ਤੇ ਦਬਾਅ ਬਣ ਰਿਹਾ ਹੈ, ਉਸ ਘੜੀ ਮਰਨ ਵਰਤ ਤੋੜਨ ਨਾਲ ਕੇਂਦਰ ’ਤੇ ਦਬਾਅ ਘੱਟ ਜਾਵੇਗਾ। ਸਾਨੂੰ ਇਕਜੁੱਟ ਰਹਿਣ ਤੇ ਹੋਰ ਮਜ਼ਬੂਤ ਹੋਣ ਦੀ ਜ਼ਰੂਰਤ ਹੈ।

ਕਿਸਾਨ ਆਗੂ ਸਰਵਨ ਸਿੰਘ ਪੰਧੇਰ ਵੱਲੋਂ ਡੱਲੇਵਾਲ ਨੂੰ ਮਰਨ ਵਰਤ ਖ਼ਤਮ ਕਰਨ ਦੀ ਕੀਤੀ ਜਾ ਰਹੀ ਅਪੀਲ ’ਤੇ ਮੰਗਲਵਾਰ ਨੂੰ ਡੱਲੇਵਾਲ ਨੇ ਕਿਹਾ ਕਿ ਉਨ੍ਹਾਂ ਦੀ ਸਲਾਹ ਲਈ ਧੰਨਵਾਦ। ਸਾਰੇ ਚਾਹੁੰਦੇ ਹਨ ਕਿ ਉਹ ਮਰਨ ਵਰਤ ਖ਼ਤਮ ਕਰ ਦੇਣ, ਪਰ ਉਨ੍ਹਾਂ ਦੇ ਲੰਬੇ ਮਰਨ ਵਰਤ, 121 ਕਿਸਾਨਾਂ ਦੀ ਭੁੱਖ ਹੜਤਾਲ ਤੇ ਦੇਸ਼ ਭਰ ਦੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਦੀ ਬਦੌਲਤ ਪਿਛਲੇ ਸਾਲ ਫਰਵਰੀ ਤੋਂ ਬੰਦ ਕੇਂਦਰ ਨਾਲ ਗੱਲਬਾਤ ਦੇ ਰਸਤੇ ਦੁਬਾਰਾ ਖੁੱਲ੍ਹੇ ਹਨ। ਕੇਂਦਰ ਸਰਕਾਰ ’ਤੇ ਗੱਲਬਾਤ ਦਾ ਦਬਾਅ ਬਣਾਉਣ ’ਚ ਕਾਮਯਾਬੀ ਮਿਲੀ ਹੈ। ਹੁਣ ਜਦੋਂ ਕੇਂਦਰ ’ਤੇ ਦਬਾਅ ਬਣ ਰਿਹਾ ਹੈ, ਇਸ ਘੜੀ ਮਰਨ ਵਰਤ ਤੋੜ ਕੇ ਦਬਾਅ ਖ਼ਤਮ ਕਰਨਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਅੰਦੋਲਨ ਨੂੰ ਜਿੱਤ ਤੱਕ ਪਹੁੰਚਾਉਣ ਲਈ ਇੱਕਜੁਟਤਾ ਤੇ ਮਜ਼ਬੂਤੀ ਬਣਾਈ ਰੱਖਣ ਦੀ ਜ਼ਰੂਰਤ ਹੈ। ਡੱਲੇਵਾਲ ਨੇ ਕਿਹਾ ਕਿ ਉਹ 14 ਫਰਵਰੀ ਦੀ ਮੀਟਿੰਗ ’ਚ ਸ਼ਾਮਲ ਹੋ ਸਕਣਗੇ ਜਾਂ ਨਹੀਂ, ਇਹ ਤਾਂ ਉਨ੍ਹਾਂ ਦੀ ਸਿਹਤ ਤੇ ਸਮਾਂ ਹੀ ਦੱਸੇਗਾ ਪਰ ਮੀਟਿੰਗ ਲਈ ਤਿਆਰ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਐੱਮਐੱਸਪੀ ਗਾਰੰਟੀ ਕਾਨੂੰਨ ਬਾਰੇ ਮਾਹਰਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀ ਰਾਇ ਲਈ ਜਾਵੇਗੀ, ਤਾਂ ਜੋ ਬੈਠਕ ’ਚ ਅਸੀਂ ਆਪਣੀ ਗੱਲ ਪੂਰੀ ਮਜ਼ਬੂਤੀ ਤੇ ਤੱਥਾਂ ਨਾਲ ਰੱਖ ਸਕੀਏ, ਜਿਸ ਦੀ ਬਦੌਲਤ ਐੱਮਐੱਸਪੀ ਕਾਨੂੰਨ ਸਮੇਤ 12 ਹੋਰ ਮੰਗਾਂ ਪੂਰੀਆਂ ਕਰਵਾਈਆਂ ਜਾ ਸਕਣ।

ਮਰਨ ਵਰਤ ਦੇ 58ਵੇਂ ਮੰਗਲਵਾਰ ਨੂੰ ਡੱਲੇਵਾਲ ਦੀ ਸਿਹਤ ’ਚ ਕੁਝ ਸੁਧਾਰ ਨਜ਼ਰ ਆਇਆ। ਉਨ੍ਹਾਂ ਖ਼ੁਦ ਕਿਹਾ ਕਿ ਤਿੰਨ ਦਿਨਾਂ ਦੇ ਇਲਾਜ ਤੋਂ ਬਾਅਦ ਉਨ੍ਹਾਂ ਦੀ ਸਿਹਤ ’ਚ ਕੁਝ ਸੁਧਾਰ ਹੈ ਪਰ ਰਾਤ ਭਰ ਨੀਂਦ ਨਹੀਂ ਆਈ। ਦਿਨੇ ਸਿਰ ਦੁਖਦਾ ਰਿਹਾ। ਹਾਲਾਂਕਿ ਉਲਟੀਆਂ ਬੰਦ ਹੋ ਗਈਆਂ ਹਨ ਤੇ ਤੇਜ਼ਾਬ ਬਣਨ ਤੋਂ ਵੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਬੰਦ ਟਰਾਲੀ ਤੋਂ ਮਨ ਭਰ ਜਿਹਾ ਗਿਆ ਹੈ ਤੇ ਬਾਹਰਲੀ ਹਵਾ ’ਚ ਨਿਕਲਣ ਦਾ ਮਨ ਕਰ ਰਿਹਾ ਹੈ।

ਡੱਲੇਵਾਲ ਨੂੰ ਟਰਾਲੀ ਤੋਂ ਬਾਹਰ ਸ਼ਿਫਟ ਨਹੀਂ ਕੀਤਾ ਜਾ ਸਕਿਆ, ਕਿਉਂਕਿ ਉਨ੍ਹਾਂ ਲਈ ਹੋਟਲ ਦੇ ਬਾਹਰ ਬਣਾਇਆ ਜਾ ਰਿਹਾ ਕਮਰਾ ਅਜੇ ਤਿਆਰ ਨਹੀਂ ਹੈ। 20 ਫੁੱਟ ਲੰਬਾ ਤੇ ਅੱਠ ਫੁੱਟ ਚੌੜਾ ਇਹ ਕਮਰਾ ਸਾਊਂਡ ਪਰੂਫ ਹੋਵੇਗਾ, ਤਾਂ ਜੋ ਡੱਲੇਵਾਲ ਦੀ ਸਿਹਤ ’ਤੇ ਸ਼ੋਰ-ਸ਼ਰਾਬੇ ਦਾ ਅਸਰ ਨਾ ਪਵੇ। ਕਮਰੇ ਦੇ ਨਾਲ ਹੀ ਪਖਾਨਾ ਤੇ ਰਸੋਈ ਵੀ ਬਣਾਈ ਜਾਵੇਗੀ। ਕਮਰੇ ’ਚ ਸਰਦੀ ਤੋਂ ਬਚਾਅ ਲਈ ਹੀਟਰ, ਗੀਜ਼ਰ ਦਾ ਵੀ ਪ੍ਰਬੰਧ ਹੋਵੇਗਾ। ਡਾਕਟਰਾਂ ਦੀ ਸਲਾਹ ਮੁਤਾਬਕ ਮੈਡੀਕਲ ਸਾਜ਼ੋ ਸਾਮਾਨ ਦਾ ਪ੍ਰਬੰਧ ਤੇ ਬਿਜਲੀ ਦੀ ਸਪਲਾਈ ਕੀਤੀ ਜਾਵੇਗੀ। ਕਮਰੇ ’ਚ ਸ਼ੀਸ਼ੇ ਦੀਆਂ ਵੱਡੀਆਂ ਖਿੜਕੀਆਂ ਹੋਣਗੀਆਂ, ਤਾਂ ਜੋ ਹਵਾ ਤੇ ਧੁੱਪ ਕਮਰੇ ’ਚ ਪਹੁੰਚ ਸਕੇ। ਹੇਠਾਂ ਟਾਇਰ ਲਗਾਏ ਜਾਣਗੇ, ਤਾਂ ਜੋ ਆਰਜ਼ੀ ਕਮਰੇ ਨੂੰ ਧੁੱਪ ਮੁਤਾਬਕ ਸਹੀ ਦਿਸ਼ਾ ’ਚ ਘੁਮਾਇਆ ਜਾ ਸਕੇ। ਹਰਿਆਣਾ ਦੇ ਕਿਸਾਨ ਨੇਤਾ ਅਭਿਮੰਨਿਊ ਕੋਹਾੜ ਨੇ ਕਿਹਾ ਇਸ ਕਮਰੇ ਦੇ ਆਲੇ ਦੁਆਲੇ ਨੂੰ ਬੈਕਟੀਰੀਆ ਮੁਕਤ ਕਰਨ ਲਈ ਮਾਹਰਾਂ ਦੀ ਟੀਮ ਸਾਫ਼ ਸਫਾਈ ਤੇ ਦਵਾਈਆਂ ਦਾ ਛਿੜਕਾਅ ਕਰ ਰਹੀ ਹੈ।

## ਕਿਸਾਨ ਕਿਸੇ ਸਾਜਿਸ਼ ਦਾ ਸ਼ਿਕਾਰ ਨਾ ਬਣਨ : ਡਾ. ਸਵੈਮਾਣ ਸਿੰਘ



ਖਨੌਰੀ : ਖਨੌਰੀ ਸਰਹੱਦ ’ਤੇ ਜਾਰੀ ਕਿਸਾਨ ਅੰਦੋਲਨ ’ਚ ਵਿਸ਼ਵ ਪ੍ਰਸਿੱਧ ਡਾਕਟਰ ਸਵੈਮਾਣ ਸਿੰਘ ਦੀ ਟੀਮ ਪਿਛਲੇ 57 ਦਿਨਾਂ ਤੋਂ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਪਲ-ਪਲ ਦੇਖਭਾਲ ਕਰ ਰਹੀ ਹੈ। ਡਾ. ਸਵੈਮਾਣ ਸਿੰਘ ਨੇ ਕੇਂਦਰ ਤੇ ਕਿਸਾਨ ਜਥੇਬੰਦੀਆਂ ਵਿਚਕਾਰ 14 ਫਰਵਰੀ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਪ੍ਰਸਤਾਵਿਤ ਮੀਟਿੰਗ ਦਾ ਸੱਦਾ ਮਿਲਣ ਤੋਂ ਬਾਅਦ ਜਗਜੀਤ ਸਿੰਘ ਡੱਲੇਵਾਲ ਨੂੰ ਮੈਡੀਕਲ ਸਹੂਲਤਾਂ ਲਏ ਜਾਣ ਲਈ ਰਾਜ਼ੀ ਕਰਨ ਦੇ ਸੰਬੰਧ ’ਚ ਇਕ ਵੀਡੀਓ ਸੰਦੇਸ਼ ਜਾਰੀ ਕਰਕੇ ਕਿਸਾਨਾਂ ਨੂੰ ਸਰਕਾਰ ਦੀਆਂ ਚਾਲਾਂ ’ਚ ਨਾ ਆਉਣ ਲਈ ਕਿਹਾ ਹੈ। ਡਾ. ਸਵੈਮਾਣ ਸਿੰਘ ਨੇ ਕਿਹਾ ਕਿ ਕਿਸਾਨਾਂ ਨਾਲ ਕਿੰਨਾ ਵੱਡਾ ਝੂਠ ਬੋਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਹ ਕਿਹੜਾ ਡਾਕਟਰ ਹੈ, ਜਿਸ ਨੇ ਇਹ ਗੱਲ ਕਹੀ ਹੈ ਕਿ ਮੈਡੀਕਲ ਇਲਾਜ ਦੇ ਸਹਾਰੇ ਜਗਜੀਤ ਸਿੰਘ ਡੱਲੇਵਾਲ ਨੂੰ 14 ਫਰਵਰੀ ਤੱਕ ਜ਼ਿੰਦਾ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਸਾਜਿਸ਼ ਦਾ ਸ਼ਿਕਾਰ ਨਾ ਬਣਨ ਕਿਉਂਕਿ ਕੋਈ ਵੀ ਵਿਅਕਤੀ ਦਵਾਈਆਂ ਨਾਲ ਜ਼ਿੰਦਾ ਨਹੀਂ ਰਹਿ ਸਕਦਾ ਬਲਕਿ ਬਿਮਾਰ ਵਿਅਕਤੀ ਨੂੰ ਉਸ ਦਾ ਰੋਗ ਠੀਕ ਕਰਨ ਲਈ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਅਗਰ ਸਰਕਾਰ ਵਾਕਈ ਹੀ ਇਸ ਮਾਮਲੇ ਨੂੰ ਲੈ ਕੇ ਗੰਭੀਰ ਹੈ ਤਾਂ 14 ਫਰਵਰੀ ਦਾ ਇੰਤਜ਼ਾਰ ਕਿਉਂ ਕੀਤਾ ਜਾ ਰਿਹਾ ਹੈ ਤੇ ਇਹ ਮੀਟਿੰਗ ਇਕ ਦੋ ਦਿਨਾਂ ’ਚ ਕਿਉਂ ਨਹੀਂ ਕੀਤੀ ਜਾ ਰਹੀ।

## ਕਿਸਾਨ ਆਗੂ ਡੱਲੇਵਾਲ ਦਾ ਮਰਨ ਵਰਤ ਜਾਰੀ

### *ਇਹ ਕਿਸਾਨ ਆਗੂ ਦੀ ਜ਼ਿੰਦਗੀ ਦਾ ਛੇਵਾਂ ਮਰਨ ਵਰਤ ਹੈ*



ਪਾਤੜਾਂ : ਦਿੱਲੀ ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਤੇ ਕੀਤੇ ਵਾਅਦੇ ਲਾਗੂ ਕਰਵਾਉਣ ਲਈ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ 57ਵੇਂ ਦਿਨ ਵੀ ਮਰਨ ਵਰਤ ਜਾਰੀ ਰੱਖਿਆ। ਕਿਸਾਨਾਂ ਵੱਲੋਂ ਸਾਢੇ 11 ਮਹੀਨਿਆਂ ਤੋਂ ਖਨੌਰੀ ਬਾਰਡਰ ’ਤੇ ਸ਼ਾਂਤਮਈ ਸੰਘਰਸ਼ ਜਾਰੀ ਹੈ। ਕੇਂਦਰ ਖ਼ਿਲਾਫ਼ ਸੰਘਰਸ਼ ਕਰ ਰਹੇ 70 ਸਾਲਾ ਸ੍ਰੀ ਡੱਲੇਵਾਲ ਕੈਂਸਰ ਤੋਂ ਪੀੜਤ ਹਨ। ਇਸ ਦੇ ਬਾਵਜੂਦ ਉਹ ਆਪਣੇ ਫ਼ੈਸਲੇ ’ਤੇ ਡਟੇ ਹੋਏ ਹਨ। ਇਸ ਦੌਰਾਨ ਕੇਂਦਰ ਸਰਕਾਰ ਵੱਲੋਂ ਭੇਜੇ ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਜੁਆਇੰਟ ਸਕੱਤਰ ਪ੍ਰਿਯਾ ਰੰਜਨ ਕਿਸਾਨ ਆਗੂ ਨੂੰ ਮਰਨ ਵਰਤ ਛੱਡਣ ਅਤੇ ਇਲਾਜ ਕਰਵਾਉਣ ਦੀ ਅਪੀਲ ਕੀਤੀ ਹੈ। ਇਸ ਮਗਰੋਂ ਕਿਸਾਨ ਆਗੂ ਡੱਲੇਵਾਲ ਨੇ ਮਰਨ ਵਰਤ ਜਾਰੀ ਰੱਖਦਿਆਂ ਇਲਾਜ ਕਰਵਾਉਣਾ ਮੰਨ ਲਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਡੱਲੇਵਾਲ ਇਸ ਤੋਂ ਪਹਿਲਾਂ ਕਿਸਾਨ ਘੋਲਾਂ ਨੂੰ ਪੰਜ ਵਾਰ ਫ਼ੈਸਲਾਕੁਨ ਜਿੱਤ ਦਿਵਾ ਚੁੱਕੇ ਹਨ। ਉਨ੍ਹਾਂ ਪਹਿਲਾ ਮਰਨ ਵਰਤ 2005-06 ਵਿੱਚ ਫਿਰੋਜ਼ਪੁਰ ਜੇਲ੍ਹ ’ਚ ਰੱਖਿਆ ਸੀ। ਦੂਜੀ ਵਾਰ 2018 ’ਚ ਸ਼ੁਤਰਾਣਾ ਨੇੜੇ, ਫਿਰ 2019 ਚੰਡੀਗੜ੍ਹ ’ਚ ਅਤੇ ਇਸ ਤੋਂ ਬਾਅਦ 2023 ਵਿੱਚ ਪਹਿਲਾਂ ਜੱਦੀ ਜ਼ਿਲ੍ਹੇ ਫ਼ਰੀਦਕੋਟ ਵਿੱਚ ਤੇ ਫਿਰ ਇਸੇ ਸਾਲ ਪਟਿਆਲਾ ਵਿੱਚ ਪੰਜਵਾਂ ਮਰਨ ਵਰਤ ਰੱਖਿਆ ਸੀ।

ਪੰਜਾਬ ਅਤੇ ਹਰਿਆਣਾ ਦੇ ਢਾਬੀ ਗੁੱਜਰਾਂ (ਖਨੌਰੀ) ਬਾਰਡਰ ਉੱਤੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਅਤੇ ਦਿੱਲੀ ਦੇ ਕਿਸਾਨੀ ਅੰਦੋਲਨ ਦੌਰਾਨ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਕਿਸਾਨ ਆਗੂ ਡੱਲੇਵਾਲ ਨੇ ਛੇਵਾਂ ਮਰਨ ਵਰਤ 26 ਨਵੰਬਰ ਤੋਂ ਸ਼ੁਰੂ ਕੀਤਾ ਸੀ, ਜੋ ਅੱਜ ਵੀ ਜਾਰੀ ਹੈ।

## ਡੱਲੇਵਾਲ ਨੂੰ ਬਚਾਉਣ ਲਈ ਕੇਂਦਰ ਗੰਭੀਰ ਨਹੀਂ: ਡਾ. ਧਰਮਵੀਰ ਗਾਂਧੀ

### *ਪ੍ਰਧਾਨ ਮੰਤਰੀ ’ਤੇ ਪੂੰਜੀਪਤੀਆਂ ਦੇ ਪੱਖ ’ਚ ਖੜ੍ਹੇ ਹੋਣ ਦੇ ਦੋਸ਼ ਲਾਏ*



ਪਟਿਆਲਾ : ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਅੱਜ ਇੱਥੇ ਕਿਸਾਨਾਂ ਨਾਲ ਮੀਟਿੰਗ ਕਰਨ ਲਈ ਦਿੱਤੇ ਲੰਬੇ ਸਮੇਂ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗ ਕਿਸਾਨ ਆਗੂ ਡੱਲੇਵਾਲ ਨੂੰ ਬਚਾਉਣ ਲਈ ਭਾਰਤ ਦੀ ਭਾਜਪਾ ਕੇਂਦਰ ਸਰਕਾਰ ਸੰਵੇਦਨਸ਼ੀਲ ਨਹੀਂ ਹੈ, ਜਿਸ ਕਰ ਕੇ ਮੀਟਿੰਗ ਲਈ ਲੰਬਾ ਸਮਾਂ ਦਿੱਤਾ ਹੈ। ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਗਾਂਧੀ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਵਿਰੋਧੀ ਤਾਂ ਹੈ ਹੀ, ਉਹ ਪੰਜਾਬ ਵਿਰੋਧੀ ਵੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜ਼ਰਖੇਜ਼ ਜ਼ਮੀਨ ਉੱਤੇ ਹੁਣ ਕਾਰੋਬਾਰੀ ਗੌਤਮ ਅਡਾਨੀ ਨੇ ਅੱਖ ਧਰ ਲਈ ਹੈ। ਡਾ. ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੂੰਜੀਪਤੀਆਂ ਨੇ ਕਬਜ਼ੇ ’ਚ ਹਨ, ਜਿਸ ਕਰ ਕੇ ਉਨ੍ਹਾਂ ਦੇ ਦਿਲ ’ਚ ਹੁਣ ਦੇਸ਼ ਦੀ ਜਨਤਾ ਦੀ ਭਲਾਈ ਦੀ ਭਾਵਨਾ ਨਹੀਂ ਹੈ। ਉਹ ਸਿਰਫ਼ ਪੂੰਜੀਪਤੀਆਂ ਦੇ ਪੱਖ ਨੂੰ ਦੇਖ ਕੇ ਹੀ ਦੇਸ਼ ਦੀਆਂ ਨੀਤੀਆਂ ਬਣਾ ਰਹੇ ਹਨ। ਡਾ. ਗਾਂਧੀ ਨੇ ਕਿਹਾ ਕਿ ਜੇ ਪੰਜਾਬ ਪ੍ਰਤੀ ਜਾਂ ਫਿਰ ਜਗਜੀਤ ਸਿੰਘ ਡੱਲੇਵਾਲ ਪ੍ਰਤੀ ਪ੍ਰਧਾਨ ਮੰਤਰੀ ਥੋੜ੍ਹੇ ਜਿਹੇ ਵੀ ਰਹਿਮ ਦਿਲ ਹੁੰਦੇ ਤਾਂ ਹੁਣ ਤੱਕ ਉਨ੍ਹਾਂ ਨੇ ਕਿਸਾਨਾਂ ਦੇ ਮਸਲੇ ਹੱਲ ਕਰਾਉਣ ਲਈ ਫ਼ੈਸਲਾ ਕਰ ਲੈਣਾ ਸੀ। ਡਾ. ਗਾਂਧੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕੋ ਤਰ੍ਹਾਂ ਦੀ ਸੋਚ ਲੈ ਕੇ ਚੱਲ ਰਹੇ ਹਨ। ਇੰਜ ਜਾਪਦਾ ਹੈ ਕਿ ਜਿਵੇਂ ਇਨ੍ਹਾਂ ਦਾ ਕਿਸਾਨ ਵਿਰੋਧੀ ਆਪਸ ’ਚ ਕੋਈ ਸਮਝੌਤਾ ਹੋਇਆ ਹੈ।

### *ਪ੍ਰਧਾਨ ਮੰਤਰੀ ਦੀ ਸੁਰੱਖਿਆ ’ਚ ਕੁਤਾਹੀ ਦਾ ਮਾਮਲਾ*

## 26 ਕਿਸਾਨਾਂ ਖ਼ਿਲਾਫ਼ ਗ਼ੈਰ ਇਰਾਦਤਨ ਕਤਲ ਦਾ ਮਾਮਲਾ ਦਰਜ



ਚੰਡੀਗੜ੍ਹ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਵਿਚ ਲਾਪਰਵਾਹੀ ਵਰਤਣ ਦੇ ਸਬੰਧ ਵਿਚ 26 ਕਿਸਾਨਾਂ ਖ਼ਿਲਾਫ਼ ਕਤਲੇਆਮ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਹ ਗੱਲ ਤਿੰਨ ਸਾਲ ਬਾਅਦ ਸੁਰੱਖਿਆ ਦੀ ਕਮੀ ਤੋਂ ਬਾਅਦ ਸਾਹਮਣੇ ਆਈ ਹੈ। ਅਦਾਲਤ ਨੇ ਮੁਲਜ਼ਮਾਂ ਵਿੱਚੋਂ ਇੱਕ ਕਮਲਜੀਤ ਸਿੰਘ ਵੱਲੋਂ ਦਾਇਰ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ।

ਇਹ ਘਟਨਾ 5 ਜਨਵਰੀ, 2022 ਨੂੰ ਵਾਪਰੀ ਸੀ, ਜਿਸ ਕਾਰਨ ਪ੍ਰਧਾਨ ਮੰਤਰੀ ਨੂੰ ਆਪਣਾ ਪ੍ਰੋਗਰਾਮ ਰੱਦ ਕਰਨਾ ਪਿਆ ਸੀ ਅਤੇ ਪੰਜਾਬ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਵੀ ਵੱਡੀ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਕਿਉਂਕਿ ਇਹ ਭਾਰਤ ਵਿੱਚ ਆਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਸੀ। ਭਾਵੇਂ ਕਿ 11 ਮਹੀਨੇ ਬਾਅਦ ਹੀ ਕੇਸ ਦਰਜ ਹੋਇਆ ਸੀ ਪਰ ਪੰਜਾਬ ਵਿੱਚ ਚੋਣਾਂ ਹੋਣ ਵੇਲੇ ਇਸ ਦਾ ਖੁਲਾਸਾ ਨਹੀਂ ਹੋਇਆ ਸੀ। ਦੂਜੇ ਪਾਸੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਜੇਕਰ ਕਿਸਾਨਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।

ਪੰਜਾਬ ਦੇ ਫ਼ਿਰੋਜ਼ਪੁਰ ਵਿੱਚ ਰੈਲੀ ਲਈ ਜਾ ਰਹੇ ਪ੍ਰਧਾਨ ਮੰਤਰੀ ਦੇ ਕਾਫ਼ਲੇ ਨੂੰ ਫਲਾਈਓਵਰ ’ਤੇ ਕਰੀਬ ਅੱਧਾ ਘੰਟਾ ਰੋਕਿਆ ਗਿਆ। ਪਤਾ ਲੱਗਾ ਹੈ ਕਿ ਸੂਬਾ ਪੁਲਿਸ ਨੇ ਮੁਲਜ਼ਮਾਂ ਖ਼ ?ਲਾਫ਼ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਸੀ ਪਰ ਕਿਸਾਨਾਂ ਦੇ ਵਿਰੋਧ ਦੇ ਡਰੋਂ ਇਸ ਨੂੰ ਦਬਾ ਦਿੱਤਾ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਰੋਕ ਦਿੱਤਾ ਸੀ ਅਤੇ ਇੱਕ ਮਹੱਤਵਪੂਰਨ ਵੋਟ ਬੈਂਕ ਹੈ। ਇਸ ਕੇਸ ਕਾਰਨ ਸੁਪਰੀਮ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਵਿੱਚ ਪੰਜਾਬ ਦੇ ਮੁੱਖ ਸਕੱਤਰ ਅਤੇ ਪੁਲਿਸ ਡਾਇਰੈਕਟਰ ਜਨਰਲ ਨੂੰ ਮੁਅੱਤਲ ਕਰਨ ਦੀ ਮੰਗ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਕਮੇਟੀ ਦਾ ਗਠਨ ਕੀਤਾ ਸੀ, ਜਿਸ ਦੀ ਅਗਵਾਈ ਜਸਟਿਸ ਇੰਦੂ ਮਲਹੋਤਰਾ ਕਰਨਗੇ।

ਇਸ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਘਟਨਾ ’ਤੇ ਅਫਸੋਸ ਪ੍ਰਗਟ ਕਰਦਿਆਂ ਦਾਅਵਾ ਕੀਤਾ ਕਿ ਸੂਬਾ ਸਰਕਾਰ ਨੇ ਪ੍ਰਧਾਨ ਮੰਤਰੀ ਦੀ ਸੁਰੱਖਿਆ ’ਚ ਕੋਈ ਕੁਤਾਹੀ ਨਹੀਂ ਕੀਤੀ ਹੈ, ਜਿਸ ’ਤੇ ਫਿਰੋਜ਼ਪੁਰ ਪੁਲਿਸ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ 26 ਦੋਸ਼ੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਂਚ ਵਿੱਚ ਭਾਰਤੀ ਦੰਡ ਵਿਧਾਨ ਦੀ ਧਾਰਾ 307 ਦੇ ਤਹਿਤ ਦੋਸ਼ ਸ਼ਾਮਲ ਕੀਤੇ ਗਏ ਹਨ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਜ਼ਿਲ੍ਹਾ ਲੁਧਿਆਣਾ
26. ਸ੍ਰ. ਧਨਰਾਜ ਸਿੰਘ ਜੀ
27. ਸ੍ਰ. ਈਸ਼ਰ ਸਿੰਘ ਜੀ
(ਗੁਰਦੁਆਰਾ ਗਜ਼ਟ ਅੰਮ੍ਰਿਤਸਰ (47) ਮਈ 1936)
28. ਸ੍ਰ. ਹਰਦਿੱਤ ਸਿੰਘ ਜੀ
29. ਸ੍ਰ. ਸੁੰਦਰ ਸਿੰਘ ਜੀ
30. ਸ੍ਰ. ਸੋਭਾ ਸਿੰਘ ਜੀ
31. ਸ੍ਰ. ਦਸੌਧਾ ਸਿੰਘ ਜੀ
32. ਸ੍ਰ. ਚੰਦਾ ਸਿੰਘ ਜੀ
33. ਸ੍ਰ. ਬਸਾਰਤ ਸਿੰਘ ਜੀ
34. ਸ੍ਰ. ਹਰਨਾਮ ਸਿੰਘ ਜੀ
35. ਸ੍ਰ. ਸੁੱਚਾ ਸਿੰਘ ਜੀ
36. ਸ੍ਰ. ਨਾਹਰ ਸਿੰਘ ਜੀ
37. ਸ੍ਰ. ਸੁਖਦੇਵ ਸਿੰਘ ਜੀ
ਜ਼ਿਲ੍ਹਾ ਫਿਰੋਜ਼ਪੁਰ
38. ਸ੍ਰ. ਨੰਦ ਸਿੰਘ ਜੀ
39. ਸ੍ਰ. ਮੇਲਾ ਸਿੰਘ ਜੀ
40. ਸ੍ਰ. ਸੋਢੀ ਜਸਵੰਤ ਸਿੰਘ ਜੀ
41. ਸ੍ਰ. ਇੰਦਰ ਸਿੰਘ ਜੀ
42. ਸ੍ਰ. ਹਜ਼ੂਰਾ ਸਿੰਘ ਜੀ
43. ਸ੍ਰ. ਨਰੈਣ ਸਿੰਘ ਜੀ
44. ਸ੍ਰ. ਗੰਗਾ ਸਿੰਘ ਜੀ
45. ਸ੍ਰ. ਸੁੱਚਾ ਸਿੰਘ ਜੀ
46. ਸ੍ਰ. ਸ਼ੇਰ ਸਿੰਘ ਜੀ
47. ਸ੍ਰ. ਪੂਰਨ ਸਿੰਘ ਜੀ
48. ਸ੍ਰ. ਚਤਰ ਸਿੰਘ ਜੀ
49. ਸ੍ਰ. ਦਲੀਪ ਸਿੰਘ ਜੀ
50. ਸ੍ਰ. ਮੋਹਨ ਸਿੰਘ ਜੀ
51. ਸ੍ਰ. ਬੂਟਾ ਸਿੰਘ ਜੀ
52. ਸ੍ਰ. ਜੁਗਿੰਦਰ ਸਿੰਘ ਜੀ
ਜ਼ਿਲ੍ਹਾ ਲਾਹੌਰ
53. ਸ੍ਰ. ਤਰਲੋਚਨ ਸਿੰਘ ਜੀ
54. ਸ੍ਰ. ਜਵਾਹਰ ਸਿੰਘ ਜੀ
55. ਸ੍ਰ. ਅਰਜਨ ਸਿੰਘ
56. ਸ੍ਰ. ਕੁੰਦਨ ਸਿੰਘ (ਕਾਉਂਕੇ)
57. ਸ੍ਰ. ਕੇਸਰ ਸਿੰਘ ਜੀ
58. ਸ੍ਰ. ਅਰਜਨ ਸਿੰਘ ਜੀ
59. ਸ੍ਰ. ਕੁੰਦਨ ਸਿੰਘ ਜੀ (ਥੋਪਾਰਾਏ)
60. ਸ੍ਰ. ਬਘੇਲ ਸਿੰਘ ਜੀ
61. ਸ੍ਰ. ਚੰਨਣ ਸਿੰਘ ਜੀ
ਜ਼ਿਲ੍ਹਾ ਅੰਮ੍ਰਿਤਸਰ
62. ਸ੍ਰ. ਸਰਦੂਲ ਸਿੰਘ ਜੀ
63. ਸ੍ਰ. ਸੰਤਾ ਸਿੰਘ ਜੀ
64. ਸ੍ਰ. ਸੁਰੈਣ ਸਿੰਘ ਜੀ
65. ਸ੍ਰ. ਗਹਿਲ ਸਿੰਘ ਜੀ
66. ਸ੍ਰ. ਰਾਏ ਸਿੰਘ ਜੀ




67. ਸ੍ਰ. ਜਗਜੀਤ ਸਿੰਘ ਜੀ
68. ਸ੍ਰ. ਸੁੰਦਰ ਸਿੰਘ ਜੀ
69. ਸ੍ਰ. ਅਵਤਾਰ ਸਿੰਘ ਜੀ
70. ਸ੍ਰ. ਧਰਮ ਸਿੰਘ ਜੀ
71. ਸ੍ਰ. ਸੋਹਣ ਸਿੰਘ ਜੀ
72. ਸ੍ਰ. ਨਿਰੰਜਨ ਸਿੰਘ ਜੀ
73. ਸ੍ਰ. ਹਰਨਾਮ ਸਿੰਘ ਜੀ
74. ਸ੍ਰ. ਊਧਮ ਸਿੰਘ ਜੀ
75. ਸ੍ਰ. ਈਸ਼ਰ ਸਿੰਘ ਜੀ
76. ਸ੍ਰ. ਪ੍ਰਤਾਪ ਸਿੰਘ ਜੀ (ਐਮ.ਏ.)
ਜ਼ਿਲ੍ਹਾ ਗੁਰਦਾਸਪੁਰ
77. ਸ੍ਰ. ਗੁਰਬਖ਼ਸ਼ ਸਿੰਘ ਜੀ
78. ਸ੍ਰ. ਭਾਗ ਸਿੰਘ ਜੀ
79. ਸ੍ਰ. ਕਰਮ ਸਿੰਘ ਜੀ
80. ਸ੍ਰ. ਵਿਸਾਖਾ ਸਿੰਘ ਜੀ
81. ਸ੍ਰ. ਤੇਜਾ ਸਿੰਘ ਜੀ
82. ਸ੍ਰ. ਵਸਾਵਾ ਸਿੰਘ ਜੀ
83. ਸ੍ਰ. ਈਸ਼ਰ ਸਿੰਘ ਜੀ
ਜ਼ਿਲ੍ਹਾ ਸਿਆਲਕੋਟ
84. ਸ੍ਰ. ਗਰਜਾ ਸਿੰਘ ਜੀ
(ਗੁਰਦੁਆਰਾ ਗਜ਼ਟ, ਅੰਮ੍ਰਿਤਸਰ (48) ਮਈ 1936)
85. ਸ੍ਰ. ਮੂਲ ਸਿੰਘ ਜੀ
86. ਸ.ਸ.ਸ. ਉਪਾਰ ਸਿੰਘ ਜੀ
87. ਸ੍ਰ. ਕਰਤਾਰ ਸਿੰਘ ਜੀ
ਜ਼ਿਲ੍ਹਾ ਗੁੱਜਰਾਂਵਾਲਾ
88. ਸ੍ਰ. ਬਾਵਾ ਹਰਕ੍ਰਿਸ਼ਨ ਸਿੰਘ ਜੀ
89. ਸ੍ਰ. ਲੱਖਾ ਸਿੰਘ ਜੀ
90. ਸ੍ਰ. ਵਰਿਆਮ ਸਿੰਘ ਜੀ
ਜ਼ਿਲ੍ਹਾ ਸ਼ੇਖੂਪੁਰਾ
91. ਸ੍ਰ. ਮਾਨ ਸਿੰਘ ਜੀ
92. ਸ੍ਰ. ਪਿਆਰਾ ਸਿੰਘ ਜੀ
93. ਸ੍ਰ. ਬ. ਮਹਿਤਾਬ ਸਿੰਘ ਜੀ
94. ਸ੍ਰ. ਸ਼ਾਮ ਸਿੰਘ ਜੀ
ਜ਼ਿਲ੍ਹਾ ਗੁਜਰਾਤ
95. ਸੰਤ ਪ੍ਰੇਮ ਸਿੰਘ ਜੀ
96. ਸ੍ਰ. ਜਗਤ ਸਿੰਘ ਜੀ (ਵਾਸੂ)
ਜ਼ਿਲ੍ਹਾ ਸ਼ਾਹਪੁਰ
97. ਜਮਾਂਦਾਰ ਇੰਦਰ ਸਿੰਘ ਜੀ
98. ਬਲਬੀਰ ਸਿੰਘ ਜੀ
ਜ਼ਿਲ੍ਹਾ ਜਿਹਲਮ
99. ਸ੍ਰ. ਮਹਿਤਾਬ ਸਿੰਘ ਜੀ
ਜ਼ਿਲ੍ਹਾ ਰਾਵਲਪਿੰਡੀ
100. ਸ੍ਰ. ਆਤਮਾ ਸਿੰਘ ਜੀ
101. ਸ੍ਰ. ਚੌਧਰੀ ਜੈ ਸਿੰਘ ਜੀ
ਜ਼ਿਲ੍ਹਾ ਅਟਕ ਅਤੇ ਮੀਆਂਵਾਲੀ ਰਿਆਸਤਾਂ ਵਲੋਂ ਨਾਮਜ਼ਦ ਮੈਂਬਰ
102. ਸ੍ਰ. ਗੁਰਮੁਖ ਸਿੰਘ ਜੀ 'ਮੁਸਾਫ਼ਰ'

(ਚਲਦਾ)




# ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾ ਦੇ ਫੁੱਲ ਭੇਟ



ਪਟਿਆਲਾ : ਜ਼ਿਲ੍ਹਾ ਪਟਿਆਲਾ ਵਿੱਚ ਸਥਿਤ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਲਾਏ ਗਏ ਬੁੱਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਠੀਕਰੀਵਾਲਾ ਤੋਂ ਸਰਪੰਚ ਸਣੇ ਪੰਚਾਇਤ ਮੈਂਬਰ ਪੁੱਜੇ, ਜਿਨ੍ਹਾਂ ਨਾਲ ਸੇਵਾ ਸਿੰਘ ਠੀਕਰੀਵਾਲਾ ਦੇ ਦੋਹਤੇ ਅਮਰਜੀਤ ਸਿੰਘ ਜੇਜੀ ਵੀ ਨਾਲ ਸਨ। ਸ੍ਰੀ ਜੇਜੀ ਨੇ ਦੱਸਿਆ ਕਿ ਇਸ ਸਾਲ ਵੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਠੀਕਰੀਵਾਲਾ ਦੀ ਪੰਚਾਇਤ ਤੇ ਹੋਰ ਕਮੇਟੀ ਮੈਂਬਰ ਸ਼ਾਮਲ ਹੋਏ, ਜਿਨ੍ਹਾਂ ਨੇ ਪਹਿਲਾਂ ਸ਼ਹੀਦ ਦੇ ਬੁੱਤ ਨੂੰ ਇਸ਼ਨਾਨ ਕਰਵਾਇਆ ਤੇ ਬਾਅਦ ਵਿਚ ਬੁੱਤ ਨੂੰ ਫੁੱਲਾਂ ਦੇ ਹਾਰਾਂ ਨਾਲ ਸਜਾਇਆ। ਅਮਰਜੀਤ ਸਿੰਘ ਜੇਜੀ ਨੇ ਕਿਹਾ ਕਿ ਪਹਿਲਾਂ ਸ੍ਰੀ ਸੇਵਾ ਸਿੰਘ ਠੀਕਰੀਵਾਲਾ ਦਾ ਬੁੱਤ ਇਸ ਥਾਂ 'ਤੇ ਇਕੱਲਾ ਹੀ ਹੁੰਦਾ ਸੀ, ਪਰ ਹੁਣ ਇੱਥੇ ਇੱਕ ਸੋਲਰ ਪੈਨਲ ਲਗਾ ਕੇ ਉਸ ਨੂੰ ਲਗਾਉਣ ਵਾਲੇ ਦੀ ਮਾਂ ਦੀ ਯਾਦਗਾਰ ਇੱਥੇ ਬਣਾ ਦਿੱਤੀ ਗਈ ਹੈ ਤੇ ਇੱਥੇ ਰੁੱਖ ਲਗਾ ਦਿੱਤੇ ਗਏ ਹਨ ਜਿਸ ਕਰਕੇ ਬੁੱਤ ਦੀ ਅਹਿਮੀਅਤ ਖ਼ਤਮ ਹੁੰਦੀ ਜਾ ਰਹੀ ਹੈ, ਇਸ ਦੇ ਨਾਲ ਹੀ ਇੱਥੇ ਸਾਈਨ ਬੋਰਡ ਲਗਾ ਦਿੱਤੇ ਗਏ ਹਨ ਜਿਸ ਕਰਕੇ ਬੁੱਤ ਦੀ ਅਹਿਮੀਅਤ ਨਹੀਂ ਰਹਿ ਗਈ ਜਾਪਦੀ। ਇਸ ਮੌਕੇ ਹਾਜ਼ਰ ਪੰਚਾਇਤ ਮੈਂਬਰਾਂ ਨੇ ਵੀ ਰੋਸ ਪ੍ਰਗਟਾਇਆ।

# 'ਦਸਵੰਧ' ਦੀ ਵਰਤੋਂ ਵਾਸਤੇ ਲੋੜਵੰਦ ਸਿੱਖਾਂ ਨੂੰ ਦਿੱਤੀ ਜਾਵੇ ਪਹਿਲ : ਸਿੰਘ ਸਭਾ ਫਾਊਂਡੇਸ਼ਨ

ਨਵੀਂ ਦਿੱਲੀ : ਯੂਨਾਈਟਿਡ ਸਿੰਘ ਸਭਾ ਫਾਊਂਡੇਸ਼ਨ (ਰਜਿ:) ਵਲੋਂ ਤਮਾਮ ਸਿੱਖ ਭਾਈਚਾਰੇ ਤੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਗਈ ਕਿ ਆਪਣੀ ਖ਼ੂਨ ਪਸੀਨੇ ਦੀ ਕਮਾਈ 'ਚੋਂ ਕੱਢੇ ਗਏ 'ਦਸਵੰਧ' ਨੂੰ ਲੋੜਵੰਦ ਸਿੱਖਾਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਤਵੱਜੋਂ ਜਾਂ ਪਹਿਲ ਦਿੱਤੀ ਜਾਵੇ। ਫਾਊਂਡੇਸ਼ਨ ਦੇ ਮੁਖੀ ਰਾਮ ਸਿੰਘ ਰਾਠੌਰ ਨੇ ਕਿਹਾ ਲੋੜਵੰਦਾਂ ਦੀ ਮਦਦ ਵਾਸਤੇ ਦਸਵੰਧ ਇੱਕ ਬਹੁਤ ਵੱਡੀ ਤਾਕਤ ਹੈ, ਇਸੇ ਕਰਕੇ ਗੁਰੂ ਸਾਹਿਬ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ ਹੈ ਕਿ ਹਰ ਸਿੱਖ ਕਿਰਤੀ ਹੋਵੇ ਅਤੇ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਜ਼ਰੂਰ ਕੱਢੇ। ਉਨ੍ਹਾਂ ਕਿਹਾ ਕਿ ਇਸੇ ਕਰਕੇ ਜ਼ਿਆਦਾਤਰ ਸਿੱਖ ਆਪਣਾ ਦਸਵੰਧ ਜ਼ਰੂਰ ਕੱਢਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਸਿੱਖ ਜਾਂ ਸਿੱਖ ਸੰਸਥਾਵਾਂ ਲੋੜਵੰਦ ਸਿੱਖਾਂ ਤਕ ਮਦਦ ਪਹੁੰਚਾਉਣ ਨੂੰ ਵਿਸ਼ੇਸ਼ ਤਵੱਜੋਂ ਜਾਂ ਪਹਿਲ ਦਿੰਦੇ ਹਨ, ਉਨ੍ਹਾਂ ਦੀ ਸੇਵਾ ਸ਼ਲਾਘਾਯੋਗ ਹੈ । ਪਰ ਕਈ ਵੱਡੀਆਂ ਸੰਸਥਾਵਾਂ ਸਿੱਖਾਂ ਦੇ ਦਸਵੰਧ ਦੀ ਵਰਤੋਂ ਅਜਿਹੀ ਥਾਵਾਂ 'ਤੇ ਕਰਨ 'ਚ ਦਿਲਚਸਪੀ ਰੱਖਦੀਆਂ ਹਨ, ਜਿੱਥੋਂ ਦੁਨੀਆ ਭਰ 'ਚੋਂ ਵਾਹ ਵਾਹੀ ਜ਼ਰੂਰ ਮਿਲ ਜਾਵੇ, ਭਾਵੇਂ ਲੋੜਵੰਦ ਸਿੱਖਾਂ ਤਾਂ ਮਦਦ ਨਾ ਪੁੱਜ ਸਕੇ। ਸ. ਰਾਠੌਰ ਨੇ ਕਿਹਾ ਕਿ ਗੁਰੂ ਸਾਹਿਬ ਦੇ ਦਸਵੰਧ ਦੇ ਸਿਧਾਂਤ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ



ਬਿਲਕੁਲ ਨਹੀਂ ਹੋਣਾ ਚਾਹੀਦਾ ਕਿ ਸਾਡੇ ਘਰ ਬੱਚੇ ਭੁੱਖੇ ਮਰ ਰਹੇ ਹੋਣ ਤੇ ਅਸੀਂ ਉਨ੍ਹਾਂ ਵਾਸਤੇ ਕੁੱਝ ਕਰਨ ਦੀ ਬਜਾਏ ਬਾਹਰ ਲੰਗਰ ਲਗਾ ਕੇ ਵਾਹ-ਵਾਹੀ ਖੱਟ ਰਹੀਏ ਹੋਈਏ। ਉਨ੍ਹਾਂ ਕਿਹਾ ਕਿ ਇੱਥੇ ਇਹ ਸਮਝਣ ਦੀ ਲੋੜ ਹੈ ਕਿ ਸਿੱਖਾਂ ਵਲੋਂ ਕੱਢੇ ਗਏ ਦਸਵੰਧ ਦੀ ਵਰਤੋਂ ਵਾਸਤੇ ਲੋੜਵੰਦ ਸਿੱਖਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਕਿ ਲੋੜਵੰਦ ਸਿੱਖਾਂ ਨੂੰ ਪਹਿਲ ਦੇਣ ਦੀ ਬਜਾਏ, ਕੁੱਝ ਸੰਸਥਾਵਾਂ ਦਸਵੰਧ ਨੂੰ ਦੇਸ਼ ਵਿਦੇਸ਼ਾਂ ਵਿਚ ਕਿਸੀ ਹੋਰ ਥਾਂ ਵਰਤ ਕੇ ਸਿਰਫ਼ ਆਪਣੀ ਵਾਹੋ ਵਾਹੀ ਖੱਟਣ 'ਚ ਵਧੇਰੇ ਦਿਲਚਸਪੀ ਰੱਖਦੀਆਂ ਹਨ।

# ਪੰਜਾਬ ਵਿੱਚ ਨਾ ਲੱਗੀ ਫਿਲਮ 'ਐਮਰਜੈਂਸੀ'

## ਸਿੱਖ ਜਥੇਬੰਦੀਆਂ ਨੇ ਕੰਗਨਾ ਦੀ ਫ਼ਿਲਮ ਖ਼ਿਲਾਫ਼ ਕੀਤੇ ਪ੍ਰਦਰਸ਼ਨ

ਚੰਡੀਗੜ੍ਹ : ਪੰਜਾਬ ਦੇ ਸਿਨੇਮਾਘਰਾਂ 'ਚ ਅਦਾਕਾਰਾ-ਨਿਰਦੇਸ਼ਕ ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਸਿੱਖ ਜਥੇਬੰਦੀਆਂ ਦੇ ਵਿਰੋਧ ਕਾਰਨ ਲੱਗ ਨਹੀਂ ਸਕੀ। ਸੁਰੱਖਿਆ ਦੇ ਮੱਦੇਨਜ਼ਰ ਸਿਨੇਮਾਘਰਾਂ ਅੱਗੇ ਪੁਲਿਸ ਤਾਇਨਾਤ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਵਿਚ 'ਐਮਰਜੈਂਸੀ' ਫ਼ਿਲਮ ਦਾ ਵਿਰੋਧ ਕੀਤਾ ਗਿਆ, ਜਦੋਂਕਿ ਜ਼ੀਰਕਪੁਰ ਵਿਚ ਕਿਸਾਨ ਆਗੂਆਂ ਨੇ ਰੋਸ ਪ੍ਰਗਟਾਇਆ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਫ਼ਿਲਮ 'ਤੇ ਪਾਬੰਦੀ ਲਗਾਏ ਜਾਣ ਦੀ ਮੰਗ ਕੀਤੀ ਗਈ ਸੀ। ਬੇਸ਼ੱਕ ਸਰਕਾਰ ਤਰਫ਼ੋਂ ਕਿਸੇ ਤਰ੍ਹਾਂ ਦੀ ਪਾਬੰਦੀ ਦੇ ਹੁਕਮ ਜਾਰੀ ਨਹੀਂ ਕੀਤੇ ਗਏ ਪ੍ਰੰਤੂ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਅਮਨ-ਕਾਨੂੰਨ ਦੀ ਵਿਵਸਥਾ ਦਾ ਹਵਾਲਾ ਦਿੱਤਾ ਜਿਸ ਕਾਰਨ ਬਹੁਤੇ ਸ਼ਹਿਰਾਂ ਵਿਚ ਸਿਨੇਮਾ ਮਾਲਕਾਂ ਨੇ ਫ਼ਿਲਮ ਚਲਾਉਣ ਤੋਂ ਗੁਰੇਜ਼ ਕੀਤਾ। ਅੰਮ੍ਰਿਤਸਰ ਵਿਚ ਪੀਵੀਆਰ ਨੇ ਸਿੱਖ ਧਿਰਾਂ ਦੇ ਵਿਰੋਧ ਕਰਕੇ ਫ਼ਿਲਮ ਦੇ ਸ਼ੋਅ ਕੈਂਸਲ ਕਰ ਦਿੱਤੇ ਜਦੋਂ ਕਿ ਬਠਿੰਡਾ ਵਿਚ ਇੱਕ ਸਿਨੇਮਾਘਰ ਨੇ ਦਰਸ਼ਕਾਂ ਨੂੰ ਪੈਸੇ ਮੋੜ ਦਿੱਤੇ। ਮੁਹਾਲੀ, ਪਟਿਆਲਾ ਅਤੇ ਜਲੰਧਰ ਵਿਚ ਵੀ ਫ਼ਿਲਮ ਦਾ ਕੋਈ ਸ਼ੋਅ ਨਹੀਂ ਚੱਲਿਆ। ਚੰਡੀਗੜ੍ਹ 'ਚ ਵੀ ਫ਼ਿਲਮ ਦੇਖਣ ਲਈ ਬਹੁਤੇ ਦਰਸ਼ਕ ਨਹੀਂ ਸਨ। ਸੈਂਟਰਲ ਬੋਰਡ ਆਫ਼ ਫ਼ਿਲਮ



ਸਰਟੀਫਿਕੇਸ਼ਨ ਨੇ ਸਿੱਖ ਜਥੇਬੰਦੀਆਂ ਦੇ ਇਤਰਾਜ਼ ਕੀਤੇ ਜਾਣ 'ਤੇ ਫ਼ਿਲਮ 'ਐਮਰਜੈਂਸੀ' 'ਚੋਂ ਕਾਫ਼ੀ ਸੀਨ ਹਟਾ ਦਿੱਤੇ ਸਨ।

ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਫ਼ ?ਲਮ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਚੇਤੇ ਰਹੇ ਕਿ ਜਦੋਂ ਦਿੱਲੀ ਵਿਚ ਕਿਸਾਨ ਅੰਦੋਲਨ ਚੱਲਿਆ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਕੰਗਨਾ ਰਣੌਤ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਲਕਬ ਦੇ ਚੁੱਕੀ ਹੈ ਜਿਸ ਕਰਕੇ ਕਿਸਾਨ ਵੀ ਉਨ੍ਹਾਂ ਦੀ ਫ਼ਿਲਮ ਖ਼ਿਲਾਫ਼ ਮੈਦਾਨ 'ਚ ਨਿਤਰੇ ਹਨ। ਫ਼ਿਲਮ 'ਐਮਰਜੈਂਸੀ' ਕੁੱਲ 146 ਮਿੰਟ ਦੀ ਹੈ ਜਿਸ 'ਚ ਕਰੀਬ ਪੰਜ ਮਿੰਟ ਦਾ ਸੀਨ ਪੰਜਾਬ 'ਤੇ ਫੋਕਸ ਹੈ ਜਿਸ 'ਚ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਫ਼ਿਰੋਜ਼ਪੁਰ ਜੇਲ੍ਹ 'ਚੋਂ ਬਾਹਰ ਆਉਣ ਅਤੇ ਇੱਕ ਥਾਂ ਸੰਜੇ ਗਾਂਧੀ ਨਾਲ ਬੈਠਾ ਦਿਖਾਇਆ ਗਿਆ ਹੈ। ਪੰਜਾਬ ਦੇ ਕਾਲੇ ਦੌਰ ਦਾ ਵੀ ਇੱਕ ਸੀਨ ਹੈ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਫ਼ਿਲਮ 'ਤੇ ਰੋਕ ਲਗਾਏ ਜਾਣ ਦੀ ਮੰਗ ਕਰਦਿਆਂ ਕਿਹਾ ਹੈ ਕਿ ਫ਼ਿਲਮ ਵਿਚ ਪੰਜਾਬ ਅਤੇ ਸਿੱਖਾਂ ਦੀ ਬਦਨਾਮੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਕਿਸਾਨਾਂ ਅਤੇ ਸਿੱਖਾਂ ਦੀ ਆਲੋਚਕ ਹੈ ਜਿਸ ਕਰਕੇ ਫ਼ਿਲਮ 'ਤੇ ਪਾਬੰਦੀ ਲਈ ਕਦਮ ਚੁੱਕਣੇ ਚਾਹੀਦੇ ਹਨ।

# ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਹੋ ਕੇ ਜਬਰੀ ਰੂਸੀ ਫ਼ੌਜ 'ਚ ਭਰਤੀ ਹੋ ਕੇ 'ਲਾਪਤਾ' ਹੋਏ ਕਈ ਭਾਰਤੀ

## ਪਰਿਵਾਰਕ ਮੈਂਬਰਾਂ ਨੇ ਵਿਦੇਸ਼ ਮੰਤਰਾਲੇ ਨੂੰ ਲਾਈ ਗੁਹਾਰ

ਨਵੀਂ ਦਿੱਲੀ : 'ਆਪ ਮੁਹਾਰੇ ਫਸੀਏ ਨੱਢੀਏ! ਤੈਨੂੰ ਹੁਣ ਕੌਣ ਫੜਾਏ ਬਾਂਹ।' ਟਰੈਵਲ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਹੋ ਕੇ ਜਬਰੀ ਰੂਸੀ ਫ਼ੌਜ 'ਚ ਭਰਤੀ ਹੋਏ ਭਾਰਤੀ ਮੂਲ ਦੇ 'ਲਾਪਤਾ' ਨਾਗਰਿਕਾਂ ਦੀ ਪਿਛਲੇ ਤਕਰੀਬਨ ਇਕ ਸਾਲ ਤੋਂ ਕੋਈ ਉੱਘ-ਸੁੱਘ ਨਾ ਮਿਲਣ 'ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸਰਕਾਰੀ ਮਦਦ ਲਈ ਗੁਹਾਰ ਲਾ ਰਹੇ ਹਨ। ਇਸੇ ਕਵਾਇਦ ਹੇਠ ਵੀਰਵਾਰ ਨੂੰ ਵੀ ਅਜਿਹੇ 10 ਪਰਿਵਾਰਾਂ ਦੇ ਵਫ਼ਦ ਨੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰ ਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਛੇਤੀ ਤੋਂ ਛੇਤੀ ਵਾਪਸ ਲਿਆਉਣ ਦੀ ਅਪੀਲ ਕੀਤੀ, ਪਰ ਉਨ੍ਹਾਂ ਦੇ ਹੱਥ ਇਕ ਵਾਰ ਫਿਰ ਫੋਕੇ ਸਰਕਾਰੀ ਭਰੋਸਿਆਂ ਤੋਂ ਇਲਾਵਾ ਕੁਝ ਨਾ ਆਇਆ ਤੇ ਉਹ ਜਿਵੇਂ ਉੱਪਰ ਲਿਖੀਆਂ ਤੁਕਾਂ ਦੁਹਰਾਉਂਦੇ ਨਜ਼ਰ ਆਏ। ਪੰਜਾਬ ਦੇ ਜਲੰਧਰ ਦੇ ਜਗਦੀਪ ਕੁਮਾਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਭਰਾ ਮਨਦੀਪ ਕੁਮਾਰ ਨਾਲ ਆਖਰੀ ਵਾਰ 3 ਮਾਰਚ 2024 ਨੂੰ ਗੱਲ ਹੋਈ ਸੀ। ਸਿਰਫ਼ 20-25 ਸੈਕੰਡ ਦੀ ਫ਼ੋਨ ਕਾਲ ਉਸਨੇ ਕਿਸੇ ਕਮਾਂਡਰ ਦੇ ਫ਼ੋਨ ਤੋਂ ਕੀਤੀ ਸੀ। ਉਸ ਤੋਂ ਬਾਅਦ ਮਨਦੀਪ ਕੁਮਾਰ ਨਾਲ ਕੋਈ ਰਾਬਤਾ ਨਹੀਂ ਹੋਇਆ। ਜਗਦੀਪ ਨੇ ਦੱਸਿਆ ਕਿ ਉਸਦਾ ਭਰਾ ਜੋ ਪਹਿਲਾਂ ਅਰਮੀਨੀਆ ਗਿਆ ਸੀ, ਫੇਸਬੁੱਕ 'ਚ ਇਕ ਇਸ਼ਤਿਹਾਰ ਰਾਹੀਂ ਇਟਲੀ ਜਾਣ ਲਈ ਨਿਕਲਿਆ ਸੀ। ਤਕਰੀਬਨ 35 ਲੱਖ ਰੁਪਏ ਦੀ ਵਸੂਲੀ ਕਰਨ ਵਾਲੇ ਇਕ ਏਜੰਟ, ਜੋ ਗੁਰਦਾਸਪੁਰ ਦਾ ਹੈ, ਦੇ ਖ਼ਿਲਾਫ਼ ਕੇਸ ਵੀ ਦਰਜ ਕੀਤਾ, ਪਰ ਕੋਈ ਵੀ ਕਾਰਵਾਈ ਨਾ ਹੋਈ। ਜਿਸ 'ਤੇ ਜਗਦੀਪ ਨੇ ਕੇਂਦਰ ਸਰਕਾਰ ਨੂੰ ਗੁਹਾਰ ਲਾਉਣੀ ਸ਼ੁਰੂ ਕੀਤੀ। ਇਸ ਤੋਂ ਪਹਿਲਾਂ ਵੀ ਜਗਦੀਪ ਨਵੰਬਰ ਮਹੀਨੇ 'ਚ ਵਿਦੇਸ਼ ਮੰਤਰਾਲੇ ਨੂੰ ਭਰਾ ਦਾ ਪਤਾ ਲਾਉਣ ਲਈ ਦਿੱਲੀ ਗੇੜਾ ਲਾ ਕੇ ਆਏ ਸਨ। ਜਗਦੀਪ ਵਾਂਗ ਹੋਰ ਵੀ ਕਈ ਭਾਰਤੀ ਮੂਲ ਦੇ ਨਾਗਰਿਕਾਂ ਦੇ ਰਿਸ਼ਤੇਦਾਰ ਜਿਨ੍ਹਾਂ 'ਚ ਜੰਮੂ-ਕਸ਼ਮੀਰ ਦੇ ਐਜਾਜ਼, ਉੱਤਰ ਪ੍ਰਦੇਸ਼ ਦੇ ਪਵਨ ਆਦਿ ਵੀ ਸ਼ਾਮਿਲ ਹਨ। ਇਹ ਸਾਰੇ ਆਪੋ-ਆਪਣੀਆਂ ਸੂਬਾ ਸਰਕਾਰਾਂ ਦੀ ਪੁਲਿਸ ਦੇ ਢਿੱਲੇ-ਮੱਠੇ ਰਵੱਈਏ ਤੋਂ ਕਾਫ਼ੀ ਖ਼ਫ਼ਾ ਸਨ ਅਤੇ ਦਿੱਲੀ



ਰੂਸ 'ਚ ਫਸੇ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਮੁਲਕਾਤ ਦੇ ਬਾਅਦ ਜਾਣਕਾਰੀ ਦਿੰਦੇ ਹੋਏ।

ਦੇ ਕਈ ਗੇੜੇ ਲਾ ਚੁੱਕੇ ਸਨ। ਵੀਰਵਾਰ ਨੂੰ ਦਿੱਲੀ 'ਚ ਇਕੱਠੇ ਹੋਏ ਇਨ੍ਹਾਂ 10 ਨੌਜਵਾਨਾਂ 'ਚੋਂ ਜੋ ਕਿ 'ਲਾਪਤਾ' ਰੂਸੀ ਫ਼ੌਜੀਆਂ ਦੇ ਪਰਿਵਾਰਕ ਮੈਂਬਰ ਸਨ, ਨੇ ਵਿਦੇਸ਼ ਮੰਤਰਾਲੇ 'ਚ ਵਧੀਕ ਸਕੱਤਰ ਚਰਨਜੀਤ ਸਿੰਘ ਨਾਲ ਮੁਲਾਕਾਤ ਕਰ ਕੇ ਅਪੀਲ ਕੀਤੀ ਕਿ ਸਰਕਾਰ ਉਨ੍ਹਾਂ ਨੂੰ ਰੂਸ ਪਹੁੰਚਾਉਣ 'ਚ ਮਦਦ ਕਰੇ ਤਾਂ ਜੋ ਪਤਾ ਕਰ ਸਕਣ ਕਿ ਉਨ੍ਹਾਂ ਦੇ ਅਜ਼ੀਜ਼ਾਂ ਦੇ ਕੀ ਹਾਲ ਹਨ। ਹਾਲਾਂਕਿ ਮੰਤਰਾਲੇ ਵਲੋਂ ਰੂਸ ਜਾਣ ਲਈ ਖ਼ਰਚੇ ਲਈ ਕੋਰੀ ਨਾਂਹ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਕੋਲ ਇਸ ਸੰਬੰਧ 'ਚ ਬਜਟ ਨਹੀਂ ਹੈ। ਉਨ੍ਹਾਂ ਰੂਸ ਪੁੱਜਣ 'ਤੇ ਦੂਤਘਰ ਵਲੋਂ ਸਹਿਯੋਗ ਦਿਵਾਉਣ ਅਤੇ ਰੂਸੀ ਭਾਸ਼ਾ ਦੇ ਟਰਾਂਸਲੇਟਰ (ਦੁਭਾਸ਼ੀਆ) ਮੁਹੱਈਆ ਕਰਵਾਉਣ ਲਈ ਹਾਮੀ ਭਰੀ ਹੈ। ਜਗਦੀਪ ਵਲੋਂ ਦਿੱਤੀ ਜਾਣਕਾਰੀ ਮੁਤਾਬਿਕ ਉਸ ਸਮੇਤ 5 ਜਣੇ ਇਸ ਮਹੀਨੇ ਦੇ ਅਖੀਰ ਤੱਕ (25 ਤੋਂ 30 ਜਨਵਰੀ ਦਰਮਿਆਨ) ਰੂਸ ਜਾਣ ਬਾਰੇ ਵਿਚਾਰ ਕਰ ਰਹੇ ਹਨ। ਹਾਸਿਲ ਜਾਣਕਾਰੀ ਮੁਤਾਬਿਕ ਰੂਸ-ਯੂਕਰੇਨ ਜੰਗ 'ਚ ਕਈ ਭਾਰਤੀ ਨਾਗਰਿਕਾਂ ਨੂੰ ਟਰੈਵਲ ਏਜੰਟਾਂ ਦੀ ਠੱਗੀ ਕਾਰਨ ਉਥੋਂ ਦੇ ਫ਼ੌਜੀਆਂ ਨਾਲ ਫ਼ੌਜ 'ਚ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਜਗਦੀਪ ਨੇ ਦੱਸਿਆ ਕਿ ਭਾਰਤ ਸਰਕਾਰ ਵਲੋਂ ਦਿੱਤੇ ਅੰਕੜਿਆਂ ਮੁਤਾਬਿਕ ਕੁੱਲ 22 ਭਾਰਤੀ ਮੂਲ ਦੇ ਨਾਗਰਿਕ, ਜੋ ਰੂਸੀ ਫ਼ੌਜ 'ਚ ਸਨ, ਲਾਪਤਾ ਹਨ। ਕੇਰਲ ਦੇ ਇਕ ਵਿਅਕਤੀ ਦੀ ਗੋਲੀਬਾਰੀ 'ਚ ਮੌਤ ਦੀ ਖ਼ਬਰ ਮਿਲੀ ਹੈ ਅਤੇ ਇਕ ਹੋਰ ਭਾਰਤੀ ਦੇ ਹਸਪਤਾਲ 'ਚ ਭਰਤੀ ਹੋਣ ਦੀ ਖ਼ਬਰ ਮਿਲੀ ਹੈ। ਇਹ ਦੋਵੇਂ ਉਨ੍ਹਾਂ 'ਲਾਪਤਾ' ਵਿਅਕਤੀਆਂ ਦੀ ਸੂਚੀ ਤੋਂ ਵੱਖ ਹਨ ਜਿਸ ਤੋਂ ਬਾਅਦ ਇਹ ਖਦਸ਼ਾ ਹੋਰ ਵਧ ਗਿਆ ਕਿ ਉਥੇ ਹੋਰ ਵੀ ਭਾਰਤੀ ਹਨ। ਇਨ੍ਹਾਂ ਖਦਸ਼ਿਆਂ ਨੂੰ ਲੈ ਕੇ ਹੀ 10 ਲਾਪਤਾ ਨਾਗਰਿਕਾਂ ਦੇ ਪਰਿਵਾਰਕ ਮੈਂਬਰ ਮੁੜ ਵਿਦੇਸ਼ ਮੰਤਰਾਲੇ ਕੋਲ ਜਵਾਬ ਲੈਣ ਲਈ ਗਏ ਸਨ।

**ਮਲੇਰਕੋਟਲਾ ਦੇ ਇਕ ਹੋਰ ਨਿਵਾਸੀ ਦੇ ਵੀ ਲਾਪਤਾ ਹੋਣ ਦੀ ਪੁਸ਼ਟੀ :** ਪੰਜਾਬ ਸਮੇਤ ਹੋਰ ਰਾਜਾਂ ਦੇ ਲੋਕ ਜਦ ਰੂਸੀ ਫ਼ੌਜ 'ਚ ਜਬਰੀ ਭਰਤੀ ਹੋਏ ਅਤੇ ਲਾਪਤਾ ਹੋਏ ਆਪਣੇ ਅਜ਼ੀਜ਼ਾਂ ਦਾ ਥਹੁ-ਪਤਾ ਲੱਭਣ ਲਈ ਵੀਰਵਾਰ ਨੂੰ ਦਿੱਲੀ 'ਚ ਖੱਜਲ-ਖੁਆਰ ਹੋ ਰਹੇ ਸਨ, ਉਸ ਵੇਲੇ ਹੀ ਪੰਜਾਬ ਦੇ ਮਲੇਰਕੋਟਲਾ ਦੇ ਇਕ ਹੋਰ ਨੌਜਵਾਨ ਦੇ ਲਾਪਤਾ ਹੋਣ ਦੀ ਵੀ ਪੁਸ਼ਟੀ ਹੋਈ।

**ਰੂਸ ਤੋਂ ਪਰਤੇ ਅਰਬਾਬ ਹੁਸੈਨ ਵੀ ਸਨ ਨਾਲ :** 'ਲਾਪਤਾ' ਰੂਸੀ ਫ਼ੌਜ 'ਚ ਭਰਤੀ ਭਾਰਤੀ ਮੂਲ ਦੇ ਨਾਗਰਿਕਾਂ ਦੇ ਅਜ਼ੀਜ਼ਾਂ ਦੇ ਵਫ਼ਦ ਦੇ ਨਾਲ ਉਥੋਂ ਪਰਤੇ ਅਰਬਾਬ ਹੁਸੈਨ ਵੀ ਉਨ੍ਹਾਂ ਦੇ ਨਾਲ ਸਨ। ਉੱਤਰ ਪ੍ਰਦੇਸ਼ ਦੇ ਕਾਸਗੰਜ ਨਾਲ ਸੰਬੰਧਿਤ ਅਰਬਾਬ ਹੁਸੈਨ ਦੇ ਨਾਲ ਜੰਮੂ-ਕਸ਼ਮੀਰ ਦੇ ਜ਼ਹੂਰ ਅਹਿਮਦ ਅਤੇ ਹੈਦਰਾਬਾਦ ਤੋਂ ਮੁਹੰਮਦ ਅਸ਼ਵਾਂਕ ਵੀ ਇਕੱਠੇ ਰੂਸੀ ਫ਼ੌਜ 'ਚ ਭਰਤੀ ਹੋਏ ਸਨ। ਇਹ ਸਾਰੀਆਂ ਭਰਤੀਆਂ ਫੇਸਬੁੱਕ ਦੇ ਇਸ਼ਤਿਹਾਰਾਂ ਅਤੇ ਟਰੈਵਲ ਏਜੰਟਾਂ ਦੀਆਂ ਠੱਗੀਆਂ ਕਾਰਨ ਹੀ ਹੋਈਆਂ।

# ਸਾਬਕਾ ਪ੍ਰਧਾਨ ਮੰਤਰੀ ਨੇ ਦੁਨੀਆ ਵਿੱਚ ਸਿੱਖ ਪਛਾਣ ਤੇ ਕਿਰਦਾਰ ਨੂੰ ਸਥਾਪਤ ਕੀਤਾ: ਜਥੇਦਾਰ ਮਨਜੀਤ ਸਿੰਘ

## ਮਨਮੋਹਨ ਸਿੰਘ ਦੀ 'ਸਿੱਖ ਪਛਾਣ ਨੂੰ ਦੇਣ' ਵਿਸ਼ੇ 'ਤੇ ਸੈਮੀਨਾਰ




ਚੰਡੀਗੜ੍ਹ : ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ 'ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਿੱਖ ਪਛਾਣ ਨੂੰ ਦੇਣ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਿਮਰਤਾ, ਸਾਦਗੀ, ਸਪੱਸ਼ਟਤਾ ਤੇ ਇਮਾਨਦਾਰੀ ਮਨਮੋਹਨ ਸਿੰਘ ਵਿਚ ਸੀ ਅਤੇ ਇਹ ਉਹਨਾਂ ਦੀ ਪਤਨੀ ਗੁਰਸ਼ਰਨ ਕੌਰ ਅਤੇ ਉਹਨਾਂ ਦੀਆਂ ਧੀਆਂ ਵਿੱਚ ਵੀ ਹੈ।

ਉਹਨਾਂ ਕਿਹਾ ਕਿ ਜਦ ਵੀ ਉਹ ਕਦੇ ਅੰਤਰ-ਰਾਸ਼ਟਰੀ ਸਰਬ ਧਰਮ ਸੰਮੇਲਨਾਂ ਵਿਚ ਸ਼ਾਮਿਲ ਹੋਏ ਹਨ ਤਾਂ ਉੱਥੇ ਚਰਚ ਆਫ ਇੰਗਲੈਂਡ ਦੇ ਮੁਖੀ, ਵਿਸ਼ਵ ਬੈਂਕ ਦੇ ਮੁਖੀ ਅਤੇ ਹੋਰ ਦੇਸ਼ਾਂ ਦੇ ਧਰਮ ਪੁਰਸ਼ਾਂ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਜਾਂਦਾ ਸੀ ਕਿਉਂਕਿ ਉਹ ਮਨਮੋਹਨ ਸਿੰਘ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਤ ਸਨ। ਉਹਨਾਂ ਨੇ ਕਿਹਾ ਜਿਥੇ ਮਨਮੋਹਨ ਸਿੰਘ ਦੇ ਸਰੂਪ ਨੇ ਦੁਨੀਆਂ ਦੇ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਨਾਲ ਸਬੰਧਤ ਲੋਕਾਂ ਦਾ ਧਿਆਨ ਖਿੱਚਿਆ ਹੈ, ਉੱਥੇ ਉਹਨਾਂ ਦੀ ਬੇਦਾਗ ਸ਼ਖ਼ਸੀਅਤ ਨੇ ਦੁਨੀਆਂ ਨੂੰ ਦੱਸ ਦਿੱਤਾ ਹੈ ਕਿ ਇਕ ਸਿੱਖ ਦਾ ਕਿਰਦਾਰ ਕਿਹੋ ਜਿਹਾ ਹੁੰਦਾ ਹੈ।

ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਇਕ ਸਾਜਿਸ਼ ਤਹਿਤ ਡਾ. ਮਨਮੋਹਨ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ ਉਭਾਰੇ ਗਏ ਸਨ। ਇਸ ਤੋਂ ਮੇਰੇ ਸਮੇਤ ਬੁਹਤ ਸਾਰੇ ਲੋਕ ਪ੍ਰਭਾਵਿਤ ਵੀ ਹੋਏ ਸਨ ਪਰ ਇਤਿਹਾਸ ਨੇ ਸਾਬਤ ਕਰ ਦਿੱਤਾ ਕਿ ਉਹ ਬੇਦਾਗ ਸਨ। ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਗਿਲਾ ਹੈ ਕਿ ਪੰਜਾਬ ਦੇ ਸਿੱਖਾਂ ਨੇ ਉਹਨਾਂ ਦਾ ਸਾਥ ਨਾ ਦਿੱਤਾ।

ਕੇਂਦਰੀ ਸਿੰਘ ਸਭਾ ਦੇ ਮੈਂਬਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸੰਵਿਧਾਨ ਅਨੁਸਾਰ ਪਹਿਲਾਂ ਜ਼ਮੀਨ ਸਟੇਟ ਦੀ ਹੁੰਦੀ ਸੀ ਪਰ ਮਨਮੋਹਨ ਸਿੰਘ ਇਕ ਕਾਨੂੰਨ ਲੈ ਕੇ ਆਇਆ ਸੀ ਕਿ ਜ਼ਮੀਨ ਅਕੁਆਇਰ ਕਰਨ ਤੋਂ ਪਹਿਲਾਂ ਜ਼ਮੀਨ-ਮਾਲਕ ਦੀ ਰਜ਼ਾਮੰਦੀ ਲਈ ਜਾਵੇ।

ਡਾ. ਹਰਸ਼ਿੰਦਰ ਕੌਰ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਵਰਗਾ ਬਹੁਪੱਖੀ ਮਨੁੱਖ ਸਦੀਆਂ ਬਾਅਦ ਪੈਦਾ ਹੁੰਦਾ ਹੈ, ਜੋ ਇਤਿਹਾਸ ਦਾ ਵਹਿਣ ਮੋੜ ਸਕਦਾ ਹੈ। ਉਹਨਾਂ ਕਿਹਾ ਕਿ ਅੱਜ ਸਿੱਖ ਇੱਕ ਦੂਜੇ ਦੀਆਂ ਪੱਗਾਂ ਉਤਾਰਨ ਵਿਚ ਰੁੱਝੇ ਹੋਏ ਹਨ, ਜਦ ਕਿ ਮਨਮੋਹਨ ਸਿੰਘ ਨੇ ਸਿੱਖਾਂ ਦੀ ਪੱਗ ਨੂੰ ਦੁਨੀਆ-ਭਰ ਵਿੱਚ ਉੱਚਾ ਕੀਤਾ ਸੀ।

ਲੇਖਕ ਰਾਜਵਿੰਦਰ ਸਿੰਘ ਰਾਹੀ ਨੇ ਕਿਹਾ ਕਿ ਮਨਮੋਹਨ ਸਿੰਘ ਜੋ ਮਨਰੇਗਾ ਦੀ ਸਕੀਮ ਲੈ ਕੇ ਆਇਆ ਸੀ, ਉਸ ਨਾਲ ਦਲਿਤ ਵਰਗ ਦੇ ਕਰੋੜਾਂ ਲੋਕਾਂ ਨੂੰ ਗਰੀਬੀ ਤੋਂ ਰਾਹਤ ਮਿਲੀ ਹੈ ਤੇ ਉਹਨਾਂ ਦਾ ਜੀਵਨ ਪੱਧਰ ਉੱਚਾ ਹੋਣ ਲੱਗਿਆ ਹੈ।

ਡਾ. ਪਿਆਰਾ ਲਾਲ ਗਰਗ ਨੇ ਕਿਹਾ ਕਿ ਭਾਵੇਂ ਡਾ. ਮਨਮੋਹਨ ਸਿੰਘ ਨੇ ਵਰਲਡ ਬੈਂਕ ਦੀਆਂ ਉਹੋ ਨੀਤੀਆਂ ਲਾਗੂ ਕੀਤੀਆਂ ਹਨ, ਜਿਹਨਾਂ ਨਾਲ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਹੋਇਆ ਹੈ, ਪਰ ਉਹਨਾਂ ਨੇ ਭਾਰਤੀ ਅਰਥਚਾਰੇ ਨੂੰ ਉਸ ਸਮੇਂ ਪੈਰਾਂ ਸਿਰ ਖੜਾ ਕੀਤਾ ਜਦੋਂ ਇਹ ਦੀਵਾਲੀਆਂ ਹੋਣ ਦੇ ਕਿਨਾਰੇ ਸੀ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਸਿੱਖੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਉਹ ਹਰ ਕਾਰਜ ਗੁਰੂ ਸਾਹਿਬ ਤੋਂ ਆਸ਼ੀਰਵਾਦ ਲੈਕੇ ਸ਼ੁਰੂ ਕਰਦੇ ਸਨ। ਉਹਨਾਂ ਕਿਹਾ ਕਿ ਉਹਨਾਂ ਦਾ ਕੀਰਤਨ ਨਾਲ ਪਿਆਰ ਸੀ, ਜਿਸ ਕਰਕੇ ਭਾਈ ਨਿਰਮਲ ਸਿੰਘ ਖ਼ਾਲਸਾ ਨੂੰ ਪਦਮ ਸ੍ਰੀ ਦੇਣ ਦੀ ਸਿਫਾਰਸ਼ ਕੀਤੀ ਸੀ। ਉਹਨਾਂ ਕਿਹਾ ਕਿ ਰਾਗੀ ਢਾਡੀ ਤਾਂ ਹੋਰ ਵੀ ਹੋਣਗੇ ਪਰ ਨਿਰਮਲ ਸਿੰਘ ਖ਼ਾਲਸਾ ਦੀ ਚੋਣ, ਇਸ ਕਰਕੇ ਵੀ ਮਹੱਤਵ ਰੱਖਦੀ ਹੈ ਕਿ ਉਹ ਅਖੌਤੀ ਨੀਵੀਆਂ ਜਾਤੀਆਂ ਵਿੱਚੋਂ ਸਨ ਤੇ ਡਾ. ਮਨਮੋਹਨ ਸਿੰਘ ਨੂੰ ਪਤਾ ਸੀ ਕਿ ਗੁਰੂ ਨਾਨਕ ਸਾਹਿਬ ਹਰ ਗਰੀਬ ਵਰਗ ਨਾਲ ਖੜੇ ਹਨ।

ਮਾਲਵਿੰਦਰ ਸਿੰਘ ਮਾਲੀ ਨੇ ਕਿਹਾ ਕਿ ਜਦ 2008 ਵਿਚ ਮਨਮੋਹਨ ਸਿੰਘ ਦੀ ਸਰਕਾਰ ਵਿਰੁੱਧ ਬੇਭਰੋਸਗੀ ਦਾ ਮਤਾ ਲਿਆਂਦਾ ਗਿਆ ਸੀ ਤਾਂ ਟੌਹੜਾ ਸਾਹਿਬ ਦੇ ਕਹਿਣ 'ਤੇ ਐਮ.ਪੀ ਸੁਖਦੇਵ ਸਿੰਘ ਲਿਬੜਾ ਨੇ ਵਿਪ ਦੀ ਉਲੰਘਣਾ ਕਰਕੇ ਮਨਮੋਹਨ ਸਿੰਘ ਦੇ ਹੱਕ ਵਿੱਚ ਵੋਟ ਪਾਈ ਸੀ।

ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਮਨਮੋਹਨ ਸਿੰਘ, ਰਾਈਟ ਟੂ ਫੂਡ, ਰਾਈਟ ਟੂ ਇਨਫਰਮੇਸ਼ਨ ਵਰਗੇ ਕਾਨੂੰਨ ਲੈ ਕੇ ਆਏ ਸਨ। ਪੱਤਰਕਾਰ ਹਰਬੰਸ ਸਿੰਘ ਸੋਢੀ ਨੇ ਕਿਹਾ ਕਿ ਆਕਸਫੋਰਡ ਯੂਨੀਵਰਸਿਟੀ ਨੇ ਯੂ.ਕੇ. ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਸਕਾਲਰਸ਼ਿੱਪ ਸ਼ੁਰੂ ਕੀਤੀ ਹੋਈ ਹੈ, ਜਿੱਥੇ ਬੱਚਿਆਂ ਨੂੰ ਜਪੁਜੀ ਸਾਹਿਬ ਵੀ ਪੜ੍ਹਾਇਆ ਜਾਂਦਾ ਹੈ। ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ ਦੇ ਸਕੱਤਰ ਜਨਰਲ, ਕਰਨਲ ਜਗਤਾਰ ਸਿੰਘ ਮੁਲਤਾਨੀ ਨੇ ਕਿਹਾ ਕਿ ਮਨਮੋਹਨ ਸਿੰਘ ਨੇ ਸਕਾਲਰਸ਼ਿੱਪ ਦੀ ਸਕੀਮ ਲਿਆਂਦੀ ਸੀ, ਜਿਸ ਨਾਲ ਸਿੱਖਾਂ ਸਮੇਤ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਫਾਇਦਾ ਹੋ ਰਿਹਾ ਹੈ। ਦਿਆ ਸਿੰਘ ਦਿੱਲੀ ਨੇ ਕਿਹਾ ਕਿ ਮਨਮੋਹਨ ਸਿੰਘ ਨੇ ਮੁਸਲਮਾਨਾਂ ਲਈ ਸੱਚਰ ਕਮਿਸ਼ਨ ਕਾਇਮ ਕੀਤਾ ਸੀ।

# ਕੰਪਿਊਟਰ ਅਧਿਆਪਕਾਂ ਨੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

## ਸਰਕਾਰ 'ਤੇ ਵਾਅਦਾਖਿਲਾਫ਼ੀ ਦੇ ਦੋਸ਼; ਭੁੱਖ ਹੜਤਾਲ ਜਾਰੀ



ਸੰਗਰੂਰ : ਕੰਪਿਊਟਰ ਅਧਿਆਪਕਾਂ ਵੱਲੋਂ ਡੀਏ ਵਿੱਚ ਵਾਧੇ ਨੂੰ ਅੱਧ ਅਧੂਰਾ ਗਰਦਾਨਦਿਆਂ ਜਾਰੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਦੌਰਾਨ ਸਰਕਾਰ 'ਤੇ ਵਾਅਦਾਖ਼ ?ਲਾਫ਼ੀ ਕਰਨ ਦਾ ਦੋਸ਼ ਲਾਉਂਦਿਆਂ ਨਾਅਰੇਬਾਜ਼ੀ ਕੀਤੀ ਗਈ। ਸੰਘਰਸ਼ਸੀਲ ਅਧਿਆਪਕਾਂ ਦਾ ਦਾਅਵਾ ਹੈ ਕਿ ਪਿਛਲੇ ਦਿਨੀਂ ਮੀਟਿੰਗਾਂ ਵਿੱਚ ਸਬ ਕਮੇਟੀ ਤੇ ਸਿੱਖਿਆ ਮੰਤਰੀ ਨਾਲ ਬਣੀ ਸਹਿਮਤੀ ਮਗਰੋਂ ਸਭ ਕੁੱਝ ਉਲਟ ਫੇਰ ਕਰਨਾ ਅਧਿਆਪਕਾਂ ਨਾਲ ਕੋਝਾ ਮਜ਼ਾਕ ਹੈ। ਅੱਜ ਕੰਪਿਊਟਰ ਅਧਿਆਪਕਾ ਨੇ ਸੰਗਰੂਰ ਧਰਨੇ ਵਾਲੇ ਸਥਾਨ ਤੋਂ ਲਾਲ ਬੱਤੀ ਚੌਕ ਤੱਕ ਰੋਸ ਮਾਰਚ ਕੀਤਾ ਅਤੇ ਵਿੱਤ ਵਿਭਾਗ ਪੰਜਾਬ ਵੱਲੋਂ ਜਾਰੀ ਕੀਤੇ ਡੀਏ ਦੀਆਂ ਕਾਪੀਆਂ ਸਾੜੀਆਂ। ਇਸ ਰੋਸ ਪ੍ਰਦਰਸ਼ਨ ਵਿੱਚ ਜਥੇਬੰਦੀ ਦੇ ਸੀਨੀਅਰ ਆਗੂ ਪਰਦੀਪ ਕੁਮਾਰ ਬੱਬੇਹਾਲੀ, ਰਘਬੀਰ ਸਿੰਘ, ਗੁਰਦੀਪ ਚੰਦ, ਰਮਨ ਵਸ਼ਿਸ਼ਟ, ਬਲਜੀਤ ਸਿੰਘ, ਭੁਪਿੰਦਰ ਸਿੰਘ ਨਵਾਂਸ਼ਹਿਰ ਅਤੇ ਜ਼ਿਲ੍ਹਾ ਸੰਗਰੂਰ ਤੋਂ ਨਰਦੀਪ ਸ਼ਰਮਾ, ਤੇਜਿੰਦਰ ਬਾਂਸਲ, ਹਰਵਿੰਦਰ ਸਿੰਘ, ਰਾਜਪਾਲ ਸਿੰਘ, ਹਰਪ੍ਰੀਤ ਸਿੰਘ, ਪੁਸ਼ਪਿੰਦਰ ਰਤਨ, ਜਸਬੀਰ ਸਿੰਘ, ਸੁਮਿੱਤ ਖੁਰਾਣਾ ਨੇ ਕਿਹਾ ਜੋ ਵਿੱਤ ਅਤੇ ਸਿੱਖਿਆ ਵਿਭਾਗ ਨਾਲ ਸਹਿਮਤੀ ਬਣੀ ਸੀ ਉਸ ਅਨੁਸਾਰ ਕੰਪਿਊਟਰ ਅਧਿਆਪਕਾਂ ਤੇ ਅਣ-ਰਿਵਾਈਜਡ ਫਾਰਮੂਲੇ ਤਹਿਤ ਸਟੇਟ ਨਾਲ ਜੋੜ ਕੇ ਡੀਏ ਜਾਰੀ ਕਰਨ 'ਤੇ ਸਹਿਮਤੀ ਬਣੀ ਸੀ ਪਰ ਅੱਜ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਤੋ ਫਰੀਜ ਡੀਏ ਵਿੱਚ ਨਿਗੂਣਾ ਵਾਧਾ ਕਰਕੇ ਪੰਜਾਬ ਭਰ ਦੇ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਨਿਰਾਸ਼ ਕੀਤਾ ਗਿਆ ਹੈ। ਇਸ ਨਾਲ ਕੰਪਿਊਟਰ ਅਧਿਆਪਕਾਂ ਵਿੱਚ ਰੋਸ ਹੈ।

ਉਧਰ, ਸੰਗਰੂਰ ਦੇ ਡੀਸੀ ਦਫ਼ਤਰ ਦੇ ਬਾਹਰ ਕੰਪਿਊਟਰ ਅਧਿਆਪਕਾਂ ਦੀ ਭੁੱਖ ਹੜਤਾਲ 142ਵੇਂ ਦਿਨ ਵਿੱਚ ਦਾਖਲ ਹੋ ਗਈ ਹੈ ਅਤੇ ਰਣਜੀਤ ਸਿੰਘ ਦਾ ਮਰਨ ਵਰਤ 18ਵੇ ਦਿਨ ਵਿੱਚ ਸ਼ਾਮਲ ਹੋ ਚੁੱਕਿਆ ਹੈ।

# ਇੰਦਰਜੀਤ ਕੌਰ ਬਣੀ ਲੁਧਿਆਣਾ ਦੀ ਪਹਿਲੀ ਮਹਿਲਾ ਮੇਅਰ

## ਰਾਕੇਸ਼ ਪਰਾਸ਼ਰ ਸੀਨੀਅਰ ਡਿਪਟੀ ਮੇਅਰ ਅਤੇ ਪ੍ਰਿੰਸ ਜੌਹਰ ਨੂੰ ਡਿਪਟੀ ਮੇਅਰ ਚੁਣਿਆ



ਲੁਧਿਆਣਾ : ਸੂਬੇ ਦੀ ਸਭ ਤੋਂ ਵੱਡੀ ਨਗਰ ਨਿਗਮ ਲੁਧਿਆਣਾ 'ਚ ਪਹਿਲੀ ਵਾਰ ਮੇਅਰ ਦਾ ਅਹੁਦਾ ਮਹਿਲਾ ਨੇ ਸੰਭਾਲਿਆ ਹੈ। ਅੱਜ ਸਵੇਰੇ ਗੁਰੂ ਨਾਨਕ ਦੇਵ ਭਵਨ ਵਿੱਚ ਸਹੁੰ ਚੁੱਕ ਸਮਾਗਮ ਤੋਂ ਬਾਅਦ ਪ੍ਰਿੰਸੀਪਲ ਇੰਦਰਜੀਤ ਕੌਰ ਨੂੰ ਮੇਅਰ ਬਣਾਉਣ ਦਾ ਮਤਾ ਰੱਖਿਆ ਗਿਆ, ਜਿਸ ਵਿੱਚ ਸਭ ਨੇ ਹੱਥ ਖੜ੍ਹੇ ਕਰ ਕੇ ਆਪਣੀ ਵੋਟ ਦਿੱਤੀ। ਉਨ੍ਹਾਂ ਦੇ ਨਾਂ ਦਾ ਐਲਾਨ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੀਤਾ। ਇਸ ਤੋਂ ਇਲਾਵਾ ਛੇਵੀਂ ਵਾਰ ਕੌਂਸਲਰ ਬਣੇ ਰਾਕੇਸ਼ ਪਰਾਸ਼ਰ ਨੂੰ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਪ੍ਰਿੰਸ ਜੌਹਰ ਨੂੰ ਚੁਣਿਆ ਗਿਆ। ਪ੍ਰਿੰਸੀਪਲ ਇੰਦਰਜੀਤ ਕੌਰ ਨੇ ਆਮ ਆਦਮੀ ਪਾਰਟੀ ਦੀ ਵੱਲੋਂ ਵਾਰਡ ਨੰਬਰ 13 ਤੋਂ ਚੋਣ ਲੜੀ ਸੀ ਅਤੇ ਪਹਿਲੀ ਵਾਰ ਚੋਣ ਲੜ ਕੇ ਜਿੱਤ ਹਾਸਲ ਕੀਤੀ ਸੀ। ਦੱਸਣਯੋਗ ਹੈ ਕਿ 'ਆਪ' ਸਰਕਾਰ ਵੱਲੋਂ ਨਗਰ ਨਿਗਮ ਲੁਧਿਆਣਾ ਲਈ ਮੇਅਰ ਦੀ ਕੁਰਸੀ ਮਹਿਲਾ ਲਈ ਰਾਖਵੀਂ ਕਰ ਦੱਤੀ ਗਈ ਸੀ। 'ਆਪ' ਕੋਲ ਪਹਿਲਾਂ ਬਹੁਮੱਤ ਨਹੀਂ ਸੀ ਪਰ ਬਾਅਦ 'ਚ ਜੋੜ ਤੋੜ ਕਰ 'ਆਪ' ਨੇ ਦੂਜੀਆਂ ਪਾਰਟੀਆਂ ਦੇ 7 ਕੌਂਸਲਰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਵਾਏ ਤੇ ਆਪਣਾ ਮੇਅਰ ਬਣਾਉਣ ਦਾ ਬਹੁਮੱਤ ਪੂਰਾ ਕੀਤਾ। ਮੇਅਰ ਦੀ ਕੁਰਸੀ ਪਾਉਣ ਦੀ ਦੌੜ ਵਿੱਚ ਨਿਧੀ ਗੁਪਤਾ ਦੇ ਨਾਲ-ਨਾਲ ਕਈ ਮਹਿਲਾ ਕੌਂਸਲਰਾਂ ਦੇ ਨਾਂ ਸ਼ਾਮਲ ਸਨ ਪਰ ਹਲਕਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਦੇ ਸਹਿਯੋਗ ਕਾਰਨ ਪ੍ਰਿੰਸੀਪਲ ਇੰਦਰਜੀਤ ਕੌਰ ਨੂੰ ਮੇਅਰ ਬਣਾਇਆ ਗਿਆ ਹੈ। ਪ੍ਰਿੰਸੀਪਲ ਇੰਦਰਜੀਤ ਕੌਰ ਨੂੰ ਮੇਅਰ ਬਣਾਏ ਜਾਣ ਦਾ ਐਲਾਨ ਕਰਨ ਸਮੇਂ ਸਮੂਹ ਕੌਂਸਲਰਾਂ ਦੇ ਨਾਲ-ਨਾਲ ਸਾਰੇ ਵਿਧਾਇਕ, ਮੰਤਰੀ ਹਰਦੀਪ ਸਿੰਘ ਮੁੰਡੀਆ, ਤਰੁਨਪ੍ਰੀਤ ਸਿੰਘ ਸੌਂਦ ਅਤੇ ਸਾਬਕਾ ਵਿਧਾਇਕ ਗੁਰਪ੍ਰੀਤ ਗੋਗੀ ਦੀ ਪਤਨੀ ਡਾ. ਸੁਖਚੈਨ ਕੌਰ ਗੋਗੀ ਵੀ ਹਾਜ਼ਰ ਸਨ। ਗੁਰੂ ਨਾਨਕ ਦੇਵ ਭਵਨ ਵਿੱਚ ਹੋਏ ਸਹੁੰ ਚੁੱਕ ਸਮਾਗਮ ਵਿੱਚ ਸਾਰੇ ਕੌਂਸਲਰਾਂ ਨੂੰ ਸਭ ਤੋਂ ਪਹਿਲਾਂ ਸਹੁੰ ਚੁਕਾਈ ਗਈ। ਜਿਸ ਤੋਂ ਬਾਅਦ ਜਦੋਂ ਮੇਅਰ ਦਾ ਐਲਾਨ ਕਰਨ ਦੀ ਵਾਰੀ ਆਈ ਤਾਂ 'ਆਪ' ਦੇ ਸਾਰੇ ਕੌਂਸਲਰਾਂ ਨੇ ਹਮਾਇਤ ਕੀਤੀ ਅਤੇ ਉਸ ਤੋਂ ਬਾਅਦ ਛੇਵੀਂ ਵਾਰ ਕੌਂਸਲਰ ਬਣੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਦੇ ਭਰਾ ਰਾਕੇਸ਼ ਪਰਾਸ਼ਰ ਨੂੰ ਸੀਨੀਅਰ ਡਿਪਟੀ ਮੇਅਰ ਬਣਾਉਣ ਦਾ ਐਲਾਨ ਕੀਤਾ ਗਿਆ, ਉਸ ਤੋਂ ਇਲਾਵਾ ਵਾਰਡ ਨੰਬਰ 40 ਤੋਂ ਕੌਂਸਲਰ ਪ੍ਰਿੰਸ ਜੌਹਰ ਨੂੰ ਡਿਪਟੀ ਮੇਅਰ ਦੇ ਅਹੁਦੇ ਲਈ ਚੁਣਿਆ ਗਿਆ। ਜਿਸ ਤੋਂ ਬਾਅਦ ਸਾਰਿਆਂ ਨੇ ਤਿੰਨਾਂ ਨੂੰ ਵਧਾਈ ਦਿੱਤੀ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਇਨ੍ਹਾਂ ਤਿੰਨਾਂ ਨੂੰ ਨਗਰ ਨਿਗਮ ਪਹੁੰਚ ਕੇ ਉਨ੍ਹਾਂ ਦਾ ਚਾਰਜ ਦਿੱਤਾ।

# ਸਿੱਧੂ ਮੂਸੇਵਾਲਾ ਦਾ 'ਲੌਕ' ਗੀਤ 23 ਨੂੰ ਹੋਵੇਗਾ ਜਾਰੀ



ਮਾਨਸਾ : ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ 'ਲੌਕ' ਗੀਤ 23 ਜਨਵਰੀ ਨੂੰ ਗਾਇਕ ਦੇ ਯੂ-ਟਿਊਬ ਚੈਨਲ 'ਤੇ ਜਾਰੀ ਕੀਤਾ ਜਾਵੇਗਾ। ਇਸ ਗਾਣੇ ਦੀ ਸਰੋਤਿਆਂ ਨੂੰ ਬੇਸਬਰੀ ਨਾਲ ਉਡੀਕ ਹੈ। ਦੱਸ ਦੇਈਏ ਕਿ ਇਸ ਗੀਤ ਦਾ ਪੋਸਟਰ ਪਿਛਲੇ ਦਿਨੀਂ ਰਿਲੀਜ਼ ਕੀਤਾ ਗਿਆ ਸੀ। ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਜਾਰੀ ਹੋਣ ਵਾਲਾ ਇਹ ਉਸ ਦਾ 9ਵਾਂ ਗੀਤ ਹੈ। ਨਿਰਮਾਤਾ 'ਦਾ ਕਿਡ' ਕੰਪਨੀ ਹੈ ਜਦਕਿ ਵੀਡੀਓ ਨਵਕਰਨ ਸਿੰਘ ਬਰਾੜ ਨੇ ਬਣਾਈ ਹੈ। ਪ੍ਰਸਿੱਧ ਸੰਗੀਤਕਾਰ ਤੇ ਪ੍ਰੋਡਿਊਸਰ ਕਿਡ ਨੇ ਪੋਸਟਰ ਸ਼ੇਅਰ ਕਰਦਿਆਂ ਲਿਖਿਆ ਹੈ ਕਿ 'ਆਲੇ-ਦੁਆਲੇ ਦੇਖੋ, ਅਸੀਂ ਲੀਡਰ ਹਾਂ, ਅਸੀਂ ਜੋ ਵੀ ਕਰਾਂਗੇ, ਅਸੀਂ ਦੇਖਾਂਗੇ'। ਕਾਬਲੇ ਗ਼ੌਰ ਰਹੇ ਕਿ ਇਸ ਗੀਤ ਦੀ ਵੀਡੀਓ ਦਾ ਫ਼ਿਲਮਾਂਕਣ ਪਿਛਲੇ ਦਿਨੀਂ ਪਿੰਡ ਮੂਸਾ ਵਿਖੇ ਗਾਇਕ ਦੀ ਹਵੇਲੀ ਵਿਖੇ ਹੋਇਆ ਸੀ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦਾ ਦਾਅਵਾ ਹੈ ਕਿ ਇਹ ਗੀਤ ਨਿਵੇਕਲੀ ਕਿਸਮ ਦਾ ਹੋਵੇਗਾ, ਜੋ ਵਿਸ਼ਵ ਭਰ ਦੇ ਸੰਗੀਤਕ ਹਲਕੇ 'ਚ ਤਹਿਲਕਾ ਮਚਾ ਦੇਵੇਗਾ। ਗਾਇਕ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਸਿੱਧੂ ਮੂਸੇਵਾਲਾ ਦੇ 3 ਦਰਜਨ ਤੋਂ ਵਧੇਰੇ ਗੀਤ ਰਿਕਾਰਡ ਹੋਏ ਪਏ ਹਨ, ਜਿਨ੍ਹਾਂ ਨੂੰ ਕੁਝ ਵਕਫ਼ੇ ਬਾਅਦ ਜਾਰੀ ਕੀਤਾ ਜਾਂਦਾ ਰਹੇਗਾ।

# ਹਰਿਆਣਾ ਗੁਰਦੁਆਰਾ ਚੋਣਾਂ 'ਚ ਝੀਂਡਾ, ਨਲਵੀ ਤੇ ਕਾਇਮਪੁਰੀ ਜਿੱਤੇ

## ਸੰਤ ਬਲਜੀਤ ਸਿੰਘ ਦਾਦੂਵਾਲ, ਗੁਰਮੀਤ ਸਿੰਘ ਤਿਲੋਕੇਵਾਲਾ ਤੇ ਬੀਬੀ ਅਜਰਾਣਾ ਹਾਰੇ

ਚੰਡੀਗੜ੍ਹ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋਈਆਂ ਪਹਿਲੀਆਂ ਆਮ ਚੋਣਾਂ 'ਚ 22 ਸੀਟਾਂ ਆਜ਼ਾਦ ਉਮੀਦਵਾਰਾਂ ਨੇ ਜਿੱਤੀਆਂ। ਉਸ ਤੋਂ ਬਾਅਦ ਝੀਂਡਾ ਗਰੁੱਪ ਦੇ ਉਮੀਦਵਾਰ ਜੇਤੂ ਰਹੇ, ਜਿਨ੍ਹਾਂ ਨੇ 11 ਸੀਟਾਂ ਜਿੱਤੀਆਂ। ਨਲਵੀ ਗਰੁੱਪ ਦੇ ਉਮੀਦਵਾਰ ਕੁਝ ਸੀਟਾਂ 'ਤੇ ਜਿੱਤੇ ਤੇ ਹਰਿਆਣਾ ਸਿੱਖ ਪੰਥਕ ਦਲ ਦੇ ਉਮੀਦਵਾਰ ਕੁਝ ਸੀਟਾਂ 'ਤੇ ਜਿੱਤੇ ਹਨ। ਬਲਜੀਤ ਸਿੰਘ ਦਾਦੂਵਾਲ ਧੜੇ ਨਾਲ ਸੰਬੰਧਿਤ ਜ਼ਿਆਦਾਤਰ ਉਮੀਦਵਾਰ ਚੋਣਾਂ ਹਾਰ ਗਏ। ਚੋਣ ਨਤੀਜਿਆਂ ਅਨੁਸਾਰ ਇਸ ਚੋਣ 'ਚ ਹਰਿਆਣਾ ਗੁਰਦੁਆਰਾ ਕਮੇਟੀ ਦੇ ਸਾਬਕਾ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ ਕਾਲਾਂਵਾਲੀ ਵਾਰਡ ਨੰਬਰ 35 ਦੀ ਮਹੱਤਵਪੂਰਨ ਸੀਟ ਤੋਂ ਚੋਣ ਹਾਰ ਗਏ। ਉਨ੍ਹਾਂ ਨੂੰ ਬਿੰਦਰ ਸਿੰਘ ਖ਼ਾਲਸਾ ਨੇ 1771 ਵੋਟਾਂ ਨਾਲ ਹਰਾਇਆ। ਸੰਤ ਦਾਦੂਵਾਲ ਸ਼੍ਰੋਮਣੀ ਅਕਾਲੀ ਦਲ (ਹਰਿਆਣਾ) ਆਜ਼ਾਦ ਦੇ ਬੈਨਰ ਹੇਠ ਚੋਣ ਲੜੇ ਸਨ। ਦੂਜੇ ਪਾਸੇ, ਹਰਿਆਣਾ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਵਾਰਡ ਨੰਬਰ 18, ਅਸੰਧ ਸੀਟ ਤੋਂ ਚੋਣ ਜਿੱਤੀ। ਉਸ ਨੇ ਪੰਥਕ ਦਲ (ਝੀਂਡਾ) ਦੇ ਬੈਨਰ ਹੇਠ ਚੋਣ ਜਿੱਤੀ। ਸਿੱਖ ਸਮਾਜ ਸੰਸਥਾ ਦੇ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਸ਼ਾਹਬਾਦ ਵਾਰਡ ਨੰਬਰ 13 ਤੋਂ ਚੋਣ ਜਿੱਤੀ ਤੇ ਹਰਿਆਣਾ ਸਿੱਖ ਪੰਥਕ ਦਲ ਦੇ ਪ੍ਰਧਾਨ



ਜਗਦੀਸ਼ ਸਿੰਘ ਝੀਂਡਾ ਦੀਦਾਰ ਸਿੰਘ ਨਲਵੀ ਬਲਦੇਵ ਸਿੰਘ ਕਾਇਮਪੁਰੀ ਸੰਤ ਬਲਜੀਤ ਸਿੰਘ ਦਾਦੂਵਾਲ ਗੁਰਮੀਤ ਸਿੰਘ ਤਿਲੋਕੇਵਾਲਾ

ਬਲਦੇਵ ਸਿੰਘ ਕਾਇਮਪੁਰੀ ਨੇ ਵਾਰਡ ਨੰਬਰ 10, ਬਿਲਾਸਪੁਰ ਤੋਂ ਚੋਣ ਜਿੱਤੀ। ਦੂਜੇ ਪਾਸੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਸਾਬਕਾ ਉਪ-ਪ੍ਰਧਾਨ ਬਾਬਾ ਗੁਰਮੀਤ ਸਿੰਘ ਤਿਰਲੋਕੇਵਾਲਾ ਰੋੜੀ ਹਲਕੇ ਦੇ ਵਾਰਡ ਨੰਬਰ 36 ਤੋਂ ਚੋਣ ਹਾਰ ਗਏ। ਉਨ੍ਹਾਂ ਨੂੰ ਕੁਲਦੀਪ ਸਿੰਘ ਫੱਗੂ ਨੇ ਹਰਾਇਆ। ਹਰਿਆਣਾ ਗੁਰਦੁਆਰਾ ਕਮੇਟੀ ਦੀ ਸਾਬਕਾ ਸੰਯੁਕਤ ਸਕੱਤਰ ਬੀਬੀ ਰਵਿੰਦਰ ਕੌਰ ਅਜਰਾਣਾ ਥਾਨੇਸਰ ਤੋਂ ਹਾਰ ਗਏ। ਇਸ ਤੋਂ ਪਹਿਲਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 40 ਸੀਟਾਂ ਲਈ ਸਵੇਰੇ 8 ਵਜੇ ਵੋਟਿੰਗ ਸ਼ੁਰੂ ਹੋਈ ਤੇ ਸ਼ਾਮ 5 ਵਜੇ ਤੱਕ ਔਸਤਨ 70 ਪ੍ਰਤੀਸ਼ਤ ਤੋਂ ਵੱਧ ਵੋਟਿੰਗ ਹੋਈ। ਰਤੀਆ ਦੇ ਵਾਰਡ ਨੰਬਰ 28 ਅਤੇ ਸਿਰਸਾ ਦੇ ਵਾਰਡ ਨੰਬਰ 34 'ਚ 76 ਪ੍ਰਤੀਸ਼ਤ ਤੋਂ ਵੱਧ ਵੋਟਿੰਗ ਹੋਈ। ਹਰਿਆਣਾ ਗੁਰਦੁਆਰਾ ਚੋਣਾਂ ਦੇ ਨਤੀਜਿਆਂ ਅਨੁਸਾਰ, ਜਿਨ੍ਹਾਂ ਵਾਰਡਾਂ 'ਚ ਆਜ਼ਾਦ ਉਮੀਦਵਾਰਾਂ ਨੇ ਚੋਣਾਂ ਜਿੱਤੀਆਂ, ਉਨ੍ਹਾਂ 'ਚ ਵਾਰਡ ਨੰਬਰ 1 ਕਾਲਕਾ ਤੋਂ ਗੁਰਮੀਤ ਸਿੰਘ, ਵਾਰਡ ਨੰਬਰ 2 ਪੰਚਕੂਲਾ ਤੋਂ ਸਵਰਨ ਸਿੰਘ, ਵਾਰਡ ਨੰਬਰ 4 ਬਰਾੜਾ ਤੋਂ ਰਾਜੇਂਦਰ ਸਿੰਘ, ਵਾਰਡ ਨੰ. 7 ਨਾਗਲ, ਵਾਰਡ ਨੰ. 8 ਰਾਦੌਰ ਤੋਂ ਗੁਰਬੀਰ ਸਿੰਘ ਛੀਨਾ, ਵਾਰਡ ਨੰ. 15 ਥਾਨੇਸਰ ਤੋਂ ਹਰਮਨਪ੍ਰੀਤ ਸਿੰਘ, ਵਾਰਡ ਨੰ. 19 ਕਰਨਾਲ ਤੋਂ ਪਲਵਿੰਦਰ ਸਿੰਘ, ਵਾਰਡ ਨੰ. 21 ਕੰਗਥਲੀ ਤੋਂ ਬਲਵਿੰਦਰ ਸਿੰਘ, ਵਾਰਡ ਨੰ. 25 ਤੋਂ ਅਮਨਪ੍ਰੀਤ ਕੌਰ ਟੋਹਾਣਾ, ਵਾਰਡ ਨੰ. 27 ਫਤਿਹਾਬਾਦ ਤੋਂ ਕਰਮਜੀਤ ਸਿੰਘ, ਵਾਰਡ ਨੰ. 28 ਰਤੀਆ ਤੋਂ ਇਕਬਾਲ ਸਿੰਘ, ਵਾਰਡ ਨੰ. 29 ਹਿਸਾਰ ਤੋਂ ਬਲਵਿੰਦਰ ਸਿੰਘ, ਵਾਰਡ ਨੰ. 30 ਡੱਬਵਾਲੀ ਤੋਂ ਕੁਲਦੀਪ ਸਿੰਘ, ਵਾਰਡ ਨੰ. 31 ਰਾਣੀਆ ਤੋਂ ਹਰਜੀਤ ਸਿੰਘ, ਵਾਰਡ ਨੰ. 32 ਏਲਨਾਬਾਦ ਤੋਂ ਗੁਰਪਾਲ ਸਿੰਘ, ਵਾਰਡ ਨੰ. 33 ਸਿਰਸਾ ਤੋਂ ਗੁਰਮੀਤ ਸਿੰਘ, ਵਾਰਡ ਨੰ. 34 ਨੱਥੂਸ਼੍ਰੀ ਚੌਪਟਾ ਤੋਂ ਪ੍ਰਕਾਸ਼ ਸਿੰਘ, ਵਾਰਡ ਨੰਬਰ-35 ਕਾਲਾਂਵਾਲੀ ਤੋਂ ਬਿੰਦਰ ਸਿੰਘ, ਵਾਰਡ ਨੰਬਰ-36 ਰੋੜੀ ਤੋਂ ਕੁਲਦੀਪ ਸਿੰਘ, ਵਾਰਡ ਨੰਬਰ-37 ਬੜਾ ਗੁੱਢਾ ਤੋਂ ਅੰਮ੍ਰਿਤਪਾਲ ਸਿੰਘ, ਵਾਰਡ ਨੰਬਰ-38 ਪਿਪਲੀ ਤੋਂ ਜਗਤਾਰ ਸਿੰਘ, ਵਾਰਡ ਨੰਬਰ-39 ਗੁਰੂਗ੍ਰਾਮ ਤੋਂ ਤੇਜਿੰਦਰਪਾਲ ਸਿੰਘ ਚੋਣ ਜਿੱਤੇ। ਝੀਂਡਾ ਗਰੁੱਪ ਤੋਂ ਚੁਣੇ ਗਏ ਮੈਂਬਰਾਂ 'ਚ ਵਾਰਡ ਨੰਬਰ 9 ਜਗਾਧਰੀ ਤੋਂ ਜੋਗਾ ਸਿੰਘ, ਵਾਰਡ ਨੰਬਰ 11 ਪਿਹੋਵਾ ਤੋਂ ਕੁਲਦੀਪ ਸਿੰਘ ਮੁਲਤਾਨੀ, ਵਾਰਡ ਨੰਬਰ 12 ਮੁਰਤਜ਼ਾਪੁਰ ਤੋਂ ਇੰਦਰਜੀਤ ਸਿੰਘ, ਵਾਰਡ ਨੰਬਰ 16 ਨੀਲੋਖੇੜੀ ਤੋਂ ਕਪੂਰ ਕੌਰ, ਵਾਰਡ ਨੰਬਰ- 17 ਨੀਸਿੰਗ ਤੋਂ ਗੁਰਨਾਮ ਸਿੰਘ ਲਾਡੀ, ਵਾਰਡ ਨੰਬਰ 18 ਅਸੰਧ ਤੋਂ ਜਗਦੀਸ਼ ਸਿੰਘ ਝੀਂਡਾ, ਵਾਰਡ ਨੰਬਰ 20 ਮੇਜਰ ਸਿੰਘ, ਵਾਰਡ ਨੰਬਰ 22 ਕੈਥਲ ਤੋਂ ਬਲਦੇਵ ਸਿੰਘ, ਵਾਰਡ ਨੰਬਰ 23 ਜੀਂਦ ਤੋਂ ਮੋਹਨਜੀਤ ਸਿੰਘ, ਵਾਰਡ ਨੰਬਰ 24 ਜੀਂਦ ਸਿੰਘ ਤੋਂ ਕਰਨੈਲ ਸਿੰਘ, ਵਾਰਡ ਨੰਬਰ 26, ਰਤਨਗੜ੍ਹ ਤੋਂ ਕਾਕਾ ਸਿੰਘ ਸ਼ਾਮਿਲ ਹਨ। ਹਰਿਆਣਾ ਸਿੱਖ ਪੰਥਕ ਦਲ ਦੇ ਬੈਨਰ ਹੇਠ ਚੋਣ ਲੜਨ ਵਾਲੇ ਉਮੀਦਵਾਰਾਂ 'ਚ ਵਾਰਡ ਨੰਬਰ 3 ਨਰਾਇਣਗੜ੍ਹ ਤੋਂ ਗੁਰਜੀਤ ਸਿੰਘ ਧਮੋਲੀ, ਵਾਰਡ ਨੰਬਰ 10 ਬਿਲਾਸਪੁਰ ਤੋਂ ਬਲਦੇਵ ਸਿੰਘ, ਵਾਰਡ ਨੰਬਰ 14 ਲਾਡਵਾ ਤੋਂ ਜਸਬੀਰ ਕੌਰ ਮਾਨਸਾ, ਵਾਰਡ ਨੰਬਰ-40 ਫਰੀਦਾਬਾਦ ਤੋਂ ਰਵਿੰਦਰ ਸਿੰਘ ਸ਼ਾਮਿਲ ਹਨ। ਨਲਵੀ ਗਰੁੱਪ ਤੋਂ ਜਿੱਤਣ ਵਾਲੇ ਉਮੀਦਵਾਰਾਂ 'ਚ ਵਾਰਡ ਨੰਬਰ 5 ਅੰਬਾਲਾ ਛਾਉਣੀ ਤੋਂ ਰੁਪਿੰਦਰ ਸਿੰਘ ਪੰਜੋਖਰਾ, ਵਾਰਡ ਨੰਬਰ 6 ਅੰਬਾਲਾ ਸ਼ਹਿਰ ਤੋਂ ਗੁਰਤੇਜ ਸਿੰਘ, ਵਾਰਡ ਨੰਬਰ 13 ਸ਼ਾਹਬਾਦ ਤੋਂ ਦੀਦਾਰ ਸਿੰਘ ਨਲਵੀ ਸ਼ਾਮਿਲ ਹਨ। ਹਰਿਆਣਾ ਗੁਰਦੁਆਰਾ ਕਮੇਟੀ ਲਈ 3 ਲੱਖ 65 ਹਜ਼ਾਰ ਵੋਟਰ ਹਨ ਤੇ 40 ਸੀਟਾਂ ਲਈ 164 ਉਮੀਦਵਾਰ ਮੈਦਾਨ 'ਚ ਸਨ। ਇਨ੍ਹਾਂ 40 ਮੈਂਬਰਾਂ ਤੋਂ ਇਲਾਵਾ, 9 ਮੈਂਬਰ ਵੀ ਨਾਮਜ਼ਦ ਕੀਤੇ ਜਾਣਗੇ, ਜਿਨ੍ਹਾਂ 'ਚ 2 ਜਨਰਲ ਵਰਗ, 2 ਮਹਿਲਾ ਵਰਗ, 3 ਅਨੁਸੂਚਿਤ ਜਾਤੀ ਅਤੇ 2 ਸਿੰਘ ਸਭਾਵਾਂ ਦੇ ਪ੍ਰਤੀਨਿਧੀ ਹੋਣਗੇ।

# ਨਵੀਂ ਚੁਣੀ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਨੂੰ ਦਰਪੇਸ਼ ਹਨ ਅਨੇਕਾਂ ਚੁਣੌਤੀਆਂ

ਹਰਿਆਣਾ ਦੇ ਸਿੱਖਾਂ ਦੀ ਕਰੀਬ 25 ਸਾਲ ਪਹਿਲਾਂ ਉੱਠੀ ਹਰਿਆਣਾ ਦੇ ਗੁਰਦੁਆਰਿਆਂ ਦੀ ਵੱਖਰੀ ਮੈਨੇਜਮੈਂਟ ਕਮੇਟੀ ਬਣਾਉਣ ਦੀ ਮੰਗ ਪੂਰੀ ਹੋ ਗਈ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਹੋਈ ਪਲੇਠੀ ਚੋਣ ਦੇ ਨਤੀਜੇ ਆ ਗਏ ਹਨ, ਜਿਸ 'ਚ ਮੁੱਖ ਧਿਰਾਂ ਦੇ ਕਈ ਪ੍ਰਮੁੱਖ ਆਗੂ ਜਿੱਤੇ ਅਤੇ ਕਈ ਹਾਰ ਗਏ ਹਨ। ਕਮੇਟੀ ਦੇ ਕੁੱਲ 40 ਮੈਂਬਰ ਚੁਣੇ ਗਏ ਹਨ, ਜਿਨ੍ਹਾਂ 'ਚ ਪ੍ਰਮੁੱਖ ਤੌਰ 'ਤੇ ਅਕਾਲੀ ਦਲ ਪੰਥਕ ਦੇ ਜਗਦੀਸ਼ ਸਿੰਘ ਝੀਂਡਾ ਤੇ ਜੋਗਾ ਸਿੰਘ ਯਮੁਨਾਨਗਰ, ਸਿੱਖ ਸਮਾਜ ਸੰਸਥਾ ਦੇ ਦੀਦਾਰ ਸਿੰਘ ਨਲਵੀ ਅਤੇ ਹਰਿਆਣਾ ਸਿੱਖ ਪੰਥਕ ਦਲ ਦੇ ਬਲਦੇਵ ਸਿੰਘ ਕਾਇਮਪੁਰੀ ਤੇ ਮੋਹਨਜੀਤ ਸਿੰਘ ਸ਼ਾਮਿਲ ਹਨ, ਜਦੋਂ ਕਿ ਸ਼ ?ਰੋਮਣੀ ਅਕਾਲੀ ਦਲ ਆਜ਼ਾਦ ਦੇ ਬਲਜੀਤ ਸਿੰਘ ਦਾਦੂਵਾਲ ਚੋਣ ਹਾਰ ਗਏ ਹਨ।

ਇਨ੍ਹਾਂ ਚੋਣਾਂ ਦੌਰਾਨ ਮਹੱਤਵਪੂਰਨ ਗੱਲ ਇਹ ਰਹੀ ਕਿ ਚੋਣ ਲੜ ਰਹੀਆਂ ਚਾਰੋਂ ਪ੍ਰਮੁੱਖ ਧਿਰਾਂ ਵਲੋਂ ਪੂਰੇ 40 ਹਲਕਿਆਂ 'ਚ ਉਮੀਦਵਾਰ ਨਹੀਂ ਉਤਾਰੇ ਗਏ ਸਨ, ਜਿਸ ਕਰਕੇ ਆਏ ਨਤੀਜਿਆਂ 'ਚ ਕਿਸੇ ਵੀ ਧਿਰ ਨੂੰ ਬਹੁਮਤ ਨਹੀਂ ਮਿਲਿਆ ਅਤੇ ਆਜ਼ਾਦ ਚੋਣ ਲੜਨ ਵਾਲੇ 22 ਉਮੀਦਵਾਰਾਂ ਨੂੰ ਇਨ੍ਹਾਂ ਚੋਣਾਂ 'ਚ ਜਿੱਤ ਪ੍ਰਾਪਤ ਹੋਈ ਹੈ, ਜਿਸ ਕਾਰਨ ਆਜ਼ਾਦ ਜਿੱਤੇ ਮੈਂਬਰਾਂ ਦੀ ਭੂਮਿਕਾ ਸਭ ਤੋਂ ਵੱਧ ਮਹੱਤਵਪੂਰਨ ਹੋ ਗਈ ਹੈ। ਝੀਂਡਾ ਗਰੁੱਪ ਸਭ ਤੋਂ ਵੱਡੀ ਧਿਰ ਵਜੋਂ ਸਾਹਮਣੇ ਆਇਆ ਹੈ, ਜਿਸ ਦੇ 10 ਉਮੀਦਵਾਰ ਚੋਣ ਜਿੱਤਣ 'ਚ ਸਫਲ ਰਹੇ ਹਨ। ਦਲ ਦੂਜੇ ਸਥਾਨ 'ਤੇ ਰਿਹਾ, ਜਿਸ ਦੇ 5 ਉਮੀਦਵਾਰ ਜੇਤੂ ਰਹੇ ਅਤੇ ਨਲਵੀ ਗਰੁੱਪ 3 ਹਲਕਿਆਂ 'ਚ ਜਿੱਤ ਪ੍ਰਾਪਤ ਕਰਕੇ ਤੀਜੇ ਸਥਾਨ 'ਤੇ ਰਿਹਾ, ਜਦਕਿ ਦਾਦੂਵਾਲ ਤੇ ਅਸੰਧ ਗਰੁੱਪ ਪੂਰੀ ਤਰ੍ਹਾਂ ਫੇਲ੍ਹ ਰਿਹਾ। ਹਾਲਾਂਕਿ ਨਵੀਂ ਚੁਣੀ ਹੋਈ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਗਠਨ ਲਈ ਜੋੜ-ਤੋੜ ਹੋਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਜਿਸ ਤਰ੍ਹਾਂ ਦੀ ਨਵੀਂ ਕਮੇਟੀ ਬਣੇਗੀ, ਉਹ ਤਾਂ ਹੁਣ ਸਭ ਦੇ ਸਾਹਮਣੇ ਹੀ ਹੈ, ਪਰ ਨਵੀਂ ਕਮੇਟੀ ਸਾਹਮਣੇ ਕਈ ਵੱਡੀਆਂ ਚੁਣੌਤੀਆਂ ਹੋਣਗੀਆਂ। ਬੇਸ਼ੱਕ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਹੇਠ ਹਰਿਆਣਾ ਦੇ 52 ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਆਇਆ ਹੈ, ਪਰ ਆਮਦਨ ਵਾਲੇ ਸਿਰਫ 5 ਗੁਰਦੁਆਰਾ ਸਾਹਿਬ ਨਾਢਾ ਸਾਹਿਬ ਪੰਚਕੂਲਾ, ਸੀਸ ਗੰਜ ਸਾਹਿਬ ਤਰਾਵੜੀ ਕਰਨਾਲ, ਕਪਾਲ ਮੋਚਨ ਸਾਹਿਬ ਯਮੁਨਾਨਗਰ, ਧਮਧਾਨ ਸਾਹਿਬ ਜੀਂਦ ਅਤੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਕੈਥਲ ਆਦਿ ਹੀ ਹਨ ਅਤੇ 47

**ਗੁਰਮੀਤ ਸਿੰਘ ਸੱਗੂ**

ਇਤਿਹਾਸਕ ਗੁਰਦੁਆਰਾ ਸਾਹਿਬ ਘੱਟ ਆਮਦਨ ਵਾਲੇ ਹਨ, ਜਿਨ੍ਹਾਂ ਦੇ ਢੁਕਵੇਂ ਅਤੇ ਸੁਚੱਜੇ ਪ੍ਰਬੰਧਾਂ ਦੀ ਬੜੀ ਲੋੜ ਹੈ। ਬੇਸ਼ੱਕ ਹਰਿਆਣਾ ਕਮੇਟੀ ਦੇ ਪ੍ਰਬੰਧ ਹੇਠ ਇਤਿਹਾਸਕ ਗੁਰਦੁਆਰਿਆਂ ਦੀ ਹਜ਼ਾਰਾਂ ਏਕੜ ਖੇਤੀ ਯੋਗ ਜ਼ਮੀਨ ਹੈ, ਪਰ ਇਨ੍ਹਾਂ ਜ਼ਮੀਨਾਂ ਅਤੇ ਹੋਰਨਾਂ ਜਾਇਦਾਦਾਂ ਦੇ ਰਿਕਾਰਡ ਮਾਲ ਮਹਿਕਮੇ ਤੋਂ ਕਰਵਾਉਣ ਦੀ ਵੱਡੀ ਚੁਣੌਤੀ ਵੀ ਕਮੇਟੀ ਨੂੰ ਦਰਪੇਸ਼ ਹੈ। ਹਾਲਾਂਕਿ ਬੈਂਕ ਖਾਤੇ ਪਹਿਲਾਂ ਹੀ ਨਾਂਅ ਕਰਵਾ ਲਏ ਗਏ ਹਨ।

ਇਸ ਤੋਂ ਇਲਾਵਾ ਜਿਹੜੀ ਜ਼ਮੀਨ ਖੇਤੀ ਲਈ ਠੇਕੇ 'ਤੇ ਦਿੱਤੀ ਹੋਈ ਹੈ, ਉਸ ਬਾਰੇ ਵੀ ਪੁਨਰ ਵਿਚਾਰ ਕਰਨ ਦੀ ਲੋੜ ਹੈ, ਜੋ ਮੌਜੂਦਾ ਚੱਲ ਰਹੀ ਠੇਕੇ ਦੀ ਕੀਮਤ ਤੋਂ ਕਾਫੀ ਘੱਟ ਦੱਸੀ ਜਾ ਰਹੀ ਹੈ। ਇਸ ਲਈ ਖ਼ਾਸ ਮਾਹਿਰਾਂ ਦੀ ਸੇਵਾ ਲੈਣ ਦੀ ਲੋੜ ਹੈ। ਇਹ ਚੁਣੌਤੀਆਂ ਤਾਂ ਜ਼ਮੀਨ-ਜਾਇਦਾਦ ਨੂੰ ਲੈ ਕੇ ਹਨ। ਇਸ ਤੋਂ ਇਲਾਵਾ ਹਰਿਆਣਾ ਅੰਦਰ ਕਮੇਟੀ ਦੇ ਪ੍ਰਬੰਧਾਂ ਹੇਠ ਸਿੱਖਿਆ ਸੰਸਥਾਨ ਵੀ ਖੋਲ੍ਹੇ ਜਾਣੇ ਚਾਹੀਦੇ ਹਨ। ਮੌਜੂਦਾ ਸਮੇਂ ਕਮੇਟੀ ਹੇਠ 5 ਸਿੱਖਿਅਕ ਸੰਸਥਾਨ ਹਨ, ਜਿਨ੍ਹਾਂ 'ਚ ਸਿਰਸਾ, ਕੈਥਲ ਅਤੇ ਕਪਾਲ ਮੋਚਨ ਯਮੁਨਾਨਗਰ ਵਿਖੇ ਇਕ-ਇਕ ਸਕੂਲ, ਜਦਕਿ ਪੰਜੋਖਰਾ ਸਾਹਿਬ ਅੰਬਾਲਾ ਅਤੇ ਨਿਸਿੰਘ ਕਰਨਾਲ 'ਚ ਇਕ-ਇਕ ਕਾਲਜ ਹਨ। ਇਸ ਪਾਸੇ ਵੀ ਕਮੇਟੀ ਨੂੰ ਵਿਸ਼ੇਸ਼ ਉਪਰਾਲੇ ਕਰਨੇ ਹੋਣਗੇ। ਇਸ ਤੋਂ ਇਲਾਵਾ ਧਾਰਮਿਕ ਪ੍ਰਚਾਰ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਵੀ ਉਪਰਾਲੇ ਕਰਨੇ ਹੋਣਗੇ ਅਤੇ ਹਰਿਆਣਾ ਸਰਕਾਰ 'ਤੇ ਵੀ ਪੰਜਾਬੀ ਭਾਸ਼ਾ ਨੂੰ ਰਾਜ ਦੀ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਦਬਾਅ ਬਣਾਉਣਾ ਹੋਵੇਗਾ। ਧਾਰਮਿਕ ਪ੍ਰੋਗਰਾਮ ਅਤੇ ਹੋਰ ਵੱਡੇ ਪ੍ਰੋਗਰਾਮ ਰਾਜ ਪੱਧਰ 'ਤੇ ਸ਼ੁਰੂ ਕਰਨ ਦੇ ਉਪਰਾਲੇ ਵੀ ਕਰਨੇ ਹੋਣਗੇ, ਤਾਂ ਕਿ ਰਾਜ ਦੇ ਸਿੱਖ ਨੌਜਵਾਨ ਵੱਧ ਤੋਂ ਵੱਧ ਸਿੱਖੀ ਨਾਲ ਜੁੜਨ।


ਡਾਕਟਰੀ ਸਹੂਲਤਾਂ ਵਿਚ ਵਾਧਾ ਕਰਨ ਲਈ ਵੀ ਨਵੀਂ ਹੋਂਦ 'ਚ ਆਉਣ ਵਾਲੀ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਕੰਮ ਕਰਨਾ ਹੋਵੇਗਾ, ਤਾਂ ਕਿ ਹਰਿਆਣਾ ਦੇ ਲੋਕਾਂ ਖ਼ਾਸਕਰ ਸਿੱਖਾਂ ਨੂੰ ਮਿਆਰੀ ਅਤੇ ਸਸਤੀਆਂ ਸਿਹਤ ਸਹੂਲਤਾਂ ਮਿਲ ਸਕਣ। ਮੌਜੂਦਾ ਸਮੇਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਸਹਾਇਤਾ ਨਾਲ ਸ਼ਾਹਬਾਦ ਮਾਰਕੰਡਾ ਵਿਖੇ ਇਕ ਟਰੱਸਟ ਦੀ ਅਗਵਾਈ ਵਿਚ ਮੀਰੀ-ਪੀਰੀ ਮੈਡੀਕਲ ਹਸਪਤਾਲ ਚੱਲ ਰਿਹਾ ਹੈ, ਇਸ ਟਰੱਸਟ ਵਲੋਂ ਇਕ ਮੈਡੀਕਲ ਕਾਲਜ ਵੀ ਬਣਾਇਆ ਜਾਣਾ ਸੀ, ਪਰ ਸਰਕਾਰੀ ਅੜਚਣਾਂ ਕਾਰਨ ਮੈਡੀਕਲ ਕਾਲਜ ਹੋਂਦ 'ਚ ਨਹੀਂ ਆ ਸਕਿਆ, ਜਿਸ ਦਾ ਪ੍ਰਬੰਧ ਲੈਣਾ ਵੀ ਨਵੀਂ ਕਮੇਟੀ ਲਈ ਵੱਡੀ ਚੁਣੌਤੀ ਹੈ। ਧਰਮ ਪ੍ਰਚਾਰ ਵੀ ਨਵੀਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਲਈ ਵੱਡੀ ਚੁਣੌਤੀ ਹੋਵੇਗਾ। ਇਸ ਤੋਂ ਇਲਾਵਾ ਇਤਿਹਾਸਕ ਗੁਰਦੁਆਰਿਆਂ 'ਚ ਨਵੀਆਂ ਸਰਾਵਾਂ ਬਣਾਉਣ ਅਤੇ ਪੁਰਾਣੀਆਂ ਸਰਾਵਾਂ ਦੀ ਮੁਰੰਮਤ ਦੇ ਵੀ ਵੱਡੇ ਮੁੱਦੇ ਹਨ। ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਨਵੀਂ ਕਮੇਟੀ ਦਰਪੇਸ਼ ਇਨ੍ਹਾਂ ਸਾਰੀਆਂ ਚੁਣੌਤੀਆਂ ਨੂੰ ਲੈ ਕੇ ਕਿਹੋ ਜਿਹੀ ਰਣਨੀਤੀ ਅਖ਼ਤਿਆਰ ਕਰੇਗੀ ? ਇਸ 'ਤੇ ਹਰਿਆਣਾ ਦੀ ਸਿੱਖ ਸੰਗਤ 'ਤੇ ਨਿਰੰਤਰ ਨਜ਼ਰ ਰਹੇਗੀ।



# ਹੁਣ 7 ਫਰਵਰੀ ਨੂੰ ਨਹੀਂ ਰਿਲੀਜ਼ ਹੋਵੇਗੀ ਫਿਲਮ 'ਪੰਜਾਬ 95' : ਦਿਲਜੀਤ ਦੋਸਾਂਝ

## 85 ਕੱਟਾਂ ਤੋਂ ਬਾਅਦ ਹੁਣ 120 ਕੱਟ ਲਗਾਉਣ ਦੀ ਕਰਨ ਲੱਗੇ ਮੰਗ

ਮੁੰਬਈ : ਪੰਜਾਬ ਦੇ ਸਟਾਰ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਉਸ ਦੀ ਬਹੁ-ਉਡੀਕ ਜਾ ਰਹੀ ਫਿਲਮ 'ਪੰਜਾਬ 95' ਹੁਣ 7 ਫਰਵਰੀ ਨੂੰ ਵੀ ਰਿਲੀਜ਼ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਸਾਡੇ ਵੱਸ ਤੋਂ ਬਾਹਰ ਦੇ ਹਾਲਾਤਾਂ ਕਾਰਨ ਫਿਲਮ ਹੁਣ 7 ਫਰਵਰੀ ਨੂੰ ਵੀ ਰਿਲੀਜ਼ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (ਸੀ.ਐਫ.ਬੀ.ਸੀ.) ਵਲੋਂ ਪਹਿਲਾਂ ਫਿਲਮ 'ਚ 85 ਕੱਟ ਲਗਾਉਣ ਲਈ ਸੁਝਾਏ ਸਨ ਪਰ ਬਾਅਦ 'ਚ 120 ਕੱਟ ਲਗਾਉਣ ਦੀ ਮੰਗ ਕਰਨ ਲੱਗਾ ਸੀ। ਇਸ ਦੇ ਵਿਚਕਾਰ ਬੀਤੇ ਸ਼ੁੱਕਰਵਾਰ ਨੂੰ ਫਿਲਮ ਦਾ ਟੀਜ਼ਰ ਜਾਰੀ ਕੀਤਾ ਗਿਆ ਸੀ, ਜਿਸ ਨੂੰ ਹੁਣ ਭਾਰਤ 'ਚ ਯੂਟਿਊਬ ਤੋਂ ਹਟਾ ਦਿੱਤਾ ਗਿਆ ਹੈ। ਜਸਵੰਤ ਸਿੰਘ ਖਾਲੜਾ, ਜਿਸ ਨੇ ਪੰਜਾਬ 'ਚ ਖਾੜਕੂਵਾਦ ਦੇ ਦੌਰ ਦੌਰਾਨ 1984 ਤੋਂ 1994 ਦਰਮਿਆਨ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਸਮੂਹਿਕ ਸਸਕਾਰ ਦੀ ਜਾਂਚ ਕੀਤੀ ਸੀ, 1995 'ਚ ਰਹੱਸਮਈ ਢੰਗ ਨਾਲ ਗਾਇਬ ਹੋ ਗਿਆ ਸੀ। ਇਕ ਦਹਾਕੇ ਬਾਅਦ 2005 'ਚ ਚਾਰ ਪੁਲਿਸ ਅਧਿਕਾਰੀਆਂ ਨੂੰ ਉਸ ਦੇ ਕਥਿਤ ਅਗਵਾ ਅਤੇ ਕਤਲ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। 2007 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਦੀ ਸ਼ੁਰੂਆਤੀ ਸੱਤ ਸਾਲ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰ ਦਿੱਤਾ ਸੀ। ਫਿਲਮ ਵਿਚ 'ਕੋਹਰਾ' ਫੇਮ ਅਰਜੁਨ ਰਾਮਪਾਲ ਅਤੇ ਸੁਵਿੰਦਰ ਵਿੱਕੀ ਵੀ ਹਨ।




# ਅਕਾਲੀ ਦਲ (ਬ) ਵਲੋਂ ਭਰਤੀ ਮੁਹਿੰਮ ਸ਼ੁਰੂ



ਪਿੰਡ ਬਾਦਲ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਮੈਂਬਰਸ਼ਿਪ ਪਰਚੀ ਹਾਸਲ ਕਰਦੇ ਹੋਏ ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਆਪਣੀ ਵਰਕਿੰਗ ਕਮੇਟੀ ਦੇ ਫ਼ੈਸਲੇ ਅਨੁਸਾਰ ਪਾਰਟੀ ਦੀਆਂ ਨਵੀਆਂ ਜਥੇਬੰਦਕ ਚੋਣਾਂ ਲਈ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵਲੋਂ ਆਪਣੇ ਪਿੰਡ 'ਬਾਦਲ' ਤੋਂ ਪਹਿਲਾ ਭਰਤੀ ਫਾਰਮ ਭਰ ਕੇ ਇਸ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ ਗਈ। ਜਦੋਂ ਕਿ ਚੰਡੀਗੜ੍ਹ ਸਥਿਤ ਪਾਰਟੀ ਦੇ ਮੁੱਖ ਦਫ਼ਤਰ ਤੋਂ ਪਾਰਟੀ ਦੇ ਦੂਜੇ ਆਗੂਆਂ ਨੂੰ ਭਰਤੀ ਲਈ ਭਰਤੀ ਕਾਪੀਆਂ ਜਾਰੀ ਕਰਨੀਆਂ ਸ਼ੁਰੂ ਕੀਤੀਆਂ ਗਈਆਂ। ਇਹ ਭਰਤੀ ਮੁਹਿੰਮ 20 ਫਰਵਰੀ ਤੱਕ ਜਾਰੀ ਰਹੇਗੀ। ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਵਲੋਂ ਇਕ ਮਹੀਨੇ 'ਚ 25 ਲੱਖ ਮੈਂਬਰ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ। ਪਾਰਟੀ ਮੁੱਖ ਦਫ਼ਤਰ ਵਿਖੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਤੇ ਸੰਸਦੀ ਬੋਰਡ ਦੇ ਚੇਅਰਮੈਨ ਸ. ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਸੰਸਦੀ ਬੋਰਡ ਦੀ ਮੀਟਿੰਗ ਹੋਈ, ਜਿਸ ਵਿਚ ਪਾਰਟੀ ਵਲੋਂ ਚੁਣੇ ਗਏ ਮੁੱਖ ਚੋਣ ਅਫ਼ਸਰ ਗੁਲਜ਼ਾਰ ਸਿੰਘ ਰਣੀਕੇ ਤੋਂ ਇਲਾਵਾ ਹੀਰਾ ਸਿੰਘ ਗਾਬੜੀਆ, ਸੁੱਚਾ ਸਿੰਘ ਲੰਗਾਹ, ਜਨਮੇਜਾ ਸਿੰਘ ਸੇਖੋਂ, ਡਾ. ਦਲਜੀਤ ਸਿੰਘ ਚੀਮਾ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਸ਼ਾਮਿਲ ਹੋਏ। ਮੀਟਿੰਗ ਉਪਰੰਤ ਡਾ. ਚੀਮਾ ਨੇ ਭਰਤੀ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਭਰਤੀ ਵਾਸਤੇ ਸਿਰਫ਼ 10 ਰੁਪਏ ਮੈਂਬਰਸ਼ਿਪ ਫ਼ੀਸ ਲਈ ਜਾਵੇਗੀ ਤੇ ਜਿਹੜੇ ਵੀ ਮੈਂਬਰ 100 ਮੈਂਬਰਾਂ ਦੀ ਭਰਤੀ ਕਰਨਗੇ, ਉਹ ਸਰਕਲ ਡੈਲੀਗੇਟ ਬਣਨ ਯੋਗ ਹੋਣਗੇ ਤੇ ਉਹ ਅੱਗੋਂ ਸਰਕਲ ਜਥੇਦਾਰਾਂ ਦੀ ਚੋਣ ਕਰਨਗੇ। ਉਨ੍ਹਾਂ ਕਿਹਾ ਕਿ ਜਿਹੜੇ 2500 ਡੈਲੀਗੇਟਾਂ ਦੀ ਭਰਤੀ ਕਰਨਗੇ, ਉਹ ਜ਼ਿਲ੍ਹਾ ਡੈਲੀਗੇਟ ਬਣਨਗੇ ਅਤੇ ਉਹ ਹੀ ਅੱਗੋਂ ਜ਼ਿਲ੍ਹਾ ਜਥੇਦਾਰਾਂ ਦੀ ਚੋਣ ਕਰਨਗੇ। ਡਾ. ਚੀਮਾ ਨੇ ਇਹ ਵੀ ਦੱਸਿਆ ਕਿ ਹਰ ਹਲਕੇ ਤੋਂ 4 ਡੈਲੀਗੇਟ ਜਨਰਲ ਹਾਊਸ ਲਈ ਨਾਮਜ਼ਦ ਕੀਤੇ ਜਾਣਗੇ, ਇਸ ਮੁਤਾਬਕ 117 ਵਿਧਾਨ ਸਭਾ ਹਲਕਿਆਂ ਤੋਂ 468 ਡੈਲੀਗੇਟ 1 ਮਾਰਚ ਨੂੰ ਪਾਰਟੀ ਪ੍ਰਧਾਨ ਦੀ ਚੋਣ ਕਰਨਗੇ।

# ਅਕਾਲੀ ਦਲ ਵੱਲੋਂ ਮੁਹਾਲੀ ਜ਼ਿਲ੍ਹੇ ਦੀ ਭਰਤੀ ਮੁਹਿੰਮ ਸ਼ੁਰੂ

ਐਸ.ਏ.ਐਸ. ਨਗਰ (ਮੁਹਾਲੀ) : ਸ਼੍ਰੋਮਣੀ ਅਕਾਲੀ ਦਲ, ਮੁਹਾਲੀ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਦੀ ਅਗਵਾਈ ਹੇਠ ਅੱਜ ਮੁਹਾਲੀ ਜ਼ਿਲ੍ਹੇ ਦੀ ਨਵੀਂ 'ਭਰਤੀ ਮੁਹਿੰਮ' ਸ਼ੁਰੂ ਕੀਤੀ ਗਈ ਜਿਸ ਦਾ ਆਗਾਜ਼ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕੀਤਾ ਅਤੇ ਵਰਕਰਾਂ ਨੂੰ ਪਾਰਟੀ ਦੀ ਮਜ਼ਬੂਤੀ ਲਈ ਤਕੜੇ ਹੋ ਕੇ ਕੰਮ ਕਰਨ ਲਈ ਪ੍ਰੇਰਿਆ। ਇਸ ਮੌਕੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਪਾਰਟੀ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ, ਮੈਂਬਰਸ਼ਿਪ ਮੁਹਿੰਮ ਦੇ ਜ਼ਿਲ੍ਹਾ ਅਹਬਜ਼ਰਵਰ ਕੁਲਦੀਪ ਕੌਰ ਕੰਗ ਸਮੇਤ ਹੋਰ ਆਗੂ ਵੀ ਹਾਜ਼ਰ ਸਨ। ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਦੀ ਨਵੀਂ ਭਰਤੀ ਲਈ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਤੋਂ ਪਹਿਲਾਂ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਨੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਅਤੇ ਭਰੋਸਾ ਦਿੱਤਾ ਕਿ ਮੁਹਾਲੀ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਭਰਤੀ ਕੀਤੀ ਜਾਵੇਗੀ। ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੱਤ ਮੈਂਬਰੀ ਕਮੇਟੀ ਬਾਰੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਤਕਨੀਕੀ ਤਰੁੱਟੀਆਂ ਬਾਰੇ ਦੱਸ ਦਿੱਤਾ ਸੀ ਅਤੇ ਵਰਕਿੰਗ ਕਮੇਟੀ ਦੇ ਫ਼ੈਸਲੇ ਅਨੁਸਾਰ ਇਹ ਭਰਤੀ ਕਰਵਾਈ ਜਾ ਰਹੀ ਹੈ। ਉਨ੍ਹਾਂ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਅਪੀਲ ਕੀਤੀ ਕਿ ਉਹ ਇਕੱਲੇ ਖਿਲਾਰਾ ਨਾ ਪਾਉਣ, ਜੇਕਰ ਉਹ ਅਕਾਲੀ ਦਲ ਵਿੱਚ ਆਉਣਾ ਚਾਹੁੰਦੇ ਹਨ ਤਾਂ ਡਿਸਿਪਲਨਰੀ ਕਮੇਟੀ ਕੋਲ ਜਾਣ। ਗੁਲਜ਼ਾਰ ਸਿੰਘ ਰਣੀਕੇ, ਮਹੇਸ਼ ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਅਰਸ਼ਦੀਪ ਸਿੰਘ ਕਲੇਰ, ਕੁਲਦੀਪ ਕੌਰ ਕੰਗ, ਜਥੇਬੰਦਕ ਸਕੱਤਰ ਸ਼ਮਸ਼ੇਰ ਸਿੰਘ ਪੁਰਖਾਲਵੀ ਨੇ ਵੀ ਸੰਬੋਧਨ ਕੀਤਾ।




# ਅਕਾਲੀ ਦਲ ਦੀ ਭਰਤੀ ਮੁਹਿੰਮ ਅਕਾਲ ਤਖ਼ਤ ਦੇ ਹੁਕਮ ਦੀ ਉਲੰਘਣਾ: ਵਡਾਲਾ

## ਸਾਬਕਾ ਵਿਧਾਇਕ ਨੇ ਸੁਖਬੀਰ ਬਾਦਲ ਅਤੇ ਅਕਾਲੀ ਲੀਡਰਸ਼ਿਪ 'ਤੇ ਸੇਧੇ ਨਿਸ਼ਾਨੇ

ਮਹਿਲ ਕਲਾਂ : ਅਕਾਲੀ ਸੁਧਾਰ ਲਹਿਰ ਦੇ ਕਨਵੀਨਰ ਰਹੇ ਗੁਰਪ੍ਰਤਾਪ ਸਿੰਘ ਵਡਾਲਾ ਹਲਕੇ ਦੇ ਪਿੰਡ ਠੀਕਰੀਵਾਲਾ ਪਹੁੰਚੇ। ਇਸ ਮੌਕੇ ਉਨ੍ਹਾਂ ਸੁਖਬੀਰ ਸਿੰਘ ਬਾਦਲ ਸਣੇ ਅਕਾਲੀ ਲੀਡਰਸ਼ਿਪ ਖ਼ਿਲਾਫ਼ ਨਿਸ਼ਾਨੇ ਸੇਧੇ। ਸਾਬਕਾ ਵਿਧਾਇਕ ਵਡਾਲਾ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਅਤੇ ਸੁਖਬੀਰ ਬਾਦਲ ਮਨਮਰਜ਼ੀ ਕਰਕੇ ਭਰਤੀ ਮੁਹਿੰਮ ਚਲਾ ਰਹੇ ਹਨ, ਜੋ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਹੈ। ਜੇ ਸੁਖਬੀਰ ਬਾਦਲ ਅਕਾਲ ਤਖ਼ਤ ਤੋਂ ਆਏ ਹੁਕਮ ਮੰਨ ਕੇ ਕਮੇਟੀ ਦੇ ਫ਼ੈਸਲੇ ਅਨੁਸਾਰ ਚੱਲਣ ਤਾਂ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਵਧੇਗਾ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਬਣਾਈ ਕਮੇਟੀ ਦੀ ਅਗਵਾਈ ਵਿੱਚ ਹੀ ਅਕਾਲੀ ਦਲ ਦੀ ਭਰਤੀ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਸ਼੍ਰੋਮਣੀ ਅਕਾਲੀ ਦਲ ਪ੍ਰਤੀ ਅੱਜ ਵੀ ਪੰਜਾਬ ਦੇ ਲੋਕਾਂ ਵਿੱਚ ਸਤਿਕਾਰ ਹੈ, ਪਰ ਲੀਡਰਸ਼ਿਪ ਲੋਕਾਂ ਦੇ ਮਨਾਂ ਵਿੱਚੋਂ ਲਹਿ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਾਸ਼ੀਏ 'ਤੇ ਆਉਣ ਤੋਂ ਬਾਅਦ ਨਵੇਂ ਅਕਾਲੀ ਦਲ ਹੋਂਦ ਵਿੱਚ ਆ ਰਹੇ ਹਨ, ਜੋ ਖਾਲੀ ਥਾਂ ਭਰਨ ਲਈ ਜੱਦੋਜਹਿਦ ਕਰ ਰਹੇ ਹਨ। ਸੂਬੇ ਦੇ ਲੋਕ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਜੁੜ ਸਕਦੇ ਹਨ, ਜੇ ਪੰਥਕ ਸੋਚ ਅੱਗੇ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਪੰਥ ਦਾ ਭਲਾ ਸੋਚਣ ਵਾਲੇ ਆਗੂਆਂ ਦੀ ਲੋੜ ਹੈ, ਜਦਕਿ ਲੀਡਰਾਂ ਵਿੱਚ ਪਰਿਵਾਰਵਾਦ ਭਾਰੂ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਚੁਟਕਲੇ ਸੁਣਾ ਕੇ ਸੱਤਾ ਤਾਂ ਹਾਸਲ ਕਰ ਲਈ, ਪਰ ਹੁਣ ਸੂਬੇ ਦੇ ਲੋਕ ਮਾਨ ਸਰਕਾਰ ਤੋਂ ਅੱਕੇ ਪਏ ਹਨ। ਇਸ ਦਾ ਨਿਚੋੜ ਲੋਕ ਆਉਂਦੇ ਸਮੇਂ ਵਿੱਚ ਦੇਣਗੇ ਅਤੇ ਪੰਥਕ ਸੋਚ ਦੇ ਧਾਰਨੀ ਲੋਕ ਪੰਜਾਬ ਦੀ ਮੁੜ ਵਾਗਡੋਰ ਸੰਭਾਲਣਗੇ।



# ਭਾਈ ਹਿੰਮਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਵੀਸ਼ਰੀ ਮੁਕਾਬਲੇ

ਸੰਗਰੂਰ : ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਥਾਪਨਾ ਸਮੇਂ ਪੰਜ ਪਿਆਰਿਆਂ ਵਿੱਚ ਸ਼ਾਮਲ ਭਾਈ ਹਿੰਮਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਾਲਾਨਾ ਕਵੀਸ਼ਰੀ ਮੁਕਾਬਲੇ ਸ਼ਹੀਦ ਭਾਈ ਹਿੰਮਤ ਸਿੰਘ ਯਾਦਗਾਰੀ ਧਰਮਸ਼ਾਲਾ ਵਿੱਚ ਕਰਵਾਏ ਗਏ। ਇਹ ਮੁਕਾਬਲੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਅਤੇ ਜਗਰੂਪ ਸਿੰਘ ਜੱਗੀ ਪ੍ਰਧਾਨ ਕਮੇਟੀ, ਹਰਪ੍ਰੀਤ ਸਿੰਘ, ਬਲਬੀਰ ਸਿੰਘ ਅਤੇ ਸਟੱਡੀ ਸਰਕਲ ਦੇ ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ ਦੀ ਦੇਖ-ਰੇਖ ਹੇਠ ਹੋਏ। ਸਮਾਗਮ ਵਿੱਚ ਅਕਾਲ ਅਕੈਡਮੀ ਫਤਿਹਗੜ੍ਹ ਛੰਨਾ, ਫਤਿਹਗੜ੍ਹ ਗੰਢੂਆਂ, ਜਨਾਲ, ਚੱਠੇ ਸੇਖਵਾਂ, ਉਪਲੀ, ਜੋਤੀਸਰ, ਮਸਤੂਆਣਾ ਸਾਹਿਬ, ਬਹਾਦਰਪੁਰ ਤੋਂ ਇਲਾਵਾ ਰਾਮਪੁਰਾ ਛੰਨਾ (ਮਾਲੇਰਕੋਟਲਾ), ਮਨਾਲ (ਬਰਨਾਲਾ) ਅਤੇ ਸ਼ਹਿਰ ਦੇ ਸਕੂਲਾਂ ਦੇ 100 ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ 'ਚ ਲੜਕਿਆਂ ਦੇ ਮੁਕਾਬਲੇ ਵਿੱਚੋਂ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ, ਮੀਰੀ ਪੀਰੀ ਵਿਦਿਆਲਾ ਜੋਤੀਸਰ ਖੁਰਾਣਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਪਲੀ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ, ਜਦੋਂਕਿ ਸਰਕਾਰੀ ਪ੍ਰਾਇਮਰੀ ਸਕੂਲ ਉਪਲੀ ਅਤੇ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਨੇ ਹੌਂਸਲਾ ਵਧਾਊ ਇਨਾਮ ਹਾਸਲ ਕੀਤੇ। ਲੜਕੀਆਂ ਦੇ ਮੁਕਾਬਲਿਆਂ ਵਿੱਚੋਂ ਸੰਤ ਅਤਰ ਸਿੰਘ ਅਕਾਲ ਅਕੈਡਮੀ ਮਸਤੂਆਣਾ ਸਾਹਿਬ, ਅਕਾਲ ਅਕੈਡਮੀ ਫਤਿਹਗੜ੍ਹ ਛੰਨਾ ਅਤੇ ਆਦਰਸ਼ ਮਾਡਲ ਸਕੂਲ ਸੰਗਰੂਰ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ ਜਦੋਂਕਿ ਆਧਾਰ ਪਬਲਿਕ ਸਕੂਲ ਬਡਰੁੱਖਾਂ ਅਤੇ ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਨੇ ਹੌਂਸਲਾ ਵਧਾਊ ਇਨਾਮ ਹਾਸਲ ਕੀਤੇ। ਇਸ ਸਮਾਗਮ ਲਈ ਪ੍ਰਿੰਸੀਪਲ ਰੰਜਨਾ ਸ਼ਰਮਾ ਸੰਗਰੂਰ, ਗੁਰਪ੍ਰੀਤ ਸਿੰਘ ਮਸਤੂਆਣਾ ਸਾਹਿਬ, ਮਨਪ੍ਰੀਤ ਸਿੰਘ ਸਿੰਘ ਜੋਤੀਸਰ, ਮੱਖਣ ਸਿੰਘ ਧੂਰੀ, ਰਣਜੀਤ ਸਿੰਘ ਨਹਿਲ ਚੱਠੇ, ਜਗਦੀਪ ਸਿੰਘ ਫਤਿਹਗੜ੍ਹ ਗੰਢੂਆਂ, ਰਾਜੇਸ਼ ਨਾਗਰ ਮਨਾਲ ਪਰਮਿੰਦਰ ਕੌਰ ਸੰਗਰੂਰ, ਪਰਮਜੀਤ ਕੌਰ ਉਪਲੀ ਤੇ ਹਰਬੰਸ ਕੌਰ ਬਡਰੁੱਖਾਂ ਹਾਜ਼ਰ ਸਨ।



# ਭਾਜਪਾ ਵੱਲੋਂ ਮੈਨੀਫੈਸਟੋ ਦਾ ਦੂਜਾ ਹਿੱਸਾ ਜਾਰੀ

## ਠਾਕੁਰ ਵੱਲੋਂ ਸਰਕਾਰ ਬਣਨ 'ਤੇ ਸਾਰੇ ਐਲਾਨਾਂ ਨੂੰ ਪੂਰਾ ਕਰਨ ਦਾ ਵਾਅਦਾ




ਨਵੀਂ ਦਿੱਲੀ : ਭਾਰਤੀ ਜਨਤਾ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੇ ਮੈਨੀਫੈਸਟੋ ਦਾ ਦੂਜਾ ਹਿੱਸਾ ਜਾਰੀ ਕੀਤਾ। ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਅਨੁਰਾਗ ਠਾਕੁਰ ਨੇ ਸੰਕਲਪ ਪੱਤਰ ਦੇ ਭਾਗ-2 ਨੂੰ ਜਾਰੀ ਕਰਦੇ ਹੋਏ ਦਿੱਲੀ ਵਿੱਚ ਸਰਕਾਰ ਬਣਨ 'ਤੇ ਸਾਰੇ ਐਲਾਨਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡਾ ਇਰਾਦਾ ਇੱਕ ਵਿਕਸਤ ਦਿੱਲੀ ਲਈ ਹੈ। ਪੰਜ ਸਾਲਾਂ ਵਿੱਚ ਇੱਕ ਸੰਕਲਪ ਤੋਂ ਇੱਕ ਪ੍ਰਾਪਤੀ ਵੱਲ ਵਧਾਂਗੇ। ਜਦੋਂ ਵਿਕਸਤ ਭਾਰਤ ਦੀ ਗੱਲ ਕੀਤੀ ਜਾਂਦੀ ਤਾਂ ਇੱਕ ਵਿਕਸਤ ਦਿੱਲੀ ਦੀ ਜ਼ਰੂਰਤ ਹੁੰਦੀ ਹੈ। ਜਿੱਥੇ ਵੀ ਭਾਜਪਾ ਸੱਤਾ ਵਿੱਚ ਰਹੀ ਹੈ, ਉੱਥੇ ਜਨਤਕ ਭਲਾਈ, ਉਨ੍ਹਾਂ ਦੀ ਤਰਜੀਹ ਰਹੀ ਹੈ। ਕੇਂਦਰ ਸਰਕਾਰ ਦੇ ਨਾਲ-ਨਾਲ ਰਾਜ ਸਰਕਾਰਾਂ ਦੀ ਮਦਦ ਨਾਲ ਨਾਗਰਿਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਅਤੇ ਉਨ੍ਹਾਂ ਨੂੰ ਸਹੂਲਤਾਂ ਵੀ ਦਿੱਤੀਆਂ ਹਨ। ਭਾਜਪਾ ਦੇ ਮੈਨੀਫੈਸਟੋ ਦੇ ਐਲਾਨਾਂ ਵਿੱਚ ਕਈ ਵਰਗਾਂ ਨਾਲ ਵਾਅਦੇ ਕੀਤੇ ਗਏ ਹਨ। ਭਾਜਪਾ ਵੱਲੋਂ ਦਿੱਲੀ ਦੇ ਲੋੜਵੰਦ ਵਿਦਿਆਰਥੀਆਂ ਨੂੰ ਸਰਕਾਰੀ ਵਿਦਿਅਕ ਸੰਸਥਾਵਾਂ ਵਿੱਚ ਕੇਜੀ ਤੋਂ ਪੀਜੀ ਤੱਕ ਮੁਫ਼ਤ ਸਿੱਖਿਆ ਦਾ ਵਾਅਦਾ ਕੀਤਾ ਗਿਆ ਹੈ ਅਤੇ ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ 15 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਅਤੇ ਪ੍ਰੀਖਿਆ ਲਈ ਦੋ ਵਾਰ ਦੀ ਅਰਜ਼ੀ ਫੀਸ ਅਤੇ ਯਾਤਰਾ ਖਰਚਿਆਂ ਦੀ ਅਦਾਇਗੀ ਕੀਤੀ ਜਾਵੇਗੀ। ਸੱਤਾ ਵਿੱਚ ਆਉਣ 'ਤੇ ਡਾ. ਬੀਆਰ ਅੰਬੇਡਕਰ ਸਕਾਲਰਸ਼ਿਪ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਪੇਸ਼ੇਵਰ ਕੋਰਸਾਂ ਲਈ ਪ੍ਰਤੀ ਮਹੀਨਾ ਇੱਕ ਹਜ਼ਾਰ ਰੁਪਏ, ਆਟੋ-ਟੈਕਸੀ ਡਰਾਈਵਰਾਂ ਲਈ ਭਲਾਈ ਬੋਰਡ, 10 ਲੱਖ ਰੁਪਏ ਦਾ ਜੀਵਨ ਬੀਮਾ, 5 ਲੱਖ ਰੁਪਏ ਦਾ ਦੁਰਘਟਨਾ ਬੀਮਾ, ਵਾਹਨ ਬੀਮਾ ਅਤੇ ਬੱਚਿਆਂ ਦੀ ਉੱਚ ਸਿੱਖਿਆ ਲਈ ਸਕਾਲਰਸ਼ਿਪ ਵੀ ਸ਼ਾਮਲ ਹੈ। ਘਰੇਲੂ ਸਹਾਇਕਾਂ ਲਈ ਭਲਾਈ ਬੋਰਡ, 10 ਲੱਖ ਰੁਪਏ ਦਾ ਜੀਵਨ ਬੀਮਾ, 5 ਲੱਖ ਰੁਪਏ ਦਾ ਦੁਰਘਟਨਾ ਬੀਮਾ, ਵਾਹਨ ਬੀਮਾ ਅਤੇ ਬੱਚਿਆਂ ਦੀ ਉੱਚ ਸਿੱਖਿਆ ਲਈ ਸਕਾਲਰਸ਼ਿਪ ਅਤੇ ਔਰਤਾਂ ਨੂੰ ਛੇ ਮਹੀਨੇ ਦੀ ਤਨਖਾਹ ਵਾਲੀ ਜਣੇਪਾ ਛੁੱਟੀ ਦਾ ਵਾਅਦਾ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ ਦੇ ਲਾਭਪਾਤਰੀਆਂ ਦੀ ਗਿਣਤੀ ਦੁੱਗਣੀ ਕੀਤੀ ਜਾਵੇਗੀ। ਇਸ ਮੌਕੇ ਦਿੱਲੀ ਭਾਜਪਾ ਦੇ ਆਗੂ ਵੀ ਹਾਜ਼ਰ ਸਨ। ਇਸ ਮੌਕੇ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ, ਭਾਜਪਾ ਦੇ ਲੋਕ ਸਭਾ ਮੈਂਬਰ ਰਾਮਵੀਰ ਸਿੰਘ ਬਿਧੂੜੀ ਅਤੇ ਭਾਜਪਾ ਦੇ ਲੋਕ ਸਭਾ ਮੈਂਬਰ ਮਨੋਜ ਤਿਵਾੜੀ ਵੀ ਹਾਜ਼ਰ ਸਨ।

# ਲੋਕ ਖੁੱਲ੍ਹ ਕੇ 'ਆਪ-ਦਾ' ਨਾਲ ਗੁੱਸਾ ਜ਼ਾਹਰ ਕਰ ਰਹੇ ਹਨ: ਨਰਿੰਦਰ ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਦਿੱਲੀ ਭਾਜਪਾ ਦੇ ਮੈਂਬਰਾਂ ਨੂੰ ਵਿਧਾਨ ਸਭਾ ਚੋਣਾਂ 'ਚ 50 ਫੀਸਦੀ ਤੋਂ ਵੱਧ ਬੂਥ ਜਿੱਤਣ ਦਾ ਟੀਚਾ ਬਣਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਲੋਕ 'ਆਪ' ਸਰਕਾਰ ਪ੍ਰਤੀ ਗੁੱਸਾ ਜ਼ਾਹਰ ਕਰ ਰਹੇ ਹਨ ਅਤੇ ਵਾਅਦੇ ਯਾਦ ਕਰਵਾ ਰਹੇ ਹਨ। ਦਿੱਲੀ ਭਾਜਪਾ ਦੇ ਮੈਂਬਰਾਂ ਨਾਲ ਇੱਕ ਆਨਲਾਈਨ ਗੱਲਬਾਤ ਵਿੱਚ ਸ੍ਰੀ ਮੋਦੀ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ), ਜਿਸਨੂੰ ਉਨ੍ਹਾਂ "ਆਪਦਾ" (ਆਫਤ) ਕਿਹਾ ਸੀ, ਬੇਨਕਾਬ ਹੋ ਗਈ ਹੈ। ਉਨ੍ਹਾਂ ਕਿਹਾ ਕਿ 'ਆਪਦਾ' ਹਰ ਰੋਜ਼ ਨਵੇਂ ਐਲਾਨ ਕਰ ਰਹੀ ਹੈ, ਕਿਉਂਕਿ ਇਸ ਨੂੰ ਰੋਜ਼ਾਨਾ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿਚ ਜ਼ਮੀਨ ਗੁਆਉਣ ਦੀਆਂ ਸੂਚਨਾਵਾਂ ਮਿਲ ਰਹੀਆਂ ਹਨ। ਉਨ੍ਹਾਂ ਨੇ 'ਆਪ' 'ਤੇ 'ਪੂਰਵਾਂਚਲ' ਦੇ ਲੋਕਾਂ ਨੂੰ ਕੌਮੀ ਰਾਜਧਾਨੀ ਤੋਂ ਬਾਹਰ ਧੱਕਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ, ਦੋਸ਼ ਲਾਇਆ ਕਿ ਪਾਰਟੀ ਵਿਚ ਉਨ੍ਹਾਂ ਲਈ ਨਫ਼ਰਤ ਨਾਲ ਭਰੀ ਹੋਈ ਹੈ। ਉਨ੍ਹਾਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨੂੰ ਹਰਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਦਿੱਲੀ ਨੂੰ ਵਿਕਸਤ ਭਾਰਤ ਦੀ ਵਿਕਸਤ ਰਾਜਧਾਨੀ ਬਣਾਉਣ ਦੇ ਸੰਕਲਪ ਨੂੰ ਪੂਰਾ ਕਰਨ ਲਈ ਰਾਹ ਪੱਧਰਾ ਕਰੇਗੀ। ਲੋਕਾਂ ਨੂੰ ਪਾਣੀ ਵਰਗੀਆਂ ਮੁੱਢਲੀਆਂ ਲੋੜਾਂ ਮੁਹੱਈਆ ਕਰਵਾਉਣ ਵਿੱਚ ਨਾਕਾਮ ਰਹਿਣ ਲਈ ਸ਼ਹਿਰ ਦੀ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦਿਆਂ ਉਨ੍ਹਾਂ ਭਾਜਪਾ ਦੇ ਇੱਕ ਮੈਂਬਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ 'ਸ਼ਰਾਬ ਮਿਲਦੀ ਹੈ ਪਰ ਪਾਣੀ ਨਹੀਂ'। ਕੇਜਰੀਵਾਲ ਦੀ ਆਲੋਚਨਾ ਕਰਦੇ ਹੋਏ ਉਨ੍ਹਾਂ ਕਿਹਾ ਕਿ 'ਸ਼ੀਸ਼ਮਹਿਲ' 'ਆਪ' ਦੇ ਧੋਖੇ ਅਤੇ ਝੂਠ ਦੀ ਜ਼ਿੰਦਾ ਮਿਸਾਲ ਹੈ।

# 'ਵਿਕਸਿਤ ਭਾਰਤ' ਦਾ ਸੁਫ਼ਨਾ ਸਾਕਾਰ ਕਰਨ 'ਚ ਹਿੱਸਾ ਪਾਉਣ ਐੱਨਸੀਸੀ ਕੈਡਿਟ: ਰਾਜਨਾਥ

## ਰੱਖਿਆ ਮੰਤਰੀ ਨੇ ਕੈਂਪ ਦੌਰਾਨ ਕੈਡਿਟਾਂ ਦੀ ਏਕਤਾ ਤੇ ਅਨੁਸ਼ਾਸਨ ਨੂੰ ਸਲਾਹਿਆ



ਨਵੀਂ ਦਿੱਲੀ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੈਸ਼ਨਲ ਕੈਡਿਟ ਕੋਰ (ਐੱਨਸੀਸੀ) ਦੇ ਸਾਬਕਾ ਕੈਡਿਟ ਹਨ ਅਤੇ ਭਾਰਤ ਨੂੰ 2047 ਤੱਕ ਵਿਕਸਿਤ ਮੁਲਕ ਬਣਾਉਣ ਦਾ ਉਨ੍ਹਾਂ ਦਾ ਸੁਫ਼ਨਾ ਸਾਕਾਰ ਕਰਨ 'ਚ ਐੱਨਸੀਸੀ ਕੈਡਿਟਾਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਰਾਜਨਾਥ ਸਿੰਘ ਨੇ ਇਹ ਗੱਲ ਦਿੱਲੀ ਛਾਉਣੀ 'ਚ ਚੱਲ ਰਹੇ ਗਣਤੰਤਰ ਦਿਵਸ ਐੱਨਸੀਸੀ ਕੈਂਪ ਦੇ ਦੌਰੇ ਦੌਰਾਨ ਕੈਡਿਟਾਂ ਤੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕਰਦਿਆਂ ਆਖੀ ਤੇ ਕਿਹਾ ਕਿ ਉਹ ਐੱਨਸੀਸੀ ਕੈਡਿਟਾਂ 'ਚ ਭਾਰਤ ਦਾ ਅਕਸ ਦੇਖਦੇ ਹਨ। ਇੱਕ ਮਹੀਨਾ ਚੱਲਣ ਵਾਲੇ ਚੱਲ ਵਾਲੇ ਇਸ ਕੈਂਪ 'ਚ ਦੇਸ਼ ਭਰ ਤੋਂ 2,361 ਐੱਨਸੀਸੀ ਕੈਡਿਟ ਹਿੱਸਾ ਲੈ ਰਹੇ ਹਨ। ਇਹ ਕੈਂਪ 30 ਦਸੰਬਰ ਤੋਂ ਚੱਲ ਰਿਹਾ ਹੈ ਅਤੇ 27 ਜਨਵਰੀ ਨੂੰ ਪ੍ਰਧਾਨ ਮੰਤਰੀ ਦੀ ਰੈਲੀ ਨਾਲ ਖ਼ਤਮ ਹੋਵੇਗਾ। ਇਸ ਸਾਲਾਨਾ ਸਮਾਗਮ 'ਚ 917 ਮਹਿਲਾ ਕੈਡਿਟ ਵੀ ਹਿੱਸਾ ਲੈ ਰਹੀਆਂ ਹਨ, ਜਿਹੜਾ ਹੁਣ ਤੱਕ ਦਾ ਸਭ ਤੋਂ ਵੱਡਾ ਦਲ ਹੈ। ਐੱਨਸੀਸੀ ਕੈਂਪ 'ਚ ਕੈਡਿਟਾਂ ਦੀ ਏਕਤਾ ਤੇ ਅਨੁਸ਼ਾਸਨ ਦੀ ਸ਼ਲਾਘਾ ਕਰਦਿਆਂ ਰੱਖਿਆ ਮੰਤਰੀ ਨੇ ਕਿਹਾ, "ਭਾਰਤ 'ਚ ਅਨੇਕਾਂ ਸਰੀਰ ਹੋ ਸਕਦੇ ਹਨ ਪਰ ਆਤਮਾ ਇੱਕ ਹੈ। ਅਨੇਕਾਂ ਸ਼ਾਖਾਵਾਂ ਹਨ ਪਰ ਜੜ੍ਹ ਇੱਕ ਹੈ। ਅਨੇਕਾਂ ਕਿਰਨਾਂ ਹਨ ਪਰ ਪ੍ਰਕਾਸ਼ ਇੱਕ ਹੈ।" ਰਾਜਨਾਥ ਨੇ ਆਖਿਆ ਕਿ ਰਾਜਨੀਤੀ 'ਚ ਆਉਣ ਤੋਂ ਪਹਿਲਾਂ ਉਹ ਖ਼ੁਦ ਇੱਕ ਵਿਦਿਆਰਥੀ, ਐੱਨਸੀਸੀ ਦੇ ਕੈਡਿਟ ਤੇ ਫਿਜ਼ਿਕਸ ਦੇ ਅਧਿਆਪਕ ਸਨ। ਉਨ੍ਹਾਂ ਕਿਹਾ ਕਿ ਕੈਡਿਟਾਂ ਦਾ ਜੋਸ਼ ਤੇ ਉਤਸ਼ਾਹ ਦਰਸਾਉਂਦਾ ਹੈ ਕਿ ਭਾਰਤ ਦਾ ਭਵਿੱਖ ਰੌਸ਼ਨ ਹੈ ਅਤੇ ਇਹ ਹੋਰ ਰੌਸ਼ਨ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਐੱਨਸੀਸੀ ਨੌਜਵਾਨਾਂ 'ਚ ਅਗਵਾਈ ਦੇ ਗੁਣਾਂ ਤੇ ਅਨੁਸ਼ਾਸਨ ਦਾ ਸੰਚਾਰ ਕਰਦੀ ਹੈ।

# ਕੇਜਰੀਵਾਲ ਵੱਲੋਂ ਭਾਜਪਾ ਦੇ ਚੋਣ ਮਨੋਰਥ ਪੱਤਰ ਦੀ ਆਲੋਚਨਾ




ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ, ਪਾਰਟੀ ਦੇ ਸੰਕਲਪ ਪੱਤਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਆਪਣੇ ਦੋ ਜਾਰੀ ਕੀਤੇ ਸੰਕਲਪ ਪੱਤਰਾਂ ਵਿੱਚ, ਭਾਜਪਾ (ਦਿੱਲੀ ਭਾਜਪਾ) ਨੇ ਸਵੀਕਾਰ ਕੀਤਾ ਹੈ ਅਤੇ ਸਿੱਧੇ ਤੌਰ 'ਤੇ ਐਲਾਨ ਕੀਤਾ ਹੈ ਕਿ ਉਹ ਦਿੱਲੀ ਦੇ ਮੁਹੱਲਾ ਕਲੀਨਿਕਾਂ ਨੂੰ ਬੰਦ ਕਰ ਦੇਣਗੇ ਅਤੇ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਦਿੱਤੀ ਜਾ ਰਹੀ ਮੁਫ਼ਤ ਸਿੱਖਿਆ ਨੂੰ ਬੰਦ ਕਰ ਦੇਣਗੇ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਅੱਗੇ ਲਿਖਿਆ ਕਿ ਉਨ੍ਹਾਂ ਪਹਿਲਾਂ ਹੀ ਕਿਹਾ ਸੀ ਕਿ ਭਾਜਪਾ ਦਿੱਲੀ ਚੋਣਾਂ ਸਿਰਫ਼ ਅਤੇ ਸਿਰਫ਼ ਦਿੱਲੀ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਾਰੀਆਂ ਯੋਜਨਾਵਾਂ ਨੂੰ ਰੋਕਣ ਲਈ ਲੜ ਰਹੀ ਹੈ। ਉਨ੍ਹਾਂ ਨੇ ਹੁਣ ਸਵੀਕਾਰ ਕਰ ਲਿਆ ਹੈ ਕਿ ਉਹ ਮੁਫ਼ਤ ਸਿੱਖਿਆ ਲਈ ਲੜ ਰਹੇ ਹਨ ਅਤੇ ਅਸੀਂ ਇਸ ਨੂੰ ਰੋਕਾਂਗੇ। ਇਸੇ ਦੌਰਾਨ 'ਆਪ' ਦੇ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਭਾਜਪਾ ਦੇ ਸੰਕਲਪ ਪੱਤਰ 'ਤੇ ਨਿਸ਼ਾਨਾ ਸੇਧਿਆ ਹੈ। ਉਨ੍ਹਾਂ ਨੇ ਆਪਣੇ ਐਕਸ ਅਕਾਊਂਟ 'ਤੇ ਪੋਸਟ ਕਰਦੇ ਹੋਏ ਲਿਖਿਆ ਕਿ ਭਾਜਪਾ ਦਾ ਮੈਨੀਫੈਸਟੋ ਗਰੀਬਾਂ ਅਤੇ ਦਿੱਲੀ ਦੇ ਲੋਕਾਂ ਖ਼ਿਲਾਫ਼ ਹੈ। ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਐਲਾਨ ਕੀਤਾ ਹੈ ਕਿ ਉਹ 18 ਲੱਖ ਬੱਚਿਆਂ ਦੀ ਮੁਫ਼ਤ ਸਿੱਖਿਆ ਬੰਦ ਕਰ ਦੇਵੇਗੀ। ਸਿਸੋਦੀਆ ਨੇ ਲਿਖਿਆ ਕਿ ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕਿਹਾ ਹੈ ਕਿ ਉਹ ਮੁਹੱਲਾ ਕਲੀਨਿਕ ਅਤੇ ਮੁਫ਼ਤ ਇਲਾਜ ਨੂੰ ਖ਼ਤਮ ਕਰੇਗੀ। ਉਨ੍ਹਾਂ ਕਿਹਾ ਕਿ ਭਾਜਪਾ ਸਿਰਫ਼ ਝੁੱਗੀਆਂ-ਝੌਂਪੜੀਆਂ ਨੂੰ ਢਾਹ ਕੇ ਗ਼ਰੀਬਾਂ ਦੀਆਂ ਸਹੂਲਤਾਂ ਖੋਹਣਾ ਜਾਣਦੀ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 270 ਲੋੜਵੰਦਾ ਨੂੰ ਦਿੱਤੀ ਵਿੱਤੀ ਸਹਾਇਤਾ



ਸ੍ਰੀ ਮੁਕਤਸਰ ਸਾਹਿਬ : ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੋ ਲੱਖ ਵੀਹ ਹਜ਼ਾਰ ਰੁਪਏ ਦੀ ਰਾਸ਼ੀ ਸ. ਬਲਦੇਵ ਸਿੰਘ ਬੇਦੀ ਰਿਟਾਇਰਡ ਡੀ.ਈ.ਓ. ਅਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਇਹ ਸਹਾਇਤਾ ਰਾਸ਼ੀ ਬੇਸਹਾਰਾ ਬਜ਼ੁਰਗਾਂ, ਬੇਸਹਾਰਾ ਬੱਚਿਆਂ, ਬੇਸਹਾਰਾ ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਦਿੱਤੀ ਗਈ। ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ ਅਤੇ ਹਰ ਮਹੀਨੇ ਲੋੜਵੰਦ ਲੋਕਾਂ ਦੀ ਲੜੀ ਬਹੁਤ ਵੱਡੀ ਹੁੰਦੀ ਜਾ ਰਹੀ ਹੈ। ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਜਨਰਲ ਸਕੱਤਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 8 ਮੁਫ਼ਤ ਸਿਖਲਾਈ ਸੈਂਟਰ (ਬਿਊਟੀ ਪਾਰਲਰ, ਸਿਲਾਈ, ਕੰਪਿਊਟਰ) ਵੀ ਚੱਲ ਰਹੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਕਿਹਾ ਕਿ ਇਹ ਰਾਸ਼ੀ ਡਾਕਟਰ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ ਕਿਉਂਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਸ ਮੌਕੇ ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਚਰਨਜੀਤ ਸਿੰਘ, ਮਾਸਟਰ ਰਜਿੰਦਰ ਸਿੰਘ, ਅਸ਼ੋਕ ਕੁਮਾਰ, ਸੋਮਨਾਥ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ ਆਦਿ ਹਾਜ਼ਰ ਸਨ।

# ਮਹਾਂਕੁੰਭ ਮੇਲੇ 'ਚ ਲੱਗੀ ਭਿਆਨਕ ਅੱਗ, ਕਈ ਟੈਂਟ ਸੜ ਕੇ ਸੁਆਹ



ਪ੍ਰਯਾਗਰਾਜ : ਮਹਾਂਕੁੰਭ ਮੇਲੇ 'ਚ ਇਕ ਸਿਲੰਡਰ ਫਟਣ ਕਾਰਨ ਲੱਗੀ ਇਕ ਭਿਆਨਕ ਅੱਗ ਕਾਰਨ ਸੈਕਟਰ 19 'ਚ 18 ਟੈਂਟ ਸੜ ਕੇ ਸੁਆਹ ਹੋ ਗਏ। ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ 'ਚ ਕੋਈ ਵੀ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ। ਅਖਾੜਾ ਪੁਲਿਸ ਸਟੇਸ਼ਨ ਦੇ ਇੰਚਾਰਜ ਭਾਸਕਰ ਮਿਸ਼ਰਾ ਨੇ ਕਿਹਾ ਕਿ ਕੁੰਭ ਮੇਲੇ ਦੇ ਸੈਕਟਰ 19 'ਚ 2 ਐਲ.ਪੀ.ਜੀ. ਸਿਲੰਡਰ ਫਟ ਗਏ, ਜਿਸ ਕਾਰਨ ਕੈਂਪਾਂ 'ਚ ਅੱਗ ਲੱਗ ਗਈ। ਉਨ੍ਹਾਂ ਕਿਹਾ ਕਿ ਅੱਗ ਬਝਾਊ ਦਸਤੇ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੁੰਭ ਮੇਲੇ ਦੇ ਮੁੱਖ ਫਾਇਰ ਅਫਸਰ ਪ੍ਰਮੋਦ ਸ਼ਰਮਾ ਨੇ ਕਿਹਾ ਕਿ ਅੱਗ ਲੱਗਣ ਤੋਂ 2 ਮਿੰਟ ਬਾਅਦ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਪਹੁੰਚੀਆਂ। 10 ਮਿੰਟ ਦੀ ਕੋਸ਼ਿਸ਼ ਤੋਂ ਬਾਅਦ ਵੀ ਅੱਗ ਬੁਝਾਈ ਨਹੀਂ ਜਾ ਸਕੀ, ਜਿਸ ਤੋਂ ਬਾਅਦ ਹੋਰ ਟੀਮਾਂ ਨੇ ਵੀ ਅੱਗ ਬੁਝਾਉਣ ਦੀ ਜ਼ਿੰਮੇਵਾਰੀ ਸੰਭਾਲੀ। ਉਨ੍ਹਾਂ ਦੱਸਿਆ ਕਿ ਅੱਗ ਬੁਝਾਉਣ ਲਈ 15 ਫਾਇਰ ਟੈਂਡਰ ਮੌਕੇ 'ਤੇ ਮੌਜੂਦ ਸਨ। ਅੱਗ ਵਧਦੀ ਗਈ ਤੇ 100 ਵਰਗ ਮੀਟਰ ਤੋਂ ਵੱਧ 'ਚ ਫੈਲ ਗਈ। ਅੱਗ ਦੀਆਂ ਲਪਟਾਂ 30 ਫੁੱਟ ਦੀ ਉਚਾਈ ਤੱਕ ਉੱਠ ਰਹੀਆਂ ਸਨ। ਹਫੜਾ-ਦਫੜੀ ਦੇ ਵਿਚਕਾਰ ਅਧਿਕਾਰੀ ਵੀ ਮੌਕੇ 'ਤੇ ਪਹੁੰਚਦੇ ਦੇਖੇ ਗਏ। ਇਸ ਦੌਰਾਨ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀ ਘਟਨਾ ਵਾਲੀ ਥਾਂ ਦਾ ਜਾਇਜ਼ਾ ਲੈਣ ਲਈ ਮੌਕੇ 'ਤੇ ਪਹੁੰਚੇ। ਉਨ੍ਹਾਂ ਪ੍ਰਭਾਵਿਤ ਖੇਤਰ ਦਾ ਮੁਆਇਨਾ ਕੀਤਾ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਅਧਿਕਾਰੀਆਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਆਦਿਤਿਆਨਾਥ ਨਾਲ ਗੱਲ ਕਰਕੇ ਘਟਨਾ ਸੰਬੰਧੀ ਜਾਣਕਾਰੀ ਲਈ ਹੈ।

# ਕਿੰਨਰ ਅਖਾੜੇ ਨੇੜੇ ਲੱਗੀ ਅੱਗ, ਜਾਨੀ ਨੁਕਸਾਨ ਤੋਂ ਬਚਾਅ

## ਲੋਕਾਂ ਨੇ ਪਾਣੀ ਤੇ ਰੇਤੇ ਦੀ ਮਦਦ ਨਾਲ ਅੱਗ 'ਤੇ ਪਾਇਆ ਕਾਬੂ; ਸੈਕਟਰ-19 ਦੇ ਕੈਂਪ ਵਿੱਚ ਲੱਗ ਚੁੱਕੀ ਹੈ ਅੱਗ

ਪ੍ਰਯਾਗਰਾਜ : ਮਹਾਕੁੰਭ ਨਗਰ ਸਥਿਤ ਸੈਕਟਰ-19 'ਚ ਬੀਤੇ ਦਿਨ ਅੱਗ ਲੱਗਣ ਦੀ ਵੱਡੀ ਘਟਨਾ ਤੋਂ ਅਗਲੇ ਦਿਨ ਅੱਜ ਸੈਕਟਰ-16 'ਚ ਕਿੰਨਰ ਅਖਾੜਾ ਸਾਹਮਣੇ ਸ੍ਰੀ ਹਰੀ ਦਿਵਿਆ ਸਾਧਨਾ ਪੀਠ, ਪ੍ਰਤਾਪਗੜ੍ਹ ਦੇ ਕੈਂਪ 'ਚ ਅੱਗ ਲੱਗ ਗਈ, ਜਿਸ ਨੂੰ ਸਥਾਨਕ ਲੋਕਾਂ ਨੇ ਪਾਣੀ ਤੇ ਰੇਤਾ ਪਾ ਕੇ ਬੁਝਾ ਦਿੱਤਾ।



ਫਾਇਰ ਬ੍ਰਿਗੇਡ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਕੇਂਦਰ ਅੰਨ ਖੇਤਰ ਅਧੀਨ ਲੱਗੇ ਟਾਵਰ 'ਤੇ ਤਾਇਨਾਤ ਮੁਲਾਜ਼ਮਾਂ ਨੂੰ ਸਵੇਰੇ 9.30 ਵਜੇ ਕਿੰਨਰ ਅਖਾੜਾ ਸਾਹਮਣੇ ਧੂੰਆਂ ਉਠਦਾ ਦਿਖਾਈ ਦਿੱਤਾ ਅਤੇ ਇਸ ਦੀ ਸੂਚਨਾ ਕੰਟਰੋਲ ਰੂਮ ਨੂੰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸੂਚਨਾ 'ਤੇ ਖੇਤਰ 'ਚ ਘੁੰਮ ਰਹੇ ਫਾਇਰ ਬ੍ਰਿਗੇਡ ਦੇ ਵਾਹਨ ਨੂੰ ਤੁਰੰਤ ਮੌਕੇ 'ਤੇ ਭੇਜਿਆ ਗਿਆ। ਅਧਿਕਾਰੀ ਨੇ ਕਿਹਾ ਕਿ ਸ੍ਰੀ ਹਰੀ ਦਿਵਿਆ ਸਾਧਨਾ ਪੀਠ ਪ੍ਰਤਾਪਗੜ੍ਹ ਸੰਗਮ ਲੋਅਰ ਮਾਰਗ 'ਤੇ ਅੱਗ ਲੱਗੀ ਸੀ ਜਿਸ ਨੂੰ ਉੱਥੇ ਮੌਜੂਦ ਲੋਕਾਂ ਨੇ ਰੇਤਾ ਤੇ ਪਾਣੀ ਨਾਲ ਪਹਿਲਾਂ ਹੀ ਬੁਝਾ ਲਿਆ ਸੀ। ਉਨ੍ਹਾਂ ਦੱਸਿਆ ਕਿ ਨਿਰੀਖਣ 'ਚ ਪਾਇਆ ਗਿਆ ਕਿ ਇੱਕ ਟੈਂਟ 'ਚ ਅੱਗ ਲੱਗੀ ਸੀ ਅਤੇ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਸੈਕਟਰ-19 'ਚ ਇੱਕ ਕੈਂਪ 'ਚ ਲੱਗੀ ਅੱਗ ਤੇਜ਼ੀ ਨਾਲ ਫੈਲ ਗਈ ਅਤੇ ਇਸ ਲਪੇਟ 'ਚ ਆ ਕੇ ਤਕਰੀਬਨ 18 ਟੈਂਟ ਸੜ ਗਏ ਸਨ। ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਹਾਲਾਂਕਿ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ। ਗੀਤ ਪ੍ਰੈੱਸ ਤੇ ਆਲ ਇੰਡੀਆ ਭਾਰਤੀ ਧਰਮ ਸੰਘ ਵੱਲੋਂ ਲਾਏ ਗਏ ਇਸ ਕੈਂਪ 'ਚ ਲੱਗੀ ਅੱਗ ਬੁਝਾਉਣ ਲਈ ਤਕਰੀਬਨ 15-16 ਗੱਡੀਆਂ ਦੀ ਵਰਤੋਂ ਕੀਤੀ ਗਈ ਸੀ।

# ਆਈਆਈਟੀ ਬਾਬਾ : 'ਪੈਸੇ ਦੀ ਕੋਈ ਕਮੀ ਨਹੀਂ...', ਏਅਰੋਸਪੇਸ ਇੰਜੀਨੀਅਰ ਅਭੈ ਕਿਉਂ ਬਣੇ ਸੰਨਿਆਸੀ

## *ਪਰਿਵਾਰ ਨੇ ਕਿਹਾ- ਇਹ ਪਾਗਲ ਹੋ ਗਿਆ*

ਮਹਾਕੁੰਭਨਗਰ : ਮਹਾਕੁੰਭ ਦੇ ਪਵਿੱਤਰ ਮਾਹੌਲ 'ਚ ਇਕ ਨੌਜਵਾਨ ਸੰਨਿਆਸੀ ਹਰ ਕਿਸੇ ਦਾ ਧਿਆਨ ਖਿੱਚ ਰਿਹਾ ਹੈ। ਇਹ ਹੈ ਇੰਜੀਨੀਅਰ ਬਾਬਾ। ਅਸਲੀ ਨਾਂ ਹੈ ਅਭੈ ਸਿੰਘ। ਜੂਨਾ ਅਖਾੜਾ ਨਾਲ ਜੁੜੇ ਇਸ ਨੌਜਵਾਨ ਸੰਨਿਆਸੀ ਨੇ ਆਈਆਈਟੀ ਬਾਂਬੇ ਤੋਂ ਏਅਰੋਸਪੇਸ ਇੰਜੀਨੀਅਰਿੰਗ 'ਚ ਬੀਟੈੱਕ ਕੀਤੀ ਤੇ ਬਾਅਦ 'ਚ ਜੀਵਨ ਦੇ ਅੰਤਿਮ ਸੱਚ ਦੀ ਖੋਜ 'ਚ ਸੰਨਿਆਸ ਮਾਰਗ 'ਤੇ ਚੱਲ ਪਿਆ। ਇੰਜੀਨੀਅਰ ਬਾਬਾ ਸਾਧਾਰਨ ਪਹਿਰਾਵਾ ਤੇ ਡੂੰਘੀ ਚਿੰਤਨਸ਼ੀਲ ਸ਼ਖਸੀਅਤ ਦੇ ਕਾਰਨ ਖ਼ਾਸ ਖਿੱਚ ਦਾ ਕੇਂਦਰ ਬਣੇ ਹਨ। ਉਨ੍ਹਾਂ ਦੀਆਂ ਗੱਲਾਂ 'ਚ ਵਿਗਿਆਨ ਤੇ ਅਧਿਆਤਮ ਦਾ ਅਨੋਖਾ ਸੰਗਮ ਮਿਲਦਾ ਹੈ। ਕਹਿੰਦੇ ਹਨ ਕਿ ਵਿਗਿਆਨ ਸੱਚ ਤੱਕ ਪਹੁੰਚਣ ਦਾ ਮਾਧਿਅਮ ਹੋ ਸਕਦਾ ਹੈ ਪਰ ਅੰਤਿਮ ਸੱਚ ਆਤਮਗਿਆਨ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਹਰਿਆਣਾ ਤੋਂ ਆਈਆਈਟੀ ਬਾਂਬੇ 'ਚ ਏਅਰੋਸਪੇਸ ਇੰਜੀਨੀਅਰਿੰਗ ਦੀ ਪੜ੍ਹਾਈ ਤੇ ਫਿਰ ਜੀਵਨ ਦੇ ਅੰਤਿਮ ਸੱਚ ਦੀ ਖੋਜ 'ਚ ਸੰਨਿਆਸ ਦਾ ਰਸਤਾ ਚੁਣਨ ਦੀ ਉਨ੍ਹਾਂ ਦੀ ਕਹਾਣੀ ਮੰਥਨ ਲਈ ਮਜਬੂਰ ਕਰਦੀ ਹੈ। ਕਹਿੰਦੇ ਹਨ, 'ਪੜ੍ਹਾਈ ਦੌਰਾਨ ਹੀ ਮੇਰਾ ਦਰਸ਼ਨ ਸ਼ਾਸਤਰ ਵੱਲ ਝੁਕਾਅ ਸੀ। ਮੈਂ ਹਮੇਸ਼ਾ ਜੀਵਨ ਦਾ ਅਰਥ ਜਾਣਨ ਦੀ ਕੋਸ਼ਿਸ਼ ਕਰਦਾ ਸੀ। ਜਿਹੜੀ ਪੜ੍ਹਾਈ ਮੈਂ ਕੀਤੀ ਸੀ, ਉਸ ਵਿਚ ਚੰਗੀ ਤਨਖ਼ਾਹ 'ਤੇ ਨੌਕਰੀ ਮਿਲੀ। ਪੈਸੇ ਦੀ ਕੋਈ ਕਮੀ ਨਹੀਂ ਸੀ ਪਰ ਮਨ ਕੁਝ ਹੋਰ ਹੀ ਕਰਨਾ ਚਾਹੁੰਦਾ ਸੀ। ਵਿਗਿਆਨ ਤੇ ਤਕਨੀਕ ਦੀਆਂ ਉੱਚਾਈਆਂ ਛੂਹਣ ਦੇ ਬਾਵਜੂਦ ਮਨ ਵਿਚ ਇਕ ਸਵਾਲ ਹਮੇਸ਼ਾ ਬਣਿਆ ਰਿਹਾ, ਉਹ ਇਹ ਸੀ ਕਿ ਜੀਵਨ ਦਾ ਅੰਤਿਮ ਮਕਸਦ ਕੀ ਹੈ?' ਮੈਂ ਪਾਇਆ ਕਿ ਮੇਰਾ ਅਸਲੀ ਫੈਸ਼ਨ ਫੋਟੋਗ੍ਰਾਫ਼ੀ ਸੀ। ਪੜ੍ਹਾਈ ਤੋਂ ਬਾਅਦ ਫਿਜ਼ਿਕਸ ਪੜ੍ਹਾਉਣ ਲਈ ਫੋਟੋਗ੍ਰਾਫ਼ੀ, ਪ੍ਰੋਡਕਟ ਡਿਜ਼ਾਈਨ ਤੇ ਐਨੀਮੇਸ਼ਨ ਵਰਗੇ ਖੇਤਰਾਂ 'ਚ ਕੰਮ ਕੀਤਾ। ਟਰੈਵਲ ਫੋਟੋਗ੍ਰਾਫਰ ਰਹੇ ਤੇ ਸੱਚ ਦੀ ਖੋਜ ਵਿਚ ਦੋ ਹਜ਼ਾਰ ਕਿਲੋਮੀਟਰ ਪੈਦਲ ਯਾਤਰਾ ਕਰਦੇ ਹੋਏ ਚਾਰ ਧਾਮ ਦੀ ਯਾਤਰਾ ਦੇ ਨਾਲ ਕਾਸ਼ੀ, ਰਿਸ਼ੀਕੇਸ਼ ਤੇ ਹਿਮਾਲਿਆ ਪਹੁੰਚੇ। ਅਭੈ ਕਹਿੰਦੇ ਹਨ ਕਿ ਮੈਨੂੰ ਲੱਗਾ ਕਿ ਭੌਤਿਕਤਾ ਦੀ ਦੌੜ 'ਚ ਸਕੂਨ ਨਹੀਂ ਪਾ ਸਕਦੇ। ਸੰਨਿਆਸ ਦਾ ਉਨ੍ਹਾਂ ਦਾ ਫ਼ੈਸਲਾ ਪਰਿਵਾਰ ਨੂੰ ਹੈਰਾਨ ਕਰਨ ਵਾਲਾ ਸੀ। ਉਨ੍ਹਾਂ ਕਿਹਾ ਕਿ ਜਦੋਂ ਮੈਂ ਸੰਨਿਆਸ ਲਿਆ ਤਾਂ ਮੰਮੀ ਪਾਪਾ ਨੇ ਕਿਹਾ ਕਿ ਪਾਗਲ ਹੋ ਗਿਆ ਹੈ ਪਰ ਮੈਨੂੰ ਲੱਗਾ ਕਿ ਅਸਲੀ ਗਿਆਨ ਖ਼ੁਦ ਨੂੰ ਸਮਝਣ 'ਚ ਹੈ। ਉਹ ਪੰਚਕੋਸ਼ 'ਚ ਸ਼ਾਮਲ ਆਨੰਦਮਏ, ਵਿਗਿਆਨਮਏ ਕੋਸ਼ ਤੇ ਪਾਣਮਏ ਕੋਸ਼ ਦੇ ਪੁਰਾਤਨ ਗਿਆਨ ਨੂੰ ਆਧੁਨਿਕ ਗਿਆਨ ਨਾਲ ਸਮਝਾਉਂਦੇ ਹਨ।



# ਮੋਨਾਲੀਸਾ ਪਿੱਛੇ ਪਾਗ਼ਲ ਹੋਈ ਦੁਨੀਆ, ਜਾਨ ਬਚਾ ਕੇ ਭੱਜ ਰਹੀ ਦਾ ਵੀਡੀਓ ਵਾਇਰਲ

ਮੁੰਬਈ : ਪ੍ਰਯਾਗਰਾਜ 'ਚ ਆਯੋਜਿਤ ਦੁਨੀਆ ਦੇ ਸਭ ਤੋਂ ਵੱਡੇ ਮੇਲੇ ਮਹਾਕੁੰਭ 'ਚ ਵਾਇਰਲ ਲੜਕੀ ਮੋਨਾਲੀਸਾ ਲਈ ਉਸ ਦੀ ਖ਼ੂਬਸੂਰਤੀ ਮਹਿੰਗੀ ਪੈ ਰਹੀ ਹੈ। ਨੀਲੀਆਂ ਅਤੇ ਆਕਰਸ਼ਕ ਅੱਖਾਂ ਵਾਲੀ ਇਹ ਲੜਕੀ ਦੁਨੀਆਂ ਦਾ ਕਾਫੀ ਧਿਆਨ ਖਿੱਚ ਰਹੀ ਹੈ। ਲੋਕ ਇਸ ਨੂੰ ਬਾਲੀਵੁੱਡ ਅਦਾਕਾਰਾਂ ਤੋਂ ਵੀ ਖ਼ੂਬਸੂਰਤ ਕਹਿ ਰਹੇ ਹਨ। ਇੰਦੌਰ ਤੋਂ ਕੁੰਭ ਮੇਲੇ 'ਚ ਹਾਰ ਵੇਚਣ ਆਈ ਮੋਨਾਲੀਸਾ ਦੀ ਜਾਨ ਖਤਰੇ 'ਚ ਹੈ। ਵਾਇਰਲ ਗਰਲ ਦੇ ਮਹਾਕੁੰਭ ਦੇ ਵੀਡੀਓ ਇੱਕ ਤੋਂ ਬਾਅਦ ਇੱਕ ਵਾਇਰਲ ਹੋ ਰਹੇ ਹਨ। ਮੌਨੀ ਭੌਂਸਲੇ ਨੂੰ ਦੇਖਣ ਲਈ ਲੋਕ ਮਹਾਕੁੰਭ ਵੱਲ ਦੌੜ ਰਹੇ ਹਨ। ਇਸ ਦੇ ਨਾਲ ਹੀ ਵਾਇਰਲ ਲੜਕੀ ਨੂੰ ਲੋਕਾਂ ਦੀ ਭਾਰੀ ਭੀੜ ਤੋਂ ਆਪਣੇ ਆਪ ਨੂੰ ਬਚਾਉਣਾ ਪਿਆ। ਅਜਿਹੇ ਵਿੱਚ ਕੁੰਭ ਤੋਂ ਇੱਕ ਵੀਡੀਓ ਸਾਹਮਣੇ ਆਇਆ ਹੈ। ਵਾਇਰਲ ਹੋਈ ਇਸ ਵੀਡੀਓ 'ਚ ਲੜਕੀ ਭੀੜ ਦਾ ਸ਼ਿਕਾਰ ਹੁੰਦੀ ਨਜ਼ਰ ਆ ਰਹੀ ਹੈ।

**ਮੋਨਾਲੀਸਾ ਲਈ ਪਾਗ਼ਲ ਹੋਈ ਦੁਨੀਆ :** ਵਾਇਰਲ ਵੀਡੀਓ ਨੂੰ ਵਾਇਸ ਆਫ ਰਾਜਸਥਾਨ ਨਾਮ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਸ਼ੇਅਰ ਕੀਤਾ ਗਿਆ ਹੈ। ਇਸ ਵੀਡੀਓ 'ਚ ਤੁਸੀਂ ਦੇਖੋਂਗੇ ਕਿ ਮੋਨਾਲੀਸਾ ਦੇ ਨਾਂ ਨਾਲ ਜਾਣੀ ਜਾਂਦੀ ਵਾਇਰਲ ਲੜਕੀ ਨੂੰ ਦੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੋ ਰਹੀ ਹੈ ਅਤੇ ਇਸ ਦੇ ਨਾਲ ਹੀ ਲਾਲ ਸੂਟ ਪਹਿਨੀ ਵਾਇਰਲ ਲੜਕੀ ਬਚਦੀ ਨਜ਼ਰ ਆ ਰਹੀ ਹੈ ਅਤੇ ਉਸ ਦੇ ਪਰਿਵਾਰਕ ਮੈਂਬਰ ਵੀ ਉਸ ਨੂੰ ਬਚਾ ਰਹੇ ਹਨ। ਵਾਇਰਲ ਲੜਕੀ ਨੇ ਦੁਪੱਟੇ ਨਾਲ ਆਪਣਾ ਮੂੰਹ ਢੱਕਿਆ ਹੋਇਆ ਹੈ ਅਤੇ ਇੱਕ ਔਰਤ ਨੇ ਇਸ 'ਤੇ ਚਾਦਰ ਪਾ ਦਿੱਤੀ ਹੈ। ਇਸ ਦੇ ਨਾਲ ਹੀ ਉਸ ਦੇ ਰਿਸ਼ਤੇਦਾਰ ਉਸ ਦੀ ਸੁਰੱਖਿਆ ਕਰਦੇ ਨਜ਼ਰ ਆ ਰਹੇ ਹਨ। ਆਓ ਜਾਣਦੇ ਹਾਂ ਇਸ ਵੀਡੀਓ 'ਤੇ ਲੋਕਾਂ ਦੀਆਂ ਪ੍ਰਤੀਕਿਰਿਆਵਾਂ।



**ਲੋਕਾਂ ਦਾ ਫੁੱਟਿਆ ਗੁੱਸਾ :** ਇੱਕ ਯੂਜ਼ਰ ਨੇ ਲਿਖਿਆ, 'ਇਹ ਬੱਚੀ ਬਹੁਤ ਖਤਰੇ 'ਚ ਹੈ, ਪੁਲਸ ਨੂੰ ਇਸ ਦੀ ਸੁਰੱਖਿਆ ਕਰਨੀ ਚਾਹੀਦੀ ਹੈ।' ਇੱਕ ਹੋਰ ਯੂਜ਼ਰ ਨੇ ਲਿਖਿਆ, 'ਧਾਰਮਿਕ ਸਥਾਨ 'ਤੇ ਅਜਿਹੀਆਂ ਗਤੀਵਿਧੀਆਂ ਉਚਿਤ ਨਹੀਂ ਹਨ।' ਕਿਸੇ ਨੇ ਲਿਖਿਆ ਹੈ, 'ਲੋਕ ਕਿਉਂ ਨਹੀਂ ਸਮਝ ਰਹੇ ਕਿ ਉਹ ਸਿਰਫ਼ ਇੱਕ ਕੁੜੀ ਹੈ?' ਕਈ ਅਜਿਹੇ ਯੂਜ਼ਰਸ ਹਨ ਜੋ ਕਹਿ ਰਹੇ ਹਨ ਕਿ ਲੋਕਾਂ ਦੀ ਮਾਨਸਿਕਤਾ ਨੂੰ ਕੀ ਹੋ ਗਿਆ ਹੈ, ਉਹ ਧਾਰਮਿਕ ਸਥਾਨਾਂ 'ਤੇ ਪੂਜਾ ਕਰਨ ਦੀ ਬਜਾਏ ਫਜ਼ੂਲ ਦੀਆਂ ਗੱਲਾਂ 'ਤੇ ਧਿਆਨ ਦੇ ਰਹੇ ਹਨ।

# ਮੋਨਾਲੀਸਾ ਦੀ ਸਾਦਗੀ ਭਰੀ ਖ਼ੂਬਸੂਰਤੀ ਨੇ ਦਿੱਤੀ ਅਜਿਹੀ ਪ੍ਰਸਿੱਧੀ ਕੇ ਆਉਣ ਲੱਗੇ ਫਿਲਮਾਂ ਦਾ ਆਫਰ!

ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ ਆਯੋਜਿਤ ਵਿਸ਼ਵ ਪ੍ਰਸਿੱਧ ਮਹਾਕੁੰਭ 'ਚ ਕਰੋੜਾਂ ਲੋਕ ਇਕੱਠੇ ਹੋ ਰਹੇ ਹਨ। ਸੋਸ਼ਲ ਮੀਡੀਆ ਦੇ ਯੁੱਗ 'ਚ, ਮਹਾਕੁੰਭ ਨਾਲ ਸਬੰਧਤ ਬਹੁਤ ਸਾਰੀਆਂ ਚੀਜ਼ਾਂ, ਲੋਕ ਅਤੇ ਰਸਮਾਂ ਹਨ ਜੋ ਹੁਣ ਟਰੈਂਡ ਕਰਨ ਲੱਗ ਪਈਆਂ ਹਨ। ਅਜਿਹੀ ਹੀ ਇਕ ਲੜਕੀ ਹੈ ਮੋਨਾਲੀਸਾ, ਜੋ ਮਹਾਕੁੰਭ 'ਚ ਹਾਰ ਵੇਚਦੀ ਹੈ, ਜਿਸਦੀਆਂ ਸੁੰਦਰ ਅੱਖਾਂ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਕਿਸੇ ਨੇ ਮੋਨਾਲੀਸਾ ਦਾ ਵੀਡੀਓ ਬਣਾ ਕੇ ਸ਼ੇਅਰ ਕੀਤਾ, ਜਿਸ ਤੋਂ ਬਾਅਦ ਇਹ ਵਾਇਰਲ ਹੋ ਗਿਆ।

16 ਸਾਲ ਦੀ ਸੁੰਦਰ ਅੱਖਾਂ ਵਾਲੀ ਕੁੜੀ ਮੋਨਾਲੀਸਾ ਨੂੰ ਦੇਖਣ ਅਤੇ ਉਸ ਨਾਲ ਫੋਟੋਆਂ ਖਿਚਵਾਉਣ ਲਈ ਭੀੜ ਇਕੱਠੀ ਹੋਣ ਲੱਗੀ। ਇਸ ਦੌਰਾਨ ਉਸਦੇ ਇੰਟਰਵਿਊ ਲਏ ਜਾਣ ਲੱਗੇ ਅਤੇ ਵੀਡੀਓਜ਼ ਇੰਸਟਾਗ੍ਰਾਮ ਅਤੇ ਐਕਸ 'ਤੇ ਤੇਜ਼ੀ ਨਾਲ ਸ਼ੇਅਰ ਕੀਤੇ ਜਾਣ ਲੱਗੇ। ਕਿਸੇ ਨੇ ਮੋਨਾਲੀਸਾ ਨੂੰ ਪੁੱਛਿਆ ਕਿ ਜੇਕਰ ਉਸਨੂੰ ਬਾਲੀਵੁੱਡ ਤੋਂ ਕਿਸੇ ਫਿਲਮ ਵਿੱਚ ਕੰਮ ਕਰਨ ਦੀ ਪੇਸ਼ਕਸ਼ ਆਉਂਦੀ ਹੈ, ਤਾਂ ਕੀ ਉਹ ਇਹ ਕਰਨਾ ਚਾਹੇਗੀ? ਇਸ 'ਤੇ ਮੋਨਾਲੀਸਾ ਨੇ ਜਵਾਬ ਦਿੱਤਾ ਕਿ ਉਹ ਜ਼ਰੂਰ ਅਦਾਕਾਰੀ ਕਰਨਾ ਚਾਹੇਗੀ।

ਮੋਨਾਲੀਸਾ ਇੱਕ ਆਦਿਵਾਸੀ ਔਰਤ ਹੈ ਜੋ ਮੱਧ ਪ੍ਰਦੇਸ਼ ਦੇ ਇੰਦੌਰ ਤੋਂ ਹੈ। ਉਹ ਪ੍ਰਯਾਗਰਾਜ ਮਹਾਕੁੰਭ ਵਿੱਚ ਰੁਦਰਾਕਸ਼ ਦੇ ਮਣਕੇ ਵੇਚ ਕੇ ਆਪਣਾ ਪਰਿਵਾਰ ਚਲਾ ਰਹੀ ਹੈ। ਮੋਨਾਲੀਸਾ ਦੇ ਵੀਡੀਓ ਵਾਇਰਲ ਹੋਣ ਤੋਂ ਬਾਅਦ, ਮਹਾਕੁੰਭ ਵਿੱਚ ਇੰਨੇ ਸਾਰੇ ਲੋਕਾਂ ਨੇ ਮੋਨਾਲੀਸਾ ਨੂੰ ਘੇਰ ਲਿਆ ਕਿ ਉਹ ਪ੍ਰੇਸ਼ਾਨ ਹੋ ਗਈ। ਵੀਡੀਓ, ਸੈਲਫੀ ਅਤੇ ਰੀਲ ਬਣਾਉਣ ਵਾਲੇ ਲੋਕ ਮੋਨਾਲੀਸਾ ਨੂੰ ਫਾਲੋ ਕਰ ਰਹੇ ਹਨ, ਜਿਸ ਕਾਰਨ ਉਸਨੂੰ ਕਈ ਵਾਰ ਸਾਧੂਆਂ ਦੇ ਤੰਬੂਆਂ 'ਚ ਸ਼ਰਨ ਲੈਣੀ ਪਈ।

ਉਦੋਂ ਹੀ ਮੋਨਾਲੀਸਾ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਉਸਦੀ ਸੁਰੱਖਿਆ ਵੱਲ ਧਿਆਨ ਦੇਣ ਦੀ ਬੇਨਤੀ ਕੀਤੀ। ਮੋਨਾਲੀਸਾ ਨੇ ਦੱਸਿਆ ਸੀ ਕਿ ਸੋਸ਼ਲ ਮੀਡੀਆ ਇਨਫਲੂਐਂਸਰ ਦੇ ਨਾਮ 'ਤੇ ਲੋਕਾਂ ਦੀ ਭੀੜ ਉਸ ਨੂੰ ਘੇਰ ਲੈਂਦੀ ਹੈ, ਜਿਸ ਕਾਰਨ ਉਸ ਲਈ ਆਪਣੇ ਹਾਰ ਵੇਚਣੇ ਮੁਸ਼ਕਲ ਹੁੰਦੇ ਜਾ ਰਹੇ ਹਨ ਅਤੇ ਉਸਦੀ ਕਮਾਈ 'ਤੇ ਮਾੜਾ ਅਸਰ ਪੈ ਰਿਹਾ ਹੈ। ਉਸਦੇ ਪਰਿਵਾਰ ਨੇ ਕਰਜ਼ਾ ਲਿਆ ਹੈ ਅਤੇ ਲੱਖਾਂ ਰੁਪਏ ਦਾ ਸਾਮਾਨ ਇੱਥੇ ਲਿਆਂਦਾ ਹੈ। ਹਾਲਾਂਕਿ, ਹੁਣ ਉਸਨੂੰ ਸਾਮਾਨ ਵੇਚਣ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਗਾਇਕਾਂ ਦੇ ਹੱਥਾਂ 'ਚ ਹਥਿਆਰ ਨਹੀਂ ਸਗੋਂ ਸੰਗੀਤਕ ਸਾਜ਼ ਹੋਣੇ ਚਾਹੀਦੇ ਹਨ : ਮਲਕੀਤ ਸਿੰਘ



ਅੰਮ੍ਰਿਤਸਰ : ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਕਿਹਾ ਕਿ ਗਾਇਕ ਦੇ ਹੱਥਾਂ 'ਚ ਹਥਿਆਰ ਨਹੀਂ ਬਲਕਿ ਤੂੰਬੀ ਤੇ ਸੰਗੀਤਕ ਸਾਜ਼ ਹੋਣੇ ਚਾਹੀਦੇ ਹਨ। ਸਟਾਰ ਮਲਕੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਮੱਥਾ ਟੇਕਿਆ। ਆਪਣੀ ਸਾਫ਼ ਸੁਥਰੀ ਗਾਇਕੀ ਕਾਰਨ ਵਿਸ਼ਵ ਭਰ ਵਿਚ ਪੰਜਾਬੀ ਗੀਤਾਂ ਰਾਹੀ ਨਾਮਣਾ ਖੱਟਣ ਵਾਲੇ ਮਲਕੀਤ ਸਿੰਘ ਨੇ ਅਜੀਤ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹੋਏ ਕਿਹਾ ਉਸ ਵਲੋਂ ਸਿੱਖੀ ਨੂੰ ਹਮੇਸ਼ਾਂ ਬਰਕਰਾਰ ਰੱਖਦੇ ਹੋਏ ਆਪਣੇ ਨਾਂਅ ਨਾਲ ਹਮੇਸ਼ਾ 'ਸਿੰਘ' ਸ਼ਬਦ ਲਗਾਈ ਰੱਖਿਆ ਤੇ ਦਸਤਾਰ ਨੂੰ ਆਪਣੀ ਪਹਿਚਾਣ ਬਣਾਇਆ ਤੇ ਪੰਜਾਬੀ ਸੱਭਿਆਚਾਰਕ ਨੂੰ ਅਪਣਾਇਆ, ਜਿਸ ਤੋਂ ਪ੍ਰੇਰਿਤ ਹੋ ਕੇ ਅਜੋਕੇ ਸਮੇਂ ਬਿਨਾਂ ਕੇਸਾਂ ਵਾਲੇ ਨੌਜਵਾਨ ਗਾਇਕ ਵੀ ਦਸਤਾਰ ਸਜਾ ਕੇ ਗਾਉਣ ਨੂੰ ਤਰਜੀਹ ਦੇ ਰਹੇ ਹਨ। ਮਲਕੀਤ ਸਿੰਘ ਨੇ ਕਿਹਾ ਕਿ ਉਸ ਨੇ ਵਿਸ਼ਵ ਦੇ 87 ਮੁਲਕਾਂ 'ਚ ਪੰਜਾਬੀ ਗਾਇਕੀ ਦਾ ਲੋਹਾ ਮਨਵਾਇਆ ਅਤੇ ਸਾਫ਼ ਸੁਥਰੀ ਅਤੇ ਸਰਲ ਗਾਇਕੀ ਨੂੰ ਪਹਿਲ ਦਿੰਦੇ ਹੋਏ ਉਸ ਦੇ ਗੀਤਾਂ ਦੇ ਬੋਲ ਅਤੇ ਸੰਗੀਤ ਨੂੰ ਵੀ ਹਮੇਸ਼ਾਂ ਸਰਲ ਰੱਖਿਆ।

# ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਮਨਾਇਆ



ਭਿੱਖੀਵਿੰਡ : ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਵਿਚ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਅਮਰ ਸ਼ਹੀਦ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਉਨ੍ਹਾਂ ਦੇ ਪੁਰਾਤਨ ਜਨਮ ਅਸਥਾਨ ਅੰਦਰਲਾ ਗੁਰਦੁਆਰਾ ਪਿੰਡ ਪਹੂਵਿੰਡ (ਤਰਨ ਤਾਰਨ) ਵਿਖੇ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਇਸ ਅਸਥਾਨ ਦੀ ਸੇਵਾ ਸੰਭਾਲ ਮਿਲਣ ਤੋਂ ਬਾਅਦ ਦਮਦਮੀ ਟਕਸਾਲ ਮਹਿਤਾ ਵਲੋਂ ਪਹਿਲੀ ਵਾਰ ਇਹ ਦਿਹਾੜਾ ਵੱਡੇ ਪੱਧਰ 'ਤੇ ਮਨਾਇਆ ਗਿਆ। ਪਾਠ ਦੇ ਭੋਗ ਉਪਰੰਤ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮੇਂ ਬਾਬਾ ਬੰਤਾ ਸਿੰਘ ਨੇ ਸ਼ਹੀਦ ਬਾਬਾ ਦੀਪ ਸਿੰਘ ਦੇ ਜਨਮ ਤੋਂ ਲੈ ਕੇ ਸ਼ਹੀਦੀ ਪ੍ਰਾਪਤ ਕਰਨ ਤੱਕ ਦਾ ਇਤਿਹਾਸ ਸਰਵਣ ਕਰਵਾਇਆ ਅਤੇ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਸੇਧ ਦਿੱਤੀ। ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਸੰਗਤ ਦੇ ਸਨਮੁੱਖ ਹੁੰਦਿਆਂ ਆਖਿਆ ਕਿ ਜਿਥੇ ਅਸੀਂ ਆਪਣੇ ਗੁਰੂ ਸਾਹਿਬਾਨ ਅਤੇ ਮਹਾਨ ਸ਼ਹੀਦਾਂ ਦੇ ਦਿਹਾੜੇ ਮਨਾਉਂਦੇ ਹਾਂ, ਉਥੇ ਹੀ ਸਾਨੂੰ ਉਨ੍ਹਾਂ ਦੇ ਵਲੋਂ ਦਰਸਾਈ ਗਈ ਜੀਵਨ ਜਾਚ ਨੂੰ ਵੀ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਦਮਦਮੀ ਟਕਸਾਲ ਸ਼ਹੀਦਾਂ ਦੀ ਜਥੇਬੰਦੀ ਹੈ, ਜਿਸ ਦਾ ਸਿੱਖ ਪੰਥ ਵਿਚ ਮਹਾਨ ਰੁਤਬਾ ਹੈ। ਉਨ੍ਹਾਂ ਆਖਿਆ ਕਿ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਟਕਸਾਲ ਦੇ ਸੁਨਹਿਰੀ ਇਤਿਹਾਸ ਨੂੰ ਅੱਗੇ ਤੋਰਦਿਆਂ ਕੌਮ ਦੀ ਚੜ੍ਹਦੀ ਕਲਾ ਲਈ ਕਾਰਜ ਕਰ ਰਹੇ ਹਨ, ਜੋ ਸਿੱਖ ਪੰਥ ਵਿਚ ਪ੍ਰਸੰਸਾਯੋਗ ਹਨ। ਇਸ ਮੌਕੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਬੁੱਟਰ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਭਾਈ ਰਜਿੰਦਰ ਸਿੰਘ ਮਹਿਤਾ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਅਮਰਜੀਤ ਸਿੰਘ ਚਾਵਲਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਭਾਈ ਸੁਖਦੇਵ ਸਿੰਘ, ਜਥੇ. ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇ. ਬਾਬਾ ਬੋਹੜ ਸਿੰਘ, ਸੰਤ ਗਿਆਨੀ ਸੁਰਜੀਤ ਸਿੰਘ ਮਹਿਰੋਂ, ਸੰਤ ਬਾਬਾ ਮੇਜਰ ਸਿੰਘ ਮੁਖੀ ਦਸਮੇਸ਼ ਤਰਨਾ ਦਲ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਭਾਈ ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਪ੍ਰਧਾਨ ਅਮਰਬੀਰ ਸਿੰਘ ਢੋਟ, ਸੰਤ ਬਾਬਾ ਹੀਰਾ ਸਿੰਘ ਚੋਹਲਾ ਸਾਹਿਬ, ਬਾਬਾ ਮੇਜਰ ਸਿੰਘ ਵਾਂ, ਜਥੇ. ਨਿਰਵੈਰ ਸਿੰਘ, ਬਾਬਾ ਸੁਖਵਿੰਦਰ ਸਿੰਘ ਮਾਲੂਵਾਲ, ਸੰਤ ਬਾਬਾ ਗੁਰਬਚਨ ਸਿੰਘ ਸੁਰਸਿੰਘ, ਭਾਈ ਹੀਰਾ ਸਿੰਘ, ਅਵਤਾਰ ਸਿੰਘ ਅਲਗੋਂ ਕੋਠੀ, ਪ੍ਰਿੰ. ਧਰਮਬੀਰ ਸਿੰਘ ਚੀਮਾ, ਪ੍ਰਿੰ. ਕੰਧਾਲ ਸਿੰਘ, ਬਾਬਾ ਕੁਲਵੰਤ ਸਿੰਘ ਦੋਬਾਨੀਆਂ, ਮਹੰਤ ਸੁਖਦੇਵ ਸਿੰਘ, ਜਥੇ. ਮੰਗਲ ਸਿੰਘ, ਸਰਪੰਚ ਇੰਦਰਬੀਰ ਸਿੰਘ, ਚੇਅਰਮੈਨ ਰਜਵੰਤ ਸਿੰਘ, ਸਰਪੰਚ ਅਮਰਜੀਤ ਸਿੰਘ, ਨੰਬਰਦਾਰ ਬਲਜੀਤ ਸਿੰਘ, ਠੇਕੇਦਾਰ ਰਾਮ ਸਿੰਘ, ਪ੍ਰਧਾਨ ਗੁਰਚਰਨ ਸਿੰਘ, ਸਰਪੰਚ ਜੁਗਰਾਜ ਸਿੰਘ ਤੇ ਗੁਰਸਾਹਿਬ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਹਰ ਵਰਗ ਦੀ ਤਰੱਕੀ ਹੀ ਦੇਸ਼ ਦਾ ਅਸਲ ਵਿਕਾਸ: ਰਾਹੁਲ ਗਾਂਧੀ

## ਕਾਂਗਰਸ ਆਗੂ ਨੇ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ 'ਤੇ ਨਿਸ਼ਾਨਾ ਸੇਧਿਆ



ਨਵੀਂ ਦਿੱਲੀ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਅਸਲ ਵਿਕਾਸ ਉਦੋਂ ਹੁੰਦਾ ਹੈ, ਜਦੋਂ ਹਰ ਕੋਈ ਤਰੱਕੀ ਕਰਦਾ ਹੈ, ਕਾਰੋਬਾਰ ਲਈ ਉਚਿਤ ਮਾਹੌਲ ਹੁੰਦਾ ਹੈ, ਨਿਰਪੱਖ ਟੈਕਸ ਪ੍ਰਣਾਲੀ ਹੁੰਦੀ ਹੈ ਅਤੇ ਕਾਮਿਆਂ ਦੀ ਆਮਦਨ ਵਧਦੀ ਹੈ। ਰਾਹੁਲ ਗਾਂਧੀ ਨੇ ਐਕਸ 'ਤੇ ਕਿਹਾ, 'ਮੋਦੀ ਜੀ ਦੇ ਵਿਕਸਤ ਭਾਰਤ ਦੀ ਸੱਚਾਈ: ਮਿਹਨਤ ਤੁਹਾਡੀ ਪਰ ਫਾਇਦਾ ਕਿਸ ਦਾ? ਦੇਸ਼ ਦੀ ਆਰਥਿਕਤਾ ਦਾ ਪਹੀਆ ਤੁਹਾਡੇ ਖ਼ੂਨ-ਪਸੀਨੇ ਨਾਲ ਘੁੰਮ ਰਿਹਾ ਹੈ, ਪਰ ਕੀ ਤੁਹਾਨੂੰ ਆਪਣਾ ਵਾਜਬ ਹਿੱਸਾ ਮਿਲ ਰਿਹਾ ਹੈ? ਜ਼ਰਾ ਸੋਚੋ।' ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਅਰਥਵਿਵਸਥਾ ਵਿੱਚ ਨਿਰਮਾਣ ਖੇਤਰ ਦੀ ਹਿੱਸੇਦਾਰੀ 60 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਈ ਹੈ ਅਤੇ ਇਸੇ ਕਾਰਨ ਲੋਕ ਰੁਜ਼ਗਾਰ ਲਈ ਸੰਘਰਸ਼ ਕਰ ਰਹੇ ਹਨ।

ਰਾਹੁਲ ਨੇ ਕਿਹਾ ਕਿ ਖੇਤੀਬਾੜੀ ਖੇਤਰ ਵਿੱਚ ਗਲਤ ਨੀਤੀਆਂ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹਾਲਤ ਬਦਤਰ ਕਰ ਦਿੱਤੀ ਹੈ। ਉਨ੍ਹਾਂ ਦਾ ਗੁਜ਼ਾਰਾ ਵੀ ਮੁਸ਼ਕਲ ਨਾਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਮੁਲਾਜ਼ਮਾਂ ਦੀ ਅਸਲ ਆਮਦਨ ਜਾਂ ਤਾਂ ਸਥਿਰ ਹੈ ਜਾਂ ਘਟ ਗਈ ਹੈ। ਰਾਹੁਲ ਅਨੁਸਾਰ, 'ਨੁਕਸਾਨਦੇਹ ਜੀਐੱਸਟੀ ਅਤੇ ਆਮਦਨ ਕਰ ਨੇ ਗਰੀਬਾਂ ਅਤੇ ਮੱਧ ਵਰਗ ਲਈ ਜਿਊਣਾ ਔਖਾ ਕਰ ਦਿੱਤਾ ਹੈ, ਜਦਕਿ ਕਾਰਪੋਰੇਟ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ।' ਉਨ੍ਹਾਂ ਕਿਹਾ ਕਿ ਅਸਮਾਨ ਛੂਹ ਰਹੀ ਮਹਿੰਗਾਈ ਕਾਰਨ ਹੁਣ ਸਿਰਫ਼ ਗਰੀਬ ਹੀ ਨਹੀਂ ਸਗੋਂ ਤਨਖਾਹ ਲੈਂਦਾ ਵਰਗ ਵੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਰਜ਼ਾ ਲੈਣ ਲਈ ਮਜਬੂਰ ਹੈ।

# ਰਾਜੌਰੀ ਵਿੱਚ ਭੇਤ-ਭਰੀਆਂ ਮੌਤਾਂ ਦੀ ਜਾਂਚ ਜਾਰੀ

## ਅੰਤਰ-ਮੰਤਰਾਲਾ ਟੀਮ ਨੇ ਪੀੜਤ ਪਰਿਵਾਰਾਂ ਅਤੇ ਪਿੰਡ ਵਾਸੀਆਂ ਨਾਲ ਕੀਤੀ ਗੱਲਬਾਤ



ਰਾਜੌਰੀ/ਜੰਮੂ : ਜੰਮੂ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੇ ਬਧਾਲ ਪਿੰਡ ਵਿੱਚ ਤਿੰਨ ਪਰਿਵਾਰਾਂ ਦੇ 17 ਮੈਂਬਰਾਂ ਦੀ ਭੇਤਭਰੀ ਹਾਲਾਤ ਵਿੱਚ ਹੋਈ ਮੌਤ ਦੇ ਕਾਰਨਾਂ ਦਾ ਪਤਾ ਲਾਉਣ ਲਈ ਉੱਚ ਪੱਧਰੀ ਅੰਤਰ-ਮੰਤਰਾਲਾ ਟੀਮ ਵੱਲੋਂ ਕੀਤੀ ਜਾ ਰਹੀ ਜਾਂਚ ਅੱਜ ਦੂਜੇ ਦਿਨ ਵੀ ਜਾਰੀ ਰਹੀ। ਗ੍ਰਹਿ ਮੰਤਰਾਲੇ ਦੇ ਡਾਇਰੈਕਟਰ ਪੱਧਰ ਦੇ ਅਧਿਕਾਰੀ ਦੀ ਅਗਵਾਈ ਹੇਠਲੀ ਕੇਂਦਰੀ ਟੀਮ ਨੇ ਸੋਮਵਾਰ ਨੂੰ ਪਿੰਡ ਵਿੱਚ ਲਗਪਗ ਛੇ ਘੰਟੇ ਜਾਂਚ ਕੀਤੀ ਸੀ। ਇਸ ਦੌਰਾਨ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਪਿੰਡ ਦਾ ਦੌਰਾ ਕਰਕੇ ਮੌਕੇ ਦਾ ਜਾਇਜ਼ਾ ਲਿਆ।

ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਟੀਮ ਨੇ ਅੱਜ ਸਵੇਰੇ ਮੁੜ ਰਾਜੌਰੀ ਤੋਂ ਬਧਾਲ ਪਿੰਡ ਪਹੁੰਚ ਕੇ ਨਮੂਨੇ ਇਕੱਠੇ ਕਰਨ ਤੇ ਤਿੰਨਾਂ ਪਰਿਵਾਰਾਂ ਦੇ ਬਚੇ ਮੈਂਬਰਾਂ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਨ ਵਰਗੀਆਂ ਆਪਣੀਆਂ ਗਤੀਵਿਧੀਆਂ ਸ਼ੁਰੂ ਕੀਤੀਆਂ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 7 ਦਸੰਬਰ ਤੋਂ 19 ਜਨਵਰੀ ਵਿਚਾਲੇ ਰਾਜੌਰੀ ਸ਼ਹਿਰ ਤੋਂ ਲਗਪਗ 55 ਕਿਲੋਮੀਟਰ ਦੂਰ ਦੂਰ-ਦੁਰਾਡੇ ਪਿੰਡ ਵਿੱਚ ਇੱਕ-ਦੂਜੇ ਨਾਲ ਜੁੜੇ ਤਿੰਨ ਪਰਿਵਾਰਾਂ ਦੇ ਮੈਂਬਰਾਂ ਦੀਆਂ ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਅੰਤਰ-ਮੰਤਰਾਲਾ ਟੀਮ ਬਣਾਉਣ ਦਾ ਹੁਕਮ ਦਿੱਤਾ ਸੀ।

ਇਸ ਦੌਰਾਨ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਅੱਜ ਪਿੰਡ ਦਾ ਦੌਰਾ ਕਰਕੇ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਉਮਰ ਨੇ ਨੈਸ਼ਨਲ ਕਾਨਫਰੰਸ ਦੇ ਸਥਾਨਕ ਵਿਧਾਇਕ ਜਾਵੇਦ ਇਕਬਾਲ ਚੌਧਰੀ ਨਾਲ ਕਬਰਿਸਤਾਨ ਦਾ ਦੌਰਾ ਵੀ ਕੀਤਾ। ਮੁੱਖ ਮੰਤਰੀ ਨੇ ਆਪਣੇ ਛੇ ਬੱਚੇ ਅਤੇ ਪਰਿਵਾਰ ਦੇ ਹੋਰ ਮੈਂਬਰ ਗੁਆਉਣ ਵਾਲੇ ਮੁਹੰਮਦ ਅਸਲਮ ਸਮੇਤ ਹੋਰ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਈ।

# ਪਾਕਿ 'ਚ 50 ਅਰਬ ਰੁਪਏ ਦੀ ਲਾਗਤ ਨਾਲ ਬਣਾਇਆ ਨਿਊ ਗਵਾਦਰ ਅੰਤਰਰਾਸ਼ਟਰੀ ਹਵਾਈ ਅੱਡਾ ਸ਼ੁਰੂ




ਅੰਮ੍ਰਿਤਸਰ ਯ ਬਲੋਚਿਸਤਾਨ ਦੇ ਗਵਾਦਰ ਸ਼ਹਿਰ 'ਚ ਲਗਭਗ 50 ਅਰਬ ਪਾਕਿ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਨਿਊ ਗਵਾਦਰ ਇੰਟਰਨੈਸ਼ਨਲ ਏਅਰਪੋਰਟ ਚਾਲੂ ਕਰ ਦਿੱਤਾ ਗਿਆ। ਇਹ ਚੀਨ-ਪਾਕਿਸਤਾਨ ਆਰਥਿਕ ਗਲਿਆਰਾ (ਸੀ. ਪੀ. ਈ. ਸੀ.) ਦਾ ਇਕ ਮਹੱਤਵਪੂਰਨ ਪ੍ਰਾਜੈਕਟ ਹੈ। ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ. ਆਈ. ਏ.) ਦੀ ਉਡਾਣ ਪੀ.ਕੇ.-503 ਪਾਕਿਸਤਾਨੀ ਸਮੇਂ ਮੁਤਾਬਿਕ ਸਵੇਰੇ 11:14 ਵਜੇ ਨਵੇਂ ਹਵਾਈ ਅੱਡੇ 'ਤੇ ਉਤਰੀ ਤੇ ਬਲੋਚਿਸਤਾਨ ਦੇ ਗਵਰਨਰ ਸ਼ੇਖ਼ ਜਾਫ਼ਰ ਖ਼ਾਨ ਮੰਡੋਖੈਲ, ਮੁੱਖ ਮੰਤਰੀ ਸਰਫ਼ਰਾਜ਼ ਬੁਗਤੀ, ਹਵਾਬਾਜ਼ੀ ਮੰਤਰੀ ਖ਼ਵਾਜਾ ਆਸਿਫ਼ ਤੇ ਹੋਰ ਅਧਿਕਾਰੀਆਂ ਨੇ ਉਸ ਦਾ ਸਵਾਗਤ ਕੀਤਾ। ਹਵਾਈ ਅੱਡੇ ਦੀ ਪਹਿਲੀ ਉਡਾਣ ਲਈ ਵਰਤੇ ਗਏ ਜਹਾਜ਼ ਨੂੰ ਉੱਤਰਨ ਸਮੇਂ ਪਾਣੀ ਦੀ ਬੁਛਾੜ ਨਾਲ ਸਲਾਮੀ ਦਿੱਤੀ ਗਈ। ਉਡਾਣ ਦੀ ਰਵਾਨਗੀ ਸਵੇਰੇ 9:14 ਵਜੇ ਨਿਰਧਾਰਿਤ ਕੀਤੀ ਗਈ ਸੀ, ਪਰ 46 ਮਿੰਟ ਦੀ ਦੇਰੀ ਤੋਂ ਬਾਅਦ ਜਹਾਜ਼ ਆਖ਼ਿਰਕਾਰ ਸਵੇਰੇ 10 ਵਜੇ ਕਰਾਚੀ ਤੋਂ ਗਵਾਦਰ ਲਈ ਰਵਾਨਾ ਹੋਇਆ। ਲਗਭਗ 4,300 ਏਕੜ 'ਚ ਫੈਲਿਆ ਇਹ ਹਵਾਈ ਅੱਡਾ ਖੇਤਰਫਲ ਦੇ ਮਾਮਲੇ 'ਚ ਪਾਕਿ ਦਾ ਸਭ ਤੋਂ ਵੱਡਾ ਹਵਾਈ ਅੱਡਾ ਹੈ। ਗਵਾਦਰ ਸ਼ਹਿਰ ਤੋਂ 26 ਕਿੱਲੋਮੀਟਰ ਦੂਰ ਗੁਰੰਦਨੀ ਖੇਤਰ 'ਚ ਸਥਿਤ ਇਸ ਹਵਾਈ ਅੱਡੇ 'ਚ 3,658 ਮੀਟਰ ਲੰਬਾਈ ਤੇ 75 ਮੀਟਰ ਚੌੜਾਈ ਵਾਲਾ ਇਕ ਸਿੰਗਲ ਰਨਵੇ ਹੈ। ਇਹ ਰਨਵੇ ਏਅਰ ਬੱਸ ਏ-380 ਤੇ ਬੋਇੰਗ 747 ਵਰਗੇ ਵੱਡੇ ਜਹਾਜ਼ਾਂ ਦੀ ਉਡਾਣ ਦੇ ਸਮਰੱਥ ਹੈ।

# ਮਨੂ, ਗੁਕੇਸ਼, ਹਰਮਨਪ੍ਰੀਤ ਅਤੇ ਪ੍ਰਵੀਨ ਨੂੰ ਖੇਲ ਰਤਨ ਪੁਰਸਕਾਰ

## 38 ਅਰਜੁਨ ਪੁਰਸਕਾਰ ਜੇਤੂਆਂ ਵਿੱਚ 17 ਪੈਰਾ ਅਥਲੀਟ ਸ਼ਾਮਲ



ਅਰਜੁਨ ਪੁਰਸਕਾਰ ਨਾਲ ਸਨਮਾਨਤ ਹਾਕੀ ਖਿਡਾਰੀ ਜਰਮਨਪ੍ਰੀਤ ਸਿੰਘ।



ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਹਰਮਨਪ੍ਰੀਤ ਸਿੰਘ, ਸ਼ਤਰੰਜ ਖਿਡਾਰੀ ਡੀ ਗੁਕੇਸ਼, ਪੈਰਾ ਅਥਲੀਟ ਪ੍ਰਵੀਨ ਕੁਮਾਰ ਤੇ ਨਿਸ਼ਾਨੇਬਾਜ਼ ਮਨੂ ਭਾਕਰ।

ਨਵੀਂ ਦਿੱਲੀ : ਦੋ ਓਲੰਪਿਕ ਤਗ਼ਮੇ ਜੇਤੂ ਨਿਸ਼ਾਨੇਬਾਜ਼ ਮਨੂ ਭਾਕਰ, ਸ਼ਤਰੰਜ ਦੇ ਵਿਸ਼ਵ ਚੈਂਪੀਅਨ ਡੀ. ਗੁਕੇਸ਼, ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਪੈਰਾਲੰਪਿਕ ਸੋਨ ਤਗ਼ਮਾ ਜੇਤੂ ਹਾਈ ਜੰਪਰ ਪ੍ਰਵੀਨ ਕੁਮਾਰ ਨੂੰ ਅੱਜ ਇੱਥੇ ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਦੇਸ਼ ਦੇ ਸਰਬਉੱਚ ਖੇਡ ਸਨਮਾਨ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਦੌਰਾਨ 32 ਖਿਡਾਰੀਆਂ ਨੂੰ ਅਰਜੁਨ ਪੁਰਸਕਾਰ ਦਿੱਤੇ ਗਏ, ਜਿਨ੍ਹਾਂ ’ਚੋਂ 17 ਪੈਰਾ ਐਥਲੀਟ ਹਨ। ਖੇਲ ਰਤਨ ਪੁਰਸਕਾਰ ਵਿੱਚ 25 ਲੱਖ ਰੁਪਏ, ਜਦਕਿ ਅਰਜੁਨ ਅਤੇ ਦਰੋਣਾਚਾਰੀਆ ਪੁਰਸਕਾਰਾਂ ਵਿੱਚ 15-15 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਂਦਾ ਹੈ।

22 ਸਾਲਾ ਭਾਕਰ ਓਲੰਪਿਕ ਵਿੱਚ ਦੋ ਤਗ਼ਮੇ ਜਿੱਤਣ ਵਾਲੀ ਆਜ਼ਾਦ ਭਾਰਤ ਦੀ ਪਹਿਲੀ ਖਿਡਾਰਨ ਹੈ। ਉਸ ਨੇ ਪੈਰਿਸ ਓਲੰਪਿਕ ਵਿੱਚ 10 ਮੀਟਰ ਏਅਰ ਪਿਸਟਲ ਵਿਅਕਤੀਗਤ ਅਤੇ ਮਿਕਸਡ ਟੀਮ ਮੁਕਾਬਲਿਆਂ ਵਿੱਚ ਕਾਂਸੇ ਦੇ ਤਗ਼ਮੇ ਜਿੱਤੇ ਸਨ। ਹਰਮਨਪ੍ਰੀਤ ਟੋਕੀਓ ਅਤੇ ਪੈਰਿਸ ਓਲੰਪਿਕ ਵਿੱਚ ਕਾਂਸੇ ਦੇ ਤਗ਼ਮੇ ਜਿੱਤਣ ਵਾਲੀ ਹਾਕੀ ਟੀਮ ਦੀ ਮੈਂਬਰ ਸੀ। ਉਹ ਪੈਰਿਸ ਓਲੰਪਿਕ ਵਿੱਚ ਟੀਮ ਦਾ ਕਪਤਾਨ ਵੀ ਸੀ। ਦੂਜੇ ਪਾਸੇ ਪ੍ਰਵੀਨ ਨੇ ਟੋਕੀਓ ਓਲੰਪਿਕ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਅਤੇ ਪੈਰਿਸ ਵਿੱਚ ਉਸ ਨੇ ਇਸ ਨੂੰ ਸੋਨੇ ਵਿੱਚ ਬਦਲ ਦਿੱਤਾ। 18 ਸਾਲਾ ਗੁਕੇਸ਼ ਪਿਛਲੇ ਮਹੀਨੇ ਚੀਨ ਦੇ ਡਿੰਗ ਲਿਰੇਨ ਨੂੰ ਹਰਾ ਕੇ ਸਭ ਤੋਂ ਘੱਟ ਉਮਰ ਦਾ ਸ਼ਤਰੰਜ ਵਿਸ਼ਵ ਚੈਂਪੀਅਨ ਬਣਿਆ।

ਅਰਜੁਨ ਪੁਰਸਕਾਰ ਜੇਤੂਆਂ ਵਿੱਚ ਜਯੋਤੀ ਯਾਰਾਜੀ (ਅਥਲੈਟਿਕਸ), ਅਨੂ ਰਾਣੀ (ਐਥਲੈਟਿਕਸ), ਨੀਤੂ (ਮੁੱਕੇਬਾਜ਼ੀ), ਸਵੀਟੀ (ਮੁੱਕੇਬਾਜ਼ੀ), ਵੰਤਿਕਾ ਅਗਰਵਾਲ (ਸ਼ਤਰੰਜ), ਸਲੀਮਾ ਟੇਟੇ (ਹਾਕੀ), ਅਭਿਸ਼ੇਕ (ਹਾਕੀ), ਸੰਜੈ (ਹਾਕੀ), ਜਰਮਨਪ੍ਰੀਤ ਸਿੰਘ (ਹਾਕੀ), ਸੁਖਜੀਤ ਸਿੰਘ (ਹਾਕੀ), ਰਾਕੇਸ਼ ਕੁਮਾਰ (ਪੈਰਾ ਤੀਰਅੰਦਾਜ਼ੀ), ਪ੍ਰੀਤੀ ਪਾਲ (ਪੈਰਾ ਅਥਲੈਟਿਕਸ), ਜੀਵਾਂਜੀ ਦੀਪਤੀ (ਪੈਰਾ ਅਥਲੈਟਿਕਸ), ਅਜੀਤ ਸਿੰਘ (ਪੈਰਾ ਅਥਲੈਟਿਕਸ), ਸਚਿਨ ਸਰਜੇਰਾਓ (ਪੈਰਾ ਅਥਲੈਟਿਕਸ), ਧਰਮਬੀਰ (ਪੈਰਾ ਅਥਲੈਟਿਕਸ), ਪ੍ਰਣਵ ਸੂਰਮਾ (ਪੈਰਾ ਅਥਲੈਟਿਕਸ), ਐੱਚ ਹੋਕਾਟੋ ਸੇਮਾ (ਪੈਰਾ ਅਥਲੈਟਿਕਸ), ਸਿਮਰਨ (ਪੈਰਾ ਅਥਲੈਟਿਕਸ), ਨਵਦੀਪ (ਪੈਰਾ ਅਥਲੈਟਿਕਸ), ਨਿਤੇਸ਼ ਕੁਮਾਰ (ਪੈਰਾ ਬੈਡਮਿੰਟਨ), ਤੁਲਸੀਮਤੀ ਮੁਰੂਗੇਸਨ (ਪੈਰਾ ਐਥਲੈਟਿਕਸ), ਨਿਤਿਆ ਸ਼੍ਰੇਆ ਸੁਮਤੀ ਸਿਵਾਨ (ਪੈਰਾ ਬੈਡਮਿੰਟਨ), ਮਨੀਸ਼ਾ ਰਾਮਦਾਸ (ਪੈਰਾ ਬੈਡਮਿੰਟਨ), ਕਪਿਲ ਪਰਮਾਰ (ਪੈਰਾ ਜੂਡੋ), ਮੋਨਾ ਅਗਰਵਾਲ (ਪੈਰਾ ਸ਼ੂਟਿੰਗ), ਰੁਬੀਨਾ ਫਰਾਂਸਿਸ (ਪੈਰਾ ਸ਼ੂਟਿੰਗ), ਸਵਪਨਿਲ ਸੁਰੇਸ਼ ਕੁਸਾਲੇ (ਸ਼ੂਟਿੰਗ), ਸਰਬਜੋਤ ਸਿੰਘ (ਸ਼ੂਟਿੰਗ), ਅਭੈ ਸਿੰਘ (ਸਕੁਐਸ਼), ਸਾਜਨ ਪ੍ਰਕਾਸ਼ (ਤੈਰਾਕੀ) ਅਤੇ ਅਮਨ ਸਹਿਰਾਵਤ (ਕੁਸ਼ਤੀ) ਸ਼ਾਮਲ ਹਨ। ਅਰਜੁਨ ਪੁਰਸਕਾਰ (ਲਾਈਫਟਾਈਮ) ਜੇਤੂਆਂ ਵਿੱਚ ਸੁੱਚਾ ਸਿੰਘ (ਅਥਲੈਟਿਕਸ) ਅਤੇ ਮੁਰਲੀਕਾਂਤ ਰਾਜਾਰਾਮ ਪੇਟਕਰ (ਪੈਰਾ-ਸਵਿਮਿੰਗ), ਦਰੋਣਾਚਾਰੀਆ ਪੁਰਸਕਾਰ ਜੇਤੂਆਂ ਵਿੱਚ ਸੁਭਾਸ਼ ਰਾਣਾ (ਪੈਰਾ ਸ਼ੂਟਰ), ਦੀਪਾਲੀ ਦੇਸ਼ਪਾਂਡੇ (ਸ਼ੂਟਿੰਗ) ਅਤੇ ਸੰਦੀਪ ਸਾਂਗਵਾਨ (ਹਾਕੀ), ਦਰੋਣਾਚਾਰੀਆ ਪੁਰਸਕਾਰ (ਲਾਈਫਟਾਈਮ) ਜੇਤੂਆਂ ਵਿੱਚ ਐਸ. ਮੁਰਲੀਧਰਨ (ਬੈਡਮਿੰਟਨ) ਅਤੇ ਅਰਮਾਂਡੋ ਐਗਨੇਲੋ ਕੋਲਾਸੋ (ਫੁਟਬਾਲ) ਸ਼ਾਮਲ ਹਨ। ਇਸ ਦੌਰਾਨ ਰਾਸ਼ਟਰਪਤੀ ਮੁਰਮੂ ਪਰੰਪਰਾ ਤੋੜਦਿਆਂ ਵ ?ਹੀਲਚੇਅਰ ’ਤੇ ਨਿਰਭਰ ਕੁੱਝ ਖਿਡਾਰੀਆਂ ਲਈ ਖੁਦ ਅੱਗੇ ਚੱਲ ਕੇ ਆਏ।



ਚੰਡੀਗੜ੍ਹ ਯੂਨੀਵਰਸਿਟੀ ਦੇ ਅਧਿਕਾਰੀਆਂ ਨੂੰ ਮੌਲਾਨਾ ਅਬੁਲ ਕਲਾਮ ਆਜ਼ਾਦ (ਮਾਕਾ) ਟਰਾਫੀ ਦਿੰਦੇ ਹੋਏ ਰਾਸ਼ਟਰਪਤੀ ਦਰੋਪਦੀ ਮੁਰਮੂ।

# ਖੋ ਖੋ ਵਿਸ਼ਵ ਕੱਪ: ਭਾਰਤੀ ਟੀਮਾਂ ਨੇ ਖ਼ਿਤਾਬ ਜਿੱਤੇ

### *ਫਾਈਨਲ ਮੁਕਾਬਲੇ ਵਿੱਚ ਨੇਪਾਲ ਦੀਆਂ ਟੀਮਾਂ ਨੂੰ ਹਰਾਇਆ*

ਨਵੀਂ ਦਿੱਲੀ : ਇੱਥੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿੱਚ ਪਹਿਲੇ ਖੋ ਖੋ ਵਿਸ਼ਵ ਕੱਪ ਦੇ ਪੁਰਸ਼ ਤੇ ਮਹਿਲਾ ਟੀਮਾਂ ਦੇ ਹੋਏ ਫਾਈਨਲ ਮੈਚਾਂ ਵਿੱਚ ਭਾਰਤ ਦੀਆਂ ਪੁਰਸ਼ ਤੇ ਮਹਿਲਾ ਟੀਮਾਂ ਨੇ ਨੇਪਾਲ ਦੀਆਂ ਦੋਵੇਂ ਟੀਮਾਂ ਨੂੰ ਹਰਾ ਕੇ ਖ਼ਿਤਾਬ ਆਪਣੇ ਨਾਮ ਦਰਜ ਕਰ ਕੇ ਇਤਿਹਾਸ ਸਿਰਜ ਦਿੱਤਾ। ਨੀਲੇ ਰੰਗ ਦੇ ਕੱਪੜਿਆਂ ਵਿੱਚ ਖੇਡ ਰਹੀ ਭਾਰਤੀ ਪੁਰਸ਼ ਟੀਮ ਨੇ ਕਪਤਾਨ ਪ੍ਰਤੀਕ ਵਾਇਕਰ ਤੇ ਰਾਮਜੀ ਕਸ਼ਿਅਪ ਦੇ ਵਧੀਆ ਖੇਡ ਸਦਕਾ ਨੇਪਾਲ ਦੀ ਟੀਮ ਨੂੰ 54-36 ਨਾਲ ਹਰਾ ਕੇ ਜਿੱਤ ਦਰਜ ਕੀਤੀ। ਇਸ ਤੋਂ ਪਹਿਲਾਂ, ਭਾਰਤੀ ਮਹਿਲਾ ਟੀਮ ਨੇ ਨੇਪਾਲ ’ਤੇ 78-40 ਦੀ ਸ਼ਾਨਦਾਰ ਜਿੱਤ ਦਰਜ ਕਰ ਕੇ ਖ਼ਿਤਾਬ ਆਪਣੇ ਨਾਮ ਕੀਤਾ। ਭਾਰਤੀ ਖਿਡਾਰਨਾਂ ਨੇ ਰਫ਼ਤਾਰ, ਰਣਨੀਤੀ ਤੇ ਹੁਨਰ ਦਾ ਸ਼ਾਨਦਾਰ ਨਮੂਨਾ ਪੇਸ਼ ਕਰਦੇ ਹੋਏ ਮੈਚ ਦੀ ਸ਼ੁਰੂਆਤ ਤੋਂ ਅਖ਼ੀਰ ਤੱਕ ਆਪਣਾ ਦਬਦਬਾ ਕਾਇਮ ਰੱਖਿਆ।

### ਮੋਦੀ ਨੇ ਟੀਮਾਂ ਨੂੰ ਵਧਾਈ ਦਿੱਤੀ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਟੀਮਾਂ ਨੂੰ ਪਹਿਲਾ ਖੋ ਖੋ ਵਿਸ਼ਵ ਕੱਪ ਜਿੱਤਣ ’ਤੇ ਅੱਜ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਜਿੱਤ ਨੇ ਭਾਰਤ ਦੇ ਸਭ ਤੋਂ ਪੁਰਾਣੀਆਂ ਰਵਾਇਤੀ ਖੇਡਾਂ ’ਚੋਂ ਇਕ ਨੂੰ ਹੋਰ ਵਧੇਰੇ ਸੁਰਖੀਆਂ ਵਿੱਚ ਲਿਆਂਦਾ ਹੈ। ਮੋਦੀ ਨੇ ‘ਐਕਸ’ ਉੱਤੇ ਲਿਖਿਆ, “ਭਾਰਤੀ ਟੀਮਾਂ ਨੂੰ ਪਹਿਲਾ ਖੋ ਖੋ ਵਿਸ਼ਵ ਕੱਪ ਜਿੱਤਣ ’ਤੇ ਵਧਾਈ। ਇਹ ਇਤਿਹਾਸਕ ਜਿੱਤ ਉਨ੍ਹਾਂ ਦੇ ਬੇਮਿਸਾਲ ਹੁਨਰ, ਦ੍ਰਿੜ੍ਹ ਸਕੰਲਪ ਅਤੇ ਟੀਮ ਵਰਕ ਦਾ ਨਤੀਜਾ ਹੈ। ਇਸ ਜਿੱਤ ਨਾਲ ਦੇਸ਼ ਭਰ ਦੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਣਾ ਮਿਲੇਗੀ। ਆਸ ਹੈ ਕਿ ਇਹ ਪ੍ਰਾਪਤੀ ਆਉਣ ਵਾਲੇ ਸਮੇਂ ਵਿੱਚ ਹੋਰ ਵਧੇਰੇ ਨੌਜਵਾਨਾਂ ਲਈ ਇਸ ਖੇਡ ਨੂੰ ਅਪਨਾਉਣ ਦਾ ਰਾਹ ਪੱਧਰਾ ਕਰੇਗੀ।”



# ਕੈਨੇਡਾ 'ਚ ਲਗਭਗ 150 ਦਿਨਾਂ ਦੇ ਪ੍ਰਦਰਸ਼ਨ ਤੋਂ ਬਾਅਦ ਪੰਜਾਬੀ ਨੌਜਵਾਨਾਂ ਦਾ ਧਰਨਾ ਖ਼ਤਮ



ਬਰੈਂਪਟਨ: ਕੈਨੇਡਾ ਤੋਂ ਇਕ ਵੱਡੀ ਖ਼ਬਰ ਆਈ ਹੈ। ਕੈਨੇਡਾ ਵਿੱਚ ਦੇਸ਼ ਨਿਕਾਲੇ ਦਾ ਵਿਰੋਧ ਕਰ ਰਹੇ ਅਤੇ ਵਰਕ ਪਰਮਿਟ ਨਿਯਮਾਂ ਵਿੱਚ ਬਦਲਾਅ ਦੀ ਮੰਗ ਕਰ ਰਹੇ ਧਰਨੇ 'ਤੇ ਬੈਠੇ ਪੰਜਾਬੀ ਨੌਜਵਾਨਾਂ ਅਤੇ ਕੌਮਾਂਤਰੀ ਵਿਦਿਆਰਥੀਆਂ ਨੇ ਆਪਣੇ ਲਗਾਤਾਰ ਕੀਤੇ ਜਾਣ ਵਾਲੇ ਪ੍ਰਦਰਸ਼ਨ ਬੰਦ ਕਰ ਦਿੱਤੇ ਹਨ ਪਰ ਪੂਰੀ ਤਾਕਤ ਨਾਲ ਵਾਪਸੀ ਕਰਨ ਅਤੇ ਕੈਨੇਡਾ ਵਿਚ ਪੱਕੇ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਵੀ ਕੀਤਾ ਹੈ। ਬਰੈਂਪਟਨ ਵਿਖੇ 142 ਦਿਨ ਤੱਕ ਚੱਲੇ ਧਰਨੇ ਦੇ ਪ੍ਰਬੰਧਕ ਮਹਿਕਦੀਪ ਸਿੰਘ ਨੇ ਕਿਹਾ ਕਿ ਕੈਨੇਡਾ ਵਿਚ ਇਸ ਵੇਲੇ ਕੋਈ ਸਰਕਾਰ ਨਹੀਂ, ਜਿਸ ਦੇ ਮੱਦੇਨਜ਼ਰ ਫਿਲਹਾਲ ਧਰਨਾ ਖ਼ਤਮ ਕੀਤਾ ਜਾ ਰਿਹਾ ਹੈ। ਮੁਜ਼ਾਹਰਕਾਰੀਆਂ ਨੇ ਦੋਸ਼ ਲਾਇਆ ਕਿ ਕੌਮਾਂਤਰੀ ਵਿਦਿਆਰਥੀਆਂ ਦਾ ਕਾਲਜ ਪ੍ਰਬੰਧਕਾਂ ਤੋਂ ਲੈ ਕੇ ਸਰਕਾਰ ਤੱਕ ਹਰ ਇਕ ਨੇ ਰੱਜ ਕੇ ਸ਼ੋਸ਼ਣ ਕੀਤਾ ਅਤੇ ਹੁਣ ਪੱਲਾ ਝਾੜਨ ਦੇ ਯਤਨ ਕੀਤੇ ਜਾ ਰਹੇ ਹਨ।

ਨਵੀਂ ਰਣਨੀਤੀ ਨਾਲ ਮੈਦਾਨ 'ਚ ਨਿੱਤਰਨਗੇ ਵਿਦਿਆਰਥੀਆਂ ਮੁਤਾਬਕ ਵਿਦਿਆਰਥੀ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ ਪ੍ਰੋਗਰਾਮ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋਈ ਅਤੇ ਵਿਦੇਸ਼ੀਆਂ ਨੂੰ ਕੈਨੇਡਾ ਦੀ ਪੀ.ਆਰ. ਵੇਚੀ ਗਈ ਜਦਕਿ ਪੜ੍ਹਾਈ ਮੁਕੰਮਲ ਕਰਨ ਮਗਰੋਂ ਵਰਕ ਪਰਮਿਟ 'ਤੇ ਕੰਮ ਕਰ ਰਹੇ ਵਿਦਿਆਰਥੀਆਂ ਨੂੰ ਇੰਪਲੌਇਰਜ਼ ਨੇ ਨਿਚੋੜ ਦਿਤਾ। ਪੋਸਟ ਗ੍ਰੈਜੂਏਟ ਵਰਕ ਪਰਮਿਟ ਕਮੇਟੀ ਦੀ ਮੈਂਬਰ ਨਵਜੋਤ ਸਲਾਰੀਆ ਨੇ ਕਿਹਾ ਕਿ ਇਮੀਗ੍ਰੇਸ਼ਨ ਨੀਤੀਆਂ ਵਿਚ ਹੇਰਾ ਫੇਰੀ ਹੋਣ ਕਾਰਨ ਕਮਜ਼ੋਰਾਂ ਦੇ ਹੱਕ ਦਬ ਗਏ ਅਤੇ ਜਦੋਂ ਤੱਕ ਸਰਕਾਰ ਜਾਗੀ ਬਹੁਤ ਦੇਰ ਹੋ ਚੁੱਕੀ ਸੀ। ਜਥੇਬੰਦੀ ਨੇ ਦਾਅਵਾ ਕੀਤਾ ਕਿ ਉਹ ਆਪਣੇ ਧਰਨੇ ਰਾਹੀਂ ਕਈ ਟੀਚੇ ਹਾਸਲ ਕਰਨ ਵਿਚ ਸਫ਼ਲ ਰਹੇ ਜਿਨ੍ਹਾਂ ਵਿਚ ਐੱਲ.ਐੱਮ.ਆਈ.ਏ. ਦੇ ਨਿਯਮਾਂ ਵਿਚ ਤਬਦੀਲੀਆਂ ਸ਼ਾਮਲ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਵਿਚ ਸੱਤਾਧਾਰੀ ਲਿਬਰਲ ਪਾਰਟੀ ਦੇ ਨਵੇਂ ਆਗੂ ਦੀ ਚੋਣ ਕੀਤੀ ਜਾ ਰਹੀ ਹੈ ਅਤੇ 9 ਮਾਰਚ ਤੱਕ ਜਸਟਿਨ ਟਰੂਡੋ ਕੰਮ ਚਲਾਊ ਪ੍ਰਧਾਨ ਮੰਤਰੀ ਵਜੋਂ ਵਾਗਡੋਰ ਸੰਭਾਲ ਰਹੇ ਹਨ। ਨਵੇਂ ਪ੍ਰਧਾਨ ਮੰਤਰੀ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਹੀ ਕੋਈ ਵੱਡਾ ਫ਼ੈਸਲਾ ਲਿਆ ਜਾ ਸਕਦਾ ਹੈ ਕਿ ਪਰ ਇਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਟੈਂਪਰੇਰੀ ਰੈਜ਼ੀਡੈਂਟਸ ਦੀ ਗਿਣਤੀ ਘਟਾਉਣਾ ਹੀ ਨਵੀਂ ਕੈਬਨਿਟ ਦਾ ਮੁੱਖ ਟੀਚਾ ਹੋਵੇਗਾ ਅਤੇ ਅਜਿਹੇ ਵਿਚ ਧਰਨਾ ਚੁੱਕ ਕੇ ਜਾ ਰਹੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਨੂੰ ਰਾਹਤ ਮਿਲਣ ਦੇ ਆਸਾਰ ਨਹੀਂ। ਮੰਨਿਆ ਜਾ ਰਿਹਾ ਹੈ ਕਿ 7 ਲੱਖ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਪਿਛਲੇ ਸਮੇਂ ਦੌਰਾਨ ਖਤਮ ਹੋ ਚੁੱਕੇ ਹਨ ਜਾਂ 31 ਦਸੰਬਰ 2025 ਤੱਕ ਖ਼ਤਮ ਹੋ ਜਾਣਗੇ। ਅਜਿਹੇ ਵਿਚ ਕੈਨੇਡੀਅਨ ਪੀ.ਆਰ. ਦੇ ਸਾਰੇ ਰਾਹ ਵੀ ਬੰਦ ਹੁੰਦੇ ਨਜ਼ਰ ਆ ਰਹੇ ਹਨ।

# ਕੈਨੇਡਾ ਪੜ੍ਹਨ ਆਏ 50 ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀ ਗੁਆਚੇ! ਇਨ੍ਹਾਂ 'ਚੋਂ 19,583 ਭਾਰਤੀ ਮੂਲ ਦੇ

ਓਟਾਵਾ : ਵੱਡੀ ਗਿਣਤੀ 'ਚ ਭਾਰਤੀ ਵਿਦਿਆਰਥੀ ਉੱਚ ਸਿੱਖਿਆ ਲਈ ਵਿਦੇਸ਼ ਜਾਂਦੇ ਹਨ। ਹਾਲ ਹੀ ਵਿਚ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ ਕੈਨੇਡੀਅਨ ਸਟੱਡੀ ਪਰਮਿਟ ਰੱਖਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚ ਨੋ ਸ਼ੋਅਸ "ਹੋਣ ਦਾ ਇੱਕ ਪਰੇਸ਼ਾਨ ਕਰਨ ਵਾਲਾ ਪੈਟਰਨ ਹੈ, ਜਿਸ ਵਿਚ ਲਗਭਗ 50,000 ਵਿਦਿਆਰਥੀ ਬਸੰਤ 2024 'ਚ ਦੋ ਮਹੀਨਿਆਂ ਦੀ ਮਿਆਦ ਦੌਰਾਨ ਆਪਣੇ ਕਾਲਜ ਜਾਂ ਯੂਨੀਵਰਸਿਟੀ ਵਿਚ ਜਾਣ ਵਿਚ ਅਸਫਲ ਰਹੇ। ਇਮੀਗ੍ਰੇਸ਼ਨ ਵਿਭਾਗ ਦੁਆਰਾ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਸਾਲ ਵਿਚ ਦੋ ਵਾਰ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ ਕਿ ਕੀ ਅੰਤਰਰਾਸ਼ਟਰੀ ਵਿਦਿਆਰਥੀ ਆਪਣੇ ਅਧਿਐਨ ਪਰਮਿਟਾਂ ਦੀ ਪਾਲਣਾ ਵਿਚ ਦਾਖਲ ਹਨ ਅਤੇ ਕਲਾਸਾਂ ਵਿਚ ਜਾ ਰਹੇ ਹਨ। 2014 ਵਿਚ ਲਾਗੂ ਕੀਤਾ ਗਿਆ ਅੰਤਰਰਾਸ਼ਟਰੀ ਵਿਦਿਆਰਥੀ ਪਾਲਣਾ ਪ੍ਰਣਾਲੀ, ਜਾਅਲੀ ਵਿਦਿਆਰਥੀਆਂ ਦੀ ਪਛਾਣ ਕਰਨ ਅਤੇ ਸ਼ੱਕੀ ਸਕੂਲਾਂ ਦੀ ਪਛਾਣ ਕਰਨ ਵਿਚ ਸੂਬਿਆਂ ਦੀ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਸੀ। ਪ੍ਰਾਪਤ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਆਈ.ਆਰ.ਸੀ.ਸੀ. ਦੁਆਰਾ ਟਰੈਕ ਕੀਤੇ ਗਏ 6.9% ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕੋਈ ਸ਼ੋਅ ਨਹੀਂ" ਰਿਪੋਰਟ ਕੀਤਾ ਗਿਆ ਸੀ। ਇਸ ਵਿਕਾਸ ਨੇ ਵਿਦਿਆਰਥੀ ਵੀਜ਼ਿਆਂ ਦੀ ਸੰਭਾਵੀ ਦੁਰਵਰਤੋਂ ਅਤੇ ਸਰਹੱਦ ਪਾਰ ਸੁਰੱਖਿਆ ਮੁੱਦਿਆਂ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।



ਇਹ ਡੇਟਾ ਅੰਤਰਰਾਸ਼ਟਰੀ ਵਿਦਿਆਰਥੀ ਪਾਲਣਾ ਪ੍ਰਣਾਲੀ ਤੋਂ ਆਉਂਦਾ ਹੈ, ਜੋ ਕਿ 2014 ਵਿਚ ਧੋਖਾਧੜੀ ਵਾਲੇ ਵਿਦਿਆਰਥੀਆਂ ਦੀਆਂ ਅਰਜ਼ੀਆਂ ਅਤੇ ਸ਼ੱਕੀ ਵਿਦਿਅਕ ਸੰਸਥਾ ਦੀ ਪਛਾਣ ਕਰਨ ਲਈ ਲਾਗੂ ਕੀਤੀ ਗਈ ਇੱਕ ਨਿਗਰਾਨੀ ਪ੍ਰਣਾਲੀ ਹੈ। 2024 ਦੇ ਮਾਰਚ ਅਤੇ ਅਪ੍ਰੈਲ ਵਿਚ ਕਾਲਜਾਂ ਅਤੇ ਯੂਨੀਵਰਸਿਟੀਆਂ ਨੇ 144 ਦੇਸ਼ਾਂ ਦੇ ਵਿਦਿਆਰਥੀਆਂ ਬਾਰੇ ਆਈ.ਆਰ.ਸੀ.ਸੀ. ਨੂੰ ਰਿਪੋਰਟ ਕੀਤੀ। ਉਸ ਬਸੰਤ ਵਿਚ ਨੋ-ਸ਼ੋਅ "ਦੀ ਸਭ ਤੋਂ ਵੱਧ ਸੰਖਿਆ ਵਾਲੇ ਵਿਦਿਆਰਥੀ ਮੂਲ ਦੇ ਸਿਖਰਲੇ 10 ਦੇਸ਼ਾਂ ਵਿਚ ਗੈਰ-ਪਾਲਣਾ ਦਰਾਂ ਵਿਆਪਕ ਤੌਰ 'ਤੇ ਵੱਖ-ਵੱਖ ਸਨ।

ਇਨ੍ਹਾਂ ਵਿਚ ਫਿਲੀਪੀਨਜ਼ ਲਈ 2.2 ਪ੍ਰਤੀਸ਼ਤ (688 ਨੋ-ਸ਼ੋਅ ਵਿਦਿਆਰਥੀਆਂ ਦੀ ਨੁਮਾਇੰਦਗੀ ਕਰਦੇ ਹੋਏ); ਚੀਨ ਲਈ 6.4 ਪ੍ਰਤੀਸ਼ਤ (4,279 ਨੋ-ਸ਼ੋਅ); ਈਰਾਨ ਲਈ 11.6 ਪ੍ਰਤੀਸ਼ਤ (1,848 ਨੋ-ਸ਼ੋਅ); ਅਤੇ ਰਵਾਂਡਾ ਲਈ 48.1 ਪ੍ਰਤੀਸ਼ਤ (802 ਨੋ-ਸ਼ੋਅ) ਸ਼ਾਮਲ ਸਨ। ਕੁੱਲ ਨੋ-ਸ਼ੋਅ ਵਿਚੋਂ ਭਾਰਤ ਤੋਂ ਲਗਭਗ 20,000 - ਆਈ.ਆਰ.ਸੀ.ਸੀ. ਦੁਆਰਾ ਟਰੈਕ ਕੀਤੇ ਗਏ ਕੁੱਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਦਾ 5.4 ਪ੍ਰਤੀਸ਼ਤ ਨੂੰ ਆਪਣੇ ਵਿਦਿਆਰਥੀ ਵੀਜ਼ਿਆਂ ਦੀ ਪਾਲਣਾ ਨਾ ਕਰਨ ਅਤੇ ਉਨ੍ਹਾਂ ਸਕੂਲਾਂ ਵਿਚ ਨਾ ਜਾਣ ਵਜੋਂ ਰਿਪੋਰਟ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਪੜ੍ਹਨਾ ਸੀ।

ਆਰ.ਸੀ.ਐੱਮ.ਪੀ. ਨੇ ਇੱਕ ਬਿਆਨ ਵਿਚ ਕਿਹਾ ਕਿ ਉਸਨੇ ਜਾਂਚਾਂ ਬਾਰੇ ਵਾਧੂ ਜਾਣਕਾਰੀ ਲੈਣ ਲਈ ਆਪਣੇ ਅੰਤਰਰਾਸ਼ਟਰੀ ਪੁਲਿਸਿੰਗ ਸੰਪਰਕ ਅਧਿਕਾਰੀਆਂ ਰਾਹੀਂ ਭਾਰਤ ਤੱਕ ਪਹੁੰਚ ਕੀਤੀ ਹੈ।"ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਨਵੰਬਰ ਵਿਚ ਦੁਰਵਿਵਹਾਰ ਨੂੰ ਰੋਕਣ ਦੀ ਕੋਸ਼ਿਸ਼ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਿਯਮਾਂ ਨੂੰ ਸਖ਼ਤ ਕਰ ਦਿੱਤਾ। ਜਿਹੜੇ ਕਾਲਜ ਅਤੇ ਯੂਨੀਵਰਸਿਟੀਆਂ ਪਾਲਣਾ ਰਿਪੋਰਟਾਂ ਜਮ ?ਹਾਂ ਕਰਨ ਵਿਚ ਅਸਫਲ ਰਹਿੰਦੀਆਂ ਹਨ, ਉਨ੍ਹਾਂ ਨੂੰ ਹੁਣ ਇੱਕ ਸਾਲ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਵੀਕਾਰ ਕਰਨ ਤੋਂ ਮੁਅੱਤਲ ਕੀਤਾ ਜਾ ਸਕਦਾ ਹੈ।

ਆਈ.ਆਰ.ਸੀ.ਸੀ. ਦੇ ਅੰਕੜਿਆਂ ਅਨੁਸਾਰ ਕੁੱਲ ਮਿਲਾ ਕੇ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਾਖਲ ਹੋਏ 49,676 ਅੰਤਰਰਾਸ਼ਟਰੀ ਵਿਦਿਆਰਥੀ ਸਪੱਸ਼ਟ ਤੌਰ 'ਤੇ ਆਪਣੇ ਵੀਜ਼ਾ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਅਤੇ ਪੜ੍ਹਾਈ ਲਈ ਆਉਣ ਵਿਚ ਅਸਫਲ ਰਹੇ। ਇਸ ਤੋਂ ਇਲਾਵਾ ਕਾਲਜ ਅਤੇ ਯੂਨੀਵਰਸਿਟੀਆਂ 23,514 ਹੋਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਥਿਤੀ ਬਾਰੇ ਰਿਪੋਰਟ ਕਰਨ ਵਿਚ ਅਸਫਲ ਰਹੀਆਂ, ਜੋ ਕਿ ਆਈ.ਆਰ.ਸੀ.ਸੀ. ਰਿਕਾਰਡਾਂ ਵਿਚ 3.3 ਪ੍ਰਤੀਸ਼ਤ ਨੂੰ ਦਰਸਾਉਂਦੀਆਂ ਹਨ।

# ਕੈਨੇਡਾ ਚ ਲਾਪਤਾ ਹੋਇਆ ਭਾਰਤੀ ਵਿਅਕਤੀ, ਪੁਲਿਸ ਨੇ ਮੰਗੀ ਮਦਦ

ਟੋਰਾਂਟੋ: ਕੈਨੇਡਾ ਵਿਚ ਇਕ ਭਾਰਤੀ ਵਿਅਕਤੀ ਦੇ ਲਾਪਤਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇੱਥੇ ਟੋਰਾਂਟੋ ਵਿਖੇ ਲਾਪਤਾ 41 ਸਾਲ ਦੇ ਭਾਰਤੀ ਦੀ ਭਾਲ ਕਰ ਰਹੀ ਪੁਲਸ ਵੱਲੋਂ ਲੋਕਾਂ ਤੋਂ ਮਦਦ ਮੰਗੀ ਗਈ ਹੈ। ਟੋਰਾਂਟੋ ਪੁਲਸ ਨੇ ਦੱਸਿਆ ਕਿ 41 ਸਾਲ ਦੇ ਨਰੇਸ਼ ਨੂੰ ਆਖਰੀਵਾਰ 19 ਜਨਵਰੀ ਨੂੰ ਸ਼ਾਮ ਤਕਰੀਬਨ ਪੰਜ ਵਜੇ ਹੰਬਰ ਕਾਲਜ ਬੁਲੇਵਾਰਡ ਅਤੇ ਵੈਸਟਮੋਰ ਡਰਾਈਵ ਇਲਾਕੇ ਵਿਚ ਦੇਖਿਆ ਗਿਆ। ਪੁਲਸ ਮੁਤਾਬਕ ਨਰੇਸ਼ ਦਾ ਕੱਦ 5 ਫੁੱਟ 9 ਇੰਚ ਅਤੇ ਵਜ਼ਨ ਤਕਰੀਬਨ 77 ਕਿਲੋ ਹੈ। ਉਸ ਦੇ ਵਾਲ ਛੋਟੇ ਅਤੇ ਭੂਰੇ ਰੰਗ ਦੇ ਹਨ ਜਦਕਿ ਸਿਰ 'ਤੇ ਗੰਜ ਵੀ ਪਿਆ ਹੋਇਆ ਹੈ। ਆਖਰੀ ਵਾਰ ਦੇਖੇ ਜਾਣ ਵੇਲੇ ਨਰੇਸ਼ ਨੇ ਬ੍ਰਾਊਨ ਜਾਂ ਮਸਟਰਡ ਕਲਰ ਦੀ ਬੌਂਬਰ ਜੈਕਟ, ਕਾਲੀ ਟੀ-ਸ਼ਰਟ ਅਤੇ ਨੀਲੀ ਜੀਨਜ਼ ਪਾਈ ਹੋਈ ਸੀ।



**ਪੁਲਸ ਨੇ ਮੰਗੀ ਲੋਕਾਂ ਤੋਂ ਮਦਦ :** ਉਸ ਕੋਲ ਕਾਲੇ ਰੰਗ ਦਾ ਇਕ ਬੈਕਪੈਕ ਵੀ ਸੀ ਜਿਸ 'ਤੇ ਲਾਲ ਅੱਖਰਾਂ ਵਿਚ ਕੁਝ ਲਿਖਿਆ ਨਜ਼ਰ ਆਉਂਦਾ ਹੈ। ਟੋਰਾਂਟੋ ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਨਰੇਸ਼ ਦੇ ਪਤੇ-ਟਿਕਾਣੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ 416 222 ਟਿਪਸ 8477 'ਤੇ ਕਾਲ ਕਰ ਸਕਦਾ ਹੈ। ਟੋਰਾਂਟੋ ਪੁਲਸ ਨੇ ਅੱਗੇ ਕਿਹਾ ਕਿ ਕਿਸੇ ਸ਼ਖ਼ਸ ਦੇ ਲਾਪਤਾ ਹੋਣ ਤੋਂ 24 ਘੰਟੇ ਤੱਕ ਉਡੀਕ ਕਰਨ ਦੀ ਕੋਈ ਜ਼ਰੂਰਤ ਨਹੀਂ ਅਤੇ ਇਸ ਤੋਂ ਪਹਿਲਾਂ ਵੀ ਉਸ ਨੂੰ ਲਾਪਤਾ ਐਲਾਨਿਆ ਜਾ ਸਕਦਾ ਹੈ। ਜੇ ਤੁਸੀਂ ਕਿਸੇ ਦੀ ਸੁੱਖ ਸਾਂਦ ਬਾਰੇ ਚਿੰਤਤ ਹੋ ਤਾਂ 911 'ਤੇ ਕਾਲ ਕਰ ਸਕਦੇ ਹੋ ਜਾਂ ਟੋਰਾਂਟੋ ਪੁਲਸ ਦੇ ਗੈਰ ਐਮਰਜੰਸੀ ਨੰਬਰ 416 808 2222 'ਤੇ ਕਾਲ ਕੀਤੀ ਜਾ ਸਕਦੀ ਹੈ।

# ਜੇਕਰ ਟਰੰਪ 'ਟੈਰਿਫ' ਲਗਾਉਣ ਦਾ ਐਲਾਨ ਕਰਦੇ ਹਨ ਤਾਂ ਅਸੀਂ ਵੀ ਜਵਾਬ ਦੇਣ ਲਈ ਤਿਆਰ ਹਾਂ : ਟਰੂਡੋ

ਟੋਰਾਂਟੋ : ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਟੈਰਿਫ ਲਗਾਉਣ ਦੀ ਧਮਕੀ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰਤੀਕਿਰਿਆ ਦਿੱਤੀ ਹੈ। ਟਰੂਡੋ ਨੇ ਕਿਹਾ ਹੈ ਕਿ ਉਹ ਆਰਥਿਕ ਨੁਕਸਾਨ ਸਹਿਣ ਲਈ ਤਿਆਰ ਹਨ। ਟਰੰਪ ਦੇ ਸਹੁੰ ਚੁੱਕਣ ਤੋਂ ਦੋ ਹਫ਼ਤੇ ਪਹਿਲਾਂ 6 ਜਨਵਰੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਟਰੂਡੋ ਨੇ ਵਾਅਦਾ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਅਮਰੀਕਾ ਨੂੰ ਬਹੁਤ ਸਖ਼ਤ ਜਵਾਬ ਦੇਵੇਗਾ। ਕਿਊਬਿਕ ਦੇ ਮੋਂਟੇਬੇਲੋ ਵਿੱਚ ਇੱਕ ਵਿਸ਼ੇਸ਼ ਕੈਬਨਿਟ ਮੀਟਿੰਗ ਦੌਰਾਨ ਟਰੂਡੋ ਨੇ ਕਿਹਾ ਕਿ ਉਹ ਟਰੰਪ ਦੇ ਇਸ ਕਦਮ ਤੋਂ ਚਿੰਤਤ ਨਹੀਂ ਹਨ। ਉਸਨੇ ਕਿਹਾ ਕਿ ਉਸਨੂੰ ਟਰੰਪ ਨਾਲ ਕੰਮ ਕਰਦੇ ਸਮੇਂ ਬਹੁਤ ਸਾਰੀ 'ਅਨਿਸ਼ਚਿਤਤਾ' ਦੀ ਉਮੀਦ ਸੀ। ਟਰੂਡੋ ਨੇ ਅੱਗੇ ਕਿਹਾ ਕਿ ਟਰੰਪ ਇੱਕ ਹੁਨਰਮੰਦ ਵਾਰਤਾਕਾਰ ਹਨ ਅਤੇ ਆਪਣੇ ਗੱਲਬਾਤ ਕਰਨ ਵਾਲੇ ਭਾਈਵਾਲਾਂ ਨੂੰ ਸੰਤੁਸ਼ਟ ਕਰਨ ਲਈ ਜੋ ਵੀ ਕਰਨਾ ਪਵੇਗਾ ਉਹ ਕਰਨਗੇ। ਹਾਲਾਂਕਿ ਟਰੂਡੋ ਨੇ ਇਹ ਵੀ ਸਪੱਸ਼ਟ ਕੀਤਾ ਕਿ ਵਿਦੇਸ਼ ਨੀਤੀ ਦੇ ਮਾਮਲਿਆਂ ਵਿੱਚ ਕੈਨੇਡਾ ਆਪਣੇ ਹਿੱਤਾਂ ਦੀ ਰੱਖਿਆ ਕਰਨ ਅਤੇ ਆਪਣਾ ਦ੍ਰਿਸ਼ਟੀਕੋਣ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੇ ਵੀ ਸਮਰੱਥ ਹੈ। ਉਹ ਟਰੰਪ ਨੂੰ ਆਪਣੇ ਟੈਰਿਫ ਫ਼ੈਸਲੇ ਤੋਂ ਪਿੱਛੇ ਹਟਣ ਲਈ ਮਜਬੂਰ ਕਰਨ ਲਈ ਅਮਰੀਕਾ ਨੂੰ ਆਰਥਿਕ ਨੁਕਸਾਨ ਪਹੁੰਚਾਉਣ ਲਈ ਵੀ ਤਿਆਰ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਦੇਸ਼ ਦੇ ਤੇਲ ਨਾਲ ਭਰਪੂਰ ਅਲਬਰਟਾ ਸੂਬੇ ਦੇ ਨੇਤਾ ਡੈਨੀਅਲ ਸਮਿਥ ਨੂੰ ਭਰੋਸਾ ਹੈ ਕਿ ਕੈਨੇਡਾ ਅਮਰੀਕਾ ਦੇ



25 ਪ੍ਰਤੀਸ਼ਤ ਟੈਰਿਫ ਤੋਂ ਬਚ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ 1 ਫਰਵਰੀ ਤੋਂ ਕੈਨੇਡਾ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣਗੇ। ਕੈਨੇਡਾ ਦੇ ਨਿਰਮਾਣ ਅਤੇ ਆਟੋਮੋਬਾਈਲਜ਼ ਦੇ ਕੇਂਦਰ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਵਪਾਰਕ ਮੁਕਾਬਲਾ 100 ਪ੍ਰਤੀਸ਼ਤ ਹੋਣ ਜਾ ਰਿਹਾ ਹੈ। ਐਸੋਸੀਏਟਿਡ ਪ੍ਰੈਸ (ਏਪੀ) ਨਾਲ ਇੱਕ ਇੰਟਰਵਿਊ ਵਿੱਚ ਫੋਰਡ ਨੇ ਕਿਹਾ, 'ਟਰੰਪ ਨੇ ਕੈਨੇਡਾ ਵਿਰੁੱਧ 'ਆਰਥਿਕ ਯੁੱਧ' ਦਾ ਐਲਾਨ ਕਰ ਦਿੱਤਾ ਹੈ ਅਤੇ ਅਸੀਂ ਆਪਣੀ ਆਰਥਿਕਤਾ ਦੀ ਰੱਖਿਆ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।' ਫੋਰਡ ਨੇ ਕਿਹਾ ਕਿ ਜਿਵੇਂ ਹੀ ਟਰੰਪ ਟੈਰਿਫ ਲਗਾਉਣਗੇ ਉਵੇਂ ਹੀ ਉਹ ਓਂਟਾਰੀਓ ਦੇ ਸ਼ਰਾਬ ਕੰਟਰੋਲ ਬੋਰਡ ਨੂੰ ਨਿਰਦੇਸ਼ ਦੇਣਗੇ ਕਿ ਉਹ ਅਮਰੀਕਾ ਵਿੱਚ ਬਣੀ ਸਾਰੀ ਸ਼ਰਾਬ ਨੂੰ ਬਾਜ਼ਾਰ ਤੋਂ ਹਟਾ ਦੇਵੇ। ਫੋਰਡ ਨੇ ਕਿਹਾ, 'ਅਸੀਂ ਦੁਨੀਆ ਵਿੱਚ ਵਾਈਨ ਦੇ ਸਭ ਤੋਂ ਵੱਡੇ ਖਰੀਦਦਾਰ ਹਾਂ ਅਤੇ ਮੈਂ ਸਾਰੇ ਸੂਬਾਈ ਪ੍ਰੀਮੀਅਰਾਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰਨ ਜਾ ਰਿਹਾ ਹਾਂ।' ਫੋਰਡ ਨੇ ਕਿਹਾ ਜਵਾਬ ਵਿੱਚ ਕੈਨੇਡਾ ਆਉਣ ਵਾਲੇ ਅਮਰੀਕੀ ਸਾਮਾਨ 'ਤੇ ਡਾਲਰ-ਦਰ- ਡਾਲਰ ਟੈਰਿਫ ਲਗਾਏਗਾ। ਟਰੂਡੋ ਨੇ ਅੱਗੇ ਕਿਹਾ ਕਿ ਕੈਨੇਡਾ ਦਾ ਮੁੱਖ ਟੀਚਾ ਪ੍ਰਸਤਾਵਿਤ ਅਮਰੀਕੀ ਟੈਰਿਫਾਂ ਤੋਂ ਬਚਣਾ ਅਤੇ ਅਮਰੀਕਾ ਨਾਲ ਸਕਾਰਾਤਮਕ ਸਬੰਧਾਂ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕੈਨੇਡਾ ਟਰੰਪ ਦੀਆਂ ਧਮਕੀਆਂ ਅੱਗੇ ਝੁਕਣ ਵਾਲਾ ਨਹੀਂ ਹੈ। ਟਰੰਪ ਦੇ ਇਸ ਬਿਆਨ ਦੇ ਬਾਵਜੂਦ ਕਿ ਉਹ ਕੈਨੇਡਾ ਤੋਂ ਕੁਝ ਨਹੀਂ ਚਾਹੁੰਦੇ, ਟਰੂਡੋ ਨੇ ਕਿਹਾ ਕਿ ਜੇਕਰ ਟਰੰਪ ਅਮਰੀਕੀ ਅਰਥਵਿਵਸਥਾ ਨੂੰ ਵਧਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਅਜਿਹਾ ਕਰਨ ਲਈ ਕੈਨੇਡੀਅਨ ਕੁਦਰਤੀ ਸਰੋਤਾਂ ਜਿਵੇਂ ਕਿ ਤੇਲ, ਲੱਕੜ, ਸਟੀਲ, ਐਲੂਮੀਨੀਅਮ ਅਤੇ ਮਹੱਤਵਪੂਰਨ ਖਣਿਜਾਂ ਦੀ ਲੋੜ ਹੋਵੇਗੀ। ਟਰੂਡੋ ਨੇ ਕਿਹਾ ਕਿ ਇਸ ਨਾਲ ਕੈਨੇਡਾ ਨੂੰ ਕੁਝ ਲਾਭ ਹੋਣਗੇ।

ਟਰੰਪ ਨੇ ਕੈਨੇਡਾ ਅਤੇ ਮੈਕਸੀਕੋ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਇਸਨੂੰ 1 ਫਰਵਰੀ ਤੋਂ ਇੰਸਟਾਲ ਕੀਤਾ ਜਾ ਸਕਦਾ ਹੈ। ਟਰੰਪ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਅਮਰੀਕਾ ਆ ਰਹੇ ਹਨ। ਇੰਨਾ ਹੀ ਨਹੀਂ ਬ੍ਰਿਕਸ ਦੇਸ਼ਾਂ ਨੂੰ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਹ ਵਪਾਰ ਲਈ ਅਮਰੀਕੀ ਡਾਲਰ ਦੀ ਬਜਾਏ ਕੋਈ ਹੋਰ ਮੁਦਰਾ ਪੇਸ਼ ਕਰਦੇ ਹਨ, ਤਾਂ ਇਨ੍ਹਾਂ ਦੇਸ਼ਾਂ 'ਤੇ 100 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ।


# ਗੁਰਦੁਆਰਾ ਸਾਹਿਬ ਸਿੱਖ ਸੈਂਟਰ ਆਫ ਵਰਜੀਨੀਆ ਮਨਾਸਸ ਵਿਖੇ ਭਾਈ ਸਰਵਣ ਸਿੰਘ ਖਾਲਸਾ ਦਾ ਸੰਗਤ ਸਨਮਾਨ

## ਭਾਈ ਸਾਹਿਬ ਨੇ ਅਕਾਲ ਪੁਰਖ ਦੀ ਕਿਰਪਾ ਨਾਲ ਸਾਰੀ ਦੁਨੀਆਂ 'ਚ ਸਿੱਖਾਂ ਦਾ ਨਾਮ ਰੌਸ਼ਨ ਕੀਤਾ : ਜਥੇਦਾਰ ਪ੍ਰਤਾਪ ਸਿੰਘ ਗਿੱਲ








In Honor of Bhai Sarwan Singh Ji

Sabka Hazoori Ragi, Sri Harmandar Sahib

The Sikh Center of Virginia takes immense pride in honoring the profound and dedicated service of Bhai Sarwan Singh Ji, esteemed Sabka Hazoori Ragi, Sri Harmandar Sahib. Through the divine medium of Gurbani Kirtan, Bhai Sahib has uplifted countless hearts and strengthened the spiritual foundation of the Sikh Panth.

Bhai Sarwan Singh Ji's Kirtan Seva has exemplified the eternal teachings of Guru Nanak Dev Ji and inspired Sangat across the globe to embrace the principles of Naam Simran, Honest Living, and Sharing of our blessings with the fellow human beings.

On this day, 19th of January 2025, the Board of Trustees and the Sangat of the Sikh Center of Virginia proudly present this plaque as a token of heartfelt appreciation for Bhai Sahib's unwavering commitment to the service of the Guru and the community.

Presented At:
Center of Virginia

ਮਨਾਸਸ/ਵਰਜੀਨੀਆ : (ਸੀਨੀਅਰ ਪੱਤਰਕਾਰ ਸ੍ਰ. ਬਲਜੀਤ ਸਿੰਘ ਘੁੰਮਣ) ਗੁਰਦੁਆਰਾ ਸਿੱਖ ਸੈਂਟਰ ਆਫ ਵਰਜੀਨੀਆ ਮਨਾਸਸ ਵਿਖੇ ਭਾਈ ਸਰਵਣ ਸਿੰਘ ਜੀ ਖਾਲਸਾ ਦਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਸਿਰੋਪਾਉ ਬਖਸ਼ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰੂਘਰ ਦੇ ਪ੍ਰਧਾਨ ਜਥੇਦਾਰ. ਪ੍ਰਤਾਪ ਸਿੰਘ ਗਿੱਲ, ਗੁਰੂਘਰ ਦੇ ਹੈਡ ਗ੍ਰੰਥੀ ਭਾਈ ਬਲਜੀਤ ਸਿੰਘ ਜੀ, ਪੀ ਆਰ ਓ, ਸ੍ਰ. ਲਖਵੀਰ ਸਿੰਘ ਤੱਖਰ ਸੈਕਟਰੀ, ਸ੍ਰ. ਦਵਿੰਦਰ ਸਿੰਘ, ਸ੍ਰ. ਸੁਖਵਿੰਦਰ ਸਿੰਘ ਸੰਧੂ, ਸ੍ਰ. ਸਾਹਿਬਜੀਤ ਸਿੰਘ ਖਹਿਰਾ, ਸ ਕਮਲਜੀਤ ਸਿੰਘ ਬਾਜਵਾ ਸ ਬਲਵਿੰਦਰ ਸਿੰਘ ਢਿੱਲੋਂ, ਸ੍ਰ. ਰਾਜਿੰਦਰ ਸਿੰਘ ਘੁੰਮਣ, ਸ੍ਰ. ਅਮਰੀਕ ਸਿੰਘ ਖਸਰੀਆ ਸੈਕਟਰੀ, ਬੀਬੀ ਅਮਨਦੀਪ ਕੌਰ ਰਿਆੜ, ਸ੍ਰ. ਸਤਪਾਲ ਸਿੰਘ ਬਰਾੜ, ਸ੍ਰ. ਰਣਜੀਤ ਸਿੰਘ ਖ਼ਾਲਸਾ, ਸ੍ਰ. ਕਲਦੀਪ ਸਿੰਘ ਮੱਲਾ, ਸ੍ਰ. ਸੁਖਵਿੰਦਰ ਸਿੰਘ ਗਿੱਲ ਅਤੇ ਮੁੰਡੀ ਸਾਹਿਬ ਮੌਜੂਦ ਸਨ। ਜ਼ਿਕਰਯੋਗ ਹੈ ਕਿ ਭਾਈ ਸਰਵਣ ਸਿੰਘ ਜੀ ਦਾ ਨਾਮ Guinness Wold Records ਕਿਤਾਬ 'ਚ ਦਰਜ ਹੈ ਜਿਨ੍ਹਾਂ ਦਾ ਦਾੜ੍ਹਾ ਅਕਾਲ ਪੁਰਖ ਨੇ 8.3 ਇੰਚ ਬਖਸ਼ਿਆ ਹੈ। ਭਾਈ ਸਾਹਿਬ ਨੇ ਕੀਰਤਨ ਸੇਵਾ ਨਾਲ ਗੁਰੂ ਨਾਨਕ ਦੇਵ ਜੀ ਦੀਆਂ ਧਾਰਮਿਕ ਸਿੱਖਿਆਵਾਂ ਦੀ ਮਿਸਾਲ ਦਿੱਤੀ ਅਤੇ ਦੁਨੀਆ ਭਰ ਦੀ ਸੰਗਤ ਨੂੰ ਨਾਮ ਸਿਮਰਨ, ਇਮਾਨਦਾਰੀ ਨਾਲ ਸਿੱਖੀ ਜੀਵਨ ਬਤੀਤ ਕਰਨ ਅਤੇ ਸੰਗਤਾਂ ਨਾਲ ਆਪਣੀਆਂ ਬਖਸ਼ਿਸ਼ਾਂ ਸਾਂਝੀਆਂ ਕਰਨ ਦੇ ਸਿਧਾਂਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਗੁਰੂਘਰ ਦੇ ਪ੍ਰਬੰਧਕਾਂ ਨੇ ਕਿਹਾ ਕਿ ਅਸੀਂ ਭਾਈ ਸਰਵਣ ਸਿੰਘ ਖਾਲਸਾ ਨੂੰ ਇਹ ਸੰਗਤ ਸਨਮਾਨ ਦੇ ਕੇ ਮਾਣ ਮਹਿਸੂਸ ਕਰ ਰਹੇ ਹਾਂ।

# ਕੁਦਰਤ ਦੇ ਕਰਿਸ਼ਮੇ

## • ਅੱਜ ਫਲੋਰੀਡਾ ਬਣਿਆ ਸਵਿਟਰਜਰਲੈਂਡ • ਫਲੋਰੀਡਾ ਦੇ ਪੇਨਸਾਕੋਲਾ ਵਿੱਚ ਬਰਫਬਾਰੀ ਨੇ ਸਾਰੇ ਰਿਕਾਰਡ ਤੋੜੇ











22 ਜਨਵਰੀ, 2025 ਪੇਨਸਾਕੋਲਾ, ਫਲੋਰੀਡਾ, ਇੱਕ ਅਸੰਭਵ ਸਰਦੀਆਂ ਦਾ ਅਜੂਬਾ ਦੇਸ਼ ਬਣ ਗਿਆ ਕਿਉਂਕਿ ਵਿੰਟਰ ਸਟੋਰਮ ਐਨਜ਼ੋ ਸ਼ਹਿਰ ਵਿੱਚ ਬੇਮਿਸਾਲ ਬਰਫ਼ ਲੈ ਕੇ ਆਇਆ, ਪਰ ਉਥੋਂ ਦੇ ਲੋਕਾਂ ਅਤੇ ਸੈਰ ਸਪਾਟਾ ਕਰਨ ਗਏ ਲੋਕਾਂ ਲਈ ਇਹ ਸਭ ਕੁਝ ਬਹੁਤ ਮਜ਼ੇਦਾਰ ਅਤੇ ਯਾਦਗਾਰੀ ਸੀ। (ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ)

# ਬੰਦੀ ਸਿੰਘਾਂ ਦਾ ਦਰਦੀ ਕੈਲੀਫੋਰਨੀਆਂ ਦੇ ਮੌਜੂਦਾ ਦੌਰ ਦਾ ਗਦਰੀ ਬਾਬਾ ਬਾਪੂ ਸੂਰਤ ਸਿੰਘ ਜੀ ਖਾਲਸਾ ਦਾ ਅੰਤਿਮ ਸਸਕਾਰ ਤੇ ਭੋਗ 26 ਜਨਵਰੀ ਨੂੰ

ਬੰਦੀ ਸਿੰਘਾਂ ਦੇ ਦਰਦੀ ਬਾਬੂ ਸੂਰਤ ਸਿੰਘ ਜੀ ਖਾਲਸਾ ਦਾ ਅੰਤਿਮ ਸਸਕਾਰ ਐਤਵਾਰ 26 ਜਨਵਰੀ 2025 ਨੂੰ ਦੁਪਹਿਰ 11 ਤੋਂ 2 ਵਜੇ ਤੱਕ Chapels of Chimes 32992 Mission Blvd, Hayward ਵਿਖੇ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਭੋਗ ਅਤੇ ਅਰਦਾਸ 3 ਤੋਂ 5 ਵਜੇ ਗੁਰਦੁਆਰਾ ਸਾਹਿਬ 300 ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ।

ਬਾਪੂ ਸੂਰਤ ਸਿੰਘ ਜ਼ਿਲ੍ਹਾ ਲੁਧਿਆਣਾ ਦੇ ਹਸਨਪੁਰ ਪਿੰਡ ਦੇ ਰਹਿਣ ਵਾਲੇ ਸਨ। ਬਾਪੂ ਸੂਰਤ ਸਿੰਘ ਖਾਲਸਾ ਜੀ ਲਗਭਗ 9 ਸਾਲਾਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਰਹੇ ਸਨ। ਸਮੇਂ ਦੀਆਂ ਰਾਜ ਅਤੇ ਕੇਂਦਰ ਸਰਕਾਰਾਂ ਨੇ ਬਾਪੂ ਸੂਰਤ ਸਿੰਘ ਖਾਲਸਾ ਦੁਆਰਾ ਉਠਾਏ ਗਏ ਮੁੱਦਿਆਂ ਵੱਲ ਕੋਈ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਦੇ ਪੰਜ ਧੀਆਂ ਅਤੇ ਇੱਕ ਪੁੱਤਰ, ਸਾਰੇ ਅਮਰੀਕੀ ਨਾਗਰਿਕ ਹਨ। ਖਾਲਸਾ ਖੁਦ ਇੱਕ ਅਮਰੀਕੀ ਨਾਗਰਿਕ ਸਨ। ਉਹ 1988 ਵਿੱਚ ਆਪਣੇ ਬੱਚਿਆਂ ਨਾਲ ਰਹਿਣ ਲਈ ਅਮਰੀਕਾ ਗਏ ਸੀ। ਬਾਪੂ ਸੂਰਤ ਸਿੰਘ ਖਾਲਸਾ 1970 ਦੇ ਦਹਾਕੇ ਦੇ ਸ਼ੁਰੂ ਤੋਂ ਹੀ ਮਨੁੱਖੀ ਅਧਿਕਾਰਾਂ ਦੀ ਸਰਗਰਮੀ ਨਾਲ ਪੈਰਵੀ ਕਰਦੇ ਆ ਰਹੇ ਸਨ। 1972 ਵਿੱਚ ਖਾਲਸਾਈ ਸੰਘਰਸ਼ ਦੀ ਸ਼ੁਰੂਆਤ ਕਰਨ ਤੋਂ ਬਾਅਦ, ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਕੀਤੀ ਹੈ ਅਤੇ ਭਾਰਤ ਵਿੱਚ ਰਹਿਣ ਵਾਲੇ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਵਿਰੁੱਧ ਆਵਾਜ਼ ਉਠਾਈ ਹੈ।



1980 ਦੇ ਦਹਾਕੇ ਵਿੱਚ ਸਿੱਖਾਂ ਦੁਆਰਾ ਬਰਾਬਰੀ ਦੇ ਅਧਿਕਾਰਾਂ ਲਈ ਸ਼ੁਰੂ ਕੀਤੇ ਗਏ ਇੱਕ ਰਾਜਨੀਤਿਕ ਅੰਦੋਲਨ, ਧਰਮ ਯੁੱਧ ਮੋਰਚੇ ਦੌਰਾਨ ਉਹਨਾਂ ਨੇ ਇੱਕ ਸਲਾਹਕਾਰ ਵਜੋਂ ਸੇਵਾ ਨਿਭਾਈ। ਜੂਨ 1984 ਵਿੱਚ ਆਪ੍ਰੇਸ਼ਨ ਬਲੂਸਟਾਰ ਤੋਂ ਬਾਅਦ 5 ਜੂਨ 1984 ਨੂੰ ਉਹਨਾਂ ਨੇ ਸਰਕਾਰੀ ਅਧਿਆਪਕ ਵਜੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਮਨੁੱਖੀ ਅਧਿਕਾਰਾਂ ਲਈ ਆਪਣੀ ਵਕਾਲਤ ਜਾਰੀ ਰੱਖਦੇ ਹੋਏ, ਉਦੋਂ ਤੋਂ ਬਾਪੂ ਸੂਰਤ ਸਿੰਘ ਖਾਲਸਾ ਨੇ ਆਪਣਾ ਜੀਵਨ ਉਨ੍ਹਾਂ ਲੋਕਾਂ ਲਈ ਖੜ੍ਹੇ ਹੋਣ ਲਈ ਸਮਰਪਿਤ ਕਰ ਦਿੱਤਾ ਹੈ, ਜਿਨ੍ਹਾਂ ਨੂੰ ਬਹੁਤ ਸਾਰੇ ਸਿੱਖ ਮੰਨਦੇ ਹਨ ਕਿ ਅਧਿਕਾਰੀਆਂ ਦੇ ਹੱਥੋਂ ਉਹਨਾਂ ਦੁੱਖ ਝੱਲੇ ਹਨ ਪੰਜਾਬ ਦੇ ਪਿੰਡਾਂ ਵਿੱਚੋਂ ਨੌਜਵਾਨ ਸਿੱਖ ਮਰਦਾਂ ਦੀ ਇੱਕ ਪੂਰੀ ਪੀੜ੍ਹੀ ਲਾਪਤਾ ਹੋ ਗਈ ਹੈ। ਦੂਸਰੇ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਬੋਲਣ ਲਈ ਪੁਲਿਸ ਦੁਆਰਾ ਤਸੀਹੇ ਦਿੱਤੇ ਗਏ, ਕੁੱਟਿਆ ਗਿਆ ਅਤੇ ਬੇਰਹਿਮੀ ਨਾਲ ਪੇਸ਼ ਆਇਆ ਗਿਆ। ਕੁਝ ਕਥਿਤ ਤੌਰ 'ਤੇ ਝੂਠੇ ਦੋਸ਼ਾਂ 'ਤੇ ਜੇਲ੍ਹ ਵਿੱਚ ਰੱਖਿਆ ਗਿਆ, ਕੁਝ ਸਮਾਂ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਵੀ ਰੱਖਿਆ ਗਿਆ ਹੈ - ਇਹ ਸਭ ਰਾਸ਼ਟਰੀ ਸੁਰੱਖਿਆ ਦੇ ਨਾਮ 'ਤੇ ਕੀਤਾ ਜਾਂਦਾ ਰਿਹਾ ਸੀ। ਪਰ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ ਸਨ। ਨਵੰਬਰ 2013 ਦੇ ਅੰਬ ਸਾਹਿਬ ਮੋਰਚੇ ਅਤੇ ਨਵੰਬਰ 2014 ਵਿੱਚ ਲਖਨੌਰ ਸਾਹਿਬ ਮੁਹਿੰਮ ਤੋਂ ਬਾਅਦ, ਬਾਪੂ ਸੂਰਤ ਸਿੰਘ ਖਾਲਸਾ ਨੇ ਗੈਰ-ਸੰਵਿਧਾਨਕ ਤੌਰ 'ਤੇ ਨਜ਼ਰਬੰਦ ਕੀਤੇ ਗਏ। ਉਹਨਾਂ ਲੋਕਾਂ ਲਈ ਖੜ੍ਹੇ ਹੋਣ ਦਾ ਫੈਸਲਾ ਕੀਤਾ ਤੇ ਉਹ ਰਾਜਨੀਤਿਕ ਤੌਰ 'ਤੇ ਸਰਗਰਮ ਰਹੇ ਅਤੇ 1980 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਚੰਡੀਗੜ੍ਹ, ਨਾਭਾ, ਪਟਿਆਲਾ ਅਤੇ ਅੰਮ੍ਰਿਤਸਰ ਦੇ ਨਾਲ-ਨਾਲ ਹਰਿਆਣਾ ਵਿੱਚ ਕੁਰੂਕਸ਼ੇਤਰ, ਰੋਹਤਕ ਅਤੇ ਅੰਬਾਲਾ ਸਮੇਤ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਵੀ ਰਹੇ।

ਜਨਵਰੀ 2015 ਵਿੱਚ, ਬਾਪੂ ਸੂਰਤ ਸਿੰਘ ਖਾਲਸਾ ਨੇ ਭੁੱਖ ਹੜਤਾਲ ਸ਼ੁਰੂ ਕੀਤੀ। ਉਨ੍ਹਾਂ ਸਿੱਖ ਰਾਜਨੀਤਿਕ ਕੈਦੀਆਂ ਦੀ ਰਿਹਾਈ ਦੀ ਮੰਗ ਲਈ ਜੋ ਆਪਣੀਆਂ ਅਦਾਲਤੀ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਦੀ ਰਿਹਾਈ ਦੀ ਮੰਗ ਲਈ ਅਣਮਿੱਥੀ ਭੁੱਖ ਹੜਤਾਲ ਦੀ ਸ਼ੁਰੂਆਤ ਕੀਤੀ।

ਫਰਵਰੀ 2015 ਵਿੱਚ, ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਖੁੱਲ੍ਹਾ ਪੱਤਰ ਲਿਖਿਆ ਜਿਸ ਵਿੱਚ ਉਨ੍ਹਾਂ ਨੇ ਆਪਣੀ ਭੁੱਖ ਹੜਤਾਲ ਦੇ ਉਦੇਸ਼ ਬਾਰੇ ਦੱਸਿਆ। ਆਪਣੇ ਪੱਤਰ ਵਿੱਚ, ਸੂਰਤ ਸਿੰਘ ਖਾਲਸਾ ਨੇ ਆਪਣੀਆਂ ਮੰਗਾਂ ਨੂੰ ਦੋ ਬਿੰਦੂਆਂ ਵਿੱਚ ਸੰਖੇਪ ਕੀਤਾ-ਸਾਰੇ ਸਿੱਖ ਕੈਦੀਆਂ-ਮੁਕੱਦਮੇ ਅਧੀਨ ਅਤੇ ਸਿੱਖ ਸੰਘਰਸ਼ ਨਾਲ ਸਬੰਧਤ ਮਾਮਲਿਆਂ ਵਿੱਚ ਸਜ਼ਾ ਭੁਗਤ ਰਹੇ ਲੋਕਾਂ ਨੂੰ ਰਾਜਨੀਤਿਕ ਕੈਦੀਆਂ ਵਾਂਗ ਸਮਝੋ ਅਤੇ ਉਨ੍ਹਾਂ ਸਾਰੇ ਕੈਦੀਆਂ ਨੂੰ ਰਿਹਾਅ ਕਰੋ, ਜਿਨ੍ਹਾਂ ਨੇ ਆਪਣੀ ਜੇਲ੍ਹ ਦੀ ਸਜ਼ਾ ਪੂਰੀ ਕਰ ਲਈ ਹੈ ਅਤੇ ਜਾਇਜ਼ ਤੌਰ 'ਤੇ ਰਿਹਾਅ ਹੋਣ ਵਾਲੇ ਹਨ, ਬਿਲਕੁਲ ਉਸੇ ਤਰ੍ਹਾਂ ਰਿਹਾਅ ਕਰੋ, ਜਿਵੇਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਰ ਕੈਦੀਆਂ ਨੂੰ ਰਿਹਾਅ ਕੀਤਾ ਜਾਂਦਾ ਹੈ। ਬਾਪੂ ਸੂਰਤ ਸਿੰਘ ਖਾਲਸਾ ਦੇ ਅਕਾਲ ਚਲਾਣਾ 'ਤੇ ਵੱਖ ਵੱਖ ਸ਼ਖ਼ਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਉਹਨਾਂ ਦਾ ਅੰਤਿਮ ਸੰਸਕਾਰ ਐਤਵਾਰ 26 ਜਨਵਰੀ 2025 ਨੂੰ ਦੁਪਹਿਰ 11 ਤੋਂ 2 ਵਜੇ ਤੱਕ Chapels of Chimes 32992 Mission Blvd, Hayward ਵਿਖੇ ਹੋਵੇਗੀ। ਉਪਰੰਤ ਸੁਖਮਨੀ ਸਾਹਿਬ ਦੇ ਭੋਗ ਅਤੇ ਅਰਦਾਸ 3 ਤੋਂ 5 ਵਜੇ ਗੁਰਦੁਆਰਾ ਸਾਹਿਬ 300 ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ।

# ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਹਰਿਮੰਦਰ ਸਾਹਿਬ ਵਿਖੇ ਕੀਤੀ ਅਰਦਾਸ








ਅੰਮ੍ਰਿਤਸਰ : 'ਵਾਰਿਸ ਪੰਜਾਬ ਦੇ' ਮੁਖੀ ਅਤੇ ਆਜ਼ਾਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅੰਮ੍ਰਿਤਸਰ ਵਿੱਚ ਨਵੀਂ ਸ਼ੁਰੂ ਕੀਤੀ ਖੇਤਰੀ ਪਾਰਟੀ 'ਅਕਾਲੀ ਦਲ ਵਾਰਿਸ ਪੰਜਾਬ ਦੀ' ਦੀ ਤੰਦਰੁਸਤੀ ਲਈ ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ। 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਮੁਖੀ ਭਾਈ ਤਰਸੇਮ ਸਿੰਘ ਨੇ ਪਾਰਟੀ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ। ਭਾਈ ਤਰਸੇਮ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਭਗੌੜਾ ਕਰਾਰ ਦਿੰਦਿਆਂ ਕਿਹਾ ਹੈ ਕਿ ਉਹ ਕਿਸੇ ਵੀ ਸੂਰਤ 'ਚ ਅਕਾਲੀ ਨਹੀਂ, ਭਗੌੜਾ ਹੈ ਜੋ ਕਿ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ ਨੂੰ ਜਾਰੀ ਹੋਏ ਹੁਕਮਾਂ ਦੀ ਘੋਰ ਉਲੰਘਣਾ ਕਰ ਰਿਹਾ ਹੈ।

# ਅਮਰੀਕਾ ਨੇ ਬੰਗਲੂਰੂ 'ਚ ਖੋਲ੍ਹਿਆ ਕੌਂਸਲਖਾਨਾ

## ਛੇਤੀ ਹੀ ਲਾਸ ਏਂਜਲਸ ਵਿੱਚ ਖੁੱਲ੍ਹੇਗਾ ਭਾਰਤੀ ਕੌਂਸਲਖਾਨਾ: ਜੈਸ਼ੰਕਰ




ਬੰਗਲੂਰੂ : ਅਮਰੀਕਾ ਵੱਲੋਂ ਬੰਗਲੂਰੂ ਵਿੱਚ ਨਵਾਂ ਕੌਂਸਲਖ਼ਾਨਾ ਖੋਲ੍ਹਿਆ ਗਿਆ ਹੈ। ਭਾਰਤ ਵਿੱਚ ਪੰਜਵੇਂ ਅਮਰੀਕੀ ਕੌਂਸਲਖਾਨੇ ਦੇ ਖੋਲ੍ਹਣ ਸਬੰਧੀ ਅੱਜ ਕਰਵਾਏ ਸਮਾਰੋਹ 'ਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਨੇ ਅਮਰੀਕਾ ਨੂੰ ਬੰਗਲੂਰੂ ਵਿੱਚ ਅਮਰੀਕੀ ਕੌਂਸਲਖਾਨਾ ਸਥਾਪਤ ਕਰਨ ਦੀ ਅਪੀਲ ਕੀਤੀ ਸੀ ਅਤੇ ਲਾਸ ਏਂਜਲਸ ਵਿੱਚ ਭਾਰਤੀ ਕੌਂਸਲਖਾਨਾ ਖੋਲ੍ਹਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਛੇਤੀ ਹੀ ਲਾਸ ਏਂਜਲਸ ਵਿੱਚ ਭਾਰਤੀ ਕੌਂਸਲਖਾਨਾ ਖੋਲ੍ਹਿਆ ਜਾਵੇਗਾ। ਅਮਰੀਕੀ ਕੌਂਸਲਖਾਨਾ ਛੇਤੀ ਹੀ ਬੰਗਲੂਰੂ ਵਿੱਚ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਜੈਸ਼ੰਕਰ ਨੇ ਕਿਹਾ, "ਇਸ ਦਾ ਲੰਮੇ ਸਮੇਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਜਨਾਲਾ ਵੱਲੋਂ ਜਥੇਦਾਰ ਸਾਹਿਬਾਨ ਵਿਰੁੱਧ ਬਿਆਨਬਾਜ਼ੀ ਦੀ ਕੀਤੀ ਨਿਖੇਧੀ

## *ਹਰਿਆਣਾ ਕਮੇਟੀ ਦੇ ਨਤੀਜਿਆਂ ਨੇ ਸਰਕਾਰੀ ਹੱਥਠੋਕਿਆਂ ਨੂੰ ਦਖਾਇਆ ਸ਼ੀਸ਼ਾ : ਧਾਮੀ*

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਅਮਰੀਕ ਸਿੰਘ ਅਜਨਾਲਾ ਵੱਲੋਂ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੇ ਪੁਤਲੇ ਸਾੜਨ ਅਤੇ ਉਨ੍ਹਾਂ ਵਿਰੁੱਧ ਬਿਆਨਬਾਜ਼ੀ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਤਖ਼ਤਾਂ ਦੇ ਜਥੇਦਾਰਾਂ ਦਾ ਸਿੱਖ ਕੌਮ ਅੰਦਰ ਵੱਡਾ ਸਤਿਕਾਰ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਉਨ੍ਹਾਂ ਪ੍ਰਤੀ ਗਲਤ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਜ਼ਰੂਰ ਸੋਚਣਾ ਚਾਹੀਦਾ ਹੈ। ਇਹ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਕੌਮ ਦੇ ਸਰਵਉੱਚ ਅਸਥਾਨ ਅਤੇ ਕੌਮ ਦੀਆਂ ਸਨਮਾਨਿਤ ਸ਼ਖ਼ਸੀਅਤਾਂ ਦਾ ਕੋਈ ਨਿਰਾਦਰ ਕਰੇ।



ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਆਮ ਚੋਣਾਂ ਦੇ ਆਏ ਨਤੀਜਿਆਂ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਇਹ ਨਤੀਜੇ ਸਰਕਾਰਾਂ ਦੇ ਹੱਥਾਂ ਵਿਚ ਖੇਡ ਰਹੇ ਲੋਕਾਂ ਨੂੰ ਸੰਗਤ ਵੱਲੋਂ ਦਿਖਾਇਆ ਗਿਆ ਸ਼ੀਸ਼ਾ ਹੈ। ਉਨ੍ਹਾਂ ਆਖਿਆ ਕਿ ਸ. ਬਲਜੀਤ ਸਿੰਘ ਦਾਦੂਵਾਲ ਸਮੇਤ ਸਰਕਾਰੀ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰਾਂ ਨੂੰ ਸੰਗਤ ਵੱਲੋਂ ਨਕਾਰਿਆ ਜਾਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਦੇ ਸਿੱਖ ਕਦੇ ਵੀ ਗੁਰਧਾਮਾਂ ਦੇ ਪ੍ਰਬੰਧ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਭਾਵੇਂ ਸ਼੍ਰੋਮਣੀ ਕਮੇਟੀ ਵੱਖਰੀ ਹਰਿਆਣਾ ਕਮੇਟੀ ਦੇ ਹੱਕ ਵਿਚ ਨਹੀਂ ਹੈ, ਪਰੰਤੂ ਫਿਰ ਵੀ ਸੰਗਤ ਨੇ ਜਿਨ੍ਹਾਂ ਨੂੰ ਮੈਂਬਰ ਚੁਣਿਆ ਉਨ੍ਹਾਂ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਸਿੱਖ ਸਿਧਾਂਤਾਂ, ਪੰਥਕ ਮਾਨਤਾਵਾਂ ਅਤੇ ਗੁਰਦੁਆਰਾ ਪ੍ਰਬੰਧ ਦੀ ਪੰਥਕ ਭਾਵਨਾਵਾਂ ਅਨੁਸਾਰ ਸੇਵਾ ਸੰਭਾਲ ਲਈ ਦ੍ਰਿੜ੍ਹਤਾ ਨਾਲ ਵਚਨਬੱਧ ਹੋਣ।

"ਹਿੰਦੂਤਵ-ਦੇ-ਹਿੰਦ ਨਾਲ ਟੱਕਰ ਲੈਣ ਲਈ ਮੈਂ ਐਨਾ ਹੀ ਕਰ ਸਕਿਆ, ਮੇਰਾ ਐਨਾ ਕੁ ਹਿੱਸਾ ਕਬੂਲ ਕਰਿਓ!"



ਬੰਦੀ ਸਿੰਘਾਂ ਦੇ ਦਰਦੀ

# ਬਾਬਾ ਸੂਰਤ ਸਿੰਘ ਜੀ ਖ਼ਾਲਸਾ

7 ਮਾਰਚ, 1933 - 14 ਜਨਵਰੀ, 2025

## ਅੰਤਮ ਸਸਕਾਰ, ਭੋਗ ਅਤੇ ਅਰਦਾਸ

**ਸੁਖਮਨੀ ਸਾਹਿਬ ਪਾਠ ਅਤੇ ਅੰਤਮ ਸਸਕਾਰ**

ਐਤਵਾਰ, 26 ਜਨਵਰੀ 2025
ਦੁਪਹਿਰ 11 ਤੋਂ 2 ਵਜੇ

**Chapels Of Chimes • 32992 Mission Blvd, Hayward**

**ਲੰਗਰ**
2:30 ਵਜੇ

**ਭੋਗ ਅਤੇ ਅੰਤਮ ਅਰਦਾਸ**
3 ਤੋਂ 5 ਵਜੇ

**Gurdwara Sahib • 300 Gurdwara Rd., Fremont**

ਰਵਿੰਦਰਜੀਤ ਸਿੰਘ ਗੋਗੀ: 661.978.0183

# ਪ੍ਰੈਜ਼ੀਡੈਂਟ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆਂ ਤੋਂ ਕੁਝ ਧਿਆਨਯੋਗ ਗੱਲਾਂ

ਸਟਾਕਟਨ/ ਕੈਲੀਫੋਰਨੀਆਂ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਤੋਂ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਅਮਰੀਕਾ ਵਿੱਚ ਪਿਛਲੇ 25 ਸਾਲ ਤੋਂ ਇਮੀਗੇਸ਼ਨ ਸਰਵਿਸ ਨਾਲ ਲੋੜਵੰਦਾਂ ਦੀ ਸੇਵਾ ਕਰ ਰਹੇ ਸ੍ਰ. ਹਰਮਿੰਦਰ ਸਿੰਘ ਸਮਾਣਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਲੋੜਵੰਦਾਂ ਲਈ ਕੁਝ ਧਿਆਨਯੋਗ ਗੱਲਾਂ ਕਹੀਆਂ। ਇਥੇ ਇਹ ਜ਼ਿਕਰਯੋਗ ਹੈ ਸ੍ਰ. ਹਰਮਿੰਦਰ ਸਿੰਘ ਸਮਾਣਾ ਮਨਟੀਕਾ ਪੰਜਾਬੀ ਇਮੀਗ੍ਰੇਸ਼ਨ ਇੰਟਰਨੈਸ਼ਨਲ ਸਰਵਿਸ ਤੋਂ ਪਿਛਲੇ 25 ਸਾਲ ਤੋਂ ਸੇਵਾ ਕਰ ਰਹੇ ਹਨ। ਉਹਨਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਕੱਲ ਤੋਂ ਬਾਅਦ ਜੋ ਕੁਝ ਹੋਣ ਵਾਲਾ ਹੈ ਉਸ ਬਾਰੇ ਕੁਝ ਇਨਫਰਮੇਸ਼ਨ ਸਾਂਝੀ ਕੀਤੀ ਜਿਸ 'ਚ ਉਨ੍ਹਾਂ ਕਿਹਾ ਕਿ ਜਿਹੜੀ ਫੜੋ ਫੜਾਈ ਹੋ ਰਹੀ ਹੈ। ਇਹ ਆਪਰੇਸ਼ਨ ਸ਼ੁਰੂ ਹੋ ਰਿਹਾ ਹੈ ਚਾਈਨਾ ਦੇ ਖਿਲਾਫ, ਕਿਉਂਕਿ ਸਭ ਤੋਂ ਵੱਧ ਬੰਦੇ ਚਾਈਨਾ ਦੇ ਫੜੇ ਹਨ। ਇਮੀਗ੍ਰੇਸ਼ਨ ਨੇ ਆਪਣੀ ਸਾਈਟ 'ਤੇ ਆਪਦੇ ਆਰਟੀਕਲ ਵੀ ਪਾਏ ਹੋਏ ਹਨ ਜਿਨ੍ਹਾਂ ਦੀ ਈ-ਮੇਲ ਇਸ ਫੀਲਡ 'ਚ ਹੋਣ ਕਾਰਨ ਸਾਨੂੰ ਵੀ ਆ ਜਾਂਦੀ ਹੈ।

ਉਸ ਵਿਚ ਕਹਿ ਚੁੱਕੇ ਹਨ ਕਿ ਅਸੀਂ ਕਈ ਜਹਾਜ਼ ਭਰ ਕੇ ਭੇਜ ਦਿੱਤੇ ਹਨ। ਚਾਈਨਾ ਦੀਆਂ ਘੱਟੋ ਘੱਟ 100 ਤੋਂ ਵੱਧ ਕੰਪਨੀਆਂ ਦੇ ਨਾਂ ਜਾਰੀ ਕੀਤੇ ਹਨ ਕਿ ਇਹ ਗੈਰਕਨੂੰਨੀ ਬੰਦਿਆਂ ਤੋਂ ਫੋਰਸਫੁਲੀ ਲੇਬਰ ਕਰਾਉਣਾ ਸੀ। ਅਸੀਂ ਇਹ ਬੰਦ ਕਰਾਉਣੀ ਹੈ। ਕਿਉਂਕਿ ਚਾਈਨਾ ਨਾਲ ਇਹਨਾਂ ਦਾ ਕਾਫੀ ਪੇਚਾ ਫਸਿਆ ਹੋਇਆ ਹੈ ਚਾਈਨਾ ਦਾ ਮੇਨ ਪੰਗਾ। ਟਰੰਪ ਦੀ ਪਾਲਿਸੀ ਕੀ ਹੈ। ਪਹਿਲੀ ਪਾਲਿਸੀ ਉਸ ਦੀ ਇਹ ਹੈ ਕਿ ਜਿਹੜੇ ਬੱਚੇ ਚਾਹੇ ਉਹ ਲੀਗਲ ਹਨ ਜਾਂ ਅਣਲੀਗਲ, ਇਥੇ ਜੋ ਬੇਬੀ ਪੈਦਾ ਹੁੰਦਾ ਉਹ ਸਿਟੀਜਨ ਬਣ ਜਾਂਦਾ ਹੈ ਉਸ ਦੀ ਪਾਲਿਸੀ ਹੈ ਉਹ ਬੱਚੇ ਸਿਟੀਜਨ ਨਹੀਂ ਬਣ ਸਕਦੇ। ਉਨ੍ਹਾਂ ਕਿਹਾ ਕਿ ਉਸ ਦੇ ਖਿਲਾਫ਼ ਆਪਣੀ ਇੱਕ ਐਸੋਸੀਏਸ਼ਨ ਹੈ ਉਸ ਦੇ 8 ਲੱਖ ਮੈਂਬਰ ਹਨ। ਉਹਦਾ ਨਾਂ ਹੈ ਏਐਸਏਪੀ ਸਾਇਲਮ ਸੀਕਰ ਐਡਵੋਕੇਸੀ ਪ੍ਰੋਜੈਕਟ (no profit organisation) ਇਨ੍ਹਾਂ ਸਾਰੇ ਮੈਂਬਰਾਂ ਦੇ ਸਾਈਨ ਕਰਵਾਏ ਹਨ। ਉਨ੍ਹਾਂ ਕਿਹਾ ਕਿ ਜੇਕਰ ਟਰੰਪ ਕੋਈ ਐਸੀ ਗੱਲ ਕਰੂਗਾ ਤਾਂ ਉਸਦੇ ਖਿਲਾਫ਼ ਅਦਾਲਤ ਅਤੇ ਕਈ ਜਥੇਬੰਦੀਆਂ ਬੈਠੀਆਂ ਹਨ। ਇਸ ਫੜੋ ਫੜਾਈ ਵਿਚ ਕਿਸਦਾ ਨੁਕਸਾਨ ਹੋਣਾ ਅਤੇ ਕਿਸਦਾ ਨਹੀਂ ਹੋਣਾ। ਜਿਹੜੇ ਬੰਦੇ ਅਮਰੀਕਾ 'ਚ ਆ ਚੁੱਕੇ ਹਨ ਚਾਹੇ ਉਹ ਬਾਰਡਰ ਟੱਪ ਕੇ ਆਏ ਹਨ ਚਾਹੇ ਵੀਜ਼ੇ 'ਤੇ ਆਏ ਹਨ ਜੇ ਉਨ੍ਹਾਂ ਨੇ ਆਪਣਾ ਕੋਈ ਕੇਸ ਲਾਇਆ ਹੋਇਆ, ਕਿਸੇ ਨੇ ਮੈਰਿਜ ਦਾ ਲਾਇਆ ਹੋਇਆ ਹੈ ਜਾਂ ਕਿਸੇ ਨੇ ਐਪਲੀਕੇਸ਼ਨ ਲਾਈ ਹੋਈ ਹੈ ਉਨ੍ਹਾਂ ਨੂੰ ਕੋਈ ਖਤਰਾ ਨਹੀਂ ਹੈ ਪਰ ਉਹ ਕ੍ਰਾਈਮ ਨਾ ਕਰਨ ਜਿਹੜੇ ਬੰਦਿਆਂ ਕੋਲ ਵਰਕ ਪਰਮਿਟ ਤੇ ਡਰਾਈਵਿੰਗ ਲਾਇਸੰਸ ਹੈ ਉਹ ਹਰ ਵਕਤ ਆਪਣੀ ਜੇਬ 'ਚ ਰੱਖਣ ਕਿਉਂਕਿ ਇਹ ਆਰਡਰ ਨੇ ਕਿ ਅੱਗੇ ਪੁਲਿਸ ਨੂੰ ਅਧਿਕਾਰ ਨਹੀਂ ਸੀ ਹੁੰਦਾ ਹੁਣ ਪੁਲਿਸ ਕੋਲੇ ਅਧਿਕਾਰ ਹੈ ਜਿਹੜੀ ਆਪਣੀ ਲੋਕਲ ਪੁਲਿਸ ਹੈ ਇਹ ਤੁਹਾਨੂੰ ਨਾਕਾ ਲਾ ਕੇ ਚਲਦਿਆਂ ਨੂੰ ਰੋਕ ਕੇ ਤੁਹਾਡਾ ਸਟੇਟਸ ਪੁੱਛ ਸਕਦੀ ਹੈ। ਪੁਛਣ ਉਪਰ ਪੇਪਰ ਦਿਖਾਉ ਕੋਈ ਡਰਨ ਦੀ ਕੋਈ ਲੋੜ ਨਹੀਂ। ਉਨ੍ਹਾਂ ਕਿਹਾ ਕਿ ਜਿਹੜੇ ਬੰਦੇ ਬਾਰਡਰ ਤੋਂ ਆਏ ਉਨ੍ਹਾਂ ਕੋਲ ਵਰਕ ਪਰਮਿੰਟ ਨਹੀਂ ਹੈ ਉਨ੍ਹਾਂ ਕਿਹਾ ਕਿ ਸੋਸ਼ਲ ਸਕਿਉਰਟੀ ਨਹੀਂ ਹੈ ਜਾਂ ਡਰਾਈਵਿੰਗ ਲਾਇਸੈਂਸ ਨਹੀਂ ਹੈ ਉਹ ਕਿਸੇ ਸਟੋਰ ਤੇ ਕੰਮ ਕਰਦੇ ਹਨ ਉੱਥੇ ਰੇਡ ਪੈਂਦੀ ਹੈ ਉਹ ਪੇਪਰ ਮੰਗਦੇ ਹਨ ਉਨ੍ਹਾਂ ਵੀਰਾਂ ਨੂੰ ਜਿਹੜੇ ਬਾਰਡਰ ਤੋਂ ਪੇਪਰ ਮਿਲੇ ਹਨ ਐਲੀਅਨ ਨੰਬਰ ਮਿਲਿਆ ਉਹਨਾਂ ਨੂੰ ਦਿਖਾਓ ਤੇ ਉਹਨਾਂ ਨੂੰ ਕਹੋ ਅਸੀਂ ਅਣਲੀਗਲ ਨਹੀਂ ਹਾਂ ਅਸੀਂ ਲੀਗਲ ਹਾਂ। ਉਨ੍ਹਾਂ ਕਿਹਾ ਕਿ ਡਿਫੈਂਸ 'ਚ 18 ਹਜਾਰ ਬੰਦਿਆਂ ਦੀ ਲਿਸਟ ਹੈ। ਇਹਨਾਂ ਦੇ ਇਮੀਗ੍ਰੇਸ਼ਨ ਕੋਲੇ ਜਿਹੜੇ ਬੰਦਿਆਂ ਨੇ ਅਮਰੀਕਾ 'ਚ ਅਪਰਾਧ ਕ੍ਰਾਈਮ ਕੀਤਾ ਜਾਂ ਜਿਹੜੇ ਬੰਦੇ ਆਪਦੇ ਮੁਲਕ 'ਚ ਕਰਾਈਮ ਕਰਕੇ ਆਏ ਹਨ ਕਿਉਂਕਿ ਕਈ ਦੇਸ਼ਾਂ ਦੇ ਲੋਕ ਜਿਹੜੇ ਡਰੱਗ ਡੀਲਰ ਹਨ ਜਾਂ ਜਿਨ੍ਹਾਂ ਨੇ ਕਈ ਬੰਦੇ ਮਾਰੇ ਸੀ ਉਹ ਜੇਲਾਂ ਦੇ ਵਿੱਚ ਸੀ ਉਥੋਂ ਦੀਆਂ ਸਰਕਾਰਾਂ ਨੇ ਉਹ ਜੇਲਾਂ 'ਚੋਂ ਕੱਢ ਕੇ ਇਧਰ ਪਾ ਤੇ ਉਹ ਇੱਥੇ ਆ ਕੇ ਵੀ ਨਹੀਂ ਹਟੇ ਉਨ੍ਹਾਂ ਨੇ ਉਨ੍ਹਾਂ ਨੂੰ ਫੜਨਾ ਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਜਿਹੜੇ ਬੰਦੇ 50-50 ਲੱਖ 70-70 ਲੱਖ ਲਾ ਕੇ ਅਮਰੀਕਾ ਆਉਂਦੇ ਹਨ ਉਹਨਾਂ ਨੂੰ ਬੇਨਤੀ ਹੈ ਕਿ ਜਿਹੜੇ ਵੀਰਾਂ 'ਤੇ ਪੰਜਾਬ 'ਚ ਕੇਸ ਹਨ ਜਿਨ੍ਹਾਂ ਤੇ ਕੋਈ ਵੀ ਕੇਸ ਦਰਜ ਹਨ ਉਨ੍ਹਾਂ ਦੀ ਹਿੰਦੁਸਤਾਨ ਦੀ ਸਰਕਾਰ ਨੇ ਲਿਸਟ ਭੇਜੀ ਹੈ ਕਿ ਆਹ ਬੰਦੇ ਦੇਖੋ ਸਾਡੇ ਇਥੇ ਅਪਰਾਧ ਕਰਕੇ ਆਏ ਹਨ ਇਨ੍ਹਾਂ ਨੂੰ ਡਿਪੋਰਟ ਕਰੋ ਤਾਂ ਉਹਦੀ ਡਿਫੈਂਸ ਵਿਚ ਆਪਣੇ ਪੈਨ ਤੇ ਪੇਪਰ ਨਾਲ ਕਾਪੀ ਤੇ ਸਾਰੀਆਂ ਗੱਲਾਂ ਨੋਟ ਕਰ ਲਓ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਸਰਕਾਰ ਵਲੋਂ ਚੁਣਿਆ ਹੋਇਆ ਮੈਂਬਰ ਪਾਰਲੀਮੈਂਟ 4 ਲੱਖ ਵੋਟਾਂ ਨਾਲ ਜਿੱਤਿਆ ਭਾਈ ਅੰਮ੍ਰਿਤਪਾਲ ਸਿੰਘ ਜਿਸ ਨੂੰ ਐਨਐਸਏ ਲਾ ਕੇ ਜੇਲ੍ਹ ਵਿਚ ਡੱਕਿਆ ਹੋਇਆ ਹੈ ਉਸ ਨੇ ਕੋਈ ਕਤਲ ਨਹੀਂ ਕੀਤਾ ਉਹ ਸਿੱਖੀ ਦਾ ਪ੍ਰਚਾਰਕ ਸੀ, ਨਸ਼ਿਆਂ ਦੇ ਖਿਲਾਫ਼ ਪ੍ਰਚਾਰ ਕਰਦਾ ਸੀ।

ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਭਾਈ ਨਿੱਝਰ ਨੇ ਸ਼ਹਾਦਤ ਦਿੱਤੀ, ਪਾਕਿਸਤਾਨ 'ਚ ਭਾਈ ਪਰਮਜੀਤ ਸਿੰਘ ਪੰਜਵੜ ਦੀ ਹੱਤਿਆ ਅਤੇ ਭਾਈ ਖੰਡਾ ਨੇ ਇੰਗਲੈਂਡ ਵਿਚ ਸ਼ਹਾਦਤ ਦਾ ਜਾਮ ਪੀਤਾ। ਅਸੀ ਕੀ ਚੀਜ਼ ਹਾਂ ਸਾਡੇ ਉਪਰ ਸਿੱਖ ਹੋਣ ਕਾਰਨ ਸਭ ਕੇਸ ਝੂਠੇ ਹਨ ਇਹ ਪੇਪਰ ਲਿਖਕੇ ਆਪਣੇ ਕੋਲ ਰੱਖੋ।

(ਦੇਖੋ ਸਫ਼ਾ 31 'ਤੇ)

Punjabi International Services Inc
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
Harminder Singh Samana
ਆਫਿਸ ਮੈਨੇਜਰ
Bonded Immigration Consultant
bond number #10177780
209-481-7750
209-624-3919
ਪੋਲੀਟੀਕਲ ਅਸਾਈਲਮ · ਸਿਟੀਜਨਸ਼ਿਪ · ਗਰੀਨਕਾਰਡ
Family Petition Immigration
Travel document · Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Punjabi International Services Inc

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

- ਪੋਲੀਟੀਕਲ ਅਸਾਈਲਮ
- ਸਿਟੀਜਨਸ਼ਿਪ
- ਗਰੀਨਕਾਰਡ
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

239 West Yosemite Ave Manteca CA 95336





## Harminder Singh Samana

**Bonded Immigration Consultant**

**bond number #10177780**

ਆਫਿਸ ਮੈਨੇਜਰ

209-481-7750 | 209-624-3919

# ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ’ਤੇ

ਨਵੀਂ ਦਿੱਲੀ : ਗਣਤੰਤਰ ਦਿਵਸ ਮੌਕੇ ਹਰ ਸਾਲ ਦੀ ਤਰ੍ਹਾਂ ਹੋਣ ਵਾਲੇ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ’ਤੇ ਹਨ। ਇਨ੍ਹਾਂ ਤਿਆਰੀਆਂ ਦਾ ਵੱਖ ਵੱਖ ਆਗੂਆਂ ਨੇ ਜਾਇਜ਼ਾ ਲਿਆ। ਇਸ ਮੌਕੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੌਮੀ ਮਹੱਤਤਾ ਵਾਲੇ ਇਸ ਸਮਾਗਮ ਦੀਆਂ ਤਿਆਰੀਆਂ ਨੂੰ ਸਮਾਂ ਰਹਿੰਦੇ ਨੇਪਰੇ ਚੜ੍ਹਾਇਆ ਜਾਵੇ ਅਤੇ ਕੋਈ ਅਣਗਹਿਲੀ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਸੁਰੱਖਿਆ ਸਮੇਤ ਝਾਕੀਆਂ, ਸੱਭਿਆਚਾਰਕ ਪ੍ਰੋਗਰਾਮ ਅਤੇ ਪੁਲੀਸ, ਆਈਟੀਬੀਪੀ, ਹੋਮ ਗਾਰਡਜ਼, ਐੱਨਸੀਸੀ, ਰੈੱਡ ਕਰਾਸ, ਸਕਾਊਟ ਗਾਈਡ ਦੀਆਂ ਟੁਕੜੀਆਂ ਵੱਲੋਂ ਕੀਤੀ ਜਾਣ ਵਾਲੀ ਪਰੇਡ ਦੀ ਰਿਹਰਸਲ ਬਾਰੇ ਵੀ ਜਾਣਕਾਰੀ ਹਾਸਲ ਕੀਤੀ।












ਨਵੀਂ ਦਿੱਲੀ ਵਿੱਚ ਰਾਸ਼ਟਰੀ ਰੰਗਸ਼ਾਲਾ ਕੈਂਪ, ਪਰੇਡ ਗਰਾਊਂਡ, ਦਿੱਲੀ ਕੈਂਟ ਵਿਖੇ, ਗਣਤੰਤਰ ਦਿਵਸ ਪਰੇਡ 2025 ਵਿੱਚ ਭਾਗ ਲੈਣ ਵਾਲੀ ਝਾਕੀ ਦੇ ਪ੍ਰੈਸ ਪੂਰਵਦਰਸ਼ਨ ਦੌਰਾਨ ਕਲਾਕਾਰਾਂ ਨੇ ਪ੍ਰਦਰਸ਼ਨ ਕੀਤਾ।



ਨਾਗਪੁਰ ਦੇ ਖਾਦੀ ਗ੍ਰਾਮੋਦਯੋਗ ਭਵਨ ਵਿਖੇ ਬੁੱਧਵਾਰ ਨੂੰ 75ਵੇਂ ਗਣਤੰਤਰ ਦਿਵਸ ਸਮਾਰੋਹ ਲਈ ਟੇਲਰ ਨੇ ਰਾਸ਼ਟਰੀ ਝੰਡਾ ਤਿਆਰ ਕੀਤਾ।

## ਸਵੈ-ਸਹਾਇਤਾ ਸਮੂਹ ਦੀਆਂ ਔਰਤਾਂ ਨੇ ਗਣਤੰਤਰ ਦਿਵਸ ਸਮਾਰੋਹ ਲਈ ਰਾਸ਼ਟਰੀ ਝੰਡੇ ਕੀਤੇ ਤਿਆਰ





ਜੰਮੂ : ਹਿੰਦੂ ਅਤੇ ਮੁਸਲਿਮ ਦੋਵਾਂ ਭਾਈਚਾਰਿਆਂ ਦੀਆਂ ਸਵੈ-ਸਹਾਇਤਾ ਸਮੂਹ ਦੀਆਂ ਔਰਤਾਂ ਨੇ ਮੰਗਲਵਾਰ ਨੂੰ ਜੰਮੂ ਵਿੱਚ 75ਵੇਂ ਗਣਤੰਤਰ ਦਿਵਸ ਦੇ ਜਸ਼ਨਾਂ ਲਈ ਰਾਸ਼ਟਰੀ ਫਾਗ ਤਿਆਰ ਕੀਤਾ।



ਰਾਸ਼ਟਰੀ ਰੰਗਸ਼ਾਲਾ ਕੈਂਪ ਦੇ ਕਲਾਕਾਰ ਨਵੀਂ ਦਿੱਲੀ ਵਿੱਚ ਪਰੇਡ ਗਰਾਊਂਡ, ਦਿੱਲੀ ਕੈਂਟ ਵਿਖੇ ਗਣਤੰਤਰ ਦਿਵਸ ਪਰੇਡ 2025 ਵਿੱਚ ਹਿੱਸਾ ਲੈਣ ਵਾਲੀ ਝਾਂਕੀ ਦੀ ਪ੍ਰੈਸ ਝਲਕ ਦੇ ਦੌਰਾਨ।

## ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨੇ ਔਰਤਾਂ ਦੀ ਜਾਗਰੂਕਤਾ ਲਈ ਰੈਲੀ ਕੱਢੀ







ਮੁੰਬਈ : ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਮਹਿਲਾ ਵਿੰਗ ਨੇ ਐਤਵਾਰ ਨੂੰ ਮੁੰਬਈ ਵਿਚ ਔਰਤਾਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਇਕ ਰੈਲੀ ਵਿਚ ਹਿੱਸਾ ਲਿਆ।

# ਡਾ. ਰੁਬੀਨਾ ਗਿੱਲ ਦੀ ਅਗਵਾਈ ਵਿਚ ਲੋਹੜੀ ਦਾ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ








ਡਬਲਿਨ / ਕੈਲੀਫੋਰਨੀਆਂ : ਡਾ. ਰੁਬੀਨਾ ਗਿੱਲ ਦੀ ਅਗਵਾਈ ਵਿਚ Whispers of Soul ਅਤੇ ਰੇਅ ਖੰਨਾ ਦੀ ਅਗਵਾਈ ਵਿਚ Navrang - The Galaxy of Performing Stars ਨੇ ਸੰਗੀਤ, ਸਭਿਆਚਾਰਕ ਤਿਉਹਾਰਾਂ ਅਤੇ ਭਾਈਚਾਰਕ ਭਾਵਨਾ ਨਾਲ ਭਰੇ ਇਕ ਯਾਦਗਾਰੀ ਲੋਹੜੀ ਦੇ ਜਸ਼ਨ ਦੀ ਮੇਜ਼ਬਾਨੀ ਕੀਤੀ।

ਇਸ ਸਮਾਗਮ ਦੀ ਮੇਜ਼ਬਾਨੀ ਡਾ. ਹਰਮੇਸ਼ ਕੁਮਾਰ ਅਤੇ ਡਾ. ਰੁਬੀਨਾ ਗਿੱਲ ਦੁਆਰਾ ਤਸਾਜਾਰਾ ਰੋਡ 'ਤੇ ਡਾ. ਕੁਮਾਰ ਦੇ ਸੁੰਦਰ ਕੈਂਚ ਵਿਖੇ ਕੀਤੀ ਗਈ, ਜਿਥੇ ਸਭ ਖੁਸ਼ੀ ਅਤੇ ਏਕਤਾ ਦਾ ਜਸ਼ਨ ਮਨਾਉਣ ਲਈ ਇਕੱਠੇ ਹੋਏ ਸਨ। ਇਹ ਸਮਾਗਮ ਦੁਪਹਿਰ 2.30 ਵਜੇ ਰੂਹ ਨੂੰ ਹਿਲਾ ਦੇਣ ਵਾਲੇ Live Karoake ਪ੍ਰਦਰਸ਼ਨਾਂ ਨਾਲ ਸ਼ੁਰੂ ਹੋਇਆ। ਬੇਏਰੀਆ ਦੇ ਪ੍ਰਤਿਭਾਸ਼ਾਲੀ ਗਾਇਕਾਂ ਨੇ ਸਟੇਜ 'ਤੇ ਬੈਠ ਕੇ ਬਾਲੀਵੁੱਡ ਅਤੇ ਪੰਜਾਬੀ ਗੀਤਾਂ ਦਾ ਸੁੰਦਰ ਮਿਸ਼ਰਣ ਪੇਸ਼ ਕੀਤਾ, ਜਿਸ ਨਾਲ ਸ਼ਾਮ ਭਰ ਇਕ ਜੀਵੰਤ ਅਤੇ ਸੁਰੀਲਾ ਮਾਹੌਲ ਬਣਿਆ। ਜੀਵੰਤ ਸੰਗੀਤ ਨੇ ਸੱਚਮੁੱਚ ਲੋਹੜੀ ਦੇ ਤੱਤ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ, ਜੋ ਸਭ ਹਾਜ਼ਰੀਨਾਂ ਲਈ ਇਕ ਆਨੰਦਮਈ ਅਨੁਭਵ ਬਣ ਗਿਆ।

ਮਹਿਮਾਨਾਂ ਨੇ ਰਵਾਇਤੀ ਪੰਜਾਬੀ ਪਹਿਰਾਵੇ ਪਹਿਨ ਕੇ ਤਿਉਹਾਰ ਦੀ ਭਾਵਨਾ ਨੂੰ ਅਪਣਾਇਆ, ਇਕੱਠ ਵਿਚ ਸਭਿਆਚਾਰਕ ਸੁਹਜ ਅਤੇ ਰੰਗ ਜੋੜਿਆ। ਇਕ ਪੋਟਲੱਕ ਡਿਨਰ ਵਿਚ ਸੁਆਦੀ ਘਰੇਲੂ ਬਣੇ ਪੰਜਾਬੀ ਪਕਵਾਨ ਪੇਸ਼ ਕੀਤੇ ਗਏ, ਜਿਸ ਵਿਚ ਹਾਜ਼ਰੀਨ ਨੇ ਆਪਣੇ ਮਨਪਸੰਦ ਪਕਵਾਨ ਸਾਂਝੇ ਕੀਤੇ, ਜਿਸ ਨਾਲ ਭਾਈਚਾਰਕ ਸਾਂਝ ਦੀ ਭਾਵਨਾ ਹੋਰ ਵਧੀ।

ਸ਼ਾਮ ਦਾ ਅੰਤ ਸ਼ਾਨਦਾਰ ਜਸ਼ਨਾਂ ਨਾਲ ਹੋਇਆ, ਜਿਥੇ ਪਰਿਵਾਰ ਅਤੇ ਦੋਸਤ ਲੋਹੜੀ ਦੀ ਭਾਵਨਾ ਦਾ ਜਸ਼ਨ ਮਨਾਉਣ ਲਈ ਇਕੱਠੇ ਹੋਏ, ਜੋ ਖੁਸ਼ਹਾਲੀ, ਸਦਭਾਵਨਾ




ਅਤੇ ਏਕਤਾ ਦਾ ਪ੍ਰਤੀਕ ਹੈ।

ਡਾ. ਸਟਰਲਿੰਗ ਗਿੱਲ ਦੀ ਅਗਵਾਈ ਹੇਠ ਵਿਸਪਰਸ ਆਫ਼ ਮੋਲ ਅਤੇ ਰੇਅ ਖੰਨਾ ਦੀ ਅਗਵਾਈ ਹੇਠ ਨਵਰੰਗ ਦੇ ਸਾਂਝੇ ਉਦਮ ਨਾਲ ਇਹ ਪ੍ਰੋਗਰਾਮ ਇਕ ਸ਼ਾਨਦਾਰ ਸਫ਼ਲਤਾ ਸੀ। ਉਨ੍ਹਾਂ ਦੀਆਂ ਸ਼ੁਭਕਾਮਨਾਵਾਂ ਅਤੇ ਡਾ. ਹਰਮੇਸ਼ ਕੁਮਾਰ ਦੀ ਸਮੁੱਚੀ ਮਹਿਮਾਨ ਨਿਵਾਜ਼ੀ ਨੇ ਪੂਰੇ ਖਾੜੀ ਖੇਤਰ ਲਈ ਸੰਗੀਤ, ਪ੍ਰੰਪਰਾ ਅਤੇ ਤਿਉਹਾਰ ਦੀ ਭਾਵਨਾ ਨਾਲ ਭਰੀ ਇਕ ਯਾਦਗਾਰੀ ਸ਼ਾਮ ਨੂੰ ਯਕੀਨੀ ਬਣਾਇਆ।







*ਜਨਮ ਦਿਹਾੜੇ 'ਤੇ ਵਿਸ਼ੇਸ਼*

# ਬਾਬਾ ਦੀਪ ਸਿੰਘ ਜੀ ਸ਼ਹੀਦ

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ-ਰੱਖਿਆ ਅਤੇ ਸਵੈ ਮਾਣ ਵਾਲਾ ਜੀਵਨ ਜਿਉਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਾਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸਚੈ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕ੍ਰਮਕਾਂਡਾਂ ਵਿਚੋਂ ਕੱਢਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਦ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ 'ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬੀ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪ੍ਰੀਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅੱਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁੱਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9, 1916 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ 'ਤੇ ਜ਼ੁਲਮ ਹੋਰ ਵੀ ਵੱਧ ਗਿਆ। ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖਾਲਸਾ ਰਾਜ ਸਥਾਪਤ ਕਰ ਲਿਆ।

ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਖੰਡੀ, ਬੜਥਾ, ਜਮਾਈ, ਬਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1982 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਦੇ ਸਾਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਉਣੀ ਦੇ ਘਰ ਹੋਇਆ। ਆਪ ਜੀ ਦਾ ਨਹਾਉਂ ਦੀਪਾ ਰੱਖਿਆ ਗਿਆ।

ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ, ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਉਂ ਦੀਪ ਸਿੰਘ ਹੋ ਗਿਆ।



ਉਨ੍ਹਾਂ ਨੇ ਸ਼ਾਸਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। 13 ਤੋਂ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਰਾਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ ਸਨ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਆਪਜੀ ਦਾ ਬੜਾ ਪ੍ਰਭਾਵ ਬਣ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਤਾਂ ਬਾਬਾ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾ ਨੂੰ ਭੇਜੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵਲ ਵਧਣਾ ਸੀ ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ।

ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖ਼ੁਦ ਮੈਦਾਨ ਵਿਚ ਉਤਰ ਆਇਆ। ਸੈਂਕੜੇ ਸਿੰਘਾ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 11, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮਸੇ ਰੰਗੜ ਦਾ ਸਿਰ ਨੇਜ਼ੇ 'ਤੇ ਟੰਗ




ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ। ਅਹਿਮਦ ਸ਼ਾਹ ਅਬਦਾਲੀ ਨੇ 1766-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸਦੇ ਸੈਨਿਕ ਸੋਨਾ ਚਾਂਦੀ ਤੇ ਹੋਰ ਕੀਮਤੀ ਸਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ 'ਤੇ ਤਾਇਨਾਤ ਸੀ। ਸਿੰਘਾ ਨੇ ਅਬਦਾਲੀ ਦੇ ਸਿਪਾਹੀਆਂ 'ਤੇ ਹਮਲਾ ਕਰ ਦਿੱਤਾ। ਸਾਰਾ ਸਮਾਨ ਲੁੱਟ ਲਿਆ ਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਇਆ। ਅਬਦਾਲੀ ਨੇ 1757 ਵਿਚ ਜਹਾਨ ਖਾ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸਨੇ ਰਾਮਰੌਨੀ ਦੇ ਕਿਲ੍ਹੇ ਨੂੰ ਵੀ ਢਾਹ ਦਿੱਤਾ। ਇਸ ਬੇਪੱਤੀ ਦੀ ਖਬਰ ਬਾਬਾ ਜੀ ਨੂੰ ਜਥਾਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਕਿ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵੱਧ ਪਿਆ। ਰਸਤੇ ਵਿਚ ਜਦੋਂ ਤਰਨਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5,000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਮਰ ਮਿਟਣ ਤੇ ਸ਼ਹੀਦ ਹੋਣ ਲਈ ਤਿਆਰ ਹਨ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20,000 ਦੀ ਫੌਜ ਨੈ ਕੇ ਤਰਨਤਾਰਨ ਵਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਸੋਹਲਵਾੜ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫਗਾਨਾ ਵਿਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮਸੀਮਾ 'ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ 'ਤੇ ਆ ਗਏ। ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੋਂ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵੱਧਦੇ ਗਏ। ਬਾਬਾ ਜੀ ਆਪਣਾ 18 ਸ਼ੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਖਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ। ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਕੂਬ ਖਾਂ ਢੇਰੀ ਹੋ ਗਿਆ। ਤਦ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਦੀ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ 'ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ 'ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਖਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ। ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਈ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁੱਧ ਲੜਦੇ ਰਹਿਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਦੀ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿਥੇ ਉਨ੍ਹਾਂ ਨੇ ਆਪਣਾ ਸੀਸ ਭੇਂਟ ਕੀਤਾ ਗੁਰਦੁਆਰਾ ਹੈ। ਦੂਜਾ ਸ਼ਹੀਦਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ-ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ।


# ਗੁਲਮਰਗ ਵਿਚ ਬਰਫ਼ ਨਾਲ ਢਕੇ ਮਕਾਨਾਂ ਦਾ ਦ੍ਰਿਸ਼







ਬਾਰਾਮੂਲਾ : ਗੁਲਮਰਗ ਵਿਚ ਬਰਫ਼ ਨਾਲ ਢੱਕੇ ਘਰਾਂ ਦਾ ਦ੍ਰਿਸ਼ ਕਿਉਂਕਿ ਜੰਮੂ-ਕਸ਼ਮੀਰ ਦੇ ਉਪਰਲੇ ਹਿੱਸੇ ਵਿਚ ਬੁੱਧਵਾਰ ਨੂੰ ਬਾਰਾਮੂਲਾ ਵਿਚ ਬਰਫ਼ਬਾਰੀ ਹੋਈ।




ਹਰਮਿੰਦਰ ਸਿੰਘ ਸੰਧੂ 1980 ਦੇ ਦਹਾਕੇ ਦੌਰਾਨ ਸਿੱਖ ਭਾਈਚਾਰੇ ਦੀ ਇੱਕ ਪ੍ਰਮੁੱਖ ਸ਼ਖਸੀਅਤ ਅਤੇ ਪੰਜਾਬ ਦੇ ਰਾਜਨੀਤਿਕ ਅਤੇ ਸਮਾਜਿਕ ਦ੍ਰਿਸ਼ ਵਿੱਚ ਇੱਕ ਪ੍ਰਭਾਵਸ਼ਾਲੀ ਆਵਾਜ਼ ਸੀ। ਸਿੱਖ ਅਧਿਕਾਰਾਂ ਅਤੇ ਖੁਦਮੁਖਤਿਆਰੀ ਦੀ ਵਕਾਲਤ ਕਰਨ ਵਿੱਚ ਆਪਣੀ ਸਰਗਰਮ ਭੂਮਿਕਾ ਲਈ ਜਾਣੇ ਜਾਂਦੇ, ਸੰਧੂ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਵਜੋਂ ਸੇਵਾ ਨਿਭਾਈ, ਜੋ ਸਿੱਖ ਪਛਾਣ ਅਤੇ ਨਿਆਂ ਦੇ ਉਦੇਸ਼ ਦੀ ਹਮਾਇਤ ਕਰਨ ਵਾਲੀ ਇੱਕ ਪ੍ਰਮੁੱਖ ਸੰਸਥਾ ਹੈ। ਸੰਧੂ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜੀ ਆਪਰੇਸ਼ਨ ਬਲੂ ਸਟਾਰ ਤੋਂ ਪਹਿਲਾਂ ਅਤੇ ਬਾਅਦ ਦੀਆਂ ਘਟਨਾਵਾਂ ਵਿਚ ਡੂੰਘੇ ਤੌਰ ’ਤੇ ਸ਼ਾਮਲ ਸਨ, ਜਿਸ ਦਾ ਪੰਜਾਬ ਦੀ ਸਮਾਜਿਕ-ਰਾਜਨੀਤਿਕ ਗਤੀਸ਼ੀਲਤਾ ’ਤੇ ਡੂੰਘਾ ਪ੍ਰਭਾਵ ਪਿਆ ਸੀ। ਉਨ੍ਹਾਂ ਦੀ ਲੀਡਰਸ਼ਿਪ ਅਤੇ ਸਰਗਰਮੀ ਨੇ ਉਨ੍ਹਾਂ ਨੂੰ ਅਕਸਰ ਵਿਵਾਦਾਂ ਦੇ ਕੇਂਦਰ ਵਿੱਚ ਰੱਖਿਆ, ਕਿਉਂਕਿ ਉਹ ਵਧਦੇ ਤਣਾਅ ਦੇ ਵਿਚਕਾਰ ਸਿੱਖ ਭਾਈਚਾਰੇ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਸਨ। ਸੰਧੂ ਦੀ ਵਿਰਾਸਤ ਉਥਲ-ਪੁਥਲ ਦੇ ਦੌਰ ਦੌਰਾਨ ਪੰਜਾਬ ਦੇ ਇਤਿਹਾਸਕ ਅਤੇ ਸੱਭਿਆਚਾਰਕ ਬਿਰਤਾਂਤ ਨੂੰ ਸਮਝਣ ਵਿੱਚ ਮਹੱਤਵਪੂਰਨ ਹੈ। ਇਹ ਕਿਤਾਬ ਸੰਧੂ ਦੇ ਜੀਵਨ ਤੇ ਉਸ ਦੀ ਸਖਸ਼ੀਅਤ ਦਾ ਇਕ ਬਹੁਪੱਖੀ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ। ਇਸ ਦੇ ਨਾਲ ਹੀ ਇਹ 1984ਵਿਆਂ ਦੇ ਸਿੱਖ ਸੰਘਰਸ਼ ਨੂੰ ਸਮਝਣ ਦਾ ਵੀ ਇੱਕ ਨਿੱਗਰ ਦਸਤਾਵੇਜ਼ ਹੈ।



-ਡਾ. ਪਰਮਿੰਦਰ ਸਿੰਘ ਸ਼ੌਂਕੀ (Phd)

# ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਕਲਾਕਾਰਾਂ ਪੋਰਟਰੇਟ ਬਣਾਏ







ਮੁੰਬਈ : ਕਲਾਕਾਰਾਂ ਨੇ ਮੁੰਬਈ ਵਿਚ ਅਮਰੀਕੀ ਰਾਸ਼ਟਰਪਤੀ ਦੇ ਸਹੁੰ ਚੁੱਕਣ ਤੋਂ ਪਹਿਲਾਂ ਡੋਨਾਲਡ ਟਰੰਪ ਦੇ ਪੋਰਟਰੇਟ ਬਣਾਏ

## ‘ਬੇਟੀ ਬਚਾਓ ਬੇਟੀ ਪੜ੍ਹਾਓ’ ਸਕੀਮ ਦੀ 10ਵੀਂ ਵਰ੍ਹੇਗੰਢ ਮੌਕੇ ਰੱਖਿਆ ਖੇਤਰਾਂ ਦੀਆਂ ਔਰਤਾਂ ਨੇ ਚੁੱਕੀ ਸਹੁੰ



ਨਵੀਂ ਦਿੱਲੀ : ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਖੇ ’ਬੇਟੀ ਬਚਾਓ ਬੇਟੀ ਪੜ੍ਹਾਓ’ ਯੋਜਨਾ ਦੀ 10ਵੀਂ ਵਰ੍ਹੇਗੰਢ ਦੇ ਜਸ਼ਨ ਦੌਰਾਨ ਰੱਖਿਆ ਖੇਤਰਾਂ ਦੀਆਂ ਔਰਤਾਂ ਨੇ ਸਹੁੰ ਚੁੱਕੀ।

ਇਸੇ ਦੌਰਾਨ ਇੱਥੇ ਲਾਡਵਾ ਹਿੰਦੂ ਹਾਈ ਸਕੂਲ ਦੇ ਮੈਦਾਨ ਵਿਚ ਅੱਜ ਮਹਿਲਾ ਤੇ ਬਾਲ ਵਿਕਾਸ ਵਿਭਾਗ ਵੱਲੋਂ ‘ਬੇਟੀ ਬਚਾਓ ਬੇਟੀ ਪੜ੍ਹਾਓ ਦੀ 10ਵੀਂ ਵਰ੍ਹੇਗੰਢ ਮੌਕੇ ਪ੍ਰੋਗਰਾਮ ਕਰਵਾਇਆ ਗਿਆ। ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀ ਜ਼ਿਲ੍ਹਾ ਪ੍ਰੋਗਰਾਮ ਅਧਿਕਾਰੀ ਬਲਜੀਤ ਕੌਰ ਤੇ ਨਪਾ ਚੇਅਰਮੈਨ ਸਾਕਸ਼ੀ ਖੁਰਾਣਾ ਨੇ ਦੀਪ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ‘ਬੇਟੀ ਬਚਾਓ ਬੇਟੀ ਪੜ੍ਹਾਓ ਦੀ ਸਹੁੰ ਵੀ ਚੁਕਾਈ ਗਈ ਅਤੇ ਦਸਤਖ਼ਤ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਕਲਸ਼ ਯਾਤਰਾ ਤੇ ਸਕੂਟੀ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

## ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਨੇ 12 ਸਾਲ ਬਾਅਦ ਕੀਤੀ ਸਪੇਸਵਾਕ, ਸੱਤ ਮਹੀਨਿਆਂ ’ਚ ਪਹਿਲੀ ਵਾਰ ਆਈ ਬਾਹਰ

ਨਵੀਂ ਦਿੱਲੀ : ਭਾਰਤਵੰਸ਼ੀ ਸੁਨੀਤਾ ਵਿਲੀਅਮਸ ਨੇ ਵੀਰਵਾਰ ਨੂੰ ਸਾਥੀ ਮੁਲਾਜ਼ਮ ਨਿਕ ਹੇਗ ਨਾਲ ਸਪੇਸਵਾਕ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਬਾਹਰ ਕਦਮ ਰੱਖਿਆ। ਇਹ ਵਿਲੀਅਮਸ ਦਾ 12ਵਾਂ ਸਾਲਾਂ ’ਚ ਪਹਿਲਾ ਤੇ ਕਰੀਅਰ ਦਾ ਅੱਠਵਾਂ ਸਪੇਸਵਾਕ ਹੈ। ਨਾਸਾ ਨੇ ਕਿਹਾ ਕਿ ਦੋਵੇਂ ਰੱਖ-ਰਖਾਅ ਕਾਰਜ ਕਰਨ ਤੇ ਹਾਰਡਵੇਅਰ ਬਦਲਣ ਦਾ ਕੰਮ ਕਰਨਗੇ। ਇਸ ਦੌਰਾਨ ਵਿਲੀਅਮਸ ਤੇ ਵਿਲਮੋਰ ਦੀ ਧਰਤੀ ’ਤੇ ਵਾਪਸੀ ਮਿਸ਼ਨ ’ਚ ਮੁੜ ਦੇਰੀ ਹੋਵੇਗੀ, ਕਿਉਂਕਿ ਸਪੇਸਐਕਸ ਕਰੂ 10 ਦੇ ਲਾਂਚ ’ਚ ਮਾਰਚ 2025 ਦੇ ਅੰਤ ਤੱਕ ਦੀ ਦੇਰੀ ਹੋ ਗਈ ਹੈ। ਦੋਵਾਂ ਨੇ ਫਰਵਰੀ ’ਚ ਸਪੇਸਐਕਸ ਡਰੈਗਨ ਕੈਪਸੂਲ ਰਾਹੀਂ ਧਰਤੀ ’ਤੇ ਪਰਤਣਾ ਸੀ।



ਇਕ ਪੋਸਟ ’ਚ ਨਾਸਾ ਨੇ ਕਿਹਾ ਕਿ ਸੁਨੀਤਾ ਵਿਲੀਅਮਸ ਤੇ ਨਿਕ ਹੇਗ ਨਿਊਟਰਾਨ ਸਟਾਰ ਇੰਟੀਰੀਅਰ ਕੰਪੋਜ਼ਿਸ਼ਨ ਐਕਸਪਲੋਰਰ ਐਕਸ ਰੇਅ ਟੈਲੀਸਕੋਪ ਦੀ ਮੁਰੰਮਤ ਸਮੇਤ ਸਟੇਸ਼ਨ ਦੇ ਅਪਡੇਸ਼ਨ ਲਈ ਸਪੇਸ ਸਟੇਸ਼ਨ ਦੇ ਬਾਹਰ ਕਦਮ ਰੱਖ ਰਹੇ ਹਨ। ਵਿਲੀਅਮਸ ਤੇ ਹੇਗ ਇਕ ਰੇਟ ਜਾਇਰੋ ਅਸੈਂਬਲੀ ਨੂੰ ਬਦਲਣ ਲਈ ਕੰਮ ਕਰਨਗੇ ਜਿਹੜੇ ਸਟੇਸ਼ਨ ਲਈ ਓਰੀਐਂਟੇਸ਼ਨ ਕੰਟਰੋਲ ਮੁਹੱਈਆ ਕਰਨ ’ਚ ਮਦਦ ਕਰਦਾ ਹੈ। ਉਹ ਅੰਤਰਰਾਸ਼ਟਰੀ ਡਾਕਿੰਗ ਅਡਾਪਟਰਾਂ ’ਚੋਂ ਇਕ ’ਤੇ ਨੇਵੀਗੇਸ਼ਨਲ ਡਾਟਾ ਲਈ ਵਰਤੇ ਜਾਣ ਵਾਲੇ ਰਿਫਲੈਕਟਰ ਡਿਵਾਈਸ ਨੂੰ ਵੀ ਬਦਲਣਗੇ। ਇਹ ਜੋੜੀ ਕੁਨੈਕਟਰ ਟੂਲ ਦੀ ਜਾਂਚ ਕਰੇਗੀ, ਜਿਨ੍ਹਾਂ ਦੀ ਵਰਤੋਂ ਅਲਫਾ ਮੈਗਨੇਟਿਕ ਸਪੇਸਟਰੋਮੀਟਰ ’ਤੇ ਭਵਿੱਖ ਦੇ ਰੱਖ-ਰਖਾਅ ਕੰਮ ਲਈ ਕੀਤਾ ਜਾਵੇਗਾ। ਨਾਸਾ ਨੇ ਕਿਹਾ ਕਿ ਇਕ ਹੋਰ ਸਪੇਸਵਾਕ 23 ਫਰਵਰੀ ਨੂੰ ਸਵੇਰੇ 8.15 ਵਜੇ ਸ਼ੁਰੂ ਹੋਵੇਗਾ।

## ਪੰਜਾਬੀ ਪੁਲਿਸ ਅਧਿਕਾਰੀ ਨੂੰ ਮਿਲਿਆ ਅਹਿਮ ਅਹੁਦਾ

ਐਬਟਸਫੋਰਡ : ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਲੋਅਰ ਮੇਨਲੈਂਡ ਡਿਸਟ੍ਰਿਕਟ ਵਲੋਂ ਸੀਨੀਅਰ ਪੰਜਾਬੀ ਪੁਲਿਸ ਅਧਿਕਾਰੀ ਹਰਮ ਦੋਸਾਂਝ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਲੈਂਗਲੀ ਦਾ ਅਫ਼ਸਰ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਸੁਪਰਡੈਂਟ ਹਰਮ ਦੋਸਾਂਝ ਲੈਂਗਲੀ ਆਰ.ਸੀ. ਐਮ.ਪੀ. ਦੇ ਅਫ਼ਸਰ ਇੰਚਾਰਜ ਨਿਯੁਕਤ ਹੋਣ ਵਾਲੇ ਪਹਿਲੇ ਪੰਜਾਬੀ ਪੁਲਿਸ ਅਧਿਕਾਰੀ ਹਨ। ਸਕੂਲ ਸਮੇਂ ਬਾਸਕਟਬਾਲ ਦੇ ਚੋਟੀ ਦੇ ਖਿਡਾਰੀ ਰਹੇ ਹਰਮ ਦੋਸਾਂਝ 23 ਸਾਲ ਪਹਿਲਾਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਭਰਤੀ ਹੋਏ ਸਨ, ਫਿਰ ਉਹ ਇੰਸਪੈਕਟਰ ਬਣੇ ਤੇ ਹੁਣ ਉਹ ਸੁਪਰਡੈਂਟ ਪੁਲਿਸ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ 2017 ਤੋਂ 2019 ਤੱਕ ਉਨ੍ਹਾਂ ਨੇ ਲੈਂਗਲੀ ਡਿਟੈਚਮੈਂਟ ਦੇ ਵਾਚ ਕਮਾਂਡਰ ਵਜੋਂ ਸੇਵਾਵਾਂ ਨਿਭਾਈਆਂ।



# ਕੀ ਟਰੰਪ ਆਪਣੇ ਵਾਅਦੇ ਪੂਰੇ ਕਰ ਸਕਣਗੇ ?



ਐਸ. ਅਸ਼ੋਕ ਭੌਰਾ

ਪਰਿਵਾਰ ਭਾਵੇਂ ਛੋਟਾ ਹੋਵੇ ਜਾਂ ਵੱਡਾ ਮਜਬੂਰੀਆਂ, ਪ੍ਰੇਸ਼ਾਨੀਆਂ ਤੇ ਸਮੱਸਿਆਵਾਂ ਦੋਹੀਂ ਪਾਸੀਂ ਬਰਾਬਰ ਹੀ ਹੁੰਦੀਆਂ ਹਨ ਅਮਰੀਕਾ ਬਿਨਾਂ ਸ਼ੱਕ ਦੁਨੀਆ ਦੀ ਮਹਾਂ ਸ਼ਕਤੀ ਹੈ ਪਰ ਸਿਰ ਇਸ ਮੁਲਕ ਦਾ ਵੀ ਦੁਖਦਾ ਰਿਹਾ ਹੈ। ਅਜਿਹਾ ਨਾ ਹੁੰਦਾ ਤਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਹੁੰ ਚੁੱਕਦਿਆਂ ਹੀ ਇਹ ਕਹਿਣ ਦੀ ਜ਼ਰੂਰਤ ਨਾ ਪੈਂਦੀ ਕਿ ਅੱਜ ਤੋਂ ਅਮਰੀਕਾ 'ਚ ਇੱਕ ਨਵੇਂ ਤੇ ਸੁਨਹਿਰੀ ਯੁੱਗ ਦੀ ਸ਼ੁਰੂਆਤ ਹੋ ਰਹੀ ਹੈ ਤੇ ਅਸੀਂ ਅਮਰੀਕਾ ਨੂੰ 'ਗਰੇਟ ਅਮੇਰਿਕਾ' ਬਣਾਵਾਂਗੇ। ਅਸਲ ਵਿਚ ਇਹ ਸਵਾਲ ਵੀ ਹੈ ਤੇ ਜਵਾਬ ਵੀ। ਟਰੰਪ ਅਮਰੀਕਾ 'ਚ ਨਵੀਆਂ ਤਰਜੀਹਾਂ ਦੀ ਹਨੇਰੀ ਲਿਆਵੇਗਾ, ਇਹ ਉਸ ਦੀ ਦਾਅਵੇਦਾਰੀ ਹੈ ਪਰ ਉਹ ਕਿਹੜੀਆਂ ਤਰਜੀਹਾਂ ਨੇ ਜਿਨ੍ਹਾਂ ਨੂੰ ਸੁਣ ਕੇ ਕਈਆਂ ਨੂੰ ਚਾਅ ਚੜ੍ਹਿਆ ਹੋਇਆ ਹੈ ਤੇ ਕਈ ਸੁੰਗੜ ਕੇ 'ਕੱਠੇ ਹੋਈ ਜਾਂਦੇ ਹਨ? ਲੋਕ ਤਾਂ ਛੱਡੋ, ਕਈ ਮੁਲਕ ਵੀ ਉਦਾਸ ਤੇ ਚਿੰਤਤ ਜਿਹੇ ਹੋ ਗਏ ਹਨ। ਹਾਲ ਦੀ ਘੜੀ ਤਾਂ 'ਸ਼ੇਰ ਆ ਗਿਆਗ ਸ਼ੇਰ ਆ ਗਿਆ' ਹੋਈ ਪਈ ਹੈ ਪਰ ਕੱਲ੍ਹ ਦਾ ਪਤਾ ਨਹੀਂ। ਸਰਸਰੀ ਜਿਹੀ ਨਜ਼ਰ ਮਾਰਦੇ ਹਾਂ ਕਿ ਟਰੰਪ ਦੀਆਂ ਤਰਜੀਹਾਂ ਕੀ ਨੇ? ਡੋਨਾਲਡ ਟਰੰਪ ਅਨੁਸਾਰ ਸਭ ਤੋਂ ਪਹਿਲਾਂ ਜੋਅ ਬਾਈਡਨ ਦੀਆਂ ਨੀਤੀਆਂ 'ਤੇ ਵਿਰਾਮ ਲਗਾਉਣਾ ਹੋਵੇਗਾ। ਅਮਰੀਕੀ ਸ਼ਰਨ ਮੰਗਣ ਵਾਲਿਆਂ ਨੂੰ ਹੁਣ ਮੈਕਸੀਕੋ ਵਿਚ ਹੀ ਰਹਿਣਾ ਤੇ ਉੱਥੇ ਸਥਾਈ ਤੌਰ 'ਤੇ ਟਿਕਣਾ ਹੋਵੇਗਾ। ਅਧੂਰੀ ਪਈ ਟੈਕਸਸ ਤੋਂ ਐਰੀਜੋਨਾ ਤੱਕ ਹਜ਼ਾਰਾਂ ਮੀਲ ਲੰਬੀ ਸਰਹੱਦੀ ਕੰਧ ਨੂੰ ਮੁਕੰਮਲ ਕਰਨਾ, ਗੈਰ-ਕਾਨੂੰਨੀ ਸਰਹੱਦ ਪਾਰ ਕਰ ਕੇ ਆਉਣ ਵਾਲਿਆਂ ਨੂੰ ਰਾਜਸੀ ਸ਼ਰਨ ਦੇਣਾ ਖ਼ਤਮ ਕਰਨਾ, ਅਪਰਾਧਿਕ ਪਨਾਹਗਾਹਾਂ 'ਤੇ ਕਾਰਵਾਈ ਕਰਨਾ ਤੇ ਪਰਦੇਸੀਆਂ ਦੀ ਜਾਂਚ ਨੂੰ ਤੇਜ਼ ਤੇ ਤਿੱਖਾ ਕਰਨਾ ਆਦਿ ਉਸ ਦੀਆਂ ਤਰਜੀਹਾਂ ਵਿਚ ਸ਼ਾਮਿਲ ਹੈ। ਭਾਵੇਂ ਇਹ ਸਭ ਕੁਝ ਅਸਥਾਈ ਹੀ ਹੋਵੇ ਪਰ ਹਾਲ ਦੀ ਘੜੀ ਅਮਰੀਕਾ ਵਿੱਚ ਸ਼ਰਨਾਰਥੀਆਂ ਨੂੰ ਪਨਾਹ ਮਿਲਣ ਦੀ ਆਸ ਮੁੱਕ ਗਈ ਹੈ। ਆਪ-ਹੁਦਰੇ ਤੇ ਬੇ-ਪਛਾਣ ਲੋਕਾਂ ਦਾ ਦਾਖ਼ਲਾ ਸਖ਼ਤੀ ਨਾਲ ਰੋਕਣ ਲਈ ਨੈਸ਼ਨਲ ਗਾਰਡਾਂ ਸਮੇਤ ਹਥਿਆਰਬੰਦ ਸੁਰੱਖਿਆ ਦਲਾਂ ਵਲੋਂ ਪੂਰੀ ਮੁਸਤੈਦੀ ਨਾਲ ਪੱਤਾ ਵੀ ਹਿੱਲਣ ਨਹੀਂ ਦਿੱਤਾ ਜਾਵੇਗਾ, ਅਜਿਹਾ ਟਰੰਪ ਦਾਅਵਾ ਕਰ ਰਹੇ ਹਨ। ਸਭ ਤੋਂ ਸਖ਼ਤ ਇੱਕ ਹੋਰ ਫ਼ੈਸਲਾ ਜੋ ਰਾਸ਼ਟਰਪਤੀ ਲੈ ਰਹੇ ਹਨ ਉਹ ਹੈ ਕਾਰੋਬਾਰ ਦੇ ਨਾਂਅ ਹੇਠ ਮਨੁੱਖੀ ਸਮਗਲਿੰਗ ਦਾ ਕੰਮ ਕਰਨ ਵਾਲੇ ਗਰੋਹਾਂ ਨੂੰ ਅੱਤਵਾਦੀਆਂ ਵਾਂਗ ਲੰਬੇ ਹੱਥੀ ਲੈਣਾ ਤੇ ਇਹ ਹੱਥ ਨਿਕਾਰਾਗੁਆ ਤੱਕ ਵਧਣਗੇ, ਪੈਰਿਸ ਦੇ ਜਲਵਾਯੂ ਸਮਝੌਤੇ ਵੱਲ ਵੀ ਪਿੱਠ ਕਰ ਲਈ ਜਾਵੇਗੀ ਤੇ ਬਾਈਡਨ ਦੀਆਂ ਜਲਵਾਯੂ ਨੀਤੀਆਂ 'ਤੇ ਲੀਕ ਮਾਰ ਕੇ ਨਵੀਆਂ ਨੀਤੀਆਂ ਲਾਗੂ ਹੋਣਗੀਆਂ, ਬੁਨਿਆਦੀ ਢਾਂਚਾ ਬਣਾਉਣ ਲਈ ਹਰ ਸਰੋਤ ਦੀ ਵਰਤੋਂ ਕੀਤੀ ਜਾਵੇਗੀ ਤੇ ਸੱਚ ਇਹ ਵੀ ਹੈ ਕਿ ਅਫ਼ਗਾਨਿਸਤਾਨ, ਯੂਕਰੇਨ ਸਮੇਤ ਹੋਰ ਕਈ ਮੁਲਕਾਂ ਤੋਂ ਪਿਛਲੇ ਸਮੇਂ ਵਿੱਚ ਅੰਨ੍ਹੇਵਾਹ ਜੋ ਲੋਕਾਂ ਨੂੰ ਅਮਰੀਕਾ ਲਿਆ ਕੇ ਵਸਾਉਣ 'ਤੇ ਸਹੂਲਤਾਂ ਦੇਣ ਦਾ ਅਮਲ ਸ਼ੁਰੂ ਕੀਤਾ ਗਿਆ ਹੈ, ਉਸ ਸਾਰੀ ਰਣਨੀਤੀ ਦੀ ਹਰ ਪਹਿਲੂ ਤੋਂ ਨੂੰ ਮੁੜ ਕੇ ਸਮੀਖਿਆ ਕੀਤੀ ਜਾਵੇਗੀ।

ਭਾਵੇਂ ਟਰੰਪ ਨੇ ਆਉਂਦਿਆਂ ਹੀ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕਰ ਦਿੱਤਾ ਹੈ ਪਰ ਇਸ ਨਾਲ ਨੌਬਤ ਕਾਨੂੰਨੀ ਲੜਾਈ ਲੜਨ ਦੀ ਵੀ ਆ ਸਕਦੀ ਹੈ। ਰਾਸ਼ਟਰਪਤੀ ਦੀਆਂ ਇਮੀਗਰੇਸ਼ਨ ਨੀਤੀਆਂ ਦਾ ਅਸਰ ਪਹਿਲੇ ਦਿਨ ਹੀ ਵੇਖਣ ਨੂੰ ਮਿਲ ਰਿਹਾ ਸੀ, ਜਦੋਂ ਗੈਰ-ਕਾਨੂੰਨੀ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਕੰਮ ਕਰਨ ਵਾਲਾ ਸਾਰਾ ਸਰਕਾਰੀਤੰਤਰ ਸਰਗਰਮੀ ਨਾਲ ਅਮਲੀ ਰੂਪ ਵਿੱਚ ਕੰਮ ਕਰਨ ਲਈ ਪੱਬਾਂ ਭਾਰ ਹੋ ਗਿਆ ਸੀ। ਸਰਹੱਦਾਂ 'ਤੇ ਰਾਸ਼ਟਰੀ ਐਮਰਜੈਂਸੀ ਲਾਗੂ ਕਰਨ ਦੇ ਫ਼ੈਸਲੇ ਦੀ ਟਰੰਪ ਦੀ ਰਿਪਬਲਿਕ ਪਾਰਟੀ ਦੇ ਫ਼ੈਸਲੇ ਤੋਂ ਪਹਿਲਾਂ ਹੀ ਟਰੰਪ ਪੱਖੀ ਟੈਕਸਸ ਸੂਬੇ ਦੇ ਗਵਰਨਰ ਨੇ ਇਸ ਨੀਤੀ 'ਤੇ ਸਖ਼ਤੀ ਨਾਲ ਅਮਲ ਕੀਤਾ ਜਾ ਰਿਹਾ ਸੀ ਤੇ ਹੁਣ ਅਮਰੀਕਨ ਵੀ ਚਾਹੁੰਦੇ ਹਨ ਕਿ ਸਰਹੱਦਾਂ ਤੋਂ ਅੱਤਵਾਦੀ, ਵੱਖਵਾਦੀ, ਲੁਟੇਰੇ, ਕਾਤਲ ਤੇ ਗੈਂਗਸਟਰ ਬੇ-ਪਛਾਣ ਹੋ ਕੇ ਹਰਗਿਜ਼ ਮੁਲਕ ਅੰਦਰ ਦਾਖਲ ਨਹੀਂ ਹੋਣੇ ਚਾਹੀਦੇ। ਰਾਜ ਭਾਗ ਸੰਭਾਲਦਿਆਂ ਹੀ ਟਰੰਪ ਨੇ ਉਸ 'ਸੀ ਬੀ ਪੀ-1' ਸਰਹੱਦੀ ਐਪ ਨੂੰ ਖ਼ਤਮ ਕਰ ਦਿੱਤਾ ਹੈ ਜੋ ਪ੍ਰਵਾਸੀਆਂ ਨੂੰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਆਗਿਆ ਦਿੰਦੀ ਸੀ। ਸੋਮਵਾਰ ਦੀ ਸ਼ਾਮ ਨੂੰ ਹੀ ਇਮੀਗ੍ਰੇਸ਼ਨ ਨਾਲ ਸੰਬੰਧਿਤ ਜਿਨ੍ਹਾਂ ਅਧਿਕਾਰੀਆਂ ਦੀ ਛੁੱਟੀ ਕੀਤੀ ਗਈ ਹੈ, ਉਨ੍ਹਾਂ ਵਿਚ ਇਮੀਗ੍ਰੇਸ਼ਨ ਜੱਜ ਸ਼ੀਲਾ ਮੈਕਨਲਟੀ ਈ.ਓ. ਆਈ.ਆਰ. (ਐਗਜੀਕਿਊਟਿਵ ਆਫਿਸ ਆਫ ਇਮੀਗ੍ਰੇਸ਼ਨ ਰਿਵਿਊ) ਡਾਇਰੈਕਟਰ ਮੈਰੀ ਚੇਂਗ, ਜਨਰਲ ਸਲਾਹਕਾਰ ਜਿਲ ਐਂਡਰਸਨ ਤੇ ਕਾਰਜਕਾਰੀ ਸਹਾਇਕ ਨਿਰਦੇਸ਼ਕ ਲੌਰੇਨ ਐਲਡਰ ਰੀਡ ਆਦਿ ਸ਼ਾਮਿਲ ਹਨ। ਅਮਰੀਕਾ 'ਚ ਗੈਰ-ਕਾਨੂੰਨੀ ਦਾਖਲੇ 'ਚ ਲੱਗੇ ਲੋਕਾਂ, ਏਜੰਟਾਂ ਦੇ ਨਾਲ-ਨਾਲ ਆਪਣੇ ਧੀਆਂ-ਪੁੱਤਰਾਂ ਨੂੰ ਬਾਰਡਰ ਟਪਾ ਕੇ ਆ ਸਕੇਗੀ। ਅਮਰੀਕਾ ਭੇਜਣ ਵਾਲੇ ਮਾਪਿਆਂ ਨੂੰ ਵੀ ਹੁਣ ਇਹ ਮਨ 'ਚ ਜ਼ਰੂਰ ਵਸਾ ਲੈਣਾ ਚਾਹੀਦਾ ਹੈ ਕਿ ਸਰਹੱਦੀ ਐਪ ਬੰਦ ਹੋਣ ਨਾਲ ਇਸ ਮੁਲਕ ਵਿੱਚ ਉਨ੍ਹਾਂ ਦੀ ਔਲਾਦ ਦੇ ਦਾਖਲ ਹੋਣ ਦਾ ਰਾਹ ਮੁਕੰਮਲ ਰੂਪ 'ਚ ਬੰਦ ਹੋ ਗਿਆ ਹੈ।

ਅਮਰੀਕੀ ਕਸਟਮ ਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ ਪਿਛਲੇ ਦੋ ਸਾਲਾਂ ਵਿੱਚ 9 ਲੱਖ 36 ਹਜ਼ਾਰ ਦੇ ਕਰੀਬ ਲੋਕਾਂ ਨੇ ਐਂਟਰੀ ਪੋਸਟਾਂ 'ਤੇ ਮੁਲਾਕਾਤ ਤਹਿ ਕਰਨ ਲਈ ਇਸ ਐਪ ਦੀ ਵਰਤੋਂ ਕੀਤੀ ਪਰ ਹੁਣ ਇਹ ਸਭ ਮੁਲਾਕਾਤਾਂ ਰੱਦ ਹੋ ਗਈਆਂ ਹਨ।

ਵਾਈਟ ਹਾਊਸ ਦੇ ਇੱਕ ਵੱਡੇ ਅਧਿਕਾਰੀ ਦੀ ਇਹ ਟਿੱਪਣੀ, ਕਿ 'ਮਨੁੱਖੀ ਸਮੱਗਲਿੰਗ ਦੇ ਕਾਰੋਬਾਰੀਆਂ ਦੀ ਹੁਣ ਖ਼ੈਰ ਨਹੀਂ, ਹੁਣ ਅਮਰੀਕਾ 'ਚ ਨਹੀਂ, ਮੈਕਸੀਕੋ ਵਿੱਚ ਹੀ ਰਹਿਣਾ ਪਵੇਗਾ ਤੇ ਸਾਡੀ ਫੌਜ ਸਰਹੱਦ 'ਤੇ ਇਹ ਕੁਝ ਨਹੀਂ ਹੋਣ ਦੇਵੇਗੀ' ਬਹੁਤ ਕੁਝ ਕਹਿੰਦੀ ਹੈ।

ਸਰਹੱਦਾਂ ਦੀ ਸੁਰੱਖਿਆ ਦੀ ਸਿਰਦਰਦੀ ਅਮਰੀਕਾ ਦਾ ਇਸ ਵਕਤ ਅਹਿਮ ਤੇ ਚਿੰਤਾ ਵਾਲਾ ਮੁੱਦਾ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇਹ ਐਲਾਨ ਕਿ ਅਮਰੀਕਾ 'ਚ ਹੁਣ ਸੁਨਹਿਰੀ ਯੁਗ ਸ਼ੁਰੂ ਹੋ ਗਿਆ ਹੈ ਤੇ ਅਸੀਂ ਇਸ ਨੂੰ ਮੁੜ ਕੇ ਮਹਾਨ ਬਣਾਉਣ ਵੱਲ ਮੁੜ ਪਏ, ਸੰਬੰਧੀ ਵਕਤ ਹੀ ਦੱਸੇਗਾ ਕਿ ਕਹਿਣੀ ਤੇ ਕਥਨੀ 'ਚ ਕਿੰਨੀ ਕੁ ਸਮਾਨਤਾ ਆ ਸਕੇਗੀ।

# ਡੋਨਾਲਡ ਟਰੰਪ ਦੇ ਤਾਬੜਤੋੜ ਫ਼ੈਸਲਿਆਂ ਤੋਂ ਦੁਨੀਆ ਹੈਰਾਨ-ਪ੍ਰੇਸ਼ਾਨ




ਅਮਰੀਕਾ ਦੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਸਹੁੰ ਚੁੱਕਣ ਵਾਲੇ ਡੋਨਾਲਡ ਟਰੰਪ ਵੱਲੋਂ ਜਿਵੇਂ ਤਾਬੜਤੋੜ ਫ਼ੈਸਲੇ ਲਏ ਜਾ ਰਹੇ ਹਨ, ਉਸ ਤੋਂ ਨਾ ਸਿਰਫ਼ ਪੂਰੀ ਦੁਨੀਆ ਹੈਰਾਨ ਹੈ ਬਲਕਿ ਅਮਰੀਕਾ ਵਿਚ ਰਹਿਣ ਵਾਲੇ ਵੱਖ-ਵੱਖ ਭਾਈਚਾਰਿਆਂ ਦੇ ਲੋਕ ਵੀ ਹੈਰਾਨ ਤੇ ਪਰੇਸ਼ਾਨ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਆਪਣੀ ਸੁਰੱਖਿਆ ਨੂੰ ਲੈ ਕੇ ਵੀ ਚਿੰਤਤ ਹੋਣ ਲੱਗੇ ਹਨ। ਅਹੁਦਾ ਸੰਭਾਲਦਿਆਂ ਹੀ ਜਿਵੇਂ ਉਨ੍ਹਾਂ ਨੇ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਦੇ ਹੋਏ ਯੂਐੱਸ ਕੈਪੀਟਲ (ਅਮਰੀਕੀ ਸੰਸਦ) 'ਤੇ 6 ਜਨਵਰੀ 2021 ਦੇ ਹਮਲੇ ਵਿਚ ਦੋਸ਼ੀ ਠਹਿਰਾਏ ਗਏ ਜਾਂ ਮੁਲਜ਼ਮ ਲਗਪਗ 1,500 ਲੋਕਾਂ ਨੂੰ ਆਮ ਮਾਫ਼ੀ ਦੇਣ ਦੇ ਹੁਕਮ 'ਤੇ ਦਸਤਖ਼ਤ ਕੀਤੇ ਹਨ, ਉਸ ਨੂੰ ਲੈ ਕੇ ਨਾ ਸਿਰਫ਼ ਡੈਮੋਕ੍ਰੈਟਿਕ ਪਾਰਟੀ ਦੇ ਆਗੂਆਂ ਨੇ ਨਿਖੇਧੀ ਕੀਤੀ ਹੈ ਬਲਕਿ ਆਮ ਲੋਕ ਵੀ ਇਸ ਨੂੰ ਆਪਹੁਦਰਾ ਫ਼ੈਸਲਾ ਕਰਾਰ ਦੇ ਰਹੇ ਹਨ।

ਇਸ ਦੇ ਨਾਲ ਹੀ ਟਰੰਪ ਨੇ ਅਮਰੀਕਾ ਵਿਚ ਜਨਮਸਿੱਧ ਨਾਗਰਿਕਤਾ ਸਮਾਪਤ ਕਰਨ ਲਈ ਕਾਰਜਕਾਰੀ ਹੁਕਮ ਜ਼ਰੀਏ ਫੈਡਰਲ ਏਜੰਸੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਅਮਰੀਕਾ ਵਿਚ ਪੈਦਾ ਹੋਏ ਉਨ੍ਹਾਂ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਜਿਨ੍ਹਾਂ ਦੇ ਮਾਤਾ-ਪਿਤਾ ਨਾਜਾਇਜ਼ ਤੌਰ 'ਤੇ ਜਾਂ ਅਸਥਾਈ ਵੀਜ਼ੇ 'ਤੇ ਦੇਸ਼ ਵਿਚ ਹਨ। ਉਨ੍ਹਾਂ ਦੇ ਇਸ ਫ਼ੈਸਲੇ ਦਾ ਪਰਵਾਸੀ ਭਾਰਤੀਆਂ 'ਤੇ ਸਿੱਧਾ-ਸਿੱਧਾ ਅਸਰ ਹੋਵੇਗਾ।


ਅਮਰੀਕਾ 'ਚ ਲਗਾਤਾਰ ਭਾਰਤੀ ਭਾਈਚਾਰਾ ਵਧ ਰਿਹਾ ਹੈ। ਅਮਰੀਕਾ ਦੀ ਕੁੱਲ ਆਬਾਦੀ 'ਚ 1.5 ਫ਼ੀਸਦੀ ਪਰਵਾਸੀ ਭਾਰਤੀ ਹਨ ਤੇ ਇਹ ਅਮਰੀਕਾ ਦੇ ਟੈਕਸ ਸੰਗ੍ਰਹਿ 'ਚ 300 ਅਰਬ ਡਾਲਰ ਦਾ ਯੋਗਦਾਨ ਦਿੰਦੇ ਹਨ। ਲੰਘੇ ਸਾਲਾਂ 'ਚ ਉੱਥੇ ਰਹਿਣ ਵਾਲੇ 48 ਲੱਖ ਤੋਂ ਵੱਧ ਭਾਰਤੀ ਅਮਰੀਕੀ ਭਾਈਚਾਰੇ ਦੇ ਕਈ ਬੱਚਿਆਂ ਨੂੰ ਇਸ ਕਾਨੂੰਨ ਦੇ ਆਧਾਰ 'ਤੇ ਨਾਗਰਿਕਤਾ ਮਿਲੀ ਹੈ ਪਰ ਹੁਣ ਟਰੰਪ ਦੇ ਹੁਕਮ ਤੋਂ ਬਾਅਦ ਅਜਿਹਾ ਨਹੀਂ ਹੋ ਸਕੇਗਾ।

ਇਸ ਫ਼ੈਸਲੇ ਖ਼ਿਲਾਫ਼ ਵੀ ਨਾਗਰਿਕ ਆਜ਼ਾਦੀਆਂ ਦੀਆਂ ਜਥੇਬੰਦੀਆਂ ਤੇ ਇਮੀਗ੍ਰੇਸ਼ਨ ਸਮੂਹਾਂ ਨੇ ਅਦਾਲਤਾਂ ਦਾ ਰੁਖ਼ ਕਰ ਲਿਆ ਹੈ।

ਇਸ ਤੋਂ ਇਲਾਵਾ ਟਰੰਪ ਨੇ ਜਿਹੜੇ ਹੋਰ ਅਹਿਮ ਫ਼ੈਸਲੇ ਲਏ ਹਨ, ਉਨ੍ਹਾਂ ਵਿਚ ਉਨ੍ਹਾਂ ਆਪਣੇ ਦੇਸ਼ ਨੂੰ ਪੈਰਿਸ ਪੌਣ-ਪਾਣੀ ਸੰਧੀ ਤੋਂ ਵੱਖ ਕਰ ਲਿਆ ਹੈ ਤੇ ਅਮਰੀਕਾ ਹੁਣ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦਾ ਮੈਂਬਰ ਵੀ ਨਹੀਂ ਰਹੇਗਾ। ਫੈਡਰਲ ਕਰਮਚਾਰੀਆਂ ਨੂੰ ਦਫ਼ਤਰ ਪਰਤਣ ਦੇ ਹੁਕਮ ਦਿੱਤੇ ਗਏ ਹਨ। ਪਹਿਲਾਂ ਉਨ੍ਹਾਂ ਨੂੰ ਕੋਵਿਡ ਦੌਰਾਨ ਘਰ ਤੋਂ ਕੰਮ ਕਰਨ ਦੀ ਛੋਟ ਦਿੱਤੀ ਗਈ ਸੀ।

ਅਮਰੀਕਾ-ਮੈਕਸੀਕੋ ਸਰਹੱਦ 'ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਹੈ ਤੇ ਉੱਥੇ ਫ਼ੌਜ ਭੇਜੀ ਜਾਵੇਗੀ। ਸਿਰਫ਼ ਦੋ ਲਿੰਗਾਂ ਪੁਰਸ਼ ਤੇ ਔਰਤਾਂ ਨੂੰ ਮਾਨਤਾ ਮਿਲੇਗੀ, ਐੱਲਜੀਬੀਟੀਕਿਊ ਸਮਾਨਤਾ ਨੂੰ ਉਤਸ਼ਾਹਤ ਕਰਨ ਵਾਲੇ ਵੱਖ-ਵੱਖ ਕਾਰਜਕਾਰੀ ਹੁਕਮ ਰੱਦ ਹੋਣਗੇ। 'ਰਾਸ਼ਟਰੀ ਊਰਜਾ ਐਮਰਜੈਂਸੀ' ਐਲਾਨੀ ਹੈ ਜਿਸ ਦਾ ਉਦੇਸ਼ ਮੁਲਕ ਵਿਚ ਡ੍ਰਿਲਿੰਗ ਕਾਰਜਾਂ ਨੂੰ ਉਤਸ਼ਾਹਤ ਕਰਨਾ ਹੈ। ਟਿਕਟਾਕ 'ਤੇ ਪਾਬੰਦੀ ਲਾਉਣ ਵਾਲੇ ਕਾਨੂੰਨ ਨੂੰ ਲਾਗੂ ਕਰਨ 'ਤੇ 75 ਦਿਨਾਂ ਦੀ ਰੋਕ ਲਾਉਣ ਦਾ ਹੁਕਮ ਦਿੱਤਾ ਹੈ। ਡਰੱਗ ਤਸਕਰ ਅੱਤਵਾਦੀ ਐਲਾਨੇ ਜਾਣਗੇ, ਫਲਸਤੀਨੀਆਂ ਖ਼ਿਲਾਫ਼ ਦੁਰਵਿਵਹਾਰ ਦੇ ਮੁਲਜ਼ਮ ਇਜ਼ਰਾਇਲੀਆਂ ਖ਼ਿਲਾਫ਼ ਪਾਬੰਦੀਆਂ ਰੱਦ। ਦਰਅਸਲ, ਡੋਨਾਲਡ ਟਰੰਪ ਆਪਣੀਆਂ ਆਪ-ਹੁਦਰੀਆਂ ਲਈ ਜਾਣੇ ਜਾਂਦੇ ਰਹੇ ਹਨ। ਹਾਲਾਂਕਿ ਬਹੁ-ਗਿਣਤੀ ਨੂੰ ਇਸ ਗੱਲ ਦਾ ਪਹਿਲਾਂ ਹੀ ਅਹਿਸਾਸ ਸੀ ਕਿ ਉਹ ਅਜਿਹੇ ਫ਼ੈਸਲੇ ਲੈਣਗੇ ਪਰ ਇੰਨੀ ਛੇਤੀ ਸਾਰਾ ਕੁਝ ਕਰਨਗੇ, ਕਿਸੇ ਨੂੰ ਵੀ ਇਹ ਉਮੀਦ ਨਹੀਂ ਸੀ।

# ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਉਮੀਦਾਂ ਤੇ ਚਿੰਤਾਵਾਂ



ਅਮਰੀਕਾ ਦੇ 47ਵੇਂ ਅਤੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਬਣਨ ਜਾ ਰਹੇ ਡੋਨਾਲਡ ਟਰੰਪ ਦੀਆਂ ਨੀਤੀਆਂ ਨੂੰ ਲੈ ਕੇ ਭਾਰਤ ਸਮੇਤ ਪੂਰੇ ਸੰਸਾਰ ਵਿਚ ਉਤਸੁਕਤਾ ਅਤੇ ਖ਼ਦਸ਼ਿਆਂ ਵਾਲਾ ਮਾਹੌਲ ਹੈ। ਯੂਰਪੀ ਵਿਦੇਸ਼ ਸਬੰਧ ਪ੍ਰੀਸ਼ਦ ਨੇ ਆਕਸਫੋਰਡ ਯੂਨੀਵਰਸਿਟੀ ਨਾਲ 24 ਦੇਸ਼ਾਂ ਦੇ ਨਾਗਰਿਕਾਂ ਦਾ ਇਕ ਸਰਵੇਖਣ ਕਰਵਾਇਆ ਸੀ ਜਿਸ ਵਿਚ ਭਾਰਤ, ਚੀਨ, ਪੱਛਮੀ ਏਸ਼ੀਆ, ਬ੍ਰਾਜ਼ੀਲ, ਤੁਰਕੀ ਅਤੇ ਦੱਖਣੀ ਅਫ਼ਰੀਕਾ ਦੇ ਲੋਕਾਂ ਨੇ ਟਰੰਪ ਦੀ ਸੱਤਾ ਵਿਚ ਵਾਪਸੀ ਦਾ ਸਵਾਗਤ ਕੀਤਾ।

ਉਨ੍ਹਾਂ ਦਾ ਮੰਨਣਾ ਸੀ ਕਿ ਟਰੰਪ ਪ੍ਰਸ਼ਾਸਨ ਉਨ੍ਹਾਂ ਦੇ ਦੇਸ਼ਾਂ ਅਤੇ ਵਿਸ਼ਵ ਸ਼ਾਂਤੀ ਲਈ ਚੰਗਾ ਸਾਬਿਤ ਹੋਵੇਗਾ। ਟਰੰਪ ਦੀ ਸਭ ਤੋਂ ਵੱਧ ਮਕਬੂਲੀਅਤ ਭਾਰਤ ਵਿਚ ਦਿਸੀ ਜਿੱਥੇ 80 ਪ੍ਰਤੀਸ਼ਤ ਤੋਂ ਵੱਧ ਲੋਕਾਂ ਨੇ ਉਨ੍ਹਾਂ ਦੀ ਵਾਪਸੀ ਨੂੰ ਚੰਗਾ ਮੰਨਿਆ। ਇਸ ਦੇ ਉਲਟ ਯੂਰਪ, ਦੱਖਣੀ ਕੋਰੀਆ ਅਤੇ ਤਾਇਵਾਨ ਵਰਗੇ ਅਮਰੀਕਾ ਦੇ ਦੋਸਤ ਦੇਸ਼ਾਂ ਦੇ ਲੋਕਾਂ ਨੇ ਟਰੰਪ ਦੀ ਵਾਪਸੀ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਸਰਵੇਖਣ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਮਰੀਕਾ ਦੇ ਰਵਾਇਤੀ ਦੋਸਤ ਦੇਸ਼ਾਂ ਦੇ ਲੋਕ ਟਰੰਪ ਦੀਆਂ ਸਾਲਾਂ ਪੁਰਾਣੀਆਂ ਸੰਧੀਆਂ ਅਤੇ ਗੱਠਜੋੜਾਂ ਨੂੰ ਤਤਕਾਲੀ ਲਾਭ ਦੇ ਤਰਾਜ਼ੂ 'ਤੇ ਤੋਲ ਕੇ ਦੇਖਣ ਦੀ ਨੀਤੀ ਨੂੰ ਨਾਪਸੰਦ ਕਰਦੇ ਹਨ। ਆਪਣੇ ਪਿਛਲੇ ਕਾਰਜਕਾਲ ਵਿਚ ਉਹ ਨਾਟੋ ਗੱਠਜੋੜ, ਦੱਖਣੀ ਕੋਰੀਆ, ਜਾਪਾਨ ਅਤੇ ਤਾਇਵਾਨ ਦੀ ਸੁਰੱਖਿਆ ਨੂੰ ਲੈ ਕੇ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਸੰਸਥਾਵਾਂ ਵਿਚ ਦੂਜੇ ਮੁਲਕਾਂ ਦੀ ਤੁਲਨਾ ਵਿਚ ਅਮਰੀਕਾ ਦੇ ਵੱਡੇ ਯੋਗਦਾਨ ਦੀ ਉਪਯੋਗਿਤਾ 'ਤੇ ਸਵਾਲ ਉਠਾ ਚੁੱਕੇ ਹਨ। ਟਰੰਪ ਅਮਰੀਕਾ ਦੀ ਬਾਜ਼ਾਰ ਤਾਕਤ ਨੂੰ ਵਪਾਰਕ ਅਤੇ ਰੱਖਿਆ ਸਬੰਧੀ ਸੌਦੇਬਾਜ਼ੀ ਦਾ ਸਭ ਤੋਂ ਵੱਡਾ ਹਥਿਆਰ ਮੰਨਦੇ ਹਨ ਅਤੇ ਕਸਟਮ ਡਿਊਟੀ ਲਗਾਉਣ ਦੀਆਂ ਧਮਕੀਆਂ ਦਿੰਦੇ ਰਹਿੰਦੇ ਹਨ।

ਉਨ੍ਹਾਂ ਦੇ ਮਿੱਤਰ ਤੇ ਦੁਸ਼ਮਣ ਦੇਸ਼ਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਉਨ੍ਹਾਂ ਦਾ ਨਾਟਕੀ ਤਰੀਕੇ ਨਾਲ ਬਦਲਦਾ ਰੌਂਅ ਹੈ ਜੋ ਨੀਤੀ ਘਾੜਿਆਂ ਲਈ ਬਹੁਤ ਵੱਡਾ ਜੋਖ਼ਮ ਹੈ। ਇਨ੍ਹਾਂ ਵਿਚ ਹੁਣ ਉਨ੍ਹਾਂ ਨੇ ਕੁਝ ਹੋਰ ਨਵੀਆਂ ਚੁਣੌਤੀਆਂ ਜੋੜ ਦਿੱਤੀਆਂ ਹਨ। ਅਮਰੀਕਾ ਦਾ ਵਫ਼ਾਦਾਰ ਨਾਟੋ ਮਿੱਤਰ ਡੈਨਮਾਰਕ ਇਸ ਤੋਂ ਪਰੇਸ਼ਾਨ ਹੈ ਕਿ ਉਹ ਉਸ ਦੇ ਉੱਤਰ ਧਰੁਵੀ ਟਾਪੂ ਗ੍ਰੀਨਲੈਂਡ ਨੂੰ ਖ਼ਰੀਦਣਾ ਚਾਹੁੰਦੇ ਹਨ। ਗੁਆਂਢੀ ਕੈਨੇਡਾ ਇਸ ਤੋਂ ਫ਼ਿਕਰਮੰਦ ਹੈ ਕਿ ਉਹ ਉਨ੍ਹਾਂ ਦੀਆਂ ਸ਼ਰਤਾਂ ਨਾ ਮੰਨਣ 'ਤੇ ਉਸ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨ 'ਤੇ ਮਜਬੂਰ ਕਰਨ ਦੀ ਗੱਲ ਕਰ ਰਹੇ ਹਨ।

ਮੱਧ ਅਮਰੀਕੀ ਦੇਸ਼ ਪਨਾਮਾ ਇਸ ਨੂੰ ਲੈ ਕੇ ਡਰਿਆ ਹੋਇਆ ਹੈ ਕਿ ਚੀਨੀ ਖ਼ਤਰੇ ਦੀ ਦਲੀ ਦੇ ਕੇ ਉਹ ਪਨਾਮਾ ਨਹਿਰ ਖੋਹਣਾ ਚਾਹੁੰਦੇ ਹਨ ਜੋ ਉਸ ਦੇਸ਼ ਦੀ ਆਮਦਨ ਦਾ ਪ੍ਰਮੁੱਖ ਸਰੋਤ ਹੈ। ਟਰੰਪ ਦੇ ਅਰਬਪਤੀ ਮਿੱਤਰ ਐਲਨ ਮਸਕ ਨੇ ਤਾਂ ਯੂਰਪ ਵਿਚ ਸਮਾਜਵਾਦੀ ਰਾਜਨੀਤੀ ਦੇ ਸਫ਼ਾਏ ਲਈ ਬਰਤਾਨੀਆ ਅਤੇ ਜਰਮਨੀ ਵਰਗੇ ਦੇਸ਼ਾਂ ਵਿਚ ਅੱਤ ਦੀਆਂ ਦੱਖਣਪੰਥੀਆਂ ਪਾਰਟੀਆਂ ਨੂੰ ਧਨ ਤੋਂ ਲੈ ਕੇ ਮੀਡੀਆ ਦਾ ਸਮਰਥਨ ਦੇਣਾ ਸ਼ੁਰੂ ਕਰ ਦਿੱਤਾ ਹੈ। ਜਾਪਾਨ, ਦੱਖਣੀ ਕੋਰੀਆ ਅਤੇ ਤਾਇਵਾਨ ਇਸ ਸ਼ਸ਼ੋਪੰਜ ਵਿਚ ਹਨ ਕਿ ਉਨ੍ਹਾਂ ਦੀ ਸੁਰੱਖਿਆ ਦੀ ਪਤਾ ਨਹੀਂ ਕਦ ਅਤੇ ਕਿੰਨੀ ਕੀਮਤ ਮੰਗੀ ਜਾਵੇਗੀ।

ਉਸ ਨੂੰ ਦੇਣ 'ਤੇ ਵੀ ਟਰੰਪ ਚੀਨ ਨਾਲ ਕਦੋਂ ਅਤੇ ਕੀ ਸੌਦਾ ਕਰ ਲੈਣ, ਇਸ ਦੀ ਕੋਈ ਗਾਰੰਟੀ ਨਹੀਂ ਹੈ। ਅਜਿਹੀਆਂ ਚੁਣੌਤੀਆਂ ਭਾਰਤ ਦੇ ਅੱਗੇ ਵੀ ਹਨ। ਭਾਵੇਂ ਰਾਸ਼ਟਰਪਤੀ ਟਰੰਪ ਚੀਨ ਨੂੰ ਅਮਰੀਕਾ ਦੀ ਸਭ ਤੋਂ ਵੱਡੀ ਆਰਥਿਕ ਅਤੇ ਰੱਖਿਆ ਸਬੰਧੀ ਚੁਣੌਤੀ ਦੇ ਰੂਪ ਵਿਚ ਦੇਖਦੇ ਹਨ। ਇਸ ਲਈ ਉਨ੍ਹਾਂਨੇ ਆਪਣੇ ਪ੍ਰਸ਼ਾਸਨ ਵਿਚ ਫਲੋਰੀਡਾ ਦੇ ਚੀਨ ਵਿਰੋਧੀ ਸੈਨੇਟਰ ਮਾਰਕੋ ਰੂਬੀਓ ਨੂੰ ਵਿਦੇਸ਼ ਮੰਤਰੀ ਅਤੇ ਦੂਜੇ ਚੀਨ ਵਿਰੋਧੀ ਸੈਨੇਟਰ ਮਾਈਕਲ ਵਾਲਟਸ ਨੂੰ ਰਾਸ਼ਟਰੀ ਸੁਰੱਖਿਆ ਸਲਾਹਕਾਰ ਬਣਾਇਆ ਹੈ। ਸੰਯੋਗ ਨਾਲ ਇਹ ਦੋਵੇਂ ਭਾਰਤ ਸਮਰਥਕ ਰਹੇ ਹਨ। ਰੂਬੀਓ ਨੇ ਭਾਰਤ ਅਮਰੀਕਾ ਫ਼ੌਜੀ-ਰਣਨੀਤੀ ਦੇ ਸਮਝੌਤੇ ਦਾ ਪ੍ਰਸਤਾਵ ਸਦਨ ਵਿਚ ਰੱਖਿਆ ਸੀ ਅਤੇ ਵਾਲਟਸ ਭਾਰਤ ਕਾਕਸ ਦੇ ਮੁਖੀ ਰਹਿ ਚੁੱਕੇ ਹਨ।

ਇਸ ਲਈ ਨਵੇਂ ਟਰੰਪ ਪ੍ਰਸ਼ਾਸਨ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਭਾਰਤ ਨੂੰ ਹਿੰਦ ਪ੍ਰਸ਼ਾਂਤ ਖੇਤਰ ਵਿਚ ਆਪਣੀ ਰਣਨੀਤੀ ਦੀ ਧੁਰੀ ਬਣਾ ਕੇ ਚੱਲੇਗਾ ਅਤੇ

**-ਸ਼ਿਵਕਾਂਤ ਸ਼ਰਮਾ**

ਚੀਨੀ ਚੜ੍ਹਤ ਦੀ ਕਾਟ ਵਿਚ ਭਾਰਤ ਦਾ ਸਹਿਯੋਗ ਕਰੇਗਾ। ਇਸ ਸਾਲ ਭਾਰਤ ਨੇ ਕਵਾਡ ਸਿਖਰ ਬੈਠਕ ਦੀ ਮੇਜ਼ਬਾਨੀ ਵੀ ਕਰਨੀ ਹੈ ਜਿਸ ਵਿਚ ਹਿੱਸਾ ਲੈਣ ਟਰੰਪ ਦੇ ਭਾਰਤ ਆਉਣ ਦੀ ਉਮੀਦ ਵੀ ਹੈ।

ਉਨ੍ਹਾਂ ਦਾ ਦੌਰਾ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਵਿਚ ਸਹਾਇਕ ਸਿੱਧ ਹੋ ਸਕਦਾ ਹੈ। ਭਾਰਤ ਤੇ ਦੂਜੇ ਏਸ਼ਿਆਈ ਮੁਲਕਾਂ ਵਿਚ ਟਰੰਪ ਦੀ ਲੋਕਪ੍ਰਿਅਤਾ ਦਾ ਇਕ ਕਾਰਨ ਨਿਰਣਾਇਕ ਫ਼ੈਸਲੇ ਲੈਣ ਦੀ ਉਨ੍ਹਾਂਦੀ ਬਿਰਤੀ ਵੀ ਹੋ ਸਕਦੀ ਹੈ। ਉਹ ਇਸਲਾਮੀ ਅੱਤਵਾਦ ਵਰਗੇ ਮੁੱਦਿਆਂ 'ਤੇ ਸਿੱਧ ਗੱਲ ਕਰਦੇ ਹਨ ਜਿਸ ਨਾਲ ਕਈ ਵਾਰ ਜਟਿਲ ਸਮੱਸਿਆਵਾਂ ਵੀ ਹੱਲ ਹੋ ਜਾਂਦੀਆਂ ਹਨ। ਗਾਜ਼ਾ ਵਿਚ ਸਵਾ ਸਾਲ ਦੀ ਜੰਗ ਮਗਰੋਂ ਹੋਈ ਜੰਗਬੰਦੀ ਉਸ ਦੀ ਇਕ ਮਿਸਾਲ ਹੈ। ਹਾਲਾਂਕਿ ਯੂਕਰੇਨ ਵਿਚ ਤਿੰਮ ਸਾਲ ਤੋਂ ਚੱਲ ਰਹੀ ਜੰਗ ਦਾ ਹੱਲ ਓਨਾ ਆਸਾਨ ਨਹੀਂ ਦਿਸਦਾ। ਫਿਰ ਵੀ ਜ਼ੇਲੈਂਸਕੀ ਅਤੇ ਪੁਤਿਨ ਦੇ ਹਾਲੀਆ ਬਿਆਨਾਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਇੱਛਾ ਦੇ ਸੰਕੇਤ ਮਿਲਣ ਲੱਗੇ ਹਨ। ਟਰੰਪ ਯੂਕਰੇਨ ਦੀ ਫ਼ੌਜੀ ਸਹਾਇਤਾ ਬੰਦ ਕਰਨਾ ਅਤੇ ਰੂਸ ਤੋਂ ਪਾਬੰਦੀਆਂ ਹਟਾਉਣਾ ਚਾਹੁੰਦੇ ਹਨ ਜਿਸ ਨਾਲ ਅਮਰੀਕਾ ਨੂੰ ਵਪਾਰਕ ਲਾਭ ਹੋ ਸਕੇ। ਹਾਲਾਂਕਿ ਇਹ ਉਦੋਂ ਹੀ ਸੰਭਵ ਹੈ ਜਦ ਰੂਸ ਤੋਂ ਜਿੱਤਿਆ ਹੋਇਆ ਇਲਾਕਾ ਵਾਪਸ ਨਾ ਮੰਗਿਆ ਜਾਵੇ। ਅਜਿਹਾ ਕਰਨਾ ਹਮਲਾਵਰ ਨੂੰ ਇਨਾਮ ਦੇਣ ਵਰਗਾ ਹੋਵੇਗਾ। ਹਕੀਕਤ ਇਹ ਹੈ ਕਿ ਅਮਰੀਕਾ ਦੀ ਫ਼ੌਜੀ ਮਦਦ ਤੋਂ ਬਿਨਾਂ ਯੂਕਰੇਨ ਅਤੇ ਨਾਟੋ ਵਿਚ ਟਿਕ ਸਕਣਾ ਦਮ ਨਹੀਂ ਅਤੇ ਟਰੰਪ ਅਮਰੀਕਾ ਨੂੰ ਦੂਜਿਆਂ ਦੀਆਂ ਜੰਗਾਂ ਵਿਚ ਉਲਝਾਈ ਰੱਖਣ ਦੇ ਮੂਡ ਵਿਚ ਨਹੀਂ ਹਨ।

ਇਹ ਵੱਖਰੀ ਗੱਲ ਹੈ ਕਿ ਉਹ ਗ੍ਰੀਨਲੈਂਡ ਅਤੇ ਪਨਾਮਾ ਨਹਿਰ ਨੂੰ ਆਪਣੀ ਧੌਂਸ ਦਿਖਾ ਕੇ ਹਾਸਲ ਕਰਨਾ ਚਾਹੁੰਦੇ ਹਨ। ਦੂਜੇ ਪਾਸੇ, ਉਨ੍ਹਾਂ ਦੀ ਆਰਥਿਕ ਧਾਕੜਪੁਣੇ ਵਾਲੀ ਨੀਤੀ ਦੁਨੀਆ ਅੱਗੇ ਵੱਡੀ ਚੁਣੌਤੀ ਖੜ੍ਹੀ ਕਰ ਸਕਦੀ ਹੈ। ਚੀਨੀ ਦਰਾਮਦਾਂ 'ਤੇ 60 ਪ੍ਰਤੀਸ਼ਤ ਅਤੇ ਬਾਕੀ ਦੇਸ਼ਾਂ ਦੀਆਂ ਦਰਾਮਦਾਂ 'ਤੇ 10 ਫ਼ੀਸਦੀ ਸੰਭਾਵੀ ਡਿਊਟੀ ਨਾਲ ਅਮਰੀਕਾ ਵਿਚ ਵੀ ਮਹਿੰਗਾਈ ਵਧੇਗੀ। ਅਮਰੀਕੀ ਕੇਂਦਰੀ ਬੈਂਕ ਨੂੰ ਵਿਆਜ ਦਰਾਂ ਘਟਾਉਣ ਵਿਚ ਦੇਰੀ ਕਰਨੀ ਮਹਿੰਗੀ ਪਵੇਗੀ ਜਿਸ ਨਾਲ ਨਿਵੇਸ਼ ਘੱਟ ਹੋਵੇਗਾ। ਜਿਨ੍ਹਾਂ ਦੇਸ਼ਾਂ ਦੀਆਂ ਦਰਾਮਦਾਂ 'ਤੇ ਡਿਊਟੀ ਲੱਗੇਗੀ, ਉਨ੍ਹਾਂ ਨੇ ਜੇ ਜਵਾਬੀ ਕਾਰਵਾਈ ਵਿਚ ਅਮਰੀਕੀ ਚੀਜ਼ਾਂ 'ਤੇ ਡਿਊਟੀ ਲਗਾਉਣੀ ਸ਼ੁਰੂ ਕਰ ਦਿੱਤੀ ਤਾਂ ਵਪਾਰਕ ਜੰਗ ਸ਼ੁਰੂ ਹੋ ਜਾਵੇਗੀ। ਇਸ ਨਾਲ ਆਲਮੀ ਅਰਥਚਾਰੇ ਵਿਚ ਮੰਦੀ ਦਾ ਖ਼ਦਸ਼ਾ ਵਧ ਜਾਵੇਗਾ ਜੋ ਪਹਿਲਾਂ ਤੋਂ ਹੀ ਸੁਸਤ ਚੱਲ ਰਿਹਾ ਹੈ। ਭਾਰਤੀ ਸ਼ੇਅਰ ਬਾਜ਼ਾਰ ਵਿਚ ਤਾਂ ਇਸ ਦੇ ਆਸਾਰ ਨਾਲ ਹੀ ਗਿਰਾਵਟ ਸ਼ੁਰੂ ਹੋ ਗਈ ਹੈ। ਪਰਵਾਸ ਨੂੰ ਨੱਥ ਪਾਉਣ ਦਾ ਤਾਂ ਖ਼ਾਸ ਅਸਰ ਭਾਰਤ 'ਤੇ ਸ਼ਾਇਦ ਨਾ ਹੋਵੇ ਕਿਉਂਕਿ ਭਾਰਤ ਤੋਂ ਜਾਣ ਵਾਲੇ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਗਿਣਤੀ ਉਮੀਦ ਮੁਤਾਬਕ ਘੱਟ ਹੈ ਪਰ ਐੱਚ1ਬੀ ਵੀਜ਼ੇ 'ਤੇ ਜਾਣ ਵਾਲੇ ਪੇਸ਼ੇਵਰਾਂ ਅਤੇ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੇ ਵੀਜ਼ੇ 'ਤੇ ਖ਼ੁਦ ਟਰੰਪ ਤੇ ਉਨ੍ਹਾਂ ਦੇ ਸਲਾਹਕਾਰ ਮਸਕ, ਰਾਮਾਸਵਾਮੀ ਤੇ ਸ੍ਰੀਰਾਮ ਕ੍ਰਿਸ਼ਨਨ ਨੱਥ ਪਾਉਣ ਦੇ ਹਾਮੀ ਨਹੀਂ ਹਨ। ਇਕ ਅਜਿਹੇ ਸਮੇਂ ਜਦ ਭਾਰਤ ਨੂੰ ਆਪਣੀ ਵਿਕਾਸ ਦੀ ਰਫ਼ਤਾਰ ਬਣਾਈ ਰੱਖਣ ਲਈ ਜ਼ਿਆਦਾ ਤੋਂ ਜ਼ਿਆਦਾ ਮਾਲ ਵੇਚਣ ਅਤੇ ਨਿਵੇਸ਼ ਖਿੱਚਣ ਦੀ ਸਖ਼ਤ ਜ਼ਰੂਰਤ ਹੈ, ਉਸ ਸਮੇਂ ਇੰਪੋਰਟ ਡਿਊਟੀ ਅਤੇ ਵਪਾਰ ਜੰਗ ਦਾ ਖ਼ਤਰਾ ਗੰਭੀਰ ਚੁਣੌਤੀ ਖੜ੍ਹੀ ਕਰਦਾ ਹੈ।

ਭਾਵੇਂ ਅਮਰੀਕਾ ਨੂੰ ਨਵਾਂ ਸਦਰ ਮਿਲ ਗਿਆ ਹੈ ਪਰ ਟਰੰਪ ਜਿਸ ਤਰ੍ਹਾਂ ਦੇ ਸੁਭਾਅ ਦੇ ਮਾਲਕ ਹਨ, ਉਸ ਨੂੰ ਦੇਖਦੇ ਹੋਏ ਅਨੇਕ ਮੁਲਕਾਂ ਅੱਗੇ ਖ਼ਤਰੇ ਵੀ ਖੜ੍ਹੇ ਹੋ ਸਕਦੇ ਹਨ। ਚੀਨ ਤੇ ਰੂਸ ਨਾਲ ਟਰੰਪ ਕਿਹੋ ਜਿਹਾ ਵਤੀਰਾ ਕਰਦੇ ਹਨ, ਉਸ 'ਤੇ ਵੀ ਬਹੁਤ ਕੁਝ ਨਿਰਭਰ ਹੋਵੇਗਾ। ਭਾਵੇਂ ਪਿਛਲੇ ਕਾਰਜਕਾਲ ਦੌਰਾਨ ਟਰੰਪ ਨੇ ਭਾਰਤ ਨਾਲ ਹਰ ਪੱਖੋਂ ਵਧੀਆ ਸਬੰਧ ਤਾਮੀਰ ਕਰੀ ਰੱਖੇ ਸਨ ਪਰ ਇਸ ਵਾਰ ਉਹ ਬਦਲੇ-ਬਦਲੇ ਜਿਹੇ ਲੱਗ ਰਹੇ ਹਨ। ਉਨ੍ਹਾਂ ਨੇ ਬ੍ਰਿਕਸ ਦੇਸ਼ਾਂ ਨੂੰ ਧਮਕੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਡਾਲਰ ਦੀ ਥਾਂ ਕਿਸੇ ਹੋਰ ਮੁਦਰਾ ਨਾਲ ਵਪਾਰ ਦਾ ਫ਼ੈਸਲਾ ਕੀਤਾ ਤਾਂ ਉਹ ਉਨ੍ਹਾਂ ਦੇ ਸਾਮਾਨ 'ਤੇ ਅਮਰੀਕਾ ਵਿਚ ਬਹੁਤ ਜ਼ਿਆਦਾ ਟੈਕਸ ਲਗਾ ਦੇਣਗੇ। ਬ੍ਰਿਕਸ ਦਾ ਮੈਂਬਰ ਭਾਰਤ ਵੀ ਹੈ। ਇਸ ਲਈ ਟਰੰਪ ਦਾ ਉਕਤ ਬਿਆਨ ਉਸ ਦੀ ਚਿੰਤਾ ਵੀ ਵਧਾਉਂਦਾ ਪ੍ਰਤੀਤ ਹੋ ਰਿਹਾ ਹੈ।

## ਡੋਨਾਲਡ ਟਰੰਪ ਦੀ ਨਵੀਂ ਆਲਮੀ ਨੀਤੀ ਹੈ ਖ਼ਤਰਨਾਕ

ਡੋਨਾਲਡ ਟਰੰਪ ਨੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ ਹੈ। ਉਹ ਪਹਿਲੀ ਵਾਰ 20 ਜਨਵਰੀ 2017 ਨੂੰ ਰਾਸ਼ਟਰਪਤੀ ਬਣੇ ਸਨ। ਟਰੰਪ ਦੇ ਚੋਣ ਜਿੱਤਣ ਬਾਰੇ ਕਈ ਤਰ੍ਹਾਂ ਦੀ ਕਨਸੋਆਂ ਚੱਲਦੀਆਂ ਰਹੀਆਂ। ਉਨ੍ਹਾਂ ਦੇ ਦੁਸ਼ਮਣ ਤੇ ਮਿੱਤਰ ਦੇਸ਼ਾਂ ਵਿਚਾਲੇ ਇਹ ਚਰਚਾ ਜ਼ਿਆਦਾ ਅਹਿਮ ਸੀ ਕਿਉਂਕਿ ਟਰੰਪ ਅੜਬ ਕਿਸਮ ਦੇ ਸ਼ਾਸਕ ਵਜੋਂ ਚਰਚਾ 'ਚ ਰਹਿੰਦੇ ਹਨ। ਹੁਣ ਜਦੋਂ ਟਰੰਪ ਦੇ ਹੱਥਾਂ ਵਿਚ ਸੰਸਾਰ ਦਾ ਸਭ ਤੋਂ ਵੱਡਾ ਅਰਥਚਾਰਾ ਹੈ, ਇਸ ਵੇਲੇ ਉਨ੍ਹਾਂ ਵੱਲੋਂ ਲਏ ਜਾਣ ਵਾਲੇ ਫ਼ੈਸਲੇ ਜ਼ਿਆਦਾ ਬਰੀਕੀ ਨਾਲ ਵਿਚਾਰੇ ਜਾ ਰਹੇ ਹਨ।



ਉਨ੍ਹਾਂ ਨੇ ਰਾਸ਼ਟਰਪਤੀ ਬਣਨ ਮੌਕੇ ਕਈ ਅਹਿਮ ਫ਼ੈਸਲਿਆਂ ਵੱਲ ਧਿਆਨ ਖਿੱਚਿਆ ਹੈ। ਇਹ ਫ਼ੈਸਲੇ ਬਹੁਤੇ ਦੇਸ਼ਾਂ ਨੂੰ ਆਪਣੇ ਪ੍ਰਭਾਵ ਹੇਠਾਂ ਲੈਣ ਵਾਲੇ ਮੰਨੇ ਜਾ ਰਹੇ ਹਨ। ਫਿਰ ਉਹ ਭਾਵੇਂ ਦੂਜੇ ਦੇਸ਼ਾਂ ਦੀ ਦਰਾਮਦ-ਬਰਾਮਦ 'ਤੇ ਲੱਗਣ ਵਾਲੇ ਟੈਕਸ ਹੀ ਕਿਉਂ ਨਾ ਹੋਣ। ਇਸ ਤੋਂ ਇਲਾਵਾ ਟਰੰਪ ਵੱਲੋਂ ਆਪਣੇ ਕਾਰਜਕਾਲ ਦੌਰਾਨ ਐੱਚ1-ਬੀ-1 ਵੀਜ਼ਾ ਪ੍ਰਣਾਲੀ ਨੂੰ ਲੈ ਕੇ ਵੀ ਕੋਈ ਨਵਾਂ ਫੁਰਮਾਨ ਆਉਣ ਦੀ ਉਮੀਦ ਹੈ। ਹਾਲਾਂਕਿ ਰਾਸ਼ਟਰਪਤੀ ਦੀ ਸਹੁੰ ਚੁੱਕਣ ਤੋਂ ਬਾਅਦ ਟਰੰਪ ਨੇ ਕਈ ਗੱਲਾਂ ਦਾ ਉਚੇਚਾ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ ਇਮੀਗ੍ਰੈਂਟਸ, ਨਸ਼ਾ ਤਸਕਰਾਂ, ਮੈਕਸੀਕੋ 'ਚ ਰਹਿਣ ਦੀ ਆਪਣੀ ਨੀਤੀ ਨੂੰ ਮੁੜ ਲਾਗੂ ਕਰਨ ਦੀ ਯੋਜਨਾ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਨੂੰ ਹਰ ਹੀਲੇ ਰੋਕਣ ਲਈ ਉਪਰਾਲੇ ਕੀਤੇ ਜਾਣਗੇ। ਟਰੰਪ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਅਮਰੀਕਾ 'ਚ ਗ਼ਲਤ ਤਰੀਕਿਆਂ ਨਾਲ ਦਾਖ਼ਲ ਹੋਣ ਵਾਲੇ ਲੋਕਾਂ 'ਤੇ ਨਜ਼ਰ ਰੱਖ ਰਿਹਾ ਹੈ ਤੇ ਅਪਰਾਧਕ ਬਿਰਤੀਆਂ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ ਘੱਲੇ ਜਾਣ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਜਾਵੇਗੀ। ਟਰੰਪ ਦਾ ਦਾਅਵਾ ਹੈ ਕਿ ਦੇਸ਼ ਵਿਚ ਵਸਣ ਵਾਲੇ ਵੱਖਵਾਦੀ ਸੋਚ ਦੇ ਲੋਕਾਂ ਨੂੰ ਲੈ ਕੇ ਵੀ ਉਨ੍ਹਾਂ ਵੱਲੋਂ ਨਵੀਂ ਨੀਤੀ ਘੜੀ ਜਾ ਸਕਦੀ ਹੈ। ਬ੍ਰਿਕਸ ਦੇਸ਼ਾਂ ਨੂੰ ਟਰੰਪ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਚਿਤਾਵਨੀਆਂ ਦੇ ਚੁੱਕੇ ਹਨ।

ਭਾਰਤ ਦੇ ਨਜ਼ਰੀਏ ਨਾਲ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਟਰੰਪ ਦਾ ਸਹੁੰ ਚੁੱਕਣਾ ਵੀ ਕਈ ਤਰ੍ਹਾਂ ਨਾਲ ਵਿਚਾਰਿਆ ਜਾ ਰਿਹਾ ਹੈ। ਹਾਲਾਂਕਿ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਜੱਫੀ ਵਾਲੀਆਂ ਤਸਵੀਰਾਂ ਵਾਇਰਲ ਹੁੰਦੀਆਂ ਰਹੀਆਂ ਹਨ ਪਰ ਟਰੰਪ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਦੀ ਸੂਚੀ 'ਚ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦਾ ਨਾਂ ਨਹੀਂ ਸੀ। ਦੂਜੇ ਪਾਸੇ, ਟਰੰਪ ਦੇ ਸ਼ਾਸਨ ਵਿਚ ਕਈ ਅਹੁਦੇ ਅਜਿਹੇ ਹਨ, ਜਿਨ੍ਹਾਂ 'ਤੇ ਭਾਰਤੀ ਮੂਲ ਦੇ ਲੋਕ ਲਗਾਏ ਗਏ ਹਨ। ਟਰੰਪ ਹਾਲਾਂਕਿ ਕਾਰੋਬਾਰੀ ਸੋਚਣੀ ਵਾਲੇ ਰਾਸ਼ਟਰਪਤੀ ਹਨ ਤੇ ਉਨ੍ਹਾਂ ਤੋਂ ਕਈ ਤਰ੍ਹਾਂ ਦੀਆਂ ਆਸਾਂ-ਉਮੀਦਾਂ ਵੀ ਹਨ। ਆਲਮੀ ਪੱਧਰ 'ਤੇ ਅਮਰੀਕਾ ਖ਼ੁਸ਼ਹਾਲ ਆਰਥਿਕਤਾ ਤੇ ਸੁਰੱਖਿਆ ਪ੍ਰਬੰਧਾਂ ਦੇ ਨਜ਼ਰੀਏ ਤੋਂ ਮਜ਼ਬੂਤ ਦੇਸ਼ ਹੈ।

ਇਸ ਲਈ ਟਰੰਪ ਦੀਆਂ ਨੀਤੀਆਂ ਹੋਰ ਦੇਸ਼ਾਂ ਪ੍ਰਤੀ ਇਸ ਕਾਰਜਕਾਲ 'ਚ ਹਾਂ-ਪੱਖੀ ਸੋਚ ਵਾਲੀਆਂ ਰਹਿਣੀਆਂ ਚਾਹੀਦੀਆਂ ਹਨ। ਉਨ੍ਹਾਂ ਵੱਲੋਂ ਕਈ ਦੇਸ਼ਾਂ ਨੂੰ ਆਪਣੇ 'ਚ ਸ਼ਾਮਲ ਕਰ ਕੇ ਵੱਡਾ ਮੁਲਕ ਬਣਾਉਣ ਦਾ ਵੀ ਦਾਅਵਾ ਕੀਤਾ ਜਾਂਦਾ ਰਿਹਾ ਹੈ। ਗ੍ਰੀਨਲੈਂਡ ਤੇ ਕੈਨੇਡਾ ਨੂੰ ਲੈ ਕੇ ਵੀ ਇਹੋ ਜਿਹੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ।

ਟਰੰਪ ਦੀ ਨਵੀਂ ਆਲਮੀ ਨੀਤੀ ਜੋ ਮਰਜ਼ੀ ਹੋਵੇ ਪਰ ਟਰੰਪ ਪ੍ਰਸ਼ਾਸਨ ਦੂਜੇ ਦੇਸ਼ਾਂ ਲਈ ਕਿਸੇ ਵੀ ਰੂਪ 'ਚ ਖ਼ਤਰੇ ਦੀ ਘੰਟੀ ਨਹੀਂ ਹੋਣਾ ਚਾਹੀਦਾ। ਟਰੰਪ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਨੂੰ ਖ਼ੁਸ਼ਹਾਲ ਕਰਨ ਦੇ ਨਾਲ-ਨਾਲ ਹੋਰ ਦੇਸ਼ਾਂ ਪ੍ਰਤੀ ਵੀ ਸੁਹਿਰਦ ਰਵੱਈਆ ਰੱਖਣ ਤਾਂ ਜੋ ਉਨ੍ਹਾਂ ਨੂੰ ਲੈ ਕੇ ਜੋ ਆਲਮੀ ਪੱਧਰ 'ਤੇ ਖ਼ਦਸ਼ੇ ਹਨ, ਉਹ ਸੱਚ ਨਾ ਹੋਣ।

### ਜਨਮ ਦਿਨ 'ਤੇ ਵਿਸ਼ੇਸ਼

# ਸੰਘਰਸ਼ੀਲ ਜ਼ਿੰਦਗੀ ਦਾ ਨਾਂ ਸੀ ਨੇਤਾ ਜੀ ਸੁਭਾਸ਼ ਚੰਦਰ ਬੋਸ




ਡਾ. ਚਰਨਜੀਤ ਸਿੰਘ ਗੁਮਟਾਲਾ
001-9375739812


ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਬੰਗਾਲ ਸੂਬੇ ਦੇ ਕਟਕ ਸ਼ਹਿਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸ੍ਰੀ ਜਾਨਕੀ ਨਾਥ ਬੋਸ ਤੇ ਮਾਤਾ ਦਾ ਨਾਂ ਸ੍ਰੀਮਤੀ ਪ੍ਰਭਾਵਤੀ ਦੱਤ ਬੋਸ ਸੀ। ਇਹ ਪਰਿਵਾਰ ਵਕੀਲਾਂ ਦਾ ਪਰਿਵਾਰ ਸੀ। ਉਹ 14 ਬੱਚਿਆਂ ਵਿੱਚੋਂ ਨੌਵੇਂ ਸਥਾਨ 'ਤੇ ਸੀ।

ਜਨਵਰੀ 1902 ਵਿੱਚ ਉਸ ਨੂੰ ਪ੍ਰੋਟੈਸਟੇਂਟ ਯੂਰਪੀਅਨ ਸਕੂਲ (ਜਿਸ ਨੂੰ ਅੱਜ ਕੱਲ੍ਹ ਸਟੀਵਰਟ ਹਾਈ ਸਕੂਲ ਕਿਹਾ ਜਾਂਦਾ ਹੈ) ਕਟਕ ਵਿੱਚ ਦਾਖ਼ਲ ਕਰਵਾਇਆ ਗਿਆ। ਇਸ ਸਕੂਲ ਵਿੱਚ ਉਹ 1909 ਤੀਕ ਪੜ੍ਹੇ। ਫਿਰ ਉਨ੍ਹਾਂ ਨੂੰ ਰੇਵਨਸ਼ਾਅ ਕਾਲਜੀਏਟ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। 1913 ਵਿੱਚ ਮੈਟਰਿਕ ਵਿੱਚ ਉਨ੍ਹਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਉਚੇਰੀ ਸਿੱਖਿਆ ਲਈ ਉਨ੍ਹਾਂ ਪ੍ਰੈਜੀਡੈਂਸੀ ਕਾਲਜ ਵਿੱਚ ਦਾਖਲਾ ਲਿਆ। ਜਦ ਉਹ 16 ਸਾਲ ਦੇ ਸਨ ਤਾਂ ਉਹ ਸਵਾਮੀ ਵਿਵੇਕਾਨੰਦ ਅਤੇ ਰਾਮਾਕ੍ਰਿਸ਼ਨ ਦੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋਏ।

ਉਨ੍ਹਾਂ ਦਿਨਾਂ ਵਿੱਚ ਕਲਕੱਤਾ ਵਿੱਚ ਬਰਤਾਨੀਆ ਦੇ ਲੋਕ ਭਾਰਤੀਆਂ ਵਿਰੁੱਧ ਬਹੁਤ ਮਾੜੀ ਸ਼ਬਦਾਵਲੀ ਵਰਤਦੇ ਸਨ ਤੇ ਉਨ੍ਹਾਂ ਨੂੰ ਬੇਇੱਜ਼ਤ ਕਰਦੇ ਸਨ। ਇੱਥੇ ਇੱਕ ਔਟੇਨ ਨਾਂ ਦਾ ਅੰਗਰੇਜ਼ ਪ੍ਰੋਫ਼ੈਸਰ ਭਾਰਤੀਆਂ ਬਾਰੇ ਮਾੜੇ ਸ਼ਬਦ ਬੋਲਦਾ ਸੀ। ਇੱਕ ਦਿਨ ਸੁਭਾਸ਼ ਚੰਦਰ ਬੋਸ ਨੇ ਗੁੱਸੇ ਵਿੱਚ ਉਸ ਦੇ ਮੂੰਹ 'ਤੇ ਥੱਪੜ ਮਾਰਿਆ। ਜਿਸ ਦੇ ਸਿੱਟੇ ਵਜੋਂ ਉਸ ਨੂੰ ਕਾਲਜ਼ ਵਿੱਚੋਂ ਕੱਢ ਦਿੱਤਾ ਗਿਆ। ਫਿਰ ਆਪ ਨੇ ਸਕਟਿਸ ਚਰਚ ਕਾਲਜ (ਕਲਕੱਤਾ ਯੂਨੀਵਰਸਿਟੀ) ਵਿੱਚ ਦਾਖ਼ਲਾ ਲਿਆ ਤੇ ਬੀ.ਏ. ਆਨਰਜ਼ ਫਿਲਾਸਫ਼ੀ ਦੀ 1918 ਵਿੱਚ ਪਾਸ ਕੀਤੀ। ਉਹ 1919 ਵਿੱਚ ਉਚੇਰੀ ਸਿੱਖਿਆ ਲਈ ਇੰਗਲੈਂਡ ਚਲੇ ਗਏ। ਉੱਥੇ 8 ਮਹੀਨਿਆਂ ਦੇ ਸਮੇਂ ਵਿੱਚ ਹੀ ਇੰਡੀਅਨ ਸਿਵਲ ਸਰਵਿਸ (ਆਈ.ਸੀ.ਐਸ.) ਦਾ ਇਮਤਿਹਾਨ ਪਾਸ ਕਰ ਲਿਆ। ਆਜ਼ਾਦੀ ਦੇ ਬਾਅਦ ਇਸ ਦਾ ਨਾਂ ਬਦਲ ਕੇ ਇੰਡੀਅਨ ਐਡਮਿਨ ਸਟਰੇਟਿਵ ਸਰਵਿਸਜ਼ (ਆਈ.ਏ.ਐਸ) ਰੱਖਿਆ ਗਿਆ।

ਸੁਭਾਸ਼ ਚੰਦਰ ਬੋਸ ਦੇ ਪਰਿਵਾਰ ਦੇ ਬਹੁਤ ਵੱਡੇ ਲੋਕਾਂ ਨਾਲ ਸਬੰਧ ਸਨ। ਇਸ ਗੱਲ ਦਾ ਪਤਾ ਉਸ ਦੇ ਆਈ.ਏ.ਐਸ. ਦੀ ਪ੍ਰੀਖਿਆ ਦੇ ਫਾਰਮ ਤੋਂ ਪਤਾ ਲੱਗਦਾ ਹੈ। ਉਸ ਦੇ ਪ੍ਰੀਖਿਆ ਫਾਰਮ ਵਿੱਚ ਰਾਇਪੁਰ ਦੇ ਲਾਰਡ ਸਿਨਹਾ ਜੋ ਕਿ ਭਾਰਤ ਦਾ ਅੰਡਰ ਸੈਕਟਰੀ ਆਫ਼ ਸਟੇਟ ਸੀ ਅਤੇ ਉਹ ਪਹਿਲਾ ਭਾਰਤੀ ਸੀ ਜਿਸ ਨੇ ਬਤੌਰ ਗਵਰਨਰ ਕਿਸੇ ਰਾਜ ਵਿੱਚ ਕੰਮ ਕੀਤਾ। ਦੂਜੀ ਸ਼ਖ਼ਸੀਅਤ ਮਿਸਟਰ ਭੁਪਿੰਦਰ ਨਾਥ ਬਾਸੂ ਕਲਕੱਤੇ ਦੇ ਅਮੀਰ ਸੋਲਿਸਟਰ ਜੋ ਕਿ ਲੰਡਨ ਦੀ ਕੌਂਸਲ ਆਫ਼ ਇੰਡੀਆ ਦਾ ਮੈਂਬਰ ਸੀ।

ਉਸ ਨੇ ਕੈਮਬ੍ਰਿਜ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣਾ ਚਾਹਿਆ ਪਰ ਉਸ ਦੀ ਤਰੀਕ ਲੰਘ ਗਈ ਸੀ। ਉਸ ਨੇ 19 ਨਵੰਬਰ 1919 ਨੂੰ ਇਕ ਕਾਲਜ਼ ਵਿੱਚ ਦਾਖ਼ਲਾ ਲਿਆ। ਉਹ ਆਈ.ਸੀ.ਐਸ. ਵਿੱਚ ਚੌਥੇ ਸਥਾਨ 'ਤੇ ਆਇਆ। ਉਸ ਨੇ ਆਪਣੇ ਵੱਡੇ ਭਰਾ ਸ਼ਰਤ ਚੰਦਰ ਬੋਸ ਨੂੰ ਲਿਖਿਆ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਨਾ ਚਾਹੁੰਦਾ ਤੇ ਭਾਰਤ ਨੂੰ ਆਜ਼ਾਦ ਵੇਖਣਾ ਚਾਹੁੰਦਾ ਹੈ। ਉਸ ਨੇ 23 ਅਪ੍ਰੈਲ 1921 ਨੂੰ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਭਾਰਤ ਆ ਗਿਆ।

ਉਸ ਨੇ ਸਵਰਾਜ ਅਖ਼ਬਾਰ ਸ਼ੁਰੂ ਕੀਤੀ ਤੇ ਬੰਗਾਲ ਸੂਬੇ ਦੇ ਕਾਂਗਰਸ ਕਮੇਟੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਉਸ ਸਮੇਂ ਬੰਗਾਲ ਵਿੱਚ ਚਿਤਰੰਜਨ ਦਾਸ ਅਗਾਂਹ ਵਧੂ ਕੌਮੀ ਲੀਡਰ ਸੀ ਉਹ ਉਸਦਾ ਉਪਾਸ਼ਕ ਸੀ। 1923 ਵਿੱਚ ਬੋਸ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਤੇ ਨਾਲ ਹੀ ਬੰਗਾਲ ਸੂਬੇ ਦੀ ਕਾਂਗਰਸ ਦਾ ਸਕੱਤਰ ਚੁਣਿਆ ਗਿਆ। ਉਹ 'ਫਾਰਵਰਡ' ਅਖ਼ਬਾਰ ਦਾ ਸੰਪਾਦਕ ਬਣਿਆ, ਜਿਸ ਦੇ ਬਾਨੀ ਸ੍ਰੀ ਚਿਤਰੰਜਨ ਦਾਸ ਸਨ। ਜਦ 1924 ਈ. ਵਿੱਚ ਸ੍ਰੀ ਚਿਤਰੰਜਨ ਦਾਸ ਕਲਕੱਤਾ ਮਿਉਂਸਿਪਲ ਕਾਰਪੋਰੇਸ਼ਨ ਦੇ ਮੇਅਰ ਚੁਣੇ ਗਏ ਤਾਂ ਬੋਸ ਨੇ ਉਨ੍ਹਾਂ ਨਾਲ ਬਤੌਰ ਸੀ.ਈ.ਓ. ਕੰਮ ਕੀਤਾ। 1925 ਵਿੱਚ ਉਸ ਨੂੰ ਕੌਮੀ ਲੀਡਰਾਂ ਦੇ ਨਾਲ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਤੇ ਮਾਂਡਲੇ ਜੇਲ੍ਹ ਭੇਜ ਦਿੱਤਾ। ਉਸ ਨੂੰ 1927 ਈ. ਵਿੱਚ ਰਿਹਾਅ ਕੀਤਾ ਗਿਆ।

ਉਸ ਨੂੰ ਕਾਂਗਰਸ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ ਤੇ ਉਸ ਨੇ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਆਜ਼ਾਦੀ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦਸੰਬਰ 1928 ਵਿੱਚ ਉਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਾਲਾਨਾ ਮੀਟਿੰਗ ਕਲਕੱਤੇ ਕਰਵਾਈ।

ਉਸ ਦੀ ਯਾਦਗਰੀ ਭੂਮਿਕਾ ਸੀ ਬਤੌਰ ਕਾਂਗਰਸ ਸੇਵਾ ਦਲ ਦਾ ਜੀ ਓ ਸੀ ਅਰਥਾਤ ਜਨਰਲ ਆਫ਼ੀਸਰ ਕਮਾਂਡਿੰਗ ਬਣਨਾ ਜਾਂ ਨਜ਼ਰ ਆਉਣਾ। ਨੀਰਦ ਚੌਧਰੀ ਦੇ ਲਫ਼ਜ਼ਾਂ ਵਿੱਚ, "ਬੋਸ ਨੇ ਇੱਕ ਬਕਾਇਦਾ ਵਰਦੀਧਾਰੀ ਸੇਵਾ ਦਲ ਗਠਨ ਕੀਤਾ ਹੋਇਆ ਸੀ। ਅਫ਼ਸਰਾਂ ਨੂੰ ਮੋਢੇ 'ਤੇ ਲਾਉਣ ਵਾਲੇ ਸਟੀਲ ਦੇ ਬਿੱਲੇ ਦਿੱਤੇ ਹੋਏ ਸਨ। ਉਸ ਦੀ ਆਪਣੀ ਵਰਦੀ ਕਲਕੱਤੇ ਦੇ ਮਸ਼ਹੂਰ ਟੇਲਰ ਹਰਮਨ ਦੁਆਰਾ ਤਿਆਰ ਹੋ ਕੇ ਆਈ ਸੀ। ਇਹ ਟੇਲਰ ਇੱਕ ਵਲੈਤੀ ਕੰਪਨੀ ਦਾ ਸੀ। ਸੁਭਾਸ਼ ਚੰਦਰ ਦੇ ਨਾਮ ਵਾਲੀ ਇੱਕ ਟੈਲੀਗ੍ਰਾਮ ਫੋਰਟ ਵਿਲੀਅਮ ਵਿੱਚ ਮੌਕੀਮ ਇੱਕ ਅੰਗਰੇਜ਼ ਜਰਨੈਲ ਦੇ ਹੱਥ ਲੱਗੀ ਜਿਸ 'ਤੇ ਬੋਸ ਦੇ ਨਾਮ ਦੇ ਪਿੱਛੇ ਜੀ ਓ ਸੀ ਲਿਖਿਆ ਹੋਇਆ ਸੀ। ਇਸ ਨੂੰ ਇੱਕ ਮਜ਼ਾਕ ਜਿਹਾ ਸਮਝ ਕੇ ਅਖ਼ਬਾਰਾਂ ਵਿੱਚ ਕਾਫ਼ੀ ਠੱਠਾ-ਮਖ਼ੌਲ ਪੜ੍ਹਨ ਨੂੰ ਮਿਲਿਆ ਜਿਸ ਦਾ ਬੰਗਾਲੀਆਂ ਨੇ ਬਹੁਤ ਬੁਰਾ ਮਨਾਇਆ।"

ਨਾ-ਮਿਲਵਰਤਨ ਲਹਿਰ ਸਮੇਂ ਬੋਸ ਨੂੰ ਕੁਝ ਸਮੇਂ ਬਾਅਦ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਉਪਰੰਤ ਉਹ 1930 ਵਿੱਚ ਕਲਕੱਤੇ ਦਾ ਮੇਅਰ ਚੁਣਿਆ ਗਿਆ। 1930 ਦੇ ਅੱਧ ਵਿਚਕਾਰ ਵਿੱਚ ਉਸ ਨੇ ਯੂਰਪ ਦੀ ਯਾਤਰਾ ਕੀਤੀ। ਉਸ ਨੇ ਕਮਿਊਨਿਸਟ ਤੇ ਫ਼ਾਸ਼ੀਵਾਦ ਵੇਖਿਆ। ਇਸ ਸਮੇਂ ਉਸ ਨੇ ਆਪਣੀ ਕਿਤਾਬ ਦਾ ਇੰਡੀਅਨ ਸਟਰਗ ਦਾ ਪਹਿਲਾ ਭਾਗ ਮੁਕੰਮਲ ਕੀਤਾ। ਜਿਸ ਵਿੱਚ ਉਸ ਨੇ 1920 ਤੋਂ 1934 ਸਮੇਂ ਦੇ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ। ਇਹ ਕਿਤਾਬ 1935 ਵਿੱਚ ਲੰਡਨ ਵਿੱਚ ਛਪੀ ਪਰ ਬਰਤਾਨੀਆ ਸਰਕਾਰ ਨੇ ਇਸ 'ਤੇ ਪਾਬੰਦੀ ਲਾ ਦਿੱਤੀ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਸੀ ਕਿ ਇਸ ਨਾਲ ਦੇਸ਼ ਵਿੱਚ ਗੜ ਬੜੀ ਫੈਲੇਗੀ।

1938 ਵਿੱਚ ਉਨ੍ਹਾਂ ਨੇ ਵਿਚਾਰ ਪ੍ਰਗਟ ਕੀਤਾ ਕਿ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਦੋ ਉਦੇਸ਼ ਸਾਹਮਣੇ ਰੱਖਣੇ ਚਾਹੀਦੇ ਹਨ ਇਕ ਰਾਜਨੀਤਕ ਆਜ਼ਾਦੀ ਕਿਵੇਂ ਪ੍ਰਾਪਤ ਕਰਨੀ ਹੈ ਤੇ ਦੂਜਾ ਸਮਾਜਵਾਦੀ ਹਕੂਮਤ ਕਿਵੇਂ ਬਣਾਉਣੀ ਹੈ। 1938 ਈ. ਵਿੱਚ ਉਹ ਕੌਮੀ ਪੱਧਰ ਦੇ ਨੇਤਾ ਬਣ ਗਏ ਤੇ ਕਾਂਗਰਸ ਦੀ ਪ੍ਰਧਾਨਗੀ ਪ੍ਰਵਾਨ ਕਰਨ ਲਈ ਸਹਿਮਤ ਹੋ ਗਏ। ਉਹ ਸਵਰਾਜ (ਸੈਲਫ਼ ਗਵਰਨਸ) ਲਈ ਖੜ੍ਹੇ ਹੋਏ ਤੇ ਉਨ੍ਹਾਂ ਕਿਹਾ ਕਿ ਇਸ ਕੰਮ ਲਈ ਸਾਨੂੰ ਭਾਵੇਂ ਤਾਕਤ ਦੀ ਵਰਤੋਂ ਕਿਉਂ ਨਾ ਕਰਨੀ ਪਵੇ। ਇਸ ਦਾ ਮਤਲਬ ਬੋਸ ਤੇ ਮਹਾਤਮਾ ਗਾਂਧੀ ਵਿਚਕਾਰ ਟਕਰਾਉ ਸ਼ੁਰੂ ਹੋ ਗਿਆ ਕਿਉਂਕਿ ਗਾਂਧੀ ਬੋਸ ਦੀ ਪ੍ਰਧਾਨਗੀ ਦੇ ਵਿਰੁੱਧ ਸਨ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਫੁੱਟ ਪੈ ਗਈ।

ਬੋਸ ਨੇ ਏਕਾ ਕਾਇਮ ਰੱਖਣ ਦਾ ਯਤਨ ਕੀਤਾ ਪਰ ਗਾਂਧੀ ਨੇ ਬੋਸ ਨੂੰ ਆਪਣੀ ਕੈਬਨਿਟ ਬਣਾਉਣ ਲਈ ਕਿਹਾ। ਇਸ ਫੁੱਟ ਨਾਲ ਬੋਸ ਤੇ ਨਹਿਰੂ ਵਿੱਚ ਵੀ ਫੁੱਟ ਪੈ ਗਈ। 1939 ਈ. ਵਿੱਚ ਕਾਂਗਰਸ ਮੀਟਿੰਗ ਵਿੱਚ ਬੋਸ ਸਟਰੈਚਰ 'ਤੇ ਆਇਆ। ਬੋਸ ਗਾਂਧੀ ਦੇ ਉਮੀਦਵਾਰ ਪਤਾਭੀ ਸੀਤਾ ਰਮਈਆ ਦੇ ਮੁਕਾਬਲੇ 'ਤੇ ਪ੍ਰਧਾਨਗੀ ਦੀ ਚੋਣ ਦੁਬਾਰਾ ਜਿੱਤ ਗਿਆ। ਪਰ ਗਾਂਧੀ ਧੜੇ ਵਾਲੇ ਕਾਂਗਰਸ ਵਰਕਿੰਗ ਕਮੇਟੀ ਵਿੱਚ ਚਾਲਬਾਜ਼ੀ ਕਰਕੇ ਉਸ ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਦੇਣਾ ਪਿਆ।

22 ਜੂਨ 1939 ਨੂੰ ਬੋਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਧੜੇ ਦੇ ਤੌਰ 'ਤੇ ਆਲ ਇੰਡੀਆ ਫਾਰਵਡ ਬਲਾਕ ਦੀ ਮੀਟਿੰਗ ਕੀਤੀ। ਬੋਸ ਦਾ ਵਿਚਾਰ ਸੀ ਕਿ ਆਜ਼ਾਦ ਇੰਡੀਆ ਨੂੰ ਸਮਾਜਵਾਦੀ ਤਾਨਾਸ਼ਾਹੀ ਜਿਵੇਂ ਕਿ ਤੁਰਕੀ ਦੇ ਕਮਲ ਅਟੇਤੁਕ ਦੀਆਂ ਲੀਹਾਂ 'ਤੇ ਘੱਟੋ ਘੱਟ ਦੋ ਦਹਾਕਿਆ ਲਈ ਚਾਹੀਦੀ ਹੈ। ਬੋਸ ਨੂੰ ਬਰਤਾਨੀਆ ਅਧਿਕਾਰੀਆਂ ਨੇ ਅੰਕਰਾ ਵਿੱਚ ਅਟੇਤਰਕ ਮਿਲਣ ਦੀ ਆਗਿਆ ਨਾ ਦਿੱਤੀ। ਬੋਸ ਨੇ ਵੱਖ ਵੱਖ ਪਾਰਟੀਆਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਲੇਬਰ ਪਾਰਟੀ ਅਤੇ ਲਿਬਰਲ ਪਾਰਟੀ ਨੇ ਮਿਲਣ ਲਈ ਸਹਿਮਤੀ ਦਿੱਤੀ। 1930 ਈ. ਕਨਸਰਵੇਟਿਵ ਪਾਰਟੀ ਨੇ ਭਾਰਤ ਨੂੰ ਡੋਮਿਅਨੀਅਨ ਸਟੇਟਸ ਦੀ ਵਿਰੋਧਤਾ ਕੀਤੀ। ਭਾਰਤ ਨੇ ਆਜ਼ਾਦੀ ਲੇਬਰ ਪਾਰਟੀ ਦੀ 1945-1951 ਦੀ ਸਰਕਾਰ ਸਮੇਂ ਪ੍ਰਾਪਤ ਕੀਤੀ।

ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ 'ਤੇ ਬੋਸ ਨੇ ਵਾਇਸਰਾਇ ਵੱਲੋਂ ਕਾਂਗਰਸੀ ਲੀਡਰਸ਼ਿਪ ਨੂੰ ਪੁੱਛਣ ਤੋਂ ਬਗ਼ੈਰ ਭਾਰਤ ਦੀ ਤਰਫੋਂ ਲੜਾਈ ਦਾ ਐਲਾਨ ਕਰਨ ਦੇ ਰੋਸ ਵਿੱਚ ਪ੍ਰੋਟੈਸਟ ਕਰਨਾ ਸ਼ੁਰੂ ਕਰ ਦਿੱਤਾ। ਮਹਾਤਮਾ ਗਾਂਧੀ ਨੂੰ ਇਸ ਕੰਮ ਵਿੱਚ ਮਨਾਉਣ ਵਿੱਚ ਉਹ ਅਸਫ਼ਲ ਰਹਿਣ ਪਿੱਛੋਂ ਉਨ੍ਹਾਂ ਕਲਕੱਤੇ ਵੱਡੀ ਪੱਧਰ 'ਤੇ ਮੁਜ਼ਾਹਰੇ ਕਰਨੇ ਸ਼ੁਰੂ ਕੀਤੇ। ਉਸ ਨੂੰ ਜੇਲ੍ਹ ਡੱਕ ਦਿੱਤਾ ਗਿਆ ਪਰ ਸੱਤਾਂ ਦਿਨਾਂ ਦੀ ਭੁੱਖ ਹੜਤਾਲ ਪਿੱਛੋਂ ਰਿਹਾਅ ਕਰ ਦਿੱਤਾ ਗਿਆ। ਬੋਸ ਦੇ ਘਰ 'ਤੇ ਨਜ਼ਰ ਰੱਖਣ ਲਈ ਸੀ ਆਈ ਡੀ ਤਾਇਨਾਤ ਕਰ ਦਿੱਤੀ ਗਈ।

17 ਜਨਵਰੀ 1941 ਦੀ ਰਾਤ ਨੂੰ ਬੋਸ ਪਠਾਣ ਦੇ ਭੇਸ ਵਿੱਚ ਆਪਣੇ ਭਤੀਜੇ ਸਿਸਰ ਕੁਮਾਰ ਬੋਸ ਦੇ ਨਾਲ ਮੌਜੂਦਾ ਝਾਰਖੰਡ ਦੇ ਇਸ ਸਮੇਂ ਨੇਤਾ ਜੀ ਸੁਭਾਸ਼ ਚੰਦਰ ਬੋਸ ਗੋਮੋਹ ਰੇਲਵੇ ਤੋਂ ਜਰਮਨੀ ਨੂੰ ਬਰਾਸਤਾ ਅਫ਼ਗਾਨਿਸਤਾਨ ਨੂੰ ਰਵਾਨਾ ਹੋਇ। ਉਹ ਪਹਿਲਾ ਅਬਵੇਹਰ ਦੀ ਸਹਾਇਤਾ ਨਾਲ ਪਿਸ਼ਾਵਰ ਪੁੱਜੇ, ਜਿੱਥੇ ਉਹ ਅਕਬਰ ਸ਼ਾਹ ,ਮੁਹੰਮਦ ਸ਼ਾਹ ਅਤੇ ਭਗਤ ਰਾਮ ਤਲਵਾੜ ਨੂੰ ਮਿਲੇ। ਆਗਾ ਖ਼ਾਨ ਦੇ ਸਹਾਇਕਾਂ ਨਾਲ ਉਸ ਨੇ ਅਫ਼ਗਾਨਿਸਤਾਨ ਦਾ ਬਾਰਡਰ ਪਾਰ ਕੀਤਾ। ਉਹ ਇਟੈਲੀਅਨ ਪਾਸਪੋਰਟ 'ਤੇ ਮਾਸਕੋ ਪੁੱਜੇ। ਮਾਸਕੋ ਤੋਂ ਉਹ ਰੋਮ ਪੁੱਜੇ ਤੇ ਉਸ ਤੋਂ ਅੱਗੇ ਉਹ ਜਰਮਨੀ ਪਹੁੰਚ ਗਏ।

ਜਰਮਨ ਵਿੱਚ ਜਰਮਨ ਦੀ ਸਹਾਇਤ ਨਾਲ ਆਜ਼ਾਦ ਹਿੰਦ ਰੇਡੀਓ ਚਲਾਇਆ ਗਿਆ। ਬਰਲਿਨ ਵਿੱਚ ਫਰੀ ਇੰਡੀਆ ਸੈਂਟਰ ਕਾਇਮ ਕੀਤਾ ਗਿਆ ਤੇ ਇੰਡੀਅਨ ਲੀਗ ਜਿਸ ਵਿੱਚ 4500 ਫੌਜੀ ਸਨ ਕਾਇਮ ਕੀਤੀ ਗਈ । ਪਰ ਬੋਸ ਨੂੰ ਮਾਯੂਸੀ ਉਸ ਸਮੇਂ ਹੋਈ ਜਦ ਹਿਟਲਰ ਦੇ ਟੈਂਕਾਂ ਨੇ ਸੋਵੀਅਤ ਦੇ ਬਾਰਡਰ ਨੂੰ ਪਾਰ ਕੀਤਾ। ਬੋਸ ਬਰਲਿਨ ਵਿੱਚ 1941 ਤੋਂ 1943 ਤੀਕ ਰਿਹਾ।



ਇਸ ਤੋਂ ਪਹਿਲਾਂ ਉਹ 1934 ਵਿੱਚ ਆਸਟਰੀਆ ਦੀ ਰਾਜਧਾਨੀ ਵਿਏਨਾ ਵਿੱਚ ਇਲਾਜ਼ ਕਰਾਉਣ ਆਏ ਸਨ। ਉੱਥੇ ਉਨ੍ਹਾਂ ਦਾ ਮੇਲ 23 ਸਾਲ ਦੀ ਖ਼ੂਬਸੂਰਤ ਐਮਿਲੀ ਸ਼ੈਂਕਲ ਨਾਲ ਹੋਇਆ। ਉਸ ਸਮੇਂ ਬੋਸ 37 ਸਾਲ ਦੇ ਸਨ। ਇਸ ਲੜਕੀ ਦਾ ਕੰਮ 'ਇੰਡੀਅਨ ਸਟਰੱਗਲ' ਕਿਤਾਬ ਟਾਇਪ ਕਰਨਾ ਸੀ। ਉਸ ਦੀ ਦੋਸਤੀ ਸਮੇਂ ਦੋਵਾਂ ਵਿੱਚ ਖਤਾਂ ਦਾ ਆਦਾਨ ਪ੍ਰਦਾਨ ਹੁੰਦਾ ਰਿਹਾ। 26 ਨਵੰਬਰ 1937 ਨੂੰ ਉਨ੍ਹਾਂ ਦਾ ਵਿਆਹ ਆਸਟਰੀਆ ਦੇ ਬਾਗੀਸਤੀਨ ਵਿੱਚ ਹੋਇਆ। ਇਹ ਵਿਆਹ ਬਿਲਕੁਲ ਗੁਪਤ ਰੱਖਿਆ । ਭਾਵੇਂ ਉਨ੍ਹਾਂ ਦਾ ਸਾਥ 1934 ਤੋਂ 1945 ਵਿਚਾਲੇ 12 ਸਾਲਾਂ ਦਾ ਸੀ, ਪਰ ਉਹ ਇਕੱਠੇ ਤਿੰਨ ਸਾਲ ਤੋਂ ਵੀ ਘੱਟ ਸਮਾਂ ਰਹੇ। ਉਨ੍ਹਾਂ ਦੀ ਪ੍ਰੇਮ ਦੀ ਨਿਸ਼ਾਨੀ ਦੇ ਤੌਰ 'ਤੇ 29 ਨਵੰਬਰ 1942 ਨੂੰ ਧੀ ਦਾ ਜਨਮ ਹੋਇਆ ਜਿਸ ਦਾ ਨਾਂ ਅਨੀਤਾ ਰੱਖਿਆ ਗਿਆ। ਬੋਸ ਆਪਣੀ ਧੀ ਨੂੰ ਵੇਖਣ ਲਈ ਦਸੰਬਰ 1942 ਵਿੱਚ ਵਿਏਨਾ ਪਹੁੰਚਦੇ ਹਨ ਤੇ ਉਸ ਤੋਂ ਬਾਅਦ ਆਪਣੇ ਭਰਾ ਸ਼ਰਤ ਚੰਦਰ ਬੋਸ ਨੂੰ ਬੰਗਾਲੀ ਵਿੱਚ ਲਿਖੇ ਖ਼ਤ ਵਿਚ ਪਤਨੀ ਤੇ ਧੀ ਬਾਰੇ ਜਾਣਕਾਰੀ ਦੇਂਦੇ ਹਨ। ਐਮਿਲੀ ਸੁਭਾਸ਼ ਚੰਦਰ ਬੋਸ ਦੀਆਂ ਯਾਦਾਂ ਦੇ ਸਹਾਰੇ 1996 ਤੱਕ ਜਿੰਦਾ ਰਹੀ। ਉਸ ਨੇ ਇੱਕ ਛੋਟੇ ਜਿਹੇ ਡਾਕਘਰ ਵਿੱਚ ਕੰਮ ਕਰਦੇ ਹੋਇਆ ਬੋਸ ਦੀ ਆਖ਼ਰੀ ਨਿਸ਼ਾਨੀ ਆਪਣੀ ਧੀ ਅਨੀਤਾ ਬੋਸ ਨੂੰ ਪਾਲ ਕੇ ਵੱਡਾ ਕਰਕੇ ਜਰਮਨੀ ਦੀ ਮਸ਼ਹੂਰ ਅਰਥ ਸ਼ਾਸਤਰੀ ਬਣਾਇਆ। ਉਸ ਨੇ ਮੁਸ਼ਕਲ ਸਫ਼ਰ ਸਮੇਂ ਬੋਸ ਪਰਿਵਾਰ ਕੋਲੋਂ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਆਪਣੇ ਵਿਆਹ ਤੋਂ ਬੱਚੀ ਬਾਰੇ ਕਿਸੇ ਨੂੰ ਨਹੀਂ ਦੱਸਿਆ।

ਜਾਪਾਨ ਸਰਕਾਰ ਦੀ ਕੋਸ਼ਿਸ਼ ਸੀ ਕੋਈ ਐਸੀ ਫੌਜ ਤਿਆਰ ਕੀਤੀ ਜਾਵੇ ਜੋ ਜਾਪਾਨ ਦੇ ਨਾਲ ਰਲ ਕੇ ਅੰਗਰੇਜ਼ਾਂ ਵਿਰੁੱਧ ਲੜੇ। ਜਪਾਨੀ ਗੁਫ਼ੀਆ ਯੂਨਿਟ ਦਾ ਮੁੱਖੀ ਇੰਡੀਅਨ ਇਡੀਪੈਂਨਡੈਂਸ ਲੀਗ ਦੇ ਬੈਂਕਾਕ ਚੈਪਟਰ ਦੇ ਪ੍ਰਧਾਨ ਪ੍ਰੀਤਮ ਸਿੰਘ ਢਿੱਲੋਂ ਨੂੰ ਮਿਲਿਆ ਤੇ ਉਸ ਦੇ ਰਾਹੀਂ ਬਰਤਾਨਵੀ ਭਾਤਰੀ ਫੌਜ ਦੇ ਕੈਪਟਨ ਮੋਹਨ ਸਿੰਘ ਜਿਸ ਨੂੰ ਕਿ ਦਸੰਬਰ 1941 ਵਿੱਚ ਪੱਛਮੀ ਮਲਾਇਅਨ ਪੈਨੀਨਸੁਲਾ ਤੋਂ ਫੜ੍ਹਿਆ ਸੀ ਨੂੰ ਭਰਤੀ ਕੀਤਾ ਗਿਆ। ਸਿੱਟੇ ਵਜੋਂ ਫਸਟ ਇੰਡੀਅਨ ਨੈਸ਼ਨਲ ਆਰਮੀ ਬਣਾਈ। ਕੈਪਟਨ ਮੋਹਨ ਸਿੰਘ ਤੇ ਜਾਪਾਨ ਦੇ ਗੁਪਤਚਰ ਵਿਭਾਗ ਦੇ ਮੁੱਖੀ ਦੀ ਸਲਾਹ ਨਾਲ ਦਸੰਬਰ 1941 ਦੇ ਦੂਜੇ ਅੱਧ ਵਿੱਚ ਬਣਾਈ ਗਈ ਤੇ ਜਨਵਰੀ 1942 ਦੇ ਪਹਿਲੇ ਹਫ਼ਤੇ ਇਸ ਦਾ ਨਾਂ ਰੱਖਿਆ ਗਿਆ।ਸੁਭਾਸ਼ ਚੰਦਰ ਬੋਸ ਦੇ ਆਉਣ ਨਾਲ ਸਿੰਘਾਪੁਰ ਵਿਚ ਆਰਜੀ ਆਜ਼ਾਦ ਸਰਕਾਰ 21 ਅਕਤੂਬਰ 1943 ਵਿਚ ਬਣਾਈ ਅਤੇ ਬਰਤਾਨੀਆ ਤੇ ਅਮਰੀਕਾ ਵਿਰੁਧ ਲੜਾਈ ਲੜਨ ਦਾ ਐਲਾਨ ਕੀਤਾ। ਇਸ ਆਰਜ਼ੀ ਸਰਕਾਰ ਜਿਸ ਦੀ ਆਪਣੀ ਕਰੰਸੀ, ਡਾਕ ਟਿਕਟ, ਅਦਾਲਤ ਤੇ ਸਿਵਲ ਕੋਡ ਸੀ ਤੇ ਜਿਸ ਨੂੰ 9 ਐਕਸਿਨ ਸਰਕਾਰਾਂ ਜਿਸ ਵਿੱਚ ਜਰਮਨੀ, ਜਾਪਾਨ, ਇਟਲੀ, ਬਰਮਾ ਥਾਈਲੈਂਡ ਆਦਿ ਸ਼ਾਮਲ ਸਨ ਵਲੋਂ ਮਾਨਤਾ ਦਿੱਤੀ ਗਈ। ਆਜ਼ਾਦ ਹਿੰਦ ਫ਼ੌਜ ਦੇ ਪੁਨਰਗਠਨ ਵਿਚ ਸੁਭਾਸ਼ ਚੰਦਰ ਬੋਸ ਨੇ ਪੰਜਾਬੀਆਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਸਨ ਜਿਵੇਂ ਲੈਫ਼ਟੀਨੈਂਟ ਕਰਨਲ ਹਬੀਬ-ਉਰ-ਰਹਿਮਾਨ ਨੂੰ ਡਿਪਟੀ ਚੀਫ ਆਫ ਸਟਾਫ ਅਤੇ ਮੇਜਰ ਪੀ.ਕੇ. ਸਹਿਗਲ ਨੂੰ ਮਿਲਟਰੀ ਸਕੱਤਰ ਨਿਯੁਕਤ ਕੀਤਾ। ਯੋਜਨਾ, ਸੈਨਿਕਾਂ ਦੀ ਸਿਖਲਾਈ ਅਤੇ ਖ਼ੁਫ਼ੀਆ ਜਾਣਕਾਰੀ ਵਿਭਾਗ ਦੀ ਜ਼ਿੰਮੇਵਾਰੀ ਪੰਜਾਬੀ ਲੈਫਟੀਨੈਂਟ ਕਰਨਲ ਸ਼ਾਹ ਨਵਾਜ਼ ਖ਼ਾਨ ਨੂੰ ਦਿੱਤੀ ਗਈ । ਸੁਭਾਸ਼ ਚੰਦਰ ਬੋਸ 18 ਅਗਸਤ 1945 ਨੂੰ ਹਵਾਈ ਦੁਆਰਾ ਫਾਰਮੂਸਾ ਪਹੁੰਚੇ। ਉੱਥੇ ਉਨ੍ਹਾਂ ਨੂੰ ਕੁਝ ਸਮਾਂ ਠਹਿਰਨਾ ਪਿਆ। ਉੱਥੇ ਤਾਈਹੂਕ ਅੱਡੇ 'ਤੇ ਹਵਾਈ ਜਹਾਜ਼ ਨੇ ਉਡਾਣ ਭਰਨ ਸਮੇਂ ਜਹਾਜ਼ ਨੂੰ ਅੱਗ ਲਗ ਗਈ ਤੇ ਉਹ ਬੁਰੀ ਤਰ੍ਹਾਂ ਝੁਲਸ ਗਏ ਤੇ ਸਮੇਂ ਬਾਦ ਅਕਾਲ ਚਲਾਣਾ ਕਰ ਗਏ।

# ਅਮਰੀਕਾ 'ਚ ਬੀਮਾ ਕੰਪਨੀਆਂ ਦਾ ਅਨੈਤਿਕ ਵਰਤਾਰਾ



**ਕੇਵਲ ਸਿੰਘ ਰੱਤੜਾ**

ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਵਿੱਚ ਦੱਖਣੀ ਕੈਲੀਫੋਰਨੀਆ ਨੇ ਵਧੀਆਂ ਹੋਈਆਂ ਅੱਗਾਂ ਦੇ ਕਾਰਨ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ, ਖ਼ਾਸ ਤੌਰ 'ਤੇ ਲਾਸ ਏਂਜਲਸ ਖੇਤਰ ਵਿੱਚ। ਇਨ੍ਹਾਂ ਕੁਦਰਤੀ ਆਫ਼ਤਾਂ ਦੇ ਵਾਧੇ ਨਾਲ ਬਹੁਤ ਸਾਰੇ ਨਾਗਰਿਕਾਂ ਨੂੰ ਜਿਸ ਨਤੀਜੇ ਦਾ ਸਾਹਮਣਾ ਕਰਨਾ ਪਿਆ ਹੈ: ਉਹ ਹੈ ਉਹਨਾਂ ਦੇ ਘਰਾਂ ਦੀਆਂ ਬੀਮਾ ਪਾਲਿਸੀਆਂ ਦੀ ਰੱਦਗੀ (ਕੈਂਸਲੇਸ਼ਨ)। ਬੀਮਾ ਕੰਪਨੀਆਂ ਜੋ ਆਰਥਿਕ ਜੋਖਿਮ ਦੇ ਪ੍ਰਬੰਧ ਲਈ ਤਿਆਰ ਕੀਤੀਆਂ ਗਈਆਂ ਹਨ, ਨੇ ਉੱਚ-ਜੋਖਿਮ ਵਾਲੇ ਖੇਤਰਾਂ ਲਈ ਕਵਰੇਜ ਘਟਾਉਣ ਦਾ ਫੈਸਲਾ ਲਿਆ ਹੈ ਜਿਸ ਕਾਰਨ ਬਹੁਤ ਸਾਰੇ ਘਰਾਂ ਦੇ ਮਾਲਕ ਆਰਥਿਕ ਅਸਮਾਨਤਾ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਪਾਲਿਸੀਆਂ ਨੂੰ ਰੱਦ ਕਰਨ ਦੇ ਕਾਰਨ ਕੀ ਹਨ, ਇਸ ਦੇ ਰਿਹਾਇਸ਼ੀਆਂ ਲਈ ਕੀ ਅਸਰ ਹਨ ਅਤੇ ਇਸ ਵਧਦੇ ਸੰਕਟ ਨੂੰ ਹੱਲ ਕਰਨ ਲਈ ਸੰਭਾਵੀ ਉਪਾਅ ਕੀ ਹੋ ਸਕਦੇ ਹਨ, ਇਸ ਬਾਰੇ ਵਿਚਾਰ ਕੀਤੀ ਜਾਵੇਗੀ।

ਜਲਵਾਯੂ ਚਿਤਾਵਨੀ, ਸ਼ਹਿਰੀ ਵਿਸਥਾਰ ਅਤੇ ਜੰਗਲਾਂ ਦੇ ਮਾੜੇ ਪ੍ਰਬੰਧਨ ਕਾਰਨ ਕੈਲੀਫੋਰਨੀਆ ਵਿੱਚ ਅੱਗਾਂ ਦੀ ਗਿਣਤੀ ਅਤੇ ਤੀਬਰਤਾ ਵਿੱਚ ਵਾਧਾ ਹੋਇਆ ਹੈ। ਵਧਦੇ ਗਲੋਬਲ ਤਾਪਮਾਨ ਨੇ ਸੁੱਕੇ ਸਮਿਆਂ ਨੂੰ ਲੰਮਾ ਕੀਤਾ ਹੈ, ਸੁੱਕੇ ਪੌਦਿਆਂ ਅਤੇ ਘਾਹ-ਫੂਸ ਦੀ ਗਿਣਤੀ ਵਧਾ ਦਿੱਤੀ ਹੈ ਜਿਸ ਨੇ ਗਰਮੀ ਦੀਆਂ ਲਹਿਰਾਂ ਨੂੰ ਵਧਾ ਦਿੱਤਾ ਹੈ। ਇਸ ਵਰਤਾਰੇ ਨੇ ਵਿਸ਼ਾਲ ਇਲਾਕੇ ਵਿੱਚ ਹੋਰ ਜ਼ਿਆਦਾ ਅਤੇ ਲੰਮੇ ਸਮੇਂ ਤੱਕ ਚਲਣ ਵਾਲੀਆਂ ਅੱਗਾਂ ਲਈ ਕਾਰਨ ਪੈਦਾ ਕੀਤੇ ਹਨ ਅਤੇ ਨਿਵਾਸੀਆਂ ਲਈ ਬੇਹੱਦ ਖ਼ਤਰਨਾਕ ਹਾਲਾਤ ਪੈਦਾ ਕੀਤੇ ਹਨ। ਇਹੀ ਵਰਤਾਰਾ ਪੱਛਮੀ ਕੈਨੇਡਾ ਵਿਚਲੇ ਜੰਗਲਾਂ ਵਿੱਚ ਵੀ ਲਗਭਗ ਹਰ ਸਾਲ ਵਾਪਰਦਾ ਹੈ। ਜੰਗਲੀ ਅੱਗਾਂ ਨਾਲ ਨਜਿੱਠਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੁੰਦੀ। ਸੜਕੀ ਆਵਾਜਾਈ ਹੁੰਦੀ ਨਹੀਂ ਅਤੇ ਹੈਲੀਕਾਪਟਰ ਰਾਹੀਂ ਪਾਣੀ ਤੇ ਹੋਰ ਘੋਲਾਂ ਦਾ ਛਿੜਕਾਓ ਬਹੁਤ ਔਖਾ ਹੋ ਜਾਂਦਾ ਹੈ ਪਰ ਲਾਸ ਏਂਜਲਸ ਦੇ ਮਹਿੰਗੇ ਇਲਾਕੇ ਵਿੱਚ ਅੱਗ ਨੇ ਬਹੁਤ ਭਾਰੀ ਘਰਾਂ ਅਤੇ ਵਪਾਰਕ ਥਾਵਾਂ ਦਾ ਨੁਕਸਾਨ ਕੀਤਾ ਹੈ ਜੋ ਅਜੇ ਵੀ ਜਾਰੀ ਹੈ। ਲਾਸ ਏਂਜਲਸ ਖੇਤਰ ਆਪਣੇ ਅੱਗ ਪ੍ਰਭਾਵਿਤ ਪਹਾੜੀ ਖੇਤਰਾਂ ਅਤੇ ਸ਼ਹਿਰੀ ਵਿਕਾਸ ਦੇ ਨਾਲ ਖ਼ਾਸ ਤੌਰ 'ਤੇ ਖਤਰਨਾਕ ਬਣ ਗਿਆ ਹੈ। ਸਿਰਫ 2023 ਵਿੱਚ ਕੈਲੀਫੋਰਨੀਆ ਨੇ 4000 ਤੋਂ ਵੱਧ ਅੱਗਾਂ ਦਾ ਸਾਹਮਣਾ ਕੀਤਾ ਜਿਸ ਨਾਲ ਹਜ਼ਾਰਾਂ ਘਰ ਨਸ਼ਟ ਹੋਏ ਅਤੇ ਅਰਬਾਂ ਡਾਲਰ ਦਾ ਨੁਕਸਾਨ ਹੋਇਆ। ਇਨ੍ਹਾਂ ਨੂੰ ਘਟਾਉਣ ਲਈ ਰਾਜ ਤੇ ਕੇਂਦਰੀ ਏਜੰਸੀਆਂ ਦੀਆਂ ਕੋਸਿ ?ਸ਼ਾਂ ਹੋ ਰਹੀਆਂ ਹਨ ਪਰ ਟਾਊਨਸਿ ?ਪ ਦੀ ਦੁਬਾਰਾ ਰਚਨਾ ਦੀ ਲਾਗਤ ਨੇ ਬੀਮਾ ਕੰਪਨੀਆਂ 'ਤੇ ਭਾਰੀ ਦਬਾਅ ਪਾਇਆ ਹੈ।

ਹਰ ਬੀਮਾ ਕੰਪਨੀ ਲਾਭ ਪ੍ਰਾਪਤ ਕਰਨ ਲਈ ਕਾਰੋਬਾਰ ਵਿੱਚ ਉਤਰਦੀ ਹੈ। ਉਹ ਕਿਸੇ ਵੀ ਜਾਇਦਾਦ ਦੀ ਕੀਮਤ ਨੂੰ ਆਧਾਰ ਬਣਾ ਕੇ ਕਿਸ਼ਤਾਂ (ਈਐੱਮਆਈ) ਵਸੂਲਦੀ ਹੈ। ਕੋਈ ਵੀ ਕਲੇਮ ਨਾ ਆਉਣ ਦੀ ਸੂਰਤ ਵਿੱਚ ਸਾਲ ਬਾਅਦ ਨੋ ਕਲੇਮ ਬੋਨਸ ਦੀ ਰਿਆਇਤ ਦੇ ਦਿੰਦੀ ਹੈ। ਜਦੋਂ ਕਿਸੇ ਜਾਇਦਾਦ ਦੇ ਬੀਮੇ ਦਾ ਜੋਖਿਮ ਬਹੁਤ ਵਧ ਜਾਂਦਾ ਹੈ ਤਾਂ ਉਹ ਪ੍ਰੀਮੀਅਮ (ਕਿਸ਼ਤ) ਵਧਾ ਸਕਦੀਆਂ ਹਨ, ਸਖ਼ਤ ਨਿਯਮ ਲਾਗੂ ਕਰ ਸਕਦੀਆਂ ਹਨ ਜਾਂ ਪਾਲਿਸੀਆਂ ਰੱਦ ਕਰ ਸਕਦੀਆਂ ਹਨ, (ਜੇਕਰ ਪਾਲਿਸੀ ਸ਼ਰਤਾਂ ਵਿੱਚ ਇਹ ਨੁਕਤਾ ਲਿਖਿਆ ਹੋਵੇ)। ਅਜਿਹੇ ਖੇਤਰਾਂ ਜਿਵੇਂ ਲਾਸ ਏਂਜਲਸ ਵਿੱਚ ਅੱਗ ਨਾਲ ਸਬੰਧਿਤ ਨੁਕਸਾਨਾਂ ਦੀ ਭਾਰੀ ਮਾਤਰਾ ਨੇ ਬੀਮਾ ਕੰਪਨੀਆਂ ਲਈ ਮੁਨਾਫ਼ੇ ਵਿੱਚ ਬਣੇ ਰਹਿਣ ਅਤੇ ਅੱਗੇ ਤੋਂ ਕਵਰੇਜ ਦੇਣ ਨੂੰ ਮੁਸ਼ਕਿਲ ਬਣਾ ਦਿੱਤਾ ਹੈ। ਕੈਲੀਫੋਰਨੀਆ ਕਾਨੂੰਨ ਬੀਮਾ ਕੰਪਨੀਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਸੰਭਾਵੀ ਦਾਅਵਿਆਂ ਨੂੰ ਕਵਰ ਕਰਨ ਲਈ ਪ੍ਰਾਪਤ ਰਾਖਵਾਂ ਫੰਡ ਰੱਖਣ ਹਾਲਾਂਕਿ ਅੱਗ ਦੇ ਜੋਖਿਮਾਂ ਦੀ ਵਧੀ ਲਾਗਤ ਨੇ ਪ੍ਰੀਮੀਅਮ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਨੂੰ ਪਾਰ ਕਰ ਦਿੱਤਾ ਹੈ ਜਿਸ ਨਾਲ ਕਈ ਕੰਪਨੀਆਂ ਦੀ ਆਰਥਿਕ ਸਥਿਰਤਾ ਖ਼ਤਰੇ ਵਿੱਚ ਪਈ ਹੈ। ਨਤੀਜੇ ਵਜੋਂ ਬੀਮਾਕਰਤਾਵਾਂ ਨੇ ਉੱਚ-ਜੋਖਿਮ ਵਾਲੇ ਖੇਤਰਾਂ ਵਿੱਚ ਆਪਣੀ ਕਵਰੇਜ ਬਾਰੇ ਪੁਨਰ-ਵਿਚਾਰ ਕੀਤਾ ਹੈ ਜਿਸ ਨਾਲ ਘਰ ਦੇ ਮਾਲਕਾਂ ਲਈ ਪਾਲਿਸੀਆਂ ਦੀ ਵਿਆਪਕ ਰੱਦਗੀ (ਕੈਂਸਲੇਸ਼ਨ) ਹੋਈ ਹੈ।

ਪ੍ਰਾਈਵੇਟ ਬੀਮਾ ਕੰਪਨੀਆਂ ਦੁਆਰਾ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਪਾਲਿਸੀਆਂ ਰੱਦ ਕਰਨ ਲਈ ਕਈ ਕਾਰਕ ਜ਼ਿੰਮੇਵਾਰ ਹਨ। ਬਿਨਾਂ ਬੀਮੇ ਦੇ, ਘਰ ਦੇ ਮਾਲਕਾਂ ਨੂੰ ਅੱਗ ਦੇ ਘਟਨਾ ਵਿੱਚ ਆਪਣੇ ਘਰ ਦੀ ਦੁਬਾਰਾ ਮੁਰੰਮਤ ਜਾਂ ਨਿਰਮਾਣ ਦੀ ਲਾਗਤ ਖ਼ੁਦ ਹੀ ਉਠਾਉਣੀ ਪੈਂਦੀ ਹੈ। ਇਹ ਬੋਝ ਕਈਆਂ ਲਈ ਅਸਹਿ ਹੈ ਜੋ ਉਨ੍ਹਾਂ ਦੀ ਆਰਥਿਕ ਸਥਿਰਤਾ ਅਤੇ ਭਵਿੱਖ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ ਅਤੇ ਬਸ ਇਹੀ ਨਹੀਂ, ਬਿਨਾਂ ਬੀਮੇ ਦੇ ਘਰ ਵੇਚਣਾ ਜਾਂ ਗਿਰਵੀ ਲੈਣਾ ਵੀ ਕਾਫ਼ੀ ਮੁਸ਼ਕਿਲ ਬਣ ਜਾਂਦਾ ਹੈ। ਬਹੁਤ ਸਾਰੇ ਵਪਾਰਕ ਬੈਂਕ ਅਤੇ ਫਾਇਨੈਂਸਿੰਗ ਸਥਾਨ ਘਰੇਲੂ ਬੀਮੇ ਦੇ ਬਿਨਾਂ ਗਿਰਵੀ ਨੂੰ ਮਨਜ਼ੂਰੀ ਨਹੀਂ ਦਿੰਦੇ। ਇਸ ਕਾਰਨ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਕਿਰਾਏਦਾਰਾਂ ਲਈ ਵੀ ਬੀਮਾ ਦੀ ਰੱਦਗੀ ਨਾਲ ਕਿਰਾਏ ਵਧ ਰਹੇ ਹਨ ਕਿਉਂਕਿ ਮਕਾਨ ਮਾਲਕ ਆਪਣੇ ਵਧੇ ਹੋਏ ਖ਼ਰਚੇ ਜਾਂ ਜੋਖਿ ?ਮਾਂ ਨੂੰ ਕਿਰਾਏਦਾਰਾਂ 'ਤੇ ਪਾ ਰਹੇ ਹਨ। ਇਸ ਨਾਲ ਲਾਸ ਏਂਜਲਸ ਵਿੱਚ ਮੌਜੂਦਾ ਮਕਾਨ ਮਾਲਕਾਂ (ਬਿਲਡਰ ਕੰਪਨੀਆਂ) ਅਤੇ ਕਿਰਾਏਦਾਰਾਂ ਨੂੰ ਰਿਹਾਇਸ਼ੀ ਸੰਕਟ ਵਿੱਚ ਹੋਰ ਡੂੰਘਾ ਸੁੱਟ ਦਿੱਤਾ ਹੈ ਪਰ ਬੀਮਾ ਕੰਪਨੀਆਂ ਦਾ ਆਪਣੇ ਤੌਰ 'ਤੇ ਹੀ ਮਕਾਨ ਪਾਲਸੀਆਂ ਨੂੰ ਰੱਦ ਕਰਨਾ ਅਨੈਤਿਕ ਕਦਮ ਹੈ। ਆਖਿਰ ਕੋਈ ਵਿਅਕਤੀ ਬੀਮਾ ਕਰਵਾਉਂਦਾ ਹੀ ਕਿਉਂ ਹੈ ? ਚਿੰਤਾ ਮੁਕਤ ਹੋਣ ਲਈ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਦਾ ਬੋਝ ਉਸ ਦੇ ਪਰਿਵਾਰ ਨੂੰ ਦੀਵਾਲੀਆ ਨਾ ਬਣਾ ਦੇਵੇ। ਕਿਸੇ ਵੀ ਜੋਖਿਮ ਨੂੰ ਆਂਕਣ ਦਾ ਜ਼ਿੰਮਾ ਬੀਮਾ ਕੰਪਨੀ ਦਾ ਹੈ। ਸਥਾਨਕ ਸਰਕਾਰ ਦੇ ਕਾਨੂੰਨ ਨੂੰ ਇਸ ਤਰ੍ਹਾਂ ਦੀ ਮਨਮਰਜ਼ੀ ਨਹੀਂ ਚੱਲਣ ਦੇਣੀ ਚਾਹੀਦੀ। ਕੰਪਨੀਆਂ ਸਟੇਟ ਜਾਂ ਫੈਡਰਲ ਸਰਕਾਰ ਤੋਂ ਵਿੱਤੀ ਹਾਲਾਤ ਦੱਸ ਕੇ ਮਦਦ ਲਵੇ ਪਰ ਹਰ ਹਾਲਤ ਵਿੱਚ ਨਾਗਰਿਕਾਂ ਦੇ ਨਾਲ ਖੜ੍ਹੇ।

ਰੀਇੰਸ਼ੋਰੈਂਸ ਕੰਪਨੀਆਂ ਨੂੰ ਵੀ ਆਪਣੇ ਪ੍ਰੀਮੀਅਮ ਰਿਵਿਊ ਕਰਨ ਦੀ ਲੋੜ ਪੈ ਸਕਦੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਨ ਨਿਊਸਮ ਨੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੂਬੇ ਦਾ ਦੌਰਾ ਕਰਨ ਦੀ ਬੇਨਤੀ ਕੀਤੀ ਹੈ ਤਾਂ ਕਿ ਲੋਕਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਈ ਜਾ ਸਕੇ। ਅੱਗ ਪ੍ਰਭਾਵਿਤ ਖੇਤਰਾਂ ਵਿੱਚ ਬੀਮੇ ਦੀ ਰੱਦਗੀ ਨੇ ਨਿੱਜੀ ਉਦਯੋਗ ਅਤੇ ਜਨਤਕ ਸੁਰੱਖਿਆ ਦੇ ਵਿਚਕਾਰ ਵਧਦੇ ਤਣਾਅ ਨੂੰ ਉਜਾਗਰ ਕੀਤਾ ਹੈ।

ਮਸਲਾ ਹੱਲ ਕਰਨ ਲਈ ਬਹੁ-ਪੱਖੀ ਵਿਧੀਆਂ ਦੀ ਲੋੜ ਹੈ ਜਿਹੜੀਆਂ ਬੀਮਾ ਕੰਪਨੀਆਂ, ਘਰੇਲੂ ਮਾਲਕਾਂ ਅਤੇ ਸਮਾਜ ਦੇ ਵਿਆਪਕ ਹਿੱਸੇ ਦੀਆਂ ਲੋੜਾਂ ਨੂੰ ਸਾਰਿਆਂ ਦੇ ਭਲੇ ਲਈ ਸਮਝਦਾਰੀ ਨਾਲ ਸੰਤੁਲਿਤ ਕਰ ਸਕਣ। ਕੁਝ ਸੰਭਾਵੀ ਹੱਲ ਹੇਠਾਂ ਦਿੱਤੇ ਗਏ ਹਨ:

1) **ਸਟੇਟ ਫੰਡਿਡ ਬੀਮਾ ਪ੍ਰੋਗਰਾਮ:** ਕੈਲੀਫੋਰਨੀਆ ਦੀ 'ਫੇਅਰ ਐਕਸੈਸ ਟੂ ਇਨਸ਼ੋਰੈਂਸ ਰਿਕੁਾਇਰਮੈਂਟਸ' ਯੋਜਨਾ ਉਨ੍ਹਾਂ ਮਾਲਕਾਂ ਲਈ ਆਖਿਰੀ ਬਦਲ ਵਜੋਂ ਕੰਮ ਕਰਦੀ ਹੈ ਜਿਹਨਾਂ ਨੂੰ ਨਿੱਜੀ ਮਾਰਕੀਟ ਵਿੱਚ ਕਵਰੇਜ ਨਹੀਂ ਮਿਲਦਾ। ਇਸ ਯੋਜਨਾ ਨੂੰ ਵਧਾਉਣਾ ਅਤੇ ਵਾਧੂ ਫੰਡ ਮੁਹੱਈਆ ਕਰਨਾ ਯਕੀਨੀ ਬਣਾ ਸਕਦਾ ਹੈ ਕਿ ਸਾਰੇ ਨਿਵਾਸੀਆਂ ਨੂੰ ਘੱਟੋ-ਘੱਟ ਬੁਨਿਆਦੀ ਕਵਰੇਜ ਮਿਲੇ।

2) **ਜੋਖਿਮ ਘਟਾਉਣ ਲਈ ਪ੍ਰੇਰਨਾ:** ਸਰਕਾਰ ਅਤੇ ਬੀਮਾ ਕੰਪਨੀਆਂ ਘਰੇਲੂ ਮਾਲਕਾਂ ਨੂੰ ਅੱਗ ਰੋਕੂ ਉਪਕਰਨ ਲਾਗੂ ਕਰਨ ਲਈ ਪ੍ਰੇਰ ਸਕਦੀਆਂ ਹਨ, ਜਿਵੇਂ ਸੁੱਕੀ ਵਸਤਾਂ ਜਾਂ ਘਾਹ ਨੂੰ ਹਟਾਉਣਾ, ਅੱਗ ਰੋਕੂ ਛੱਤਾਂ ਬਣਾਉਣੀਆਂ ਅਤੇ ਘਰ ਦੇ ਆਲੇ-ਦੁਆਲੇ ਸੁਰੱਖਿਆ ਵਾਲੇ ਖਾਲੀ ਖੇਤਰ ਬਣਾਉਣਾ।

3) ਘਰਾਂ ਦੇ ਨਕਸ਼ੇ ਨੂੰ ਹਵਾ ਦੇ ਰੁਖ਼ ਮੁਤਾਬਕ ਬਣਾਉਣਾ।

4) ਹਰੇ ਰੁੱਖਾਂ ਦਾ ਘੇਰਾ, ਅੱਗ ਨੂੰ ਅੱਗੇ ਵਧਣ ਤੋਂ ਰੋਕਣ ਦੀ ਰਫ਼ਤਾਰ ਨੂੰ ਘੱਟ ਕਰਨਾ। ਸਭ ਤੋਂ ਵੱਧ ਹੈਰਾਨੀ ਸਰਦੀਆਂ ਦੇ ਮੌਸਮ ਵਿੱਚ ਅੱਗ ਦੀਆਂ ਘਟਨਾਵਾਂ ਦਾ ਵਾਪਰਨਾ ਹੈ। ਇਸ ਦੀ ਗਹਿਰਾਈ ਨਾਲ ਛਾਣਬੀਣ ਹੋਣੀ ਚਾਹੀਦੀ ਹੈ। ਇਨ੍ਹਾਂ ਪ੍ਰਬੰਧਾਂ ਨਾਲ ਬੀਮੇ ਦੇ ਵਧੇ ਖ਼ਰਚਿਆਂ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

5) **ਜਲਵਾਯੂ ਐਕਸ਼ਨ ਪਲਾਨ:** ਇਸ ਚਿਤਾਵਨੀ ਦੇ ਮੂਲ ਕਾਰਨਾਂ ਨੂੰ ਹੱਲ ਕਰਨਾ, ਅੱਗ ਘਟਨਾਵਾਂ ਦੀ ਗਿਣਤੀ ਅਤੇ ਤੀਬਰਤਾ ਨੂੰ ਘਟਾਉਣ ਲਈ ਅਤਿ ਜ਼ਰੂਰੀ ਹੈ। ਇਸ ਵਿੱਚ ਨਵੀਨੀਕਰਨ ਯੋਗ ਊਰਜਾ ਵਿੱਚ ਨਿਵੇਸ਼, ਗ੍ਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣਾ ਹੈ।

6) **ਜੰਗਲ ਪ੍ਰਬੰਧਨ ਵਿੱਚ ਸੁਧਾਰ:** ਜੰਗਲਾਂ ਦਾ ਸਹੀ ਪ੍ਰਬੰਧਨ ਅੱਗ ਨੂੰ ਫੈਲਣ ਤੋਂ ਰੋਕਣ ਲਈ ਬਹੁਤ ਮਹੱਤਵਪੂਰਨ ਹੈ।

ਸਰਕਾਰਾਂ, ਬੀਮਾ ਕੰਪਨੀਆਂ ਅਤੇ ਸਥਾਨਕ ਭਾਈਚਾਰਿਆਂ ਨੂੰ ਇੱਕਠੇ ਹੋਣ ਅਤੇ ਅਜਿਹੇ ਨਵੇਂ ਹੱਲ ਖੋਜਣ ਦੀ ਲੋੜ ਹੈ ਜਿਹੜੇ ਜੋਖਿ ?ਮ ਪ੍ਰਬੰਧਨ ਅਤੇ ਸਸਤੀ ਤੇ ਸਹੀ ਬੀਮਾ ਕਵਰੇਜ ਦੀ ਲੋੜ ਨੂੰ ਸੰਤੁਲਿਤ ਕਰ ਸਕਣ।

ਲਾਸ ਏਂਜਲਸ ਨਿਵਾਸੀਆਂ ਲਈ ਬੀਮਾ ਪਾਲਿਸੀਆਂ ਦੀ ਰੱਦਗੀ, ਜਲਵਾਯੂ ਚਿਤਾਵਨੀ ਅਤੇ ਕੁਦਰਤੀ ਆਫ਼ਤਾਂ ਦੇ ਵਧਦੇ ਕਹਿਰ ਦੀ ਖੁਲ੍ਹੀ ਯਾਦ ਦਿੰਦੀ ਹੈ; ਬੀਮਾ ਕੰਪਨੀਆਂ ਲਈ ਆਰਥਿਕ ਟਿਕਾਊਪਣ ਦੀ ਲੋੜ ਜ਼ਰੂਰੀ ਹੈ, ਕਵਰੇਜ ਨੂੰ ਵਾਪਸ ਲੈਣਾ ਘਰ ਦੇ ਮਾਲਕਾਂ ਨੂੰ ਅਸੁਰੱਖਿਅਤ ਛੱਡ ਰਿਹਾ ਹੈ ਅਤੇ ਸਮਾਜਿਕ ਨਿਆਂ ਤੇ ਸਮਰੱਥ ਹੱਲਾਂ ਲਈ ਸਵਾਲ ਉਠਾ ਰਿਹਾ ਹੈ। ਅਸੰਭਵ ਨੁਕਸਾਨ ਅਨੁਪਾਤ ਬੀਮਾ ਕੰਪਨੀਆਂ ਲਈ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਨੁਕਸਾਨ ਅਨੁਪਾਤ ਲਗਭਗ ਅਸੰਭਵ ਹੋ ਸਕਦੇ ਹਨ।

ਰੀਇੰਸ਼ੋਰੈਂਸ ਜੋ ਬੀਮਾ ਕੰਪਨੀਆਂ ਲਈ ਬੀਮਾ ਹੈ, ਉਹਨਾਂ ਨੂੰ ਐਮਰਜੈਂਸੀ ਹਾਲਾਤ ਦੇ ਜੋਖਿ ?ਮ ਨੂੰ ਸਾਂਝਾ ਕਰਨ ਦਿੰਦਾ ਹੈ ਹਾਲਾਂਕਿ ਜਿਵੇਂ ਅੱਗਾਂ ਜ਼ਿਆਦਾ ਤਬਾਹੀ ਵਾਲੀਆਂ ਹੋ ਰਹੀਆਂ ਹਨ, ਰੀਇੰਸ਼ੋਰੈਂਸ ਦੀ ਲਾਗਤ ਵੀ ਵਧ ਰਹੀ ਹੈ। ਇਸ ਵਾਧੂ ਖ਼ਰਚ ਨੇ ਬੀਮਾ ਕੰਪਨੀਆਂ ਦੀ ਸਮਰੱਥਾ ਨੂੰ ਹੋਰ ਘਟਾ ਦਿੱਤਾ ਹੈ। ਕੈਲੀਫੋਰਨੀਆ ਦੇ ਕਾਨੂੰਨ ਬੀਮਾ ਪ੍ਰੀਮੀਅਮ ਵਧਾਉਣ ਵਿੱਚ ਸੀਮਿਤ ਕਰਨ ਵਿੱਚ ਬਹੁਤ ਸਖ਼ਤ ਹਨ ਹਾਲਾਂਕਿ ਇਹ ਨਿਯਮ ਗ੍ਰਾਹਕਾਂ ਦੀ ਰੱਖਿਆ ਕਰਨ ਦੀ ਕੋਸਿ ?ਸ਼ ਕਰਦੇ ਹਨ ਪਰ ਇਸ ਨਾਲ ਬੀਮਾ ਕੰਪਨੀਆਂ ਲਈ ਜੋਖਿਮਾਂ ਦੀ ਅਸਲੀ ਲਾਗਤ ਨੂੰ ਦਰਸਾਉਣ ਵਾਲੇ ਦਰਾਂ ਵਿੱਚ ਸੋਧ ਕਰਨਾ ਮੁਸ਼ਕਿਲ ਬਣਦਾ ਹੈ।

ਜੋਖਿਮ ਵਿਸ਼ਲੇਸ਼ਣ ਟੈਕਨੋਲੋਜੀ ਜਿਵੇਂ ਸੈਟੇਲਾਈਟ ਇਮੇਜਿੰਗ ਅਤੇ ਏਆਈ ਮਾਡਲਿੰਗ ਵਰਗੀਆਂ ਜੋਖਿਮ ਅਨੈਲਸਿਸ ਟੂਲਾਂ ਦੀ ਕਾਢ ਨੇ ਬੀਮਾ ਕੰਪਨੀਆਂ ਨੂੰ ਉੱਚ-ਜੋਖਿਮ ਜਾਇਦਾਦਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕੀਤੀ ਹੈ। ਕਾਨੂੰਨੀ ਅਤੇ ਆਰਥਿਕ ਦਬਾਅ ਅਧੀਨ ਬੀਮਾ ਕੰਪਨੀਆਂ ਨੂੰ ਅੱਗ ਦੇ ਨੁਕਸਾਨਾਂ ਨਾਲ ਜੁੜੇ ਮੁਕੱਦਮਿਆਂ ਅਤੇ ਹੋਰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਕੈਲੀਫੋਰਨੀਆਂ ਵਿੱਚ ਪੁਰਾਣੇ ਪੰਜਾਬੀ ਅਤੇ ਹੋਰ ਏਸ਼ੀਅਨ ਭਾਈਚਾਰਿਆਂ ਦੀ ਕਾਫੀ ਵੱਡੀ ਗਿਣਤੀ ਹੈ। ਆਸ ਕਰਦੇ ਹਾਂ ਕਿ ਸਰਕਾਰ, ਬੀਮਾ ਕੰਪਨੀਆਂ ਅਤੇ ਸਥਾਨਕ ਸੋਸ਼ਲ ਵਿਗਿਆਨੀ ਮਿਲ ਕੇ ਇਸ ਸਮੱਸਿਆ ਨੂੰ ਆਉਣ ਵਾਲੇ ਸਮੇਂ ਲਈ ਭਾਂਪਣਗੇ ਅਤੇ ਇੱਕ ਰਿਜ਼ਰਵ ਫੰਡ ਵੀ ਰੱਖਣਗੇ ਤਾਂ ਕਿ ਦੁਨੀਆ ਦੇ ਵਿਕਸਤ ਦੇਸ਼ ਵਿੱਚ ਨਿਹੱਥੇਪਨ ਦੀ ਤਸਵੀਰ ਨਜ਼ਰ ਨਾ ਆਏ।

# ਭ੍ਰਿਸ਼ਟ ਪਟਵਾਰੀਆਂ ਦੀ ਸੂਚੀ ਲੀਕ ਹੋਣ 'ਤੇ ਹਰਿਆਣਾ 'ਚ ਮਚੀ ਹਲਚਲ

ਦੇਸ਼ 'ਚ ਰਿਸ਼ਵਤਖੋਰੀ ਦਾ ਰੋਗ ਲਗਾਤਾਰ ਵਧ ਰਿਹਾ ਹੈ ਅਤੇ ਇਸ 'ਚ ਹੇਠੋਂ ਉਪਰ ਤੱਕ ਦੇ ਕਈ ਮੁਲਾਜ਼ਮ ਅਤੇ ਅਧਿਕਾਰੀ ਸ਼ਾਮਲ ਹਨ। ਇੱਥੋਂ ਤੱਕ ਕਿ ਚੰਦ ਪਟਵਾਰੀ ਅਤੇ ਉਨ੍ਹਾਂ ਦੇ ਕਰਿੰਦੇ ਵੀ ਇਸ ਕੰਮ 'ਚ ਸ਼ਾਮਲ ਪਾਏ ਜਾ ਰਹੇ ਹਨ। ਹਰਿਆਣਾ ਦੇ ਮਾਲ ਅਤੇ ਸਥਾਨਕ ਸਰਕਾਰਾਂ ਮੰਤਰੀ ਵਿਪੁਲ ਗੋਇਲ ਕੋਲ ਪਟਵਾਰੀਆਂ ਵਿਰੁੱਧ ਰਿਸ਼ਵਤ ਦੀ ਮੰਗ ਕੀਤੇ ਜਾਣ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਖੁਫੀਆ ਵਿਭਾਗ ਵਲੋਂ ਮਾਲ ਵਿਭਾਗ ਦੇ ਵਿੱਤ ਕਮਿਸ਼ਨਰ ਅਤੇ ਪ੍ਰਿੰਸੀਪਲ ਸਕੱਤਰ ਅਨੁਰਾਗ ਰਸਤੋਗੀ ਨੂੰ ਭੇਜੀ ਗਈ ਹਰਿਆਣਾ ਦੇ 370 ਭ੍ਰਿਸ਼ਟ ਪਟਵਾਰੀਆਂ ਦੀ ਗੁਪਤ ਸੂਚੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਨਾਲ ਮਾਲ ਵਿਭਾਗ 'ਚ ਹੜਕੰਪ ਮਚ ਗਿਆ ਹੈ।

ਇਸ ਸੂਚੀ 'ਚ 170 ਪਟਵਾਰੀ ਅਜਿਹੇ ਵੀ ਹਨ ਜਿਨ੍ਹਾਂ ਨੇ ਅੱਗੇ ਆਪਣੇ ਸਹਿਯੋਗੀ (ਵਿਚੋਲੇ) ਰੱਖੇ ਹੋਏ ਹਨ। ਸ਼ਿਕਾਇਤਾਂ 'ਚ ਕਿਹਾ ਗਿਆ ਸੀ ਕਿ ਕਈ ਪਟਵਾਰੀਆਂ ਨੇ ਤਾਂ ਆਪਣੇ ਘਰਾਂ ਜਾਂ ਹੋਰ ਟਿਕਾਣਿਆਂ 'ਤੇ ਨਿੱਜੀ ਦਫ਼ਤਰ ਤੱਕ ਖੋਲ੍ਹੇ ਹੋਏ ਹਨ ਅਤੇ ਉਹ ਲੋਕਾਂ ਨਾਲ ਡੀਲ ਅਤੇ ਰਿਸ਼ਵਤ ਦੀ ਰਕਮ ਦਾ ਲੈਣ-ਦੇਣ ਆਪਣੇ ਸਹਿਯੋਗੀਆਂ ਰਾਹੀਂ ਹੀ ਕਰਦੇ ਹਨ। ਸੀ. ਆਈ. ਡੀ. ਵਲੋਂ ਫੀਲਡ 'ਚ ਲੰਬਾ ਸਮਾਂ ਬਿਤਾ ਕੇ ਤਿਆਰ ਕੀਤੀ ਗਈ ਇਸ ਸੂਚੀ 'ਚ ਪਟਵਾਰੀਆਂ ਵਲੋਂ ਰੁਟੀਨ ਦੇ ਕੰਮਾਂ ਲਈ ਜਾਣ ਵਾਲੀ ਰਕਮ ਦਾ ਵੀ ਜ਼ਿਕਰ ਕੀਤਾ ਗਿਆ, ਜੋ 200 ਰੁਪਏ ਤੋਂ 10,000 ਰੁਪਏ ਤੱਕ ਦੱਸੀ ਗਈ ਹੈ। ਪਟਵਾਰੀਆਂ ਦੇ ਸਹਿਯੋਗੀਆਂ ਅਤੇ ਵਿਚੋਲਿਆਂ ਦੇ ਨਾਂ ਵੀ ਇਸ ਸੂਚੀ 'ਚ ਸ਼ਾਮਲ ਹਨ। ਇਹੀ ਨਹੀਂ, ਕਈ ਪਟਵਾਰੀ ਤਾਂ ਰਿਪੋਰਟ 'ਚ ਦੱਸੀ ਗਈ ਰਕਮ ਤੋਂ ਕਿਤੇ ਵੱਧ ਰਿਸ਼ਵਤ ਵਸੂਲ ਕਰਦੇ ਦੇਖੇ ਗਏ ਹਨ। ਮਿਸਾਲ ਵਜੋਂ ਹਰਿਆਣਾ 'ਚ ਬੀਤੇ ਸਾਲ 18 ਮਾਰਚ ਨੂੰ ਇਕ ਪਟਵਾਰੀ ਨੂੰ 85,000 ਰੁਪਏ ਰਿਸ਼ਵਤ ਲੈਂਦੇ ਹੋਏ ਅਤੇ 8 ਅਕਤੂਬਰ ਨੂੰ ਇਕ ਹੋਰ ਪਟਵਾਰੀ ਨੂੰ 1 ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਗਿਆ ਸੀ। ਰਿਪੋਰਟ 'ਚ ਪਟਵਾਰੀਆਂ ਦੀ ਕਾਰਜਸ਼ੈਲੀ ਦਾ ਜ਼ਿਕਰ ਕੀਤਾ ਗਿਆ ਹੈ। ਇਕ ਵਿਚੋਲਾ ਖ਼ੁਦ ਨੂੰ ਪਟਵਾਰੀ ਦੱਸ ਕੇ ਲੋਕਾਂ ਦਾ ਕੰਮ ਕਰਨ ਬਦਲੇ ਰਿਸ਼ਵਤ ਵਸੂਲ ਕਰ ਰਿਹਾ ਸੀ, ਜਦਕਿ ਇਕ ਵਿਅਕਤੀ ਪਟਵਾਰੀ ਲਈ ਵਿਚੋਲੇ ਦਾ ਕੰਮ ਕਰਨ ਦੇ ਨਾਲ-ਨਾਲ ਡਰਾਈਵਰ ਦਾ ਕੰਮ ਕਰ ਰਿਹਾ ਸੀ।

ਇਕ ਪਟਵਾਰੀ ਆਪਣੀ ਨਿਯਮਿਤ ਡਿਊਟੀ ਨਾਲ ਪ੍ਰਾਪਰਟੀ ਦਾ ਕਾਰੋਬਾਰ ਕਰਦਾ ਵੀ ਪਾਇਆ ਗਿਆ ਜੋ ਆਪਣੇ ਜ਼ਿਆਦਾਤਰ ਸਰਕਾਰੀ ਕੰਮ ਵਿਚੋਲੇ ਰਾਹੀਂ ਕਰਵਾਉਂਦਾ ਹੈ। ਇਕ ਪਟਵਾਰੀ ਸ਼ਾਇਦ ਹੀ ਕਦੀ ਆਪਣੀ ਡਿਊਟੀ 'ਤੇ ਆਉਂਦਾ ਹੈ ਅਤੇ ਲੋਕ ਉਸ ਕੋਲੋਂ ਕੰਮ ਕਰਵਾਉਣ ਲਈ ਰਿਸ਼ਵਤ ਦੇਣ ਨੂੰ ਮਜਬੂਰ ਹੁੰਦੇ ਹਨ। ਇਸੇ ਰਿਪੋਰਟ 'ਚ ਇਕ ਅਜਿਹੇ ਪਟਵਾਰੀ ਦਾ ਵੀ ਜ਼ਿਕਰ ਹੈ ਜੋ ਤਦ ਤੱਕ ਕਿਸੇ ਦਾ ਕੰਮ ਨਹੀਂ ਕਰਦਾ, ਜਦੋਂ ਤੱਕ ਉਸ ਨੂੰ ਰਿਸ਼ਵਤ ਨਾ ਦਿੱਤੀ ਜਾਵੇ। ਕੁਝ ਪਟਵਾਰੀਆਂ ਵਲੋਂ ਜ਼ਮੀਨ ਦੇ ਰਿਕਾਰਡਾਂ 'ਚ ਹੇਰਾਫੇਰੀ ਕਰਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਅਨੁਸਾਰ ਕੁਝ ਪਟਵਾਰੀ ਤਾਂ ਸਿੱਧੇ ਹੀ ਰਿਸ਼ਵਤ ਵਸੂਲ ਕਰਦੇ ਹਨ ਜਦਕਿ ਕੁਝ ਹੋਰ ਆਪਣੇ ਸਹਾਇਕਾਂ ਜਾਂ ਵਿਚੋਲਿਆਂ ਰਾਹੀਂ ਰਿਸ਼ਵਤ ਲੈਂਦੇ ਰਹਿੰਦੇ ਹਨ ਅਤੇ ਪਟਵਾਰੀਆਂ ਲਈ ਕੰਮ ਕਰਨ ਵਾਲੇ ਲੋਕਾਂ ਵਲੋਂ ਪ੍ਰਸ਼ਾਸਨ ਦਾ ਕੰਮ ਸੰਭਾਲਣ ਕਾਰਨ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਜਨਤਾ ਦਾ ਸ਼ੋਸ਼ਣ ਹੋ ਰਿਹਾ ਹੈ।

ਇਸੇ ਪਿਛੋਕੜ 'ਚ ਵਿੱਤ ਕਮਿਸ਼ਨਰ-ਕਮ-ਐਡੀਸ਼ਨਲ ਚੀਫ ਸੈਕਰੇਟਰੀ ਮਾਲ ਅਤੇ ਆਫਤ ਪ੍ਰਬੰਧਨ ਅਨੁਰਾਗ ਰਸਤੋਗੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਭ੍ਰਿਸ਼ਟ ਆਚਰਣ ਵਾਲੇ ਮੁਲਾਜ਼ਮਾਂ ਵਿਰੁੱਧ ਸਖਤ ਕਾਰਵਾਈ ਕਰਨ ਅਤੇ ਉਸ ਦੀ ਰਿਪੋਰਟ ਉੱਚ ਅਧਿਕਾਰੀਆਂ ਨੂੰ 15 ਦਿਨਾਂ ਦੇ ਅੰਦਰ ਦੇਣ ਦੀ ਹਦਾਇਤ ਦਿੱਤੀ ਹੈ। ਹਰਿਆਣਾ ਦੇ ਪਟਵਾਰੀ ਸੰਗਠਨਾਂ ਨੇ ਇਸ ਸੂਚੀ 'ਤੇ ਇਤਰਾਜ਼ ਜਤਾਇਆ ਹੈ। 'ਮਾਲ, ਪਟਵਾਰ ਅਤੇ ਕਾਨੂੰਨਗੋ ਐਸੋਸੀਏਸ਼ਨ' ਦੇ ਆਗੂ ਜੈਵੀਰ ਚਾਹਲ ਅਨੁਸਾਰ, "ਇਹ ਰਿਪੋਰਟ ਸਬੰਧਤ ਪਟਵਾਰੀਆਂ ਨੂੰ ਸੁਣੇ ਬਗੈਰ ਤਿਆਰ ਕੀਤੀ ਗਈ ਹੈ ਜੋ ਗੈਰ-ਸੰਵਿਧਾਨਿਕ ਅਤੇ ਮਾਨਵੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੈ।"

'ਹਰਿਆਣਾ ਪਟਵਾਰ ਐਸੋਸੀਏਸ਼ਨ' ਦੇ ਪ੍ਰਧਾਨ ਬਲਬੀਰ ਸਿੰਘ ਨੇ ਕਿਹਾ ਕਿ, "ਜ਼ਰੂਰੀ ਨਹੀਂ ਕਿ ਇਹ ਰਿਪੋਰਟ ਠੀਕ ਹੋਵੇ। 95 ਫ਼ੀਸਦੀ ਦੇ ਨਾਲ 5 ਫ਼ੀਸਦੀ ਨੂੰ ਮਿਲਾਉਣਾ ਠੀਕ ਨਹੀਂ ਹੈ। ਜੇ ਕੋਈ ਗ਼ਲਤ ਕਰ ਰਿਹਾ ਹੈ ਤਾਂ ਸਰਕਾਰ ਨੂੰ ਉਸ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ।" ਦੂਜੇ ਪਾਸੇ ਮਾਲ ਮੰਤਰੀ ਵਿਪੁਲ ਗੋਇਲ ਦਾ ਕਹਿਣਾ ਹੈ ਕਿ, "ਇਹ ਕਦਮ ਰਾਜ ਦੇ ਮਾਲ ਵਿਭਾਗ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਇਕ ਯਤਨ ਹੈ।" ਜੋ ਵੀ ਹੋਵੇ, ਹੁਣ ਜਦੋਂ ਕਿ ਇਹ ਰਿਪੋਰਟ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਚੁੱਕੀ ਹੈ, ਸਰਕਾਰ ਦਾ ਕਰਤੱਵ ਹੈ ਕਿ ਇਸ ਸੰਬੰਧ 'ਚ ਜਿੰਨੀ ਛੇਤੀ ਹੋ ਸਕੇ ਢੁੱਕਵੀਂ ਕਾਰਵਾਈ ਕਰ ਕੇ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤੀ ਦਿਵਾਈ ਜਾਵੇ, ਤਾਂ ਕਿ ਉਨ੍ਹਾਂ ਦੇ ਕੰਮ ਠੀਕ ਢੰਗ ਨਾਲ ਹੋ ਸਕਣ।

# ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦਾ ਆਕਾਰ



ਆਰਥਿਕ ਵਿਕਾਸ ਅਤੇ ਵਸੋਂ ਦਾ ਵਾਧਾ ਲਮੇਂ ਸਮੇਂ ਤੋਂ ਬਹਿਸ ਦਾ ਵਿਸ਼ਾ ਰਿਹਾ ਹੈ। ਜਨ ਸੰਖਿਅਕ ਵਿਗਿਆਨੀਆਂ ਦੀ ਧਾਰਨਾ ਹੈ ਕਿ ਜਦੋਂ ਵਿਕਾਸ ਨਾਲ ਲੋੜੀਂਦੇ ਤੇ ਮੁੱਢਲੇ ਸੰਰਚਨਾਤਮਕ ਢਾਂਚੇ ਵਿੱਚ ਸੁਧਾਰ ਹੁੰਦੇ ਹਨ ਤਾਂ ਸਿਹਤ ਸੇਵਾਵਾਂ, ਸਿੱਖਿਆ, ਰੁਜ਼ਗਾਰ ਦੇ ਮੌਕੇ ਆਮ ਜੀਵਨ ਪੱਧਰ ਦੇ ਮਿਆਰ ਨੂੰ ਉੱਚਾ ਚੁੱਕਦੇ ਹਨ। ਜਿਉਂ-ਜਿਉਂ ਆਰਥਿਕ ਵਿਕਾਸ ਹੁੰਦਾ ਹੈ, ਇਸ ਦਾ ਸਕਾਰਾਤਮਕ ਪ੍ਰਭਾਵ ਸਮੁੱਚੇ ਸਮਾਜ ਅਤੇ ਸਮਾਜਿਕ ਕਦਰਾਂ-ਕੀਮਤਾਂ ਦੇ ਰੂਪ ਵਿੱਚ ਸਪਸ਼ਟ ਦਿਖਾਈ ਦਿੰਦਾ ਹੈ। ਵਸੋਂ ਦੇ ਵਾਧੇ ਨੂੰ ਪ੍ਰਭਾਵਿਤ ਕਰਦੇ ਮੁੱਖ ਕਾਰਕ ਜਨਮ ਦਰ, ਮੌਤ ਦਰ, ਕੁੱਲ ਜਨਣ ਸਮਰੱਥਾ ਆਦਿ ਘਟਣ ਲਗਦੇ ਹਨ ਅਤੇ ਅੰਤ ਵਿੱਚ ਕੁਦਰਤੀ ਨਿਊਨਤਮ ਪੱਧਰ 'ਤੇ ਆ ਜਾਂਦੇ ਹਨ। ਇਸ ਨੂੰ ਵਸੋਂ ਦੇ ਵਾਧੇ ਦਾ ਅੰਤਿਮ ਪੜਾਅ ਕਿਹਾ ਜਾਂਦਾ ਹੈ। ਇਸ ਪੜਾਅ 'ਤੇ ਵਸੋਂ ਦੇ ਵਾਧੇ ਦੀ ਦਰ ਘਟਣੀ ਸ਼ੁਰੂ ਹੋ ਜਾਂਦੀ ਹੈ। ਜੁਲਾਈ 2024 ਤੋਂ ਬਾਅਦ ਭਾਰਤ ਭਾਵੇਂ ਦੁਨੀਆ ਵਿੱਚ ਸਭ ਤੋਂ ਵਧੇਰੇ ਵਸੋਂ (142 ਕਰੋੜ) ਵਾਲਾ ਦੇਸ਼ ਬਣ ਗਿਆ ਪਰ ਅੰਕੜੇ ਇਹ ਵੀ ਦੱਸਦੇ ਹਨ ਕਿ 1991-2001 ਦੇ ਦਹਾਕੇ ਦੌਰਾਨ ਵਸੋਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਭਾਰਤ ਵਿੱਚ ਵਸੋਂ ਦਾ ਵਾਧਾ ਘਟਦੀ ਹੋਈ ਦਰ ਨਾਲ ਹੀ ਹੋ ਰਿਹਾ ਹੈ।

ਵਸੋਂ ਦੇ ਵਾਧੇ ਅਤੇ ਪਰਿਵਾਰ ਦੇ ਆਕਾਰ ਦਾ ਸਿੱਧਾ ਸਬੰਧ ਹੈ। ਆਜ਼ਾਦੀ ਤੋਂ ਬਾਅਦ 1961-1981 ਦੇ ਸਮੇਂ ਦੌਰਾਨ ਵਸੋਂ ਦਾ ਵਾਧਾ ਵਿਸਫੋਟਕ ਸੀ। ਇਸ ਨੂੰ ਕੰਟਰੋਲ ਕਰਨ ਵਾਸਤੇ ਜਿਹੜੀਆਂ ਨੀਤੀਆਂ ਬਣਾਈਆਂ, ਉਹ ਕੇਰਲਾ ਤੇ ਪੰਜਾਬ ਦੇ ਸਮਾਜਿਕ ਆਰਥਿਕ ਵਿਕਾਸ ਮਾਡਲ ਤੋਂ ਪ੍ਰਭਾਵਿਤ ਸਨ। ਕੇਰਲਾ ਵਿੱਚ ਸਿੱਖਿਆ, ਖਾਸਕਰ ਔਰਤਾਂ ਦੀ ਵਧ ਰਹੀ ਸਾਖਰਤਾ ਦਰ ਅਤੇ ਸਿਹਤ ਸਹੂਲਤਾਂ ਕਾਰਨ ਉੱਥੇ ਪਰਿਵਾਰ ਦੇ ਆਕਾਰ ਛੋਟੇ ਬਣ ਗਏ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਪੱਖ ਤੋਂ ਨੰਬਰ ਇੱਕ ਹੋਣ ਕਾਰਨ ਸਭ ਤੋਂ ਵੱਧ ਵਿਕਸਤ ਰਾਜਾਂ ਦੀ ਸ਼੍ਰੇਣੀ ਵਿੱਚ ਸੀ। ਇਥੇ ਵੀ ਪਰਿਵਾਰਾਂ ਦੇ ਆਕਾਰ ਛੋਟੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਮਾਡਲਾਂ ਨੂੰ ਧਿਆਨ ਵਿੱਚ ਰੱਖਦਿਆਂ 1976 ਵਿੱਚ ਭਾਰਤ ਦੀ ਵਸੋਂ ਨੀਤੀ ਬਣਾਈ ਗਈ ਜਿਸ ਵਿੱਚ ਪਰਿਵਾਰ ਨਿਯੋਜਨ ਉੱਪਰ ਜ਼ੋਰ ਦਿੰਦਿਆਂ ਪ੍ਰਤੀ ਪਰਿਵਾਰ ਦੋ-ਤਿੰਨ ਬੱਚਿਆਂ ਦੀ ਅਪੀਲ ਕੀਤੀ ਗਈ। 2002 ਦੀ ਵਸੋਂ ਨੀਤੀ ਵਿੱਚ ਕੁਝ ਹੋਰ ਸੁਧਾਰਾਂ ਦੇ ਨਾਲ-ਨਾਲ ਪ੍ਰਤੀ ਪਰਿਵਾਰ 'ਹਮ ਦੋ, ਹਮਾਰੇ ਦੋ' ਦਾ ਨਾਅਰਾ ਦਿੱਤਾ ਗਿਆ। ਲਗਾਤਾਰ ਸਮਾਜਿਕ ਆਰਥਿਕ ਵਿਕਾਸ ਅਤੇ ਵਸੋਂ ਨਾਲ ਸਬੰਧਿਤ ਨੀਤੀਆਂ ਸਦਕਾ ਮੌਜੂਦਾ ਪਰਿਵਾਰ ਦਾ ਔਸਤਨ ਆਕਾਰ ਚਾਰ-ਪੰਜ ਜੀਆਂ ਦਾ ਹੈ। ਸਾਂਝੇ ਪਰਿਵਾਰ ਹੁਣ ਵਿਰਲੇ ਹੀ ਮਿਲਦੇ ਹਨ ਜਿੱਥੇ ਪਰਿਵਾਰ ਵਿੱਚ ਬਜ਼ੁਰਗ ਮਾਪੇ ਵੀ ਨਾਲ ਰਹਿੰਦੇ ਹੋਣ। ਆਧੁਨਿਕ ਤਕਨੀਕ ਜ਼ਿੰਦਗੀ ਦੇ ਹਰ ਖੇਤਰ ਨੂੰ ਇਸ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੈ ਕਿ ਸਮਾਜਿਕ ਕਦਰਾਂ-ਕੀਮਤਾਂ, ਰਿਸ਼ਤੇ-ਨਾਤੇ, ਪਰਿਵਾਰਕ ਸਬੰਧ ਸਭ ਉਥਲ-ਪੁਥਲ ਹੋ ਰਹੇ ਹਨ। ਨਿੱਜਵਾਦ ਅਤੇ ਵਿਅਕਤੀਵਾਦ ਆਮ ਜੀਵਨ ਸ਼ੈਲੀ ਉੱਪਰ ਭਾਰੂ ਹੋ ਰਿਹਾ ਹੈ। ਇਸ ਵਰਤਾਰੇ ਦੌਰਾਨ ਕੁਝ ਸਿਆਸੀ ਧਿਰਾਂ ਅਤੇ ਧਾਰਮਿਕ ਸ਼ਖ਼ਸੀਅਤਾਂ ਦੇ ਸਮੇਂ-ਸਮੇਂ ਬਿਆਨ ਦੇਣੇ ਕਿ ਖਾਸ ਭਾਈਚਾਰੇ ਵਿੱਚ ਬੱਚੇ ਜ਼ਿਆਦਾ ਹਨ, ਉਹ ਤੁਹਾਡੇ ਹਰ ਪ੍ਰਕਾਰ ਦੇ ਵਿਤੀ ਤੇ ਕੁਦਰਤੀ ਸਾਧਨਾਂ ਅਤੇ ਸੱਭਿਆਚਾਰ ਉੱਪਰ ਭਾਰੂ ਹੋ ਜਾਣਗੇ; ਇਸ ਵਾਸਤੇ ਤੁਸੀਂ ਵੀ ਵਧੇਰੇ ਬੱਚੇ ਪੈਦਾ ਕਰੋ; ਇਹ ਸਮਾਜਿਕ-ਆਰਥਿਕ ਵਿਕਾਸ ਅਤੇ ਪਰਿਵਾਰ ਦੇ ਆਕਾਰ ਦੇ ਸਿਧਾਂਤ ਤੋਂ ਹਟ ਕੇ ਹੈ। ਪਰਿਵਾਰ ਦੇ ਆਕਾਰ ਦੇ ਸਿਧਾਂਤ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਇਹੋ ਜਿਹੀ ਬਿਆਨਬਾਜ਼ੀ ਨੂੰ ਨਕਾਰਦੇ ਹਨ।

ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਅਨੁਸਾਰ, ਕੁੱਲ ਜਨਣ ਸਮਰੱਥਾ ਪੇਂਡੂ ਤੇ ਸ਼ਹਿਰੀ, 1992-93 ਦੌਰਾਨ 3.4 ਸੀ ਜੋ 2019-22 ਦੌਰਾਨ 2.0 ਹੋ ਗਈ; ਭਾਵ, ਪ੍ਰਤੀ ਪਰਿਵਾਰ 2-3 ਬੱਚੇ ਪੈਦਾ ਹੋ ਰਹੇ ਸਨ। ਸ਼ਹਿਰੀਕਰਨ ਅਤੇ ਆਧੁਨਿਕਤਾ ਇਸ ਰੁਝਾਨ ਨੂੰ ਅਤਿ ਚਿੰਤਾਜਨਕ ਸਥਿਤੀ ਵੱਲ ਧੱਕ ਰਹੇ ਹਨ। ਸ਼ਹਿਰੀ ਇਲਾਕਿਆਂ ਵਿੱਚ ਜਨਣ ਸਮਰੱਥਾ 1.6 ਹੈ; ਭਾਵ, ਪ੍ਰਤੀ ਜੋੜਾ ਦੋ ਬੱਚਿਆਂ ਤੋਂ ਘੱਟ ਬੱਚੇ ਪੈਦਾ ਕਰ ਰਿਹਾ ਹੈ। ਇਹ ਅੰਕੜੇ ਸਮੁੱਚੇ ਭਾਰਤ ਦੀ ਵਸੋਂ ਦੇ ਹਨ; ਕਿਸੇ ਖਾਸ ਧਰਮ, ਜਾਤ, ਨਸਲ ਜਾਂ ਭਾਈਚਾਰੇ ਦੇ ਨਹੀਂ। ਨਾ ਹੀ ਇਨ੍ਹਾਂ ਦਾ ਸਬੰਧ ਸਿੱਧੇ ਤੌਰ 'ਤੇ ਕਿਸੇ ਸਿਆਸੀ ਪਾਰਟੀ ਨਾਲ ਹੈ। ਪਰਿਵਾਰ ਦਾ ਆਕਾਰ, ਸਿੱਖਿਆ ਪੱਧਰ/ਮਿਆਰ, ਸਿਹਤ ਸਹੂਲਤਾਂ, ਰੁਜ਼ਗਾਰ ਦੇ ਮੌਕੇ ਅਤੇ ਸ਼ਹਿਰੀਕਰਨ ਤੋਂ ਇਲਾਵਾ ਆਮਦਨ ਪੱਧਰ ਉੱਪਰ ਵਧੇਰੇ ਨਿਰਭਰ ਕਰਦਾ ਹੈ। ਇਸ ਲਈ ਸਮਾਜ ਭਲਾਈ ਵਾਸਤੇ ਪ੍ਰੋਗਰਾਮ ਜਾਂ ਨੀਤੀਆਂ ਘੜਨ ਵੇਲੇ ਵਿਅਕਤੀਆਂ ਦੀ ਗਿਣਤੀ ਕਰਨ ਦੇ ਪੈਮਾਨੇ ਧਰਮ ਨਿਰਪੱਖ ਅਤੇ ਰਾਜਨੀਤੀ ਤੋਂ ਦੂਰ ਰੱਖਣ ਦੀ ਜ਼ਰੂਰਤ ਹੈ। ਸਮਾਜ ਜਾਂ ਕਿਸੇ ਇਲਾਕੇ ਵਿੱਚ ਕਿੰਨੇ ਵਿਅਕਤੀ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਬੋਧੀ ਜਾਂ ਕਿਸੇ ਹੋਰ ਧਰਮ ਦੇ ਹਨ, ਦੀ ਥਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਉਥੇ ਕਿੰਨੇ ਵਿਅਕਤੀ ਅਤਿ ਅਮੀਰ ਹਨ, ਵਧੇਰੇ ਅਮੀਰ ਹਨ ਜਾਂ ਅਮੀਰ ਹਨ, ਉੱਪਰਲੇ ਮੱਧ ਵਰਗ ਦੀ ਆਮਦਨ, ਮਧ ਵਰਗ ਦੀ ਆਮਦਨ ਜਾਂ ਹੇਠਲੇ ਮਧ ਵਰਗ ਦੀ ਆਮਦਨ ਦੀ ਸ਼੍ਰੇਣੀ ਦੇ ਹਨ। ਇਸ ਤੋਂ ਬਾਅਦ ਕਿੰਨੇ ਗਰੀਬ, ਬਹੁਤ ਗਰੀਬ ਅਤੇ ਅਤਿ ਦੇ ਗਰੀਬ ਹਨ;

ਕੰਵਲਜੀਤ ਕੌਰ ਗਿੱਲ

ਭਾਵ, ਧਰਮ ਦੀ ਸਿਆਸਤ ਦੀ ਥਾਂ ਜੇ ਆਮਦਨ ਪੱਧਰ ਨੂੰ ਪੈਮਾਨਾ ਬਣਾਇਆ ਜਾਵੇ ਤਾਂ ਅਸੀਂ ਆਟਾ-ਦਾਲ ਸਕੀਮ, ਸ਼ਗਨ ਸਕੀਮ, ਮੁਫਤ ਬਿਜਲੀ, ਪਾਣੀ ਜਾਂ ਸਿੱਖਿਆ, ਸਿਹਤ ਸਹੂਲਤਾਂ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਸਹੀ ਸ਼ਨਾਖ਼ਤ ਕਰ ਸਕਦੇ ਹਾਂ।

ਵਿਕਾਸ ਦੇ ਨਾਲ-ਨਾਲ ਸਮਾਜਿਕ ਅਤੇ ਸਭਿਆਚਾਰਕ ਤਬਦੀਲੀਆਂ ਵੀ ਤੇਜ਼ੀ ਨਾਲ ਵਾਪਰਦੀਆਂ ਹਨ। ਇਨ੍ਹਾਂ ਨਾਲ ਪਰਿਵਾਰ ਦੇ ਆਕਾਰ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਵੀ ਬਦਲਦੇ ਰਹਿੰਦੇ ਹਨ। ਮਰਦ ਔਰਤ ਵਿਚਾਲੇ ਸਾਖਰਤਾ ਦਰ ਦਾ ਪਾੜਾ ਘਟ ਰਿਹਾ ਹੈ। ਔਰਤ ਰੁਜ਼ਗਾਰ ਦੇ ਹਰ ਖਿੱਤੇ ਵਿੱਚ ਮਰਦ ਦੇ ਬਰਾਬਰ ਕੰਮ ਕਰਨ ਲੱਗੀ ਹੈ। ਘਰ ਤੋਂ ਬਾਹਰਲੇ ਕੰਮਾਂ ਵਿੱਚ ਬਰਾਬਰ ਦੀ ਕਾਰਜ ਕੁਸ਼ਲਤਾ ਅਤੇ ਕਾਰਗੁਜ਼ਾਰੀ ਸਿੱਧ ਕਰਨ ਵਾਸਤੇ ਭਾਵੇਂ ਉਸ ਨੂੰ ਅਨੇਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਫਿਰ ਵੀ ਉਹ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਕੰਮਕਾਜੀ ਡਿਊਟੀ ਵਿੱਚ ਤਾਲਮੇਲ ਰੱਖਣ ਵਾਸਤੇ ਯਤਨਸ਼ੀਲ ਰਹਿੰਦੀ ਹੈ। ਛੋਟਾ ਪਰਿਵਾਰ ਕੰਮਕਾਜੀ ਔਰਤ ਦੀ ਚੋਣ ਹੀ ਨਹੀਂ, ਜ਼ਰੂਰਤ ਵੀ ਹੈ। ਵਸੋਂ ਦੇ ਵਾਧੇ ਦੀ ਦਰ ਵਿੱਚ ਗਿਰਾਵਟ ਦੇ ਨਾਲ-ਨਾਲ ਇਸ ਦੀ ਬਣਤਰ ਅਤੇ ਉਮਰ ਵਰਗ ਵਿੱਚ ਵੀ ਤਬਦੀਲੀ ਆ ਰਹੀ ਹੈ। ਜਨਮ ਦਰ ਵਿੱਚ ਕਮੀ ਆਉਣ ਨਾਲ ਭਾਰਤ ਵਿੱਚ ਨੌਜਵਾਨ ਉਮਰ ਵਰਗ ਦੀ ਗਿਣਤੀ ਵਧੀ ਹੈ, ਨਾਲ ਹੀ 60 ਸਾਲ ਤੋਂ ਉੱਪਰ ਦੇ ਵਡੇਰੀ ਉਮਰ ਦੇ ਵਿਅਕਤੀਆਂ ਦੇ ਅਨੁਪਾਤ ਵਿੱਚ ਵੀ ਵਾਧਾ ਹੋਇਆ ਹੈ। ਅਨੁਮਾਨ ਹਨ ਕਿ ਆਉਂਦੇ ਦਹਾਕਿਆਂ ਦੌਰਾਨ ਵਸੋਂ ਨਾਲ ਸਬੰਧਿਤ ਸਮਾਜਿਕ ਵਰਤਾਰਿਆਂ ਵਿੱਚ ਹੋਰ ਤਬਦੀਲੀਆਂ ਹੋਣਗੀਆਂ। ਇਕ ਪਾਸੇ ਸਾਖਰਤਾ ਦਰ ਵਿੱਚ ਵਾਧਾ, ਘਟ ਰਿਹਾ ਲਿੰਗ ਅਨੁਪਾਤ, ਵਧ ਰਹੀ ਬੇਰੁਜ਼ਗਾਰੀ ਅਤੇ ਸ਼ਹਿਰੀਕਰਨ; ਦੂਜੇ ਪਾਸੇ ਵਧ ਰਿਹਾ ਨਿੱਜਵਾਦ, ਵਿਅਕਤੀਵਾਦ ਆਦਿ ਸਮਾਜਿਕ ਸਬੰਧਾਂ ਤੇ ਪਰਿਵਾਰਕ ਰਿਸ਼ਤਿਆਂ ਨੂੰ ਨਵੇਂ ਢੰਗ ਨਾਲ ਪ੍ਰਭਾਵਿਤ ਕਰ ਰਹੇ ਹਨ। ਨੌਜਵਾਨ ਪੀੜ੍ਹੀ ਆਪਣੇ ਕਰੀਅਰ ਬਾਰੇ ਫਿਕਰਮੰਦ ਹੈ, ਵਿਆਹ ਢੁੱਕਵੀਂ ਉਮਰ ਤੋਂ ਵਧੇਰੇ ਦੇਰੀ ਨਾਲ ਹੋ ਰਹੇ ਹਨ। ਕੁਝ ਲੋਕ ਵਿਆਹ ਨੂੰ ਨਕਾਰਦੇ ਹੋਏ ਇਕੱਠੇ ਰਹਿਣ (ਲਿਵ ਇਨ ਸਬੰਧ) ਨੂੰ ਤਰਜੀਹ ਦੇਣ ਲੱਗੇ ਹਨ। ਬਹੁਤੇ ਨੌਜਵਾਨ ਜੋੜੇ ਪਰਿਵਾਰ ਦੀ ਨੈਤਿਕ ਜਿ਼ੰਮੇਵਾਰੀ ਦਾ ਬੋਝ ਚੁੱਕਣ ਤੋਂ ਝਿਜਕਦੇ, ਬਿਨਾਂ ਬੱਚਿਆਂ ਦੇ ਪਰਿਵਾਰ ਨੂੰ ਹੀ ਸਹੀ ਠਹਿਰਾਉਣ ਲੱਗੇ ਹਨ। ਇਹ ਸਾਰਾ ਰੁਝਾਨ ਭਾਰਤੀ ਸਮਾਜਿਕ ਸੰਸਕ੍ਰਿਤੀ ਤੋਂ ਉਲਟ ਪਾਸੇ ਜਾ ਰਿਹਾ ਹੈ। ਅਜਿਹੇ ਆਧੁਨਿਕ ਵਰਤਾਰੇ ਵਿੱਚ ਪਰਿਵਾਰ ਦੇ ਆਕਾਰ ਨੂੰ ਧਰਮ, ਜਾਤ ਜਾਂ ਕਿਸੇ ਖਾਸ ਭਾਈਚਾਰੇ ਨਾਲ ਜੋੜ ਕੇ ਦੇਖਣਾ ਸਹੀ ਨਹੀਂ ਲੱਗਦਾ।

ਨੈਸ਼ਨਲ ਫੈਮਿਲੀ ਹੈਲਥ ਸਰਵੇ (2019-22) ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਦੀ ਕੁੱਲ ਵਸੋਂ ਵਿੱਚ 79.8% ਹਿੰਦੂ, 14.2% ਮੁਸਲਮਾਨ, 2.3% ਇਸਾਈ, 1.7%ਸਿੱਖ ਅਤੇ ਬਾਕੀ ਬੋਧੀ, ਜੈਨੀ ਜਾਂ ਹੋਰ ਧਰਮਾਂ ਦੇ ਲੋਕ ਹਨ। 1951 ਵਿੱਚ ਕੁੱਲ ਵਸੋਂ ਵਿੱਚ ਹਿੰਦੂ ਧਰਮ ਨਾਲ ਸਬੰਧਿਤ ਲੋਕ 84.1% ਅਤੇ ਮੁਸਲਮਾਨ 14.2% ਸਨ; ਭਾਵ, ਦੋਵੇਂ ਮੁੱਖ ਧਰਮਾਂ ਦੇ ਲੋਕਾਂ ਦੇ ਵਾਧੇ ਦੀ ਦਰ ਵਿੱਚ 1951 ਤੋਂ 2011 ਦੌਰਾਨ ਗਿਰਾਵਟ ਆਈ ਹੈ। ਕੁੱਲ ਜਨਣ ਸਮਰੱਥਾ ਦਰ ਹਿੰਦੂਆਂ ਵਿੱਚ 3.3 ਤੋਂ ਘਟ ਕੇ 2.1 ਹੋ ਗਈ ਹੈ ਤੇ ਮੁਸਲਮਾਨਾਂ ਵਿੱਚ 4.4 ਤੋਂ ਘਟ ਕੇ 2.6 ਹੋ ਗਈ ਹੈ। ਇਸ ਤੋਂ ਭਾਵ ਹੈ ਕਿ ਦੋਵੇਂ ਧਰਮਾਂ ਵਿਚਾਲੇ ਪਰਿਵਾਰ ਦੇ ਆਕਾਰ ਵਿੱਚ ਅੰਤਰ 0.5 ਦਾ ਹੈ, ਜਾਂ ਇਉਂ ਕਹਿ ਲਓ, ਹਿੰਦੂ ਧਰਮ 'ਚ 2 ਜਾਂ 3 ਬੱਚੇ ਅਤੇ ਮੁਸਲਮਾਨਾਂ ਦੇ ਕਈ ਪਰਿਵਾਰਾਂ 'ਚ ਔਸਤਨ 3 ਬੱਚੇ ਹਨ। ਇਸੇ ਸਰਵੇਖਣ ਵਿੱਚ ਦਰਜ ਹੈ ਕਿ ਇੱਕ ਤੋਂ ਵੱਧ ਪਤਨੀਆਂ ਦਾ ਰੁਝਾਨ ਮੁਸਲਮਾਨਾਂ ਵਿੱਚ ਹੀ ਨਹੀਂ, ਹਿੰਦੂਆਂ ਵਿੱਚ ਵੀ ਹੈ। 1.3% ਹਿੰਦੂ ਅਤੇ 1.9% ਮੁਸਲਮਾਨ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਹਨ। ਇੰਸਟੀਚਿਊਟ ਆਫ ਪਾਪੂਲੇਸ਼ਨ ਸਟੱਡੀਜ਼ ਮੁੰਬਈ ਦੀ 2009 ਤੋਂ 2024 ਤੱਕ ਦੇ 15 ਸਾਲਾਂ ਦੀ ਖੋਜ ਰਿਪੋਰਟ ਅਨੁਸਾਰ, ਲਗਭਗ ਇੱਕ ਕਰੋੜ ਹਿੰਦੂ ਪਰਿਵਾਰਾਂ ਵਿੱਚ ਇੱਕ ਤੋਂ ਵੱਧ ਪਤਨੀਆਂ ਸਨ; ਮੁਸਲਮਾਨਾਂ ਵਿੱਚ ਇਹੋ ਜਿਹੇ ਪਰਿਵਾਰਾਂ ਦੀ ਗਿਣਤੀ 12 ਲੱਖ ਦੇ ਲਗਭਗ ਸੀ। ਭਾਰਤ ਦੇ 35 ਰਾਜਾਂ ਵਿੱਚੋਂ 28 ਰਾਜਾਂ ਵਿੱਚ ਹਿੰਦੂਆਂ ਦੀ ਵਸੋਂ ਜ਼ਿਆਦਾ ਹੈ। ਇਸ ਪ੍ਰਕਾਰ ਕਿਸੇ ਵੀ ਹਾਲਤ ਵਿੱਚ 2047 ਤੱਕ ਮੁਸਲਮਾਨਾਂ ਦੀ ਗਿਣਤੀ ਹਿੰਦੂਆਂ ਦੀ ਵਸੋਂ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕਦੀ ਅਤੇ ਨਾ ਹੀ ਉਹ ਸੱਭਿਆਚਾਰ ਜਾਂ ਰੀਤੀ ਰਿਵਾਜ ਉੱਪਰ ਕਾਬਜ਼ ਹੋਣ ਦੀ ਸਥਿਤੀ ਵਿੱਚ ਹੋ ਸਕਣਗੇ। ਇਸ ਵਾਸਤੇ ਇੱਕ ਪਾਸੜ ਜਾਂ ਭਾਵਨਾਤਮਕ ਮਾਨਸਿਕਤਾ ਦੇ ਪ੍ਰਭਾਵ ਅਧੀਨ ਸਿਆਸੀ ਜਾਂ ਧਾਰਮਿਕ ਸਭਾਵਾਂ ਵਿੱਚ ਲੋਕਾਂ ਨੂੰ ਬਹੁਤੇ ਬੱਚੇ ਪੈਦਾ ਕਰਨ ਦੀ ਅਪੀਲ ਕਰਨਾ ਗ਼ੈਰ-ਪ੍ਰਸੰਗਕ ਤੇ ਜਮਹੂਰੀਅਤ ਦੇ ਖਿਲਾਫ ਹੈ। ਇਹ ਬਿਆਨਬਾਜ਼ੀ ਸਪਸ਼ਟ ਰੂਪ ਵਿੱਚ ਔਰਤਾਂ ਦੇ ਸ਼ਕਤੀਕਰਨ ਉਪਰ ਵੀ ਗਲਤ ਪ੍ਰਭਾਵ ਪਾਉਂਦੀ ਹੈ। ਬੱਚੇ ਨੂੰ ਪੈਦਾ ਕਰਨ ਅਤੇ ਉਸ ਦੇ ਪਾਲਣ-ਪੋਸ਼ਣ ਦੌਰਾਨ ਔਰਤ ਰੁਜ਼ਗਾਰ ਦੇ ਪੱਖ ਤੋਂ ਤਿੰਨ-ਚਾਰ ਸਾਲ ਮਰਦ ਤੋਂ ਪੱਛੜ ਜਾਂਦੀ ਹੈ। ਉਸ ਦੀ ਆਮਦਨ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਉਹ ਆਰਥਿਕ ਤੌਰ 'ਤੇ ਵੀ ਪਿੱਛੇ ਰਹਿ ਜਾਂਦੀ ਹੈ।

ਸੋ, ਕਿਸੇ ਵੀ ਸਮਾਜਿਕ-ਆਰਥਿਕ ਸਮੱਸਿਆ ਦਾ ਹੱਲ ਧਰਮ ਵਿੱਚੋਂ ਲੱਭਣਾ ਨਾਜਾਇਜ਼ ਹੀ ਨਹੀਂ, ਗੈਰ-ਪ੍ਰਸੰਗਕ ਵੀ ਹੈ। ਵਸੋਂ ਦੇ ਵਾਧੇ ਦਾ ਸਬੰਧ ਪਰਿਵਾਰ ਦੇ ਆਕਾਰ ਨਾਲ ਹੈ। ਪਰਿਵਾਰ ਦਾ ਆਕਾਰ ਸਿਹਤ ਸੇਵਾਵਾਂ ਦੀ ਉਪਲਬਧਤਾ, ਸਾਖਰਤਾ ਦਰ, ਆਮਦਨ ਪੱਧਰ, ਰੁਜ਼ਗਾਰ, ਸ਼ਹਿਰੀਕਰਨ ਆਦਿ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਮੁਢਲੀਆਂ ਸੰਰਚਨਾਤਮਕ ਸਹੂਲਤਾਂ ਅਤੇ ਸੇਵਾਵਾਂ ਦੇ ਮੁੱਢਲੇ ਅਧਿਕਾਰਾਂ ਪ੍ਰਤੀ ਹਰ ਨਾਗਰਿਕ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾਵੇ। ਸੰਵਿਧਾਨਕ ਤੌਰ 'ਤੇ ਭਾਰਤ ਧਰਮ ਨਿਰਪੱਖ ਦੇਸ਼ ਹੈ। ਇਸ ਦੀ ਸਿਆਸੀ ਮਰਿਆਦਾ ਅਤੇ ਸਭਿਆਚਾਰ ਨੂੰ ਕਾਇਮ ਰੱਖਣਾ ਸਮੇਂ ਦੀਆਂ ਸਰਕਾਰਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਇਹੀ ਦੇਸ਼ ਦੇ ਨਾਗਰਿਕਾਂ ਦੇ ਹਿੱਤ 'ਚ ਹੈ। ਵਸੋਂ ਦੇ ਬਦਲਦੇ ਰੁਝਾਨ ਅਤੇ ਪਰਿਵਾਰ ਦੇ ਆਕਾਰ ਨੂੰ ਇਸ ਪ੍ਰਸੰਗ 'ਚ ਦੇਖਣ ਦੀ ਲੋੜ ਹੈ।

# ਡੋਪਿੰਗ ਦਾ ਦਾਗ਼

ਭਾਰਤ ਦੀਆਂ ਖੇਡਾਂ 'ਤੇ ਡੋਪਿੰਗ ਦਾ ਪਰਛਾਵਾਂ ਫੈਲ ਰਿਹਾ ਹੈ। ਕੌਮਾਂਤਰੀ ਮੁਕਾਬਲਿਆਂ ਵਿੱਚ ਬਹੁਤਾ ਨਾਮਣਾ ਭਾਰਤ ਦੇ ਹਿੱਸੇ ਨਹੀਂ ਆਉਂਦਾ ਪਰ ਜਿੱਥੋਂ ਤੱਕ ਡੋਪਿੰਗ ਦੀ ਅਲਾਮਤ ਦਾ ਤੁਆਲੁਕ ਹੈ ਤਾਂ ਇਸ ਵਿੱਚ ਦੇਸ਼ ਦੂਜੇ ਨੰਬਰ 'ਤੇ ਆ ਗਿਆ ਹੈ ਜਿਸ ਕਰ ਕੇ ਸਾਡੇ ਬਹੁਤ ਸਾਰੇ ਅਥਲੀਟ ਕੌਮਾਂਤਰੀ ਮੁਕਾਬਲਿਆਂ ਵਿੱਚ ਹਿੱਸਾ ਨਾ ਲੈਣ ਦੇ ਅਯੋਗ ਨਿੱਕਲੇ ਹਨ ਪਰ ਭਾਰਤੀ ਅਥਲੈਟਿਕਸ ਫੈਡਰੇਸ਼ਨ (ਏਐੱਫਆਈ) ਦੇ ਪ੍ਰਧਾਨ ਦੇ ਅਹੁਦੇ ਤੋਂ ਫਾਰਗ ਹੋ ਰਹੇ ਆਦਿਲ ਸੁਮਾਰੀਵਾਲਾ ਨੂੰ ਇਸ ਵਿੱਚ ਉਮੀਦ ਦੀ ਕਿਰਨ ਦਿਖਾਈ ਦਿੰਦੀ ਹੈ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਡੋਪਿੰਗ ਟੈਸਟ ਪਹਿਲਾਂ ਨਾਲੋਂ ਜ਼ਿਆਦਾ ਹੋਣ ਕਰ ਕੇ ਜ਼ਿਆਦਾ ਧੋਖਾਧੜੀ ਕਰਨ ਵਾਲੇ ਜ਼ਿਆਦਾ ਖਿਡਾਰੀ ਫੜੇ ਜਾ ਰਹੇ ਹਨ। ਉਂਝ, ਇਸ ਦਾ ਇੱਕ ਪਾਸਾ ਇਹ ਵੀ ਹੈ ਕਿ ਫੜੇ ਜਾਣ ਦੀ ਸ਼ਰਮਿੰਦਗੀ ਅਤੇ ਸਜ਼ਾ ਦੇ ਡਰ ਨਾਲੋਂ ਉਨ੍ਹਾਂ ਅੰਦਰ ਗ਼ਲਤ ਤਰੀਕੇ ਅਪਣਾ ਕੇ ਆਪਣੀ ਕਾਰਕਰਦਗੀ ਵਧਾਉਣ ਦਾ ਲੋਭ ਹਾਲੇ ਵੀ ਜ਼ਿਆਦਾ ਹੈ। ਡੋਪਿੰਗ ਦਾ ਡਰਾਵਾ ਨਹੀਂ ਬਣ ਸਕਿਆ ਤੇ ਇਸ ਦੇ ਨਾਲ ਹੀ ਗ਼ਲਤ ਹਥਕੰਡੇ ਅਪਣਾਉਣ ਵਾਲੇ ਇਸ ਸਿਸਟਮ ਤੋਂ ਬਚ ਕੇ ਨਿਕਲਣ ਦੇ ਨਿੱਤ ਨਵੇਂ ਢੰਗ ਤਰੀਕੇ ਲੱਭਦੇ ਰਹਿੰਦੇ ਹਨ।

ਭਾਰਤੀ ਅਥਲੈਟਿਕਸ ਫੈਡਰੇਸ਼ਨ ਲਈ ਡੋਪਿੰਗ ਲਈ 'ਜ਼ੀਰੋ ਟਾਲਰੈਂਸ' ਕਹਿ ਦੇਣ ਨਾਲ ਮਾਮਲਾ ਖ਼ਤਮ ਨਹੀਂ ਹੋ ਜਾਂਦਾ। ਨੇਮਾਂ ਦੀ ਸਖ਼ਤੀ ਨਾਲ ਪਾਲਣਾ ਅਤੇ ਇਸ ਦੀ ਸਮੁੱਚੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣੀ ਪਵੇਗੀ ਅਤੇ ਇਸ ਨੂੰ ਜ਼ਿਲ੍ਹਾ ਪੱਧਰ ਤੱਕ ਲਾਗੂ ਕਰਾਉਣਾ ਪਵੇਗਾ ਜਿੱਥੇ ਡੋਪਿੰਗ ਦੀ ਅਲਾਮਤ ਸਭ ਤੋਂ ਜ਼ਿਆਦਾ ਹੈ। ਜੇ ਸੁਮਾਰੀਵਾਲਾ ਦੀ ਗੱਲ 'ਤੇ ਯਕੀਨ ਕੀਤਾ ਜਾਵੇ ਤਾਂ ਜ਼ਿਲ੍ਹਾ ਪੱਧਰ 'ਤੇ ਖ਼ੁਦ ਕੋਚਾਂ ਵੱਲੋਂ ਨਵੇਂ ਉੱਭਰਦੇ ਖਿਡਾਰੀਆਂ ਨੂੰ ਪਾਬੰਦੀਸ਼ੁਦਾ ਦਵਾਈਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਤਾਂ ਕਿ ਉਹ ਵਕਤੀ ਲਾਹਾ ਹਾਸਿਲ ਕਰ ਸਕਣ। ਪਿਛਲੇ ਦਿਨੀਂ 'ਦਿ ਟ੍ਰਿਬਿਊਨ' ਨੇ ਹਿਸਾਰ ਵਿੱਚ ਮੁੱਕੇਬਾਜ਼ੀ ਚੈਂਪੀਅਨਸ਼ਿਪ ਦੌਰਾਨ ਕਾਰਕਰਦਗੀ ਵਧਾਊ ਦਵਾਈਆਂ ਦੀ ਵਰਤੋਂ ਬਾਰੇ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ ਅਤੇ ਚੰਗੀ ਗੱਲ ਹੈ ਕਿ ਹੁਣ ਹਰਿਆਣਾ ਦੇ ਖੇਡ ਵਿਭਾਗ ਨੇ ਇਸ ਅਲਾਮਤ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਜੇ ਕਿਸੇ ਫੈਡਰੇਸ਼ਨ ਜਾਂ ਐਸੋਸੀਏਸ਼ਨ ਦੇ ਕਰਵਾਏ ਕਿਸੇ ਵੀ ਮੁਕਾਬਲੇ ਜਾਂ ਸਮਾਗਮ ਦੌਰਾਨ ਡੋਪਿੰਗ ਦੀ ਸ਼ਿਕਾਇਤ ਆਉਂਦੀ ਹੈ ਤਾਂ ਉਸ ਸੰਸਥਾ ਨੂੰ ਮੁਅੱਤਲ ਕੀਤਾ ਜਾਵੇਗਾ। ਹੁਣ ਦੇਖਣਾ ਬਾਕੀ ਹੈ ਕਿ ਇਸ ਧਮਾਕੇਦਾਰ ਐਲਾਨ ਦਾ ਜ਼ਮੀਨੀ ਪੱਧਰ 'ਤੇ ਕਿਹੋ ਜਿਹਾ ਅਸਰ ਪੈਂਦਾ ਹੈ।



ਅਫ਼ਸੋਸਨਾਕ ਗੱਲ ਇਹ ਹੈ ਕਿ ਜਦੋਂ ਇਕੇਰਾਂ ਕਿਸੇ ਅਥਲੀਟ ਨੂੰ ਡੋਪ ਦੀ ਲਤ ਲੱਗ ਜਾਂਦੀ ਅਤੇ ਉਹ ਬਚ ਕੇ ਨਿਕਲਣ ਦੇ ਰਾਹ ਲੱਭਣ ਲੱਗ ਪੈਂਦਾ ਹੈ ਤਾਂ ਛੇਤੀ ਕੀਤਿਆਂ ਇਸ ਤੋਂ ਖਹਿੜਾ ਨਹੀਂ ਛੁਡਾ ਸਕਦਾ। ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਸਖ਼ਤ ਮਿਹਨਤ ਅਤੇ ਆਤਮ-ਵਿਸ਼ਵਾਸ ਹੀ ਦੋ ਸਭ ਤੋਂ ਵੱਡੇ ਹਥਿਆਰ ਹਨ ਪਰ ਡੋਪਿੰਗ ਦੀ ਲਤ ਕਰ ਕੇ ਉਸ ਦੇ ਇਹ ਹਥਿਆਰ ਖੁੰਢੇ ਪੈ ਜਾਂਦੇ ਹਨ। ਜੇ ਇਸ ਅਲਾਮਤ ਨੂੰ ਸ਼ੁਰੂ ਵਿੱਚ ਹੀ ਸਿਰ ਨਾ ਚੁੱਕਣ ਦਿੱਤਾ ਜਾਵੇ ਤਾਂ ਹਾਲਾਤ ਵਿੱਚ ਸੁਧਾਰ ਹੋ ਸਕਦਾ ਹੈ। ਭਾਰਤ ਓਲੰਪਿਕਸ ਦੀ ਮੇਜ਼ਬਾਨੀ ਦੇ ਸੁਫਨੇ ਲੈ ਰਿਹਾ ਹੈ ਜਿਸ ਕਰ ਕੇ ਇਸ ਨੂੰ ਡੋਪਿੰਗ ਦੀ ਸਮੱਸਿਆ ਨੂੰ ਪ੍ਰਵਾਨ ਕਰ ਕੇ ਇਸ ਦਾ ਕਾਰਗਰ ਅਤੇ ਦੂਰਗ਼ਾਮੀ ਹੱਲ ਲੱਭਣ ਦੇ ਰਾਹ ਪੈਣਾ ਚਾਹੀਦਾ ਹੈ; ਨਹੀਂ ਤਾਂ ਸਾਡਾ ਹਾਲ ਵੀ ਰੂਸ ਵਰਗਾ ਹੋ ਸਕਦਾ ਹੈ ਜਿੱਥੇ ਖੇਡਾਂ ਵਿੱਚ ਡੋਪਿੰਗ ਦੀ ਅਲਾਮਤ ਕਰ ਕੇ ਇਹ ਆਲਮੀ ਖੇਡ ਖੇਤਰ ਵਿੱਚ ਅਛੂਤ ਬਣ ਗਿਆ ਹੈ।

# ਬਰਾਮਦ ਮੁਖੀ ਵਿਕਾਸ ਦਾ ਬਦਲਵਾਂ ਰਾਹ

**ਰਘੂਰਾਮ ਜੀ ਰਾਜਨ**



ਜਿਵੇਂ ਚੀਨ, ਯੂਰਪ ਅਤੇ ਜਾਪਾਨ ਵਿੱਚ ਇਹ ਖਦਸ਼ੇ ਵਧ ਰਹੇ ਹਨ ਕਿ ਟਰੰਪ ਪ੍ਰਸ਼ਾਸਨ ਦੀ ਆਮਦ ਨਾਲ ਸੰਭਾਵੀ ਵਪਾਰ ਯੁੱਧ ਸ਼ੁਰੂ ਹੋ ਸਕਦਾ ਹੈ, ਤਿਵੇਂ ਵਿਕਾਸਸ਼ੀਲ ਮੁਲਕਾਂ ਬਾਰੇ ਵੀ ਸੋਚਣ ਦੀ ਜ਼ਿਹਮਤ ਕੀਤੀ ਜਾਣੀ ਚਾਹੀਦੀ ਹੈ। ਦਰਮਿਆਨੀ ਆਮਦਨ ਦਾ ਦਰਜਾ ਪ੍ਰਾਪਤ ਕਰਨ ਵਾਸਤੇ ਖੇਤੀਬਾੜੀ ਤੋਂ ਪਰ੍ਹੇ ਵਿਸਤਾਰ ਕਰਨ ਦਾ ਉਨ੍ਹਾਂ ਦਾ ਵਾਰ-ਵਾਰ ਅਜ਼ਮਾਇਆ ਹੋਇਆ ਤਰੀਕਾਕਾਰ ਘੱਟ ਹੁਨਰਮੰਦ, ਬਰਾਮਦ ਮੁਖੀ ਨਿਰਮਾਣ ਨਾਲ ਬਗਲਗੀਰ ਹੋ ਜਾਂਦਾ ਹੈ। ਇਨ੍ਹਾਂ ਮੁਲਕਾਂ ਦੀ ਕਾਰਗੁਜ਼ਾਰੀ ਹੁਣ ਕਿਹੋ ਜਿਹੀ ਰਹੇਗੀ?

ਉਨ੍ਹਾਂ ਦੇ ਆਸਾਰ ਆਸ ਨਾਲੋਂ ਬਿਹਤਰ ਹੋ ਸਕਦੇ ਹਨ, ਬਸ਼ਰਤੇ ਉਹ ਬਦਲਵੇਂ ਵਿਕਾਸ ਮਾਰਗ ਅਪਣਾ ਲੈਣ। ਬੀਤੇ ਸਮਿਆਂ ਵਿੱਚ ਗ਼ਰੀਬ ਮੁਲਕ ਬਰਾਮਦਾਂ ਦੇ ਨਿਰਮਾਣ ਜ਼ਰੀਏ ਵਿਕਸਤ ਹੋਏ ਸਨ ਕਿਉਂਕਿ ਵਿਦੇਸ਼ਾਂ ਤੋਂ ਆ ਰਹੀ ਮੰਗ ਨੇ ਉਨ੍ਹਾਂ ਦੇ ਉਤਪਾਦਕਾਂ ਨੂੰ ਪੈਮਾਨਾ ਹਾਸਿਲ ਕਰਨ ਦੀ ਖੁੱਲ੍ਹ ਦਿੱਤੀ ਸੀ ਅਤੇ ਕਿਉਂਕਿ ਖੇਤੀਬਾੜੀ ਉਤਪਾਦਨ ਬਹੁਤ ਨੀਵਾਂ ਹੋਣ ਦਾ ਮਤਲਬ ਸੀ ਕਿ ਘੱਟ ਹੁਨਰਮੰਦ ਕਾਮਿਆਂ ਨੂੰ ਬਹੁਤ ਘੱਟ ਉਜਰਤਾਂ ਦੇ ਕੇ ਵੀ ਫੈਕਟਰੀ ਨੌਕਰੀਆਂ ਲਈ ਆਕਰਸ਼ਿਤ ਕੀਤਾ ਜਾ ਸਕਦਾ ਹੈ। ਉਤਪਾਦਨ ਦੇ ਸਕੇਲ ਅਤੇ ਘੱਟ ਲੇਬਰ ਲਾਗਤਾਂ ਦੇ ਇਸ ਜੋੜ ਨੇ ਇਨ੍ਹਾਂ ਮੁਲਕਾਂ ਦੇ ਉਤਪਾਦਨ ਨੂੰ ਆਲਮੀ ਪੱਧਰ 'ਤੇ ਮੁਕਾਬਲੇ ਦੇ ਯੋਗ ਬਣਾ ਦਿੱਤਾ ਸੀ, ਹਾਲਾਂਕਿ ਇਨ੍ਹਾਂ ਦੇ ਕਾਮਿਆਂ ਦੀ ਉਤਪਾਦਕਤਾ ਦਾ ਪੱਧਰ ਨੀਵਾਂ ਹੈ।

ਜਿਵੇਂ ਫਰਮਾਂ ਨੂੰ ਬਰਾਮਦਾਂ ਦਾ ਲਾਭ ਹੋਇਆ ਤਾਂ ਉਨ੍ਹਾਂ ਨੇ ਆਪਣੇ ਕਾਮਿਆਂ ਨੂੰ ਹੋਰ ਜ਼ਿਆਦਾ ਉਪਯੋਗੀ ਬਣਾਉਣ ਲਈ ਬਿਹਤਰ ਸਾਜ਼ੋ-ਸਾਮਾਨ ਖਰੀਦਣ ਵਿੱਚ ਨਿਵੇਸ਼ ਕੀਤਾ। ਜਿਵੇਂ ਜਿਵੇਂ ਉਜਰਤਾਂ ਵਿੱਚ ਵਾਧਾ ਹੋਇਆ ਤਾਂ ਕਾਮੇ ਆਪਣੇ ਅਤੇ ਆਪਣੇ ਬੱਚਿਆਂ ਦੀ ਬਿਹਤਰ ਸਕੂਲ ਸਿੱਖਿਆ ਅਤੇ ਸਿਹਤ ਸੰਭਾਲ ਦੇ ਖਰਚੇ ਬਰਦਾਸ਼ਤ ਕਰਨ ਦੇ ਯੋਗ ਹੋਏ। ਫਰਮਾਂ ਨੇ ਜ਼ਿਆਦਾ ਟੈਕਸ ਅਦਾ ਕੀਤੇ ਜਿਸ ਨਾਲ ਸਰਕਾਰਾਂ ਨੂੰ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਸੁਧਾਰ ਵਿੱਚ ਨਿਵੇਸ਼ ਕਰਨ ਦੀ ਖੁੱਲ੍ਹ ਮਿਲੀ। ਫਰਮਾਂ ਹੁਣ ਹੋਰ ਜ਼ਿਆਦਾ ਸੂਖ਼ਮ, ਉਚੇਰੇ ਮੁੱਲ ਯੁਕਤ ਉਤਪਾਦ ਬਣਾਉਣ ਲੱਗ ਪਈਆਂ ਅਤੇ ਇੰਝ ਅੱਛਾਈ ਦਾ ਇਹ ਚੱਕਰ ਚੱਲ ਪਿਆ। ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਮਹਿਜ਼ ਚਾਰ ਦਹਾਕਿਆਂ ਦੇ ਅੰਦਰ ਚੀਨ ਪੁਰਜ਼ਿਆਂ ਦੀ ਅਸੈਂਬਲਿੰਗ ਤੋਂ ਦੁਨੀਆ ਭਰ 'ਚ ਮੋਹਰੀ ਇਲੈਕਟ੍ਰਿਕ ਵਾਹਨਾਂ (ਈਵੀਜ਼) ਦੇ ਨਿਰਮਾਣ ਤੱਕ ਕਿਵੇਂ ਪਹੁੰਚ ਗਿਆ ਹੈ।

ਉਂਝ, ਕਿਸੇ ਵਿਕਾਸਸ਼ੀਲ ਮੁਲਕ ਵਿੱਚ ਮੋਬਾਈਲ ਫੋਨ ਅਸੈਂਬਲਿੰਗ ਪਲਾਂਟ ਦਾ ਚੱਕਰ ਲਾਓ ਤਾਂ ਤੁਹਾਨੂੰ ਸਾਫ਼ ਨਜ਼ਰ ਆ ਜਾਵੇਗਾ ਕਿ ਇਹ ਮਾਰਗ ਕਿੰਨਾ ਔਖਾ ਹੋ ਗਿਆ ਹੈ। ਹੁਣ ਮਦਰਬੋਰਡਾਂ 'ਤੇ ਸੋਲਡਰ ਪਾਰਟਸ ਲਾਉਣ ਵਾਲੇ ਕਾਮਿਆਂ ਦੀਆਂ ਕਤਾਰਾਂ ਨਹੀਂ ਰਹਿ ਗਈਆਂ ਕਿਉਂਕਿ ਮਾਈਕਰੋ ਸਰਕੂਟਰੀ ਇੰਨੀ ਮਹੀਨ ਹੋ ਗਈ ਹੈ ਕਿ ਇਹ ਮਨੁੱਖੀ ਹੱਥਾਂ ਨਾਲ ਕੀਤੀ ਨਹੀਂ ਜਾ ਸਕਦੀ। ਇਨ੍ਹਾਂ ਦੀ ਥਾਂ ਹੁਣ ਮਸ਼ੀਨਾਂ ਦੀਆਂ ਕਤਾਰਾਂ ਨੇ ਲੈ ਲਈ ਹੈ ਜਿਨ੍ਹਾਂ ਨੂੰ ਹੁਨਰਮੰਦ ਕਾਮੇ ਚਲਾਉਂਦੇ ਹਨ ਜਦੋਂਕਿ ਗ਼ੈਰਹੁਨਰਮੰਦ ਕਾਮੇ ਮੁੱਖ ਤੌਰ 'ਤੇ ਪੁਰਜ਼ੇ ਲਿਜਾਣ ਜਾਂ ਫੈਕਟਰੀ ਦੀ ਸਾਫ਼ ਸਫ਼ਾਈ ਦਾ ਕੰਮ ਕਰਦੇ ਹਨ। ਇਹ ਕੰਮ ਵੀ ਛੇਤੀ ਹੀ ਆਟੋਮੇਟਿਡ ਹੋ ਜਾਣਗੇ। ਕੱਪੜੇ ਸਿਊਣ ਜਾਂ ਜੁੱਤੇ ਬਣਾਉਣ ਦਾ ਕੰਮ ਕਰਨ ਵਾਲੇ ਵਰਕਰਾਂ ਦੀਆਂ ਕਤਾਰਾਂ ਦੀਆਂ ਫੈਕਟਰੀਆਂ ਬਹੁਤ ਘਟਦੀਆਂ ਜਾ ਰਹੀਆਂ ਹਨ।

ਵਿਕਾਸਸ਼ੀਲ ਮੁਲਕਾਂ ਵਿੱਚ ਆਟੋਮੇਸ਼ਨ ਨਾਲ ਕਈ ਕਿਸਮ ਦੀਆਂ ਮੁਸ਼ਕਿਲਾਂ ਜੁੜੀਆਂ ਹੋਈਆਂ ਹਨ। ਪਹਿਲੀ ਗੱਲ ਇਹ ਕਿ ਹੁਣ ਪ੍ਰਤੀ ਯੂਨਿਟ ਪੈਦਾਵਾਰ ਦੇ ਹਿਸਾਬ ਤੋਂ ਨਿਰਮਾਣ ਵਿੱਚ ਬਹੁਤ ਘੱਟ ਕਾਮਿਆਂ ਖ਼ਾਸਕਰ ਗ਼ੈਰ-ਹੁਨਰਮੰਦ ਕਾਮਿਆਂ ਦੀ ਲੋੜ ਪੈਂਦੀ ਹੈ। ਪਹਿਲਾਂ, ਵਿਕਾਸਸ਼ੀਲ ਮੁਲਕ ਵਧੇਰੇ ਸੂਖਮਤਰੀਨ ਨਿਰਮਾਣ ਵੱਲ ਵਧ ਗਏ ਸਨ ਜਿਸ ਨਾਲ ਜ਼ਿਆਦਾਤਰ ਗਰੀਬ ਮੁਲਕਾਂ ਵਿੱਚ ਘੱਟ ਹੁਨਰਮੰਦ ਨਿਰਮਾਣ ਰਹਿ ਗਿਆ ਸੀ ਜੋ ਕਿ ਬਰਾਮਦ ਮੁਖੀ ਨਿਰਮਾਣ ਦੇ ਰਾਹ 'ਤੇ ਬਸ ਚੜ੍ਹੇ ਹੀ ਸਨ। ਪਰ ਹੁਣ ਚੀਨ ਵਰਗੇ ਮੁਲਕ ਵਿੱਚ ਹਰ ਕਿਸਮ ਦਾ ਨਿਰਮਾਣ ਕਰਨ ਲਈ ਸਰਪਲੱਸ ਕਾਮੇ ਹਨ। ਘੱਟ ਹੁਨਰਮੰਦ ਚੀਨੀ ਕਾਮੇ ਕੱਪੜਾ ਨਿਰਮਾਣ ਵਿੱਚ ਬੰਗਲਾਦੇਸ਼ ਦੇ ਕਾਮਿਆਂ ਦਾ ਮੁਕਾਬਲਾ ਕਰ ਰਹੇ ਹਨ ਜਦੋਂਕਿ ਚੀਨ ਦੇ ਪੀਐੱਚਡੀ ਧਾਰਕ ਇਲੈਕਟ੍ਰਿਕ ਵਾਹਨਾਂ ਦੇ ਨਿਰਮਾਣ ਵਿੱਚ ਆਪਣੇ ਜਰਮਨ ਸ਼ਰੀਕਾਂ ਨਾਲ ਮੁਕਾਬਲੇ 'ਚ ਹਨ। ਇਹੀ ਨਹੀਂ ਸਗੋਂ ਨਿਰਮਾਣ ਵਿੱਚ ਲੇਬਰ ਦੀ ਘਟਦੀ ਅਹਿਮੀਅਤ ਦੇ ਮੱਦੇਨਜ਼ਰ, ਸਨਅਤੀਕ੍ਰਿਤ ਦੇਸ਼ਾਂ ਨੂੰ ਇਹ ਵਿਸ਼ਵਾਸ ਹੋ ਗਿਆ ਹੈ ਕਿ ਉਹ ਵੀ ਇਸ ਖੇਤਰ ਵਿੱਚ ਆਪਣੀ ਮੁਕਾਬਲੇਬਾਜ਼ੀ ਨੂੰ ਬਹਾਲ ਕਰ ਸਕਦੇ ਹਨ। ਹੁਨਰਮੰਦ ਕਾਮੇ ਉਨ੍ਹਾਂ ਕੋਲ ਪਹਿਲਾਂ ਤੋਂ ਹੀ ਹਨ ਜੋ ਮਸ਼ੀਨਾਂ ਸੰਭਾਲ ਸਕਦੇ ਹਨ, ਇਸੇ ਲਈ ਉਹ ਬਾਹਰੋਂ ਆਉਣ ਵਾਲੇ ਮਾਲ ਉੱਪਰ ਰੋਕਾਂ ਵਧਾ ਰਹੇ ਹਨ। (ਬਿਨਾਂ ਸ਼ੱਕ, ਮੂਲ ਸਿਆਸੀ ਮਨੋਰਥ ਪਿੱਛੇ ਰਹਿ ਗਏ ਹਾਈ ਸਕੂਲ ਤੱਕ ਪੜ੍ਹੇ ਕਾਮਿਆਂ ਲਈ ਚੰਗੀਆਂ ਉਜਰਤਾਂ ਵਾਲਾ ਰੁਜ਼ਗਾਰ ਪੈਦਾ ਕਰਨ ਦਾ ਹੀ ਹੈ ਪਰ ਆਟੋਮੇਸ਼ਨ ਕਰ ਕੇ ਇਸ ਦੇ ਪੂਰ ਚੜ੍ਹਨ ਦੇ ਆਸਾਰ ਨਹੀਂ ਹਨ)।

ਆਟੋਮੇਸ਼ਨ, ਚੀਨ ਜਿਹੇ ਸਥਾਪਿਤ ਖਿਡਾਰੀਆਂ ਤੋਂ ਮਿਲ ਰਹੇ ਮੁਕਾਬਲੇ ਅਤੇ ਘਰੇਲੂ ਸਨਅਤ/ਖੇਤਰ ਦੀ ਸੁਰੱਖਿਆ 'ਤੇ ਜ਼ੋਰ (ਪ੍ਰੋਟੈਕਸ਼ਨਿਜ਼ਮ) ਦੇ ਇਨ੍ਹਾਂ ਰੁਝਾਨਾਂ ਨੂੰ ਇਕੱਠਿਆਂ ਸਮਝਣ ਤੋਂ ਪਤਾ ਲੱਗਦਾ ਹੈ ਕਿ ਦੱਖਣੀ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਗ਼ਰੀਬ ਮੁਲਕਾਂ ਲਈ ਵਿਕਾਸ ਦੇ ਬਰਾਮਦ ਮੁਖੀ ਨਿਰਮਾਣ ਰਾਹ 'ਤੇ ਚੱਲਦੇ ਰਹਿਣਾ ਕਿਤੇ ਵੱਧ ਔਖਾ ਹੋ ਗਿਆ ਹੈ। ਇੰਝ, ਹਾਲਾਂਕਿ ਵਪਾਰ ਯੁੱਧ ਨਾਲ ਉਨ੍ਹਾਂ ਦੀਆਂ ਜਿਣਸਾਂ ਦੀਆਂ ਬਰਾਮਦਾਂ ਨੂੰ ਸੱਟ ਵੱਜੇਗੀ ਪਰ ਇਹ ਅਤੀਤ ਜਿੰਨਾ ਚਿੰਤਾਜਨਕ ਨਹੀਂ ਹੋਵੇਗਾ। ਜੇ ਵਿਕਾਸਸ਼ੀਲ ਮੁਲਕ ਮਜਬੂਰੀਵਸ ਬਦਲਵੇਂ ਰਾਹਾਂ ਦੀ ਤਲਾਸ਼ ਵਿੱਚ ਜੁੱਟ ਜਾਣ ਤਾਂ ਇਸ 'ਚੋਂ ਬਿਹਤਰੀ ਦੀ ਕਿਰਨ ਵੀ ਫੁੱਟ ਸਕਦੀ ਹੈ। ਉਹ ਰਾਹ ਉੱਚ-ਹੁਨਰਮੰਦ ਸੇਵਾਵਾਂ ਦੀ ਬਰਾਮਦ ਨਾਲ ਬਣਾਇਆ ਜਾ ਸਕਦਾ ਹੈ। ਸਾਲ 2023 ਵਿੱਚ, ਸੇਵਾਵਾਂ 'ਚ ਆਲਮੀ ਵਪਾਰ, ਅਸਲ ਕੀਮਤ (ਮਹਿੰਗਾਈ ਜੋੜ ਕੇ) ਦੇ ਹਿਸਾਬ ਨਾਲ 5 ਪ੍ਰਤੀਸ਼ਤ ਵਧਿਆ ਹੈ, ਜਦੋਂਕਿ ਮਾਲ ਵਪਾਰ 1.2 ਪ੍ਰਤੀਸ਼ਤ ਦੀ ਦਰ ਨਾਲ ਘਟਿਆ ਹੈ। ਕੋਵਿਡ-19 ਮਹਾਮਾਰੀ ਦੌਰਾਨ ਤਕਨੀਕ 'ਚ ਹੋਏ ਸੁਧਾਰ ਕਾਰਨ ਦੂਰਵਰਤੀ (ਰਿਮੋਟ) ਕਾਰਜ ਪਹਿਲਾਂ ਨਾਲੋਂ ਵੱਧ ਹੋ ਰਿਹਾ ਹੈ। ਕਾਰੋਬਾਰੀ ਰੁਝਾਨਾਂ ਤੇ ਵਿਹਾਰ 'ਚ ਆਈ ਤਬਦੀਲੀ ਨੇ ਸਰੀਰਕ ਮੌਜੂਦਗੀ ਦੀ ਲੋੜ ਘਟਾ ਦਿੱਤੀ ਹੈ। ਨਤੀਜੇ ਵਜੋਂ, ਬਹੁਕੌਮੀ ਕੰਪਨੀਆਂ ਕਿਤੋਂ ਵੀ ਗਾਹਕਾਂ ਦਾ ਕੰਮ ਕਰ ਸਕਦੀਆਂ ਹਨ ਤੇ ਕਰ ਰਹੀਆਂ ਹਨ। ਭਾਰਤ ਵਿੱਚ, ਬਹੁਕੌਮੀ ਕੰਪਨੀਆਂ ਕੌਮਾਂਤਰੀ ਕੇਂਦਰਾਂ ਲਈ ਸਟਾਫ਼ ਦੀ ਭਰਤੀ ਕਰ ਰਹੀਆਂ ਹਨ ਤੇ ਪ੍ਰਤਿਭਾਵਾਨ ਗਰੈਜੂਏਟਾਂ ਨੂੰ ਰੱਖ ਰਹੀਆਂ ਹਨ। ਇੱਥੇ ਇੰਜਨੀਅਰਾਂ, ਆਰਕੀਟੈਕਟਾਂ, ਕੰਸਲਟੈਂਟਾਂ ਤੇ ਵਕੀਲਾਂ ਵੱਲੋਂ ਡਿਜ਼ਾਈਨ, ਕੰਟਰੈਕਟ, ਕੰਟੈਂਟ ਤੇ ਸੌਫਟਵੇਅਰ ਬਣਾਏ ਜਾ ਰਹੇ ਹਨ ਜੋ ਬਣਾਏ ਗਏ ਉਤਪਾਦਾਂ ਨਾਲ ਜੁੜਦੇ ਹਨ ਅਤੇ ਸੇਵਾਵਾਂ ਆਲਮੀ ਪੱਧਰ 'ਤੇ ਵੇਚੀਆਂ ਜਾਂਦੀਆਂ ਹਨ।

ਹਰੇਕ ਵਿਕਾਸਸ਼ੀਲ ਦੇਸ਼ ਕੋਲ ਇੱਕ ਛੋਟਾ ਪਰ ਉੱਚ ਹੁਨਰਮੰਦ ਵਰਗ ਹੁੰਦਾ ਹੈ ਜਿਹੜਾ ਸੇਵਾਵਾਂ ਨੂੰ ਲਾਹੇਵੰਦ ਢੰਗ ਨਾਲ ਬਰਾਮਦ ਕਰ ਸਕਦਾ ਹੈ, ਬਸ਼ਰਤੇ ਵਿਕਸਿਤ ਦੇਸ਼ਾਂ ਦੀਆਂ ਮੋਟੀਆਂ ਤਨਖਾਹਾਂ ਨਾਲ ਪੈਂਦੇ ਫ਼ਰਕ ਨੂੰ ਧਿਆਨ ਵਿਚ ਰੱਖਿਆ ਜਾਵੇ। ਜਿਹੜੇ ਕਾਮੇ ਅੰਗਰੇਜ਼ੀ (ਜਾਂ ਫਰੈਂਚ ਜਾਂ ਸਪੈਨਿਸ਼) ਜਾਣਦੇ ਹਨ, ਨੂੰ ਸ਼ਾਇਦ ਵਿਸ਼ੇਸ਼ ਤੌਰ 'ਤੇ ਲਾਭ ਹੁੰਦਾ ਹੈ। ਭਾਵੇਂ ਥੋੜ੍ਹਿਆਂ ਕੋਲ ਵੀ ਇਹ ਯੋਗਤਾਵਾਂ ਹੋਣ ਤਾਂ ਵੀ ਇਸ ਤਰ੍ਹਾਂ ਦੀਆਂ ਨੌਕਰੀਆਂ ਘੱਟ-ਹੁਨਰਮੰਦ ਨਿਰਮਾਣ ਕਾਮਿਆਂ ਨਾਲੋਂ ਵੱਧ ਕੀਮਤ ਜੋੜ ਸਕਦੀਆਂ ਹਨ ਤੇ ਇਸ ਤਰ੍ਹਾਂ ਦੇਸ਼ ਦੀ ਵਿਦੇਸ਼ੀ ਮੁਦਰਾ-ਵਟਾਂਦਰਾ ਆਮਦਨੀ 'ਚ ਵੱਡਾ ਵਾਧਾ ਹੋ ਸਕਦਾ ਹੈ।

ਇਸ ਤੋਂ ਇਲਾਵਾ ਚੰਗੀ ਤਨਖਾਹ ਲੈ ਰਿਹਾ ਹਰੇਕ ਸਰਵਿਸ ਵਰਕਰ ਆਪਣੀ ਖ਼ਪਤ ਨਾਲ ਸਥਾਨਕ ਪੱਧਰ ਉੱਤੇ ਵੀ ਰੁਜ਼ਗਾਰ ਪੈਦਾ ਕਰ ਸਕਦਾ ਹੈ। ਜਦ ਦਰਮਿਆਨੇ ਪੱਧਰ ਦੇ ਹੁਨਰਮੰਦ ਸੇਵਾ ਵਰਕਰਾਂ -ਟੈਕਸੀ ਡਰਾਈਵਰ, ਪਲੰਬਰ, ਆਦਿ- ਨੂੰ ਪਹਿਲਾਂ ਨਾਲੋਂ ਵੱਧ ਸਥਾਈ ਕੰਮ ਮਿਲੇਗਾ, ਉਹ ਨਾ ਕੇਵਲ ਉੱਚ ਵਰਗ ਦੀ ਮੰਗ ਪੂਰਨਗੇ ਬਲਕਿ ਇੱਕ-ਦੂਜੇ ਦਾ ਵੀ ਫ਼ਾਇਦਾ ਕਰਨਗੇ। ਉੱਚ-ਹੁਨਰਮੰਦ ਸੇਵਾਵਾਂ ਦੀ ਬਰਾਮਦਗੀ ਨੂੰ ਸਿਰਫ਼ ਵਿਆਪਕ ਰੁਜ਼ਗਾਰ ਉਤਪਤੀ ਤੇ ਸ਼ਹਿਰੀਕਰਨ ਦਾ ਅਗਲਾ ਸਿਰਾ ਬਣਾਉਣ ਦੀ ਲੋੜ ਹੈ। ਹਾਲਾਂਕਿ, ਹਰ ਤਰ੍ਹਾਂ ਦੇ ਰੁਜ਼ਗਾਰ ਦਾ ਮਿਆਰ ਵੀ ਲੇਬਰ ਪੂਲ 'ਚ ਬਿਹਤਰ ਕਰਦੇ ਰਹਿਣਾ ਪਏਗਾ। ਬਿਲਕੁਲ ਨੇੜੇ ਢੁੱਕਣ ਲੱਗਿਆਂ ਕੁਝ ਸਿਖਲਾਈ ਤੇ ਸੁਧਾਰ ਤੇਜ਼ੀ ਨਾਲ ਕੀਤੇ ਜਾ ਸਕਦੇ ਹਨ; ਜਦੋਂ ਤੱਕ ਇੰਜਨੀਅਰਿੰਗ ਗਰੈਜੂਏਟਾਂ ਨੂੰ ਆਪਣੇ ਖੇਤਰ ਦਾ ਮੁੱਢਲਾ ਗਿਆਨ ਹੈ, ਉਨ੍ਹਾਂ ਨੂੰ ਉਸ ਬਿਲਕੁਲ ਨਵੇਂ ਡਿਜ਼ਾਈਨ ਸਾਫਟਵੇਅਰ 'ਚ ਸਿੱਖਿਅਤ ਕੀਤਾ ਜਾ ਸਕਦਾ ਹੈ, ਜਿਸ ਦੀ ਸੰਭਾਵੀ ਬਹੁਕੌਮੀ ਕੰਪਨੀ ਨੂੰ ਲੋੜ ਹੈ।

ਖ਼ੁਸ਼ਕਿਸਮਤੀ ਨਾਲ ਇਹ ਨਿਵੇਸ਼ ਵੀ ਰੁਜ਼ਗਾਰ ਪੈਦਾ ਕਰ ਸਕਦਾ ਹੈ। ਢੁਕਵੀਆਂ ਵਿਕਾਸ-ਆਧਾਰਿਤ ਨੀਤੀਆਂ ਨਾਲ, ਸਰਕਾਰਾਂ ਸਿੱਖਿਆ ਤੇ ਸਿਹਤ ਵਿਚ ਸੁਧਾਰ ਕਰ ਸਕਦੀਆਂ ਹਨ। ਦੂਜੇ ਸ਼ਬਦਾਂ 'ਚ ਸੰਭਾਲ ਕੇਂਦਰਾਂ 'ਚ ਵੱਧ ਹਾਈ-ਸਕੂਲ-ਸਿੱਖਿਅਤ ਮਾਵਾਂ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ ਤਾਂ ਕਿ ਬੱਚੇ ਉਮਰ ਦੇ ਸ਼ੁਰੂਆਤੀ ਪੜਾਅ 'ਚ ਹੀ ਬੁਨਿਆਦੀ ਪੜ੍ਹਾਈ-ਲਿਖਾਈ ਤੇ ਗਿਣਤੀ ਸਿੱਖ ਸਕਣ; ਜਾਂ ਵੱਧ ਮੈਡੀਕਲ ਕਰਮੀਆਂ ਨੂੰ ਸਿੱਖਿਅਤ ਕੀਤਾ ਜਾ ਸਕਦਾ ਹੈ ਜੋ ਬੁਨਿਆਦੀ ਸਿਹਤ ਸਮੱਸਿਆਵਾਂ ਦੀ ਸ਼ਨਾਖ਼ਤ ਕਰ ਲੈਣ, ਦਵਾਈਆਂ ਦੇਣ ਤੇ ਮਰੀਜ਼ਾਂ ਨੂੰ ਯੋਗ ਡਾਕਟਰਾਂ ਕੋਲ ਰੈਫਰ ਕਰਨ।

ਵਿਕਾਸਸ਼ੀਲ ਦੇਸ਼ਾਂ ਨੂੰ ਨਿਰਮਾਣ ਖੇਤਰ ਨੂੰ ਤਿਆਗਣ ਦੀ ਲੋੜ ਨਹੀਂ ਹੈ, ਬਲਕਿ ਉਨ੍ਹਾਂ ਨੂੰ ਵਿਕਾਸ ਦੇ ਹੋਰ ਰਾਹ ਵੀ ਤਲਾਸ਼ਣੇ ਚਾਹੀਦੇ ਹਨ। ਉਦਯੋਗਿਕ ਨੀਤੀ ਰਾਹੀਂ ਇੱਕ-ਦੋ ਖੇਤਰਾਂ ਨੂੰ ਫ਼ਾਇਦਾ ਦੇਣ ਦੀ ਬਜਾਏ, ਉਨ੍ਹਾਂ ਨੂੰ ਇਸ ਤਰ੍ਹਾਂ ਦੇ ਹੁਨਰਾਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ ਜਿਹੜੇ ਹਰ ਤਰ੍ਹਾਂ ਦੀਆਂ ਨੌਕਰੀਆਂ ਲਈ ਮਹੱਤਵਪੂਰਨ ਹਨ।

ਸੇਵਾਵਾਂ ਦਾ ਖੇਤਰ ਖ਼ਾਸ ਤੌਰ 'ਤੇ ਧਿਆਨ ਮੰਗਦਾ ਹੈ ਕਿਉਂਕਿ ਵਿਕਸਤ ਮੁਲਕ ਇਸ 'ਚ ਕਾਰੋਬਾਰੀ ਅੜਿੱਕੇ ਖੜ੍ਹੇ ਨਹੀਂ ਕਰਨਗੇ। 2023 ਦੇ ਸੇਵਾ ਖੇਤਰ ਦੇ ਸਭ ਤੋਂ ਵੱਡੇ ਬਰਾਮਦਕਾਰ- ਯੂਰਪੀ ਯੂਨੀਅਨ, ਅਮਰੀਕਾ ਤੇ ਬਰਤਾਨੀਆ ਇਸ ਖੇਤਰ 'ਚ ਚੱਲ ਰਹੇ ਕਾਰੋਬਾਰੀ ਮੁਕਾਬਲੇ 'ਚ ਕਾਫ਼ੀ ਕੁਝ ਗੁਆਉਣ ਦੀ ਸਥਿਤੀ 'ਚ ਖੜ੍ਹੇ ਹਨ। ਆਲਮੀ ਸੇਵਾ ਖੇਤਰ ਵਿਚਲਾ ਮੁਕਾਬਲਾ ਜਿਸ ਹੱਦ ਤੱਕ ਇਨ੍ਹਾਂ ਦੇ ਆਪਣੇ ਕਿਰਤ ਬਲ 'ਤੇ ਅਸਰ ਪਾ ਰਿਹਾ ਹੈ, ਸਭ ਤੋਂ ਵੱਧ ਇਹ ਡਾਕਟਰਾਂ, ਵਕੀਲਾਂ, ਬੈਂਕਰਾਂ, ਕੰਸਲਟੈਂਟਾਂ ਤੇ ਹੋਰ ਉੱਚ-ਆਮਦਨੀ ਵਾਲੇ ਪੇਸ਼ੇਵਰਾਂ ਵੱਲੋਂ ਮਹਿਸੂਸ ਕੀਤਾ ਜਾਵੇਗਾ। ਇਸ ਦਾ ਅਰਥ ਹੈ ਕਿ ਵਿਕਾਸਸ਼ੀਲ ਦੇਸ਼ਾਂ 'ਚ ਇਨ੍ਹਾਂ ਸੇਵਾਵਾਂ ਦੇ ਖ਼ਪਤਕਾਰਾਂ ਲਈ ਇਹ ਇੱਕ ਵਰਦਾਨ ਹੈ ਤੇ ਸੰਭਾਵੀ ਤੌਰ 'ਤੇ ਘਰੇਲੂ ਪੱਧਰ ਉੱਤੇ ਆਮਦਨੀ ਦੇ ਫ਼ਰਕ ਨੂੰ ਵੀ ਘਟਾ ਸਕਦਾ ਹੈ। ਉਹ ਆਪਣੇ ਆਪ ਵਿੱਚ ਹੀ ਲਾਭਦਾਇਕ ਹੋਵੇਗਾ।

# ਕਮਜ਼ੋਰ ਹੁੰਦਾ ਰੁਪਿਆ

ਰੁਪਏ ਦੀ ਕੀਮਤ ਰਿਕਾਰਡ ਪੱਧਰ ਤੱਕ ਡਿੱਗ ਗਈ ਹੈ ਅਤੇ ਇਸ ਨੇ 86 ਪ੍ਰਤੀ ਡਾਲਰ ਦਾ ਖ਼ਤਰਨਾਕ ਨਿਸ਼ਾਨ ਪਾਰ ਕਰ ਲਿਆ ਹੈ। ਇਸ ਗਿਰਾਵਟ ਨੇ ਸੰਭਾਵੀ ਆਰਥਿਕ ਮੰਦੀ, ਵਧਦੇ ਵਪਾਰ ਘਾਟੇ ਅਤੇ ਬਾਹਰੀ ਸੰਤੁਲਨ ਵਿਗੜਨ ਬਾਰੇ ਖ਼ਦਸ਼ਿਆਂ ਨੂੰ ਹਵਾ ਦਿੱਤੀ ਹੈ। ਮਜ਼ਬੂਤ ਡਾਲਰ ਅਤੇ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਨੇ ਰੁਪਏ ਨੂੰ 2023 ਤੋਂ ਬਾਅਦ ਪਹਿਲੀ ਵਾਰ ਇੰਨਾ ਜ਼ਿਆਦਾ ਥੱਲੇ ਸੁੱਟਿਆ ਹੈ। ਇਸ ਦੀ ਹਾਲਾਂਕਿ ਉਮੀਦ ਜਤਾਈ ਗਈ ਸੀ ਪਰ ਇਹ ਹੁਣ ਸ਼ੇਅਰਾਂ ਅਤੇ ਬਾਂਡਾਂ ਉੱਤੇ ਵਧੇਰੇ ਬੋਝ ਪਾ ਰਿਹਾ ਹੈ। ਰੁਪਿਆ ਭਾਵੇਂ ਏਸ਼ੀਆ ਦੀ ਸਭ ਤੋਂ ਸਥਿਰ ਕਰੰਸੀ ਬਣਿਆ ਹੋਇਆ ਹੈ ਪਰ ਇਹ ਗਿਰਾਵਟ ਦਰਾਮਦ ਕੀਮਤਾਂ ਨੂੰ ਤੇਜ਼ ਕਰ ਕੇ ਮਹਿੰਗਾਈ ਦਾ ਖ਼ਤਰਾ ਖੜ੍ਹਾ ਕਰ ਸਕਦੀ ਹੈ। ਆਲਮੀ ਤੇ ਘਰੇਲੂ ਦਬਾਅ ਕਾਰਨ ਰੁਪਿਆ ਦਸੰਬਰ ਤੋਂ ਹੁਣ ਤੱਕ 2 ਪ੍ਰਤੀਸ਼ਤ ਤੋਂ ਵੱਧ ਹੇਠਾਂ ਖਿਸਕਿਆ ਹੈ। ਮਹਿੰਗਾਈ 'ਤੇ ਕਾਬੂ ਰੱਖਣ ਦੇ ਪੱਖ ਤੋਂ ਦਰਾਮਦਕਾਰਾਂ ਲਈ ਇਸ ਨੇ ਅਚਾਨਕ ਕਈ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਦੂਜੇ ਪਾਸੇ, ਬਰਾਮਦਕਾਰਾਂ ਲਈ ਇਹ ਵੱਧ ਮੁਕਾਬਲੇਬਾਜ਼ ਬਣਨ ਦਾ ਮੌਕਾ ਹੈ ਕਿਉਂਕਿ ਦੁਨੀਆ ਹੁਣ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਦੀ ਤਾਜਪੋਸ਼ੀ ਲਈ ਤਿਆਰ ਹੋ ਰਹੀ ਹੈ। ਕਿਆਸਆਰਾਈਆਂ ਹਨ ਕਿ ਅਮਰੀਕੀ ਰਾਸ਼ਟਰਪਤੀ ਦੀਆਂ ਕਾਰਵਾਈਆਂ ਆਉਣ ਵਾਲੇ ਸਮਿਆਂ 'ਚ ਕੌਮਾਂਤਰੀ ਬਾਜ਼ਾਰਾਂ 'ਚ ਅਨਿਸ਼ਚਿਤਤਾ ਨੂੰ ਹੋਰ ਵਧਾ ਸਕਦੀਆਂ ਹਨ।



ਰੁਪਏ ਵਿੱਚ ਆਈ ਗਿਰਾਵਟ ਭਾਰਤੀ ਰਿਜ਼ਰਵ ਬੈਂਕ ਨੂੰ ਦਰਾਂ 'ਚ ਕਟੌਤੀ ਕਰਨ ਤੋਂ ਫਿਲਹਾਲ ਰੋਕ ਸਕਦੀ ਹੈ ਜਿਸ ਦੀ ਉਮੀਦ ਕੀਤੀ ਜਾ ਰਹੀ ਸੀ। ਦਸੰਬਰ ਵਿੱਚ ਪ੍ਰਚੂਨ ਮਹਿੰਗਾਈ ਚਾਰ ਮਹੀਨਿਆਂ ਦੇ ਸਭ ਤੋਂ ਹੇਠਲੇ ਪੱਧਰ (5.22 ਪ੍ਰਤੀਸ਼ਤ) ਉੱਤੇ ਪਹੁੰਚਣ ਦੇ ਬਾਵਜੂਦ ਇਹ ਹੋ ਸਕਦਾ ਹੈ ਹਾਲਾਂਕਿ ਮਹਿੰਗਾਈ ਦਰ ਵਿੱਚ ਕਮੀ ਮੁੱਖ ਤੌਰ 'ਤੇ ਖ਼ੁਰਾਕੀ ਪਦਾਰਥਾਂ ਦੇ ਭਾਅ ਘਟਣ ਕਾਰਨ ਆਈ ਹੈ। ਰਾਸ਼ਟਰ ਹਿੱਤ 'ਚ ਇਹੀ ਹੋਵੇਗਾ ਕਿ ਸਿਆਸਤ ਨੂੰ ਭਵਿੱਖ ਦਾ ਰੁਖ਼ ਤੈਅ ਨਾ ਕਰਨ ਦਿੱਤਾ ਜਾਵੇ। ਸੰਦੇਸ਼ ਇਹੀ ਹੈ ਕਿ ਸ਼ਾਂਤ ਰਹਿੰਦਿਆਂ ਆਰਥਿਕ ਚੁਣੌਤੀਆਂ ਨਾਲ ਨਜਿੱਠਣ ਲਈ ਅੱਗੇ ਵਧਣ ਦਾ ਰਾਹ ਦੱਸਣ ਵਾਲੇ ਸਾਰੇ ਵੱਖ-ਵੱਖ ਵਿਚਾਰਾਂ ਨੂੰ ਢੁੱਕਵੀਂ ਥਾਂ ਦਿੱਤੀ ਜਾਵੇ। ਜ਼ਾਹਿਰ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਦੇਸ਼ ਦੀ ਆਰਥਿਕਤਾ ਨੂੰ ਸੰਸਾਰ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਬਣਾਉਣ ਦੇ ਦਾਅਵਿਆਂ ਦੇ ਨਾਲ-ਨਾਲ ਹਕੀਕਤ ਦਾ ਵੀ ਖ਼ਿਆਲ ਕਰਨਾ ਚਾਹੀਦਾ ਹੈ ਅਤੇ ਰੁਪਏ ਦੀ ਮਜ਼ਬੂਤੀ ਲਈ ਕਦਮ ਉਠਾਉਣੇ ਚਾਹੀਦੇ ਹਨ।

ਅਮਰੀਕਾ ਆਧਾਰਿਤ ਇੱਕ ਫਰਮ ਨੇ ਪੇਸ਼ੀਨਗੋਈ ਕੀਤੀ ਸੀ ਕਿ ਨੇੜਲੇ ਤੋਂ ਦਰਮਿਆਨੇ ਕਾਲ ਵਿੱਚ ਹੀ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਡਿੱਗ ਕੇ 88 ਤੱਕ ਜਾ ਸਕਦੀ ਹੈ। ਹੁਣ ਜਦੋਂ ਕੇਂਦਰ ਸਰਕਾਰ ਦਾ ਬਜਟ ਪੇਸ਼ ਹੋਣ ਵਾਲਾ ਹੈ ਤਾਂ ਇਸ ਸੂਰਤ ਵਿੱਚ ਵਿਰੋਧੀ ਧਿਰ ਨੂੰ ਸਰਕਾਰ 'ਤੇ ਹਮਲਾ ਕਰਨ ਦਾ ਇੱਕ ਹੋਰ ਮੁੱਦਾ ਮਿਲ ਸਕਦਾ ਹੈ। ਇਸ ਮਾਮਲੇ 'ਤੇ ਸਿਆਸੀ ਰੱਸਾਕਸ਼ੀ ਚੱਲਦੀ ਰਹੇਗੀ ਪਰ ਸਾਰਿਆਂ ਦਾ ਧਿਆਨ ਇਸ ਗੱਲ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਕਿ ਆਰਥਿਕ ਮੰਦੀ ਦੇ ਮਜ਼ਬੂਤ ਹੁੰਦੇ ਜਾ ਰਹੇ ਰੁਝਾਨਾਂ ਦਾ ਸਾਹਮਣਾ ਕਰਨ ਲਈ ਕਿਹੋ ਜਿਹੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਮੁਤੱਲਕ ਵਡੇਰੀ ਆਮ ਸਹਿਮਤੀ ਬਣਾਈ ਜਾਵੇ।

# ਵਾਹ ! ਜ਼ਿੰਦਗੀ



ਜ਼ਿੰਦਗੀ ਜਿਊਣ ਦਾ ਹੁਨਰ ਹੀ ਇਸ ਨੂੰ ਖ਼ੂਬਸੂਰਤ ਬਣਾਉਂਦਾ ਹੈ ਅਤੇ ਇਹੀ ਸਾਡਾ ਹਾਸਲ ਬਣ ਜਾਂਦਾ ਹੈ। ਇਸ ਦੀਆਂ ਰਹਿਮਤਾਂ ਦਾ ਸ਼ੁਕਰਾਨਾ ਅਤੇ ਨਿਆਮਤਾਂ ਦਾ ਗੁਣਗਾਣ ਕਰਨਾ ਚਾਹੀਦਾ ਹੈ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਹੋਰ ਵੀ ਹੁਸੀਨ ਅਤੇ ਯਾਦਗਾਰੀ ਬਣਾਉਣਾ ਹੈ।

ਜ਼ਿੰਦਗੀ ਨੂੰ ਮਾਣਨ ਅਤੇ ਇਸ ਦੇ ਹਰ ਪਲ ਨੂੰ ਜਿਊਣ ਜੋਗਾ ਕਰਨ ਦਾ ਜਜ਼ਬਾ ਹੋਣਾ ਜ਼ਰੂਰੀ ਹੈ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਇਸ ਨੂੰ ਜ਼ਿਕਰਯੋਗ ਪਲਾਂ ਦਾ ਨਾਮ ਦੇਣਾ ਹੈ ਜਿਨ੍ਹਾਂ ਨੂੰ ਸਾਡੇ ਜਾਣ ਤੋਂ ਬਾਅਦ ਵੀ ਸਾਡੀਆਂ ਨਸਲਾਂ ਨੇ ਯਾਦ ਕਰਨਾ ਹੈ। ਜ਼ਿੰਦਗੀ ਜਨੂੰਨ ਹੈ, ਇਸ ਲਈ ਸਾਨੂੰ ਕੁਝ ਅਜਿਹਾ ਕਰਨਾ ਹੈ ਕਿ ਸਮਾਜ ਦਾ ਮੁਹਾਂਦਰਾ ਲਿਸ਼ਕਦਾ ਰਹੇ। ਕਦਰਾਂ-ਕੀਮਤਾਂ ਜਿਉਂਦੀਆਂ ਰਹਿਣ ਅਤੇ ਇਸ ਦੇ ਵਿਰਸੇ ਨੂੰ ਕੋਈ ਆਂਚ ਨਾ ਆਵੇ। ਸਾਡੀ ਜ਼ਿੰਦਗੀ ਸਾਡੀ ਕੌਮ ਦੀ ਪਛਾਣ ਬਣੇ।

ਜ਼ਿੰਦਗੀ ਜਜ਼ਬਾਤ ਹੈ ਜੋ ਸਾਡੀ ਚੁੱਪ ਨੂੰ ਬੋਲ ਬਖ਼ਸ਼ਦੀ ਹੈ, ਸਾਡੇ ਰਾਹਾਂ ਨੂੰ ਪੈੜਾਂ, ਦੀਦਿਆਂ ਨੂੰ ਸੁਪਨੇ ਅਤੇ ਸਾਡੀਆਂ ਸੋਚਾਂ ਨੂੰ ਭਵਿੱਖਮੁਖੀ ਬਣਾਉਂਦੀ ਹੈ। ਇਨ੍ਹਾਂ ਵਿੱਚੋਂ ਹੀ ਆਉਣ ਵਾਲੀਆਂ ਜ਼ਿੰਦਗੀਆਂ ਲਈ ਨਵੀਆਂ ਅਤੇ ਰੌਸ਼ਨ ਰਾਹਾਂ ਸਿਰਜੀਆਂ ਜਾਂਦੀਆਂ ਹਨ। ਇਹ ਜੋਤ ਹੈ ਜਿਹੜੀ ਹਨੇਰੇ ਰਾਹਾਂ ਵਿੱਚ ਚਾਨਣ ਛਿੜਕਦੀ ਹੈ। ਕਾਲੀਆਂ ਰਾਤਾਂ ਵਿੱਚ ਪੁੰਨਿਆਂ ਦਾ ਚੰਦ ਬਣਦੀ ਹੈ। ਨਵੇਂ ਵਿਚਾਰਾਂ ਦੀ ਧਰਾਤਲ ਅਤੇ ਨਵੀਆਂ ਪਹਿਲਕਦਮੀਆਂ ਦਾ ਸ਼ੁਭ-ਸ਼ਗਨ ਜ਼ਿੰਦਗੀ ਹੀ ਹੁੰਦੀ ਹੈ।

ਸਾਨੂੰ ਕੁਦਰਤ ਵੱਲੋਂ ਬਖ਼ਸ਼ੀਆਂ ਸੌਗਾਤਾਂ ਦੀ ਜ਼ਿੰਦਗੀ ਗਵਾਹ ਹੈ। ਕਦੇ ਕਦਾਈਂ ਇਨ੍ਹਾਂ ਬਖ਼ਸ਼ਿਸ਼ਾਂ ਵਿੱਚੋਂ ਜ਼ਿੰਦਗੀ ਨੂੰ ਨਿਹਾਰਨਾ ਤਾਂ ਤੁਹਨੂੰ ਪਤਾ ਲੱਗੇਗਾ ਕਿ ਜ਼ਿੰਦਗੀ ਦੀ ਸੌਗਾਤ ਕਿੰਨੀ ਅਮੁੱਲ, ਅਜ਼ੀਮ ਅਤੇ ਅਦਭੁੱਤ ਹੈ? ਅਸੀਂ ਕਿੰਨੇ ਭਾਗਸ਼ਾਲੀ ਹਾਂ ਕਿ ਜ਼ਿੰਦਗੀ ਦੀ ਦਾਤ ਨਾਲ ਵਰੋਸਾਏ ਹਾਂ। ਜ਼ਿੰਦਗੀ ਜਿਊਣ ਦੀ ਕਲਾ ਹੈ। ਦਰਅਸਲ, ਜਿਊਣ-ਜਾਚ ਹੀ ਹੁੰਦੀ ਹੈ ਜਿਹੜੀ ਇੱਕ ਮਨੁੱਖ ਨੂੰ ਦੂਸਰੇ ਤੋਂ ਵਖਰਿਆਉਂਦੀ ਹੈ ਕਿਉਂਕਿ ਕਿਸੇ ਲਈ ਜ਼ਿੰਦਗੀ ਬੋਝ ਹੁੰਦੀ ਹੈ, ਜਦੋਂ ਕਿ ਕੁਝ ਜ਼ਿੰਦਗੀ ਨੂੰ ਕੁਦਰਤ ਦਾ ਅਣਮੁੱਲਾ ਤੋਹਫ਼ਾ ਮੰਨਦੇ ਹਨ। ਉਹ ਇਸ ਤੋਹਫ਼ੇ ਦੇ ਹਰ ਰੰਗ ਵਿੱਚ ਖ਼ੁਸ਼ ਰਹਿ ਕੇ ਜ਼ਿੰਦਗੀ ਦੇ ਨਵੇਂ ਅਰਥਾਂ ਦੀ ਪਛਾਣ ਕਰਦੇ ਹਨ।

ਜ਼ਿੰਦਗੀ ਕਦੇ ਵੀ ਜੇਲ੍ਹ ਨਹੀਂ ਜਿਸ ਵਿੱਚ ਅਸੀਂ ਕੈਦ ਕੱਟਣ ਲਈ ਆਉਂਦੇ ਹਾਂ, ਸਗੋਂ ਇਹ ਤਾਂ ਖੁੱਲ੍ਹੇ ਅੰਬਰਾਂ ਦੀ ਉਡਾਣ ਹੁੰਦੀ ਹੈ ਜਿੱਥੇ ਅਸੀਂ ਤਾਰਿਆਂ ਨੂੰ ਆਪਣਾ ਆੜੀ ਬਣਾਉਣਾ ਹੁੰਦਾ ਹੈ। ਜ਼ਿੰਦਗੀ ਜ਼ਬਰਦਸਤੀ ਵੀ ਨਹੀਂ ਕਿਉਂਕਿ ਮਨ ਦੀਆਂ ਮੁਹਾਰਾਂ ਮੋਕਲੀਆਂ ਹੋਣਗੀਆਂ ਤਾਂ ਸਾਡੇ ਲਈ ਵਸੀਹ ਦਰ ਖੁੱਲ੍ਹਣਗੇ। ਜ਼ਬਰਦਸਤੀ ਕੀਤਿਆਂ ਜ਼ਿੰਦਗੀ ਜਿਊਣ ਦਾ ਚਾਅ ਮਰ ਜਾਂਦਾ ਹੈ, ਅੱਧਮੋਏ ਹੋ ਜਾਂਦੇ ਨੇ ਅਹਿਸਾਸ ਅਤੇ ਬਦਹਵਾਸ ਹੋਇਆ ਬੰਦਾ ਸਿਰਫ਼ ਆਪਣੀ ਅਰਥੀ ਨੂੰ ਸਿਵਿਆਂ ਵੰਨੀਂ ਜਾਂਦਿਆਂ ਹੀ ਕਿਆਸਦਾ ਹੈ। ਜ਼ਿੰਦਗੀ ਜਾਗਦੀ ਜ਼ਮੀਰ ਦਾ ਸਿਰਨਾਵਾਂ ਹੁੰਦੀ ਹੈ। ਜਿਊਂਦੀ ਜ਼ਮੀਰ ਵਾਲੇ ਲੋਕ ਜ਼ਿੰਦਗੀ ਨੂੰ ਮਜੀਠੀ ਰੰਗ ਵਿੱਚ ਰੰਗਦੇ ਹਨ। ਉਹ ਦੁਨੀਆ ਵਿੱਚ ਵਿਚਰਦਿਆਂ ਆਪਣੇ ਹਿੱਸੇ ਦੀ ਜ਼ਿੰਦਗੀ ਵੀ ਜਿਊਂਦੇ ਹਨ। ਉਹ ਸਮਝਦੇ ਹਨ ਕਿ ਜ਼ਿੰਦਗੀ ਸਿਰਫ਼ ਇੱਕ ਵਾਰ ਮਿਲਦੀ ਅਤੇ ਇਸ ਨੂੰ ਰੂਹਦਾਰੀ ਨਾਲ ਜਿਊਂਦਿਆਂ ਤੁਹਾਡੇ ਮਨ ਵਿੱਚ ਕੋਈ ਰੋਸ ਜਾਂ ਸ਼ਿਕਵਾ ਨਹੀਂ ਰਹੇਗਾ ਕਿ ਮੈਂ ਆਪਣੇ ਹਿੱਸੇ ਦੀ ਜ਼ਿੰਦਗੀ ਹੀ ਨਹੀਂ ਮਾਣੀ।

ਜ਼ਿੰਦਗੀ ਤਾਂ ਜਸ਼ਨ ਹੈ। ਇਸ ਨੂੰ ਮਨਾਓ। ਦਿਲਲਗੀਆਂ ਕਰੋ। ਯਾਰਾਂ ਬੇਲੀਆਂ ਨਾਲ ਮਸਤੀ ਕਰੋ। ਦੇਖਣਯੋਗ ਥਾਵਾਂ ’ਤੇ ਜਾਓ, ਅਣਗਾਹੀਆਂ ਧਰਤੀਆਂ ਨੂੰ ਗਾਹੋ। ਮਨ ਦੀਆਂ ਕਰੋ ਕਿਉਂਕਿ ਤੁਸੀਂ ਪਰਿਵਾਰ ਅਤੇ ਦੂਸਰਿਆਂ ਲਈ ਤਾਂ ਕਰਦੇ ਹੀ ਹੋ ਕਦੇ ਆਪਣੇ ਲਈ ਵੀ ਜੀਅ ਭਰ ਕੇ ਜੀਓ ਤਾਂ ਕਿ ਇਹ ਜਸ਼ਨਾਂ ਭਰੇ ਵਕਤ ਤੁਹਾਡੇ ਚੇਤਿਆਂ ਦਾ ਸਦੀਵੀ ਹਿੱਸਾ ਬਣ ਜਾਣ।

ਜ਼ਿੰਦਗੀ ਤਾਂ ਇੱਕ ਜੋੜਮੇਲਾ ਹੈ। ਦੁਨੀਆ ਦੇ ਵੱਖ-ਵੱਖ ਰੰਗਾਂ ਨੂੰ ਨਿਹਾਰਨ, ਹਰ ਕਿਸਮ ਦੇ ਲੋਕਾਂ ਨੂੰ ਮਿਲਣ ਅਤੇ ਜਾਣਨ ਦਾ ਸਬੱਬ ਹੈ। ਇਸ ਵਿੱਚੋਂ ਹੀ ਤੁਸੀਂ ਆਪਣੀਆਂ ਤਰਜੀਹਾਂ ਅਤੇ ਤਸ਼ਬੀਹਾਂ ਨੂੰ ਸਿਰਜ ਸਕਦੇ ਹੋ। ਦੁਨੀਆ ਦੇ ਰੰਗ-ਤਮਾਸ਼ਿਆਂ ਦਾ ਇਹ ਜੋੜ ਮੇਲਾ ਵੀ ਤੁਹਾਡੇ ਕਰਕੇ ਹੀ ਹੈ। ਸੋ ਤੁਹਾਡੀ ਹਾਜ਼ਰੀ ਹੀ ਇਸ ਨੂੰ ਹੋਰ ਖ਼ੁਸ਼ਗਵਾਰ ਅਤੇ ਖੇੜਿਆਂ ਤੇ ਖ਼ੁਸ਼ੀਆਂ ਭਰਪੂਰ ਕਰੇਗੀ।

ਜ਼ਿੰਦਗੀ ਕਦੇ ਵੀ ਬੋਝ ਨਹੀਂ ਹੁੰਦੀ। ਇਹ ਤਾਂ ਸੁਖਨ ਅਤੇ ਸਰੂਰ ਦਾ ਸਰੋਤ ਹੈ। ਇਸ ਵਿੱਚੋਂ ਹੀ ਤੁਸੀਂ ਮਨ ਦੀਆਂ ਮੌਜਾਂ ਅਤੇ ਰੂਹ ਦਾ ਰੱਜ ਮਾਣਨਾ ਹੁੰਦਾ ਹੈ। ਇਸ ਰੱਜ ਨੇ ਹੀ ਤੁਹਾਡੇ ਨਾਲ ਜਾਣਾ ਹੈ। ਤੁਹਾਡੀ ਦੌਲਤ ਦੇ ਅੰਬਾਰ ਅਤੇ ਸੁੱਖ ਸਹੂਲਤਾਂ ਨੇ ਤਾਂ ਇੱਥੇ ਹੀ ਰਹਿ ਜਾਣਾ ਹੈ। ਤੁਹਾਡੇ ਨਾਲ ਜਾਣੀਆਂ ਨੇ ਤੁਹਾਡੀਆਂ ਸਾਂਝਾਂ, ਦੋਸਤੀਆਂ, ਆਪਣਿਆਂ ਨਾਲ ਮਾਣੇ ਪਿਆਰੇ ਪਲ, ਤੁਹਾਡੇ ਨੇਕ ਕਾਰਜ, ਹਮਦਰਦੀ ਭਰੇ ਬੋਲ ਜਾਂ ਸੁਖਨ ਦੇ ਸ਼ਬਦ ਜਿਨ੍ਹਾਂ ਨੇ ਵਕਤ ਨਾਲ ਮੱਧਮ ਨਹੀਂ ਹੋਣਾ ਸਗੋਂ ਇਨ੍ਹਾਂ ਦੀ ਰੰਗਤ ਸਮੇਂ ਨਾਲ ਹੋਰ ਗੂੜ੍ਹੀ ਹੋਣੀ ਏ।

ਜ਼ਿੰਦਗੀ ਦੀ ਅਰਥਕਾਰੀ ਕਰਨ ਲਈ ਅਕਸਰ ਹੀ ਮੈਂ ਸ਼ਬਦਾਂ ਦੀ ਪਨਾਹ ਵਿੱਚ ਜਾਂਦਾ ਹਾਂ। ਹਰਫ਼ ਮੇਰੀਆਂ ਝੋਲੀਆਂ ਭਰਦੇ ਹਨ। ਇਨ੍ਹਾਂ ਵਿੱਚ ਅਰਥਾਂ ਦੇ ਜਗਦੇ ਚਿਰਾਗ ਮੇਰੇ ਮਨ ਮਸਤਕ ਨੂੰ ਰੁਸ਼ਨਾਉਂਦੇ ਹਨ। ਇਸ ਰੋਸ਼ਨੀ ਵਿੱਚ ਜ਼ਿੰਦਗੀ ਦਾ ਚਮਕਦਾ ਚਿਹਰਾ ਮੈਨੂੰ ਅਤੇ ਮੇਰੀ ਜ਼ਿੰਦਗੀ ਨੂੰ ਹੋਰ ਹੁਸੀਨ ਅਤੇ ਜਿਊਣ ਜੋਗੀ ਕਰਦਾ ਹੈ। ਜ਼ਿੰਦਗੀ ਦੀ ਇਹ ਇਬਾਰਤ ਸਫ਼ਿਆਂ ’ਤੇ ਫੈਲ ਹੌਲੀ ਹੌਲੀ ਇਬਾਦਤ ਦਾ ਰੂਪ ਧਾਰਦੀ ਹੈ।

ਜ਼ਿੰਦਗੀ ਸਿਰਫ਼ ਸਾਹ ਪੂਰੇ ਕਰਨਾ ਨਹੀਂ ਅਤੇ ਨਾ ਹੀ ਇਸ ਨੂੰ ਸਾਲਾਂ ਵਿੱਚ ਮਿਣਿਆ ਜਾਵੇ। ਇਹ ਕਦੇ ਉਮਰ ਦੀ ਮੁਥਾਜ਼ ਨਹੀਂ ਹੁੰਦੀ। ਜ਼ਿੰਦਗੀ ਤਾਂ ਉਹ ਹੁੰਦੀ ਹੈ ਜਿਹੜੀ ਕੁਝ ਅਮਿੱਟ ਯਾਦਾਂ ਤੇ ਸੁਖਨ-ਸੁਹਜ, ਸਮਿਆਂ ਦੇ ਨਾਮ ਕਰ ਖ਼ੁਦ ਰੁਖਸਤਗੀ ਦਾ ਮਾਣ ਬਣਦੀ ਹੈ। ਜ਼ਿੰਦਗੀ ਤਾਂ ਹੁੰਦੀ ਏ ਆਸਾਂ ਤੇ ਵਿਸ਼ਵਾਸਾਂ ਦੀ ਅਧਾਰਸ਼ਿਲਾ, ਸੋਚਾਂ ਤੇ ਸੁਪਨਿਆਂ ਦੀ ਸੁੰਦਰ ਸਾਂਝ, ਪ੍ਰਾਪਤੀਆਂ ਤੇ ਪਹਿਲਾਂ ਦਾ ਨਾਮਕਰਣ, ਕਰਮਯੋਗਤਾ ਤੇ ਕੀਰਤੀਆਂ ਦਾ ਹਰਫ਼ਨਾਮਾ, ਮੁਹੱਬਤਾਂ ਤੇ ਮੋਹ ਦਾ ਪੈਗ਼ਾਮ, ਤਾਂਘਾਂ ਤੇ ਤਮੰਨਾਵਾਂ ਦੀ ਤਰਲਤਾ ਅਤੇ ਸੁਗੰਧ ਅਤੇ ਸੁਹੱਪਣ ਦਾ ਸ਼ਰਫਨਾਮਾ।

ਜ਼ਿੰਦਗੀ ਹੁੰਦਿਆਂ ਇਸ ਨੂੰ ਬਿਹਤਰੀਨ ਢੰਗ ਨਾਲ ਜੀਅ ਲਈਏ ਕਿਉਂਕਿ ਜਦੋਂ ਜ਼ਿੰਦਗੀ ਨਾ ਰਹੀ ਤਾਂ ਆਪਣੇ ਹੀ ਸ਼ਰਧਾਂਜਲੀ ਸਮਾਗਮ ਵਿੱਚ ਅਸੀਂ ਆਪ ਹੀ ਗ਼ੈਰਹਾਜ਼ਰ ਹੋ ਜਾਣਾ ਹੈ। ਸਾਡੇ ਪਿਆਰਿਆਂ ਨੇ ਸਾਡੀ ਜ਼ਿੰਦਗੀ ਦੀਆਂ ਹੀ ਪਰਤਾਂ ਫਰੋਲਣੀਆਂ ਨੇ ਜਿਸ ਦੇ ਰੰਗ ਤੁਸੀਂ ਦੇਖੇ ਅਤੇ ਮਾਣੇ ਹੁੰਦੇ ਹਨ। ਇਨ੍ਹਾਂ ਪਰਤਾਂ ਨੇ ਹੀ ਤੁਹਾਨੂੰ ਆਖ਼ਰੀ ਅਲਵਿਦਾ ਕਹਿਣ ਆਏ ਲੋਕਾਂ ਦੇ ਮਨਾਂ ਵਿੱਚ ਸਦਾ ਰਹਿਣਾ ਹੈ।

ਜ਼ਿੰਦਗੀ ਬਹੁਤ ਹੀ ਖ਼ੁਸ਼ਨੁਮਾ ਹੁੰਦੀ ਹੈ ਜਦੋਂ ਅਸੀਂ ਆਪਣੇ ਮਿੱਤਰ ਪਿਆਰਿਆਂ ਦੀ ਸੰਗਤ ਮਾਣਦੇ ਹਾਂ। ਆਪਣਿਆਂ ਨਾਲ ਸਾਹਾਂ ਦੀ ਸਾਂਝ ਅਤੇ ਸੁਗੰਧਤ ਫਿਜ਼ਾ ਦਾ ਲੁਤਫ਼ ਮਾਣਦੇ ਹਾਂ। ਆਪਣਿਆਂ ਨਾਲ ਦਿਲਲਗੀ ਤੋਂ ਬਗੈਰ ਜ਼ਿੰਦਗੀ ਦੇ ਕੀ ਮਾਅਨੇ ਰਹਿ ਜਾਂਦੇ ਨੇ? ਜ਼ਿੰਦਗੀ ਤਾਂ ਜ਼ਫਰਨਾਮੇ ਦੀ ਜ਼ਿਆਰਤ ਵਰਗੀ ਹੋਣੀ ਚਾਹੀਦੀ ਹੈ ਜਿੱਥੇ ਤੁਸੀਂ ਗ਼ਲਤ ਨੂੰ ਗ਼ਲਤ ਕਹਿ ਕੇ ਕਿਸੇ ਦੁਸ਼ਟ ਦੀਆਂ ਕਮੀਨਗੀਆਂ ਦੀ ਖਿੱਦੋ ਉਧੇੜ, ਉਸ ਦਾ ਕੂੜ ਉਸ ਦੇ ਰੂਬਰੂ ਕਰ ਸਕੋ।

ਜ਼ਿੰਦਗੀ ਤਾਂ ਜ਼ਿਆਰਤ ਹੁੰਦੀ ਹੈ ਆਪਣੇ ਆਪ ਦੀ, ਆਪਣੀਆਂ ਸਮਰੱਥਾਵਾਂ, ਸੰਭਾਵਨਾਵਾਂ, ਸੁਪਨਿਆਂ ਅਤੇ ਸਫਲਤਾਵਾਂ ਦੀ। ਸੰਤੁਸ਼ਟੀ, ਸਹਿਜਤਾ ਅਤੇ ਸਮਰਪਿਤਾ ਦੇ ਸਫ਼ਲਨਾਮੇ ਦੀ। ਅੰਤਰੀਵ ਦੀ ਯਾਤਰਾ ਦੀ, ਆਪਣੇ ਤੋਂ ਆਪਣੇ ਤੀਕ ਦੇ ਸਫ਼ਰ ਦੀ ਅਤੇ ਆਪਣੇ ਮੂਲ ਨੂੰ ਜਾਣਨ ਅਤੇ ਪਛਾਣਨ ਦੀ। ਆਪਣੀਆਂ ਜੜ੍ਹਾਂ ਨੂੰ ਯਾਦ ਰੱਖਣ ਅਤੇ ਇਸ

ਡਾ. ਗੁਰਬਖ਼ਸ਼ ਸਿੰਘ ਭੰਡਾਲ

ਨੂੰ ਗਾਹੇ ਬਗਾਹੇ ਨਤਮਸਤਕ ਹੋਣ ਦੀ। ਸਭ ਤੋਂ ਅਹਿਮ ਹੁੰਦਾ ਹੈ ਆਪਣੇ ਆਪ ਨੂੰ ਮਿਲਣਾ ਅਤੇ ਸਮਝਣਾ।

ਜ਼ਿੰਦਗੀ ਵਿੱਚ ਅਹੁਦੇਦਾਰੀਆਂ, ਰੁਤਬਿਆਂ ਅਤੇ ਜਾਤਾਂ ਦੀ ਵਰਣਵੰਡ ਨੂੰ ਨਕਾਰ ਕੇ ਹਰ ਇੱਕ ਨੂੰ ਆਪਣਾ ਬਣਾਓ, ਹਿੱਕ ਨਾਲ ਲਾਓ। ਹਰੇਕ ਦੀਆਂ ਭਾਵਨਾਵਾਂ ਦੀ ਕਦਰ ਕਰੋ ਅਤੇ ਆਪ ਕਦਰ ਕਰਵਾਓ। ਦਿਲੋਂ ਕਦਰ ਸਿਰਫ਼ ਉਹੀ ਕਰਦੇ ਹਨ ਜਦੋਂ ਤੁਸੀਂ ਇਸ ਕਦਰ ਦੇ ਕਾਬਲ ਹੁੰਦੇ ਹੋ। ਮੁੱਲ ਦੀ ਜਾਂ ਰੋਅਬ ਨਾਲ ਕਰਵਾਈ ਇੱਜ਼ਤ ਤੇ ਮਾਣ ਬੇਅਰਥੀ ਅਤੇ ਥੋੜ੍ਹਚਿਰੀ ਹੁੰਦੀ ਹੈ। ਬੜੀ ਜਲਦੀ ਤੁਹਾਨੂੰ ਤੁਹਾਡੀ ਹੀ ਔਕਾਤ ਪਤਾ ਲੱਗ ਜਾਂਦੀ ਹੈ।

ਜ਼ਿੰਦਗੀ ਕਦੇ ਵੀ ਜਮਾਂ/ਘਟਾਓ ਨਹੀਂ ਹੁੰਦੀ। ਦਿਮਾਗ਼ ਦੀਆਂ ਗਿਣਤੀਆਂ ਵਿੱਚ ਉਲਝੀ ਜ਼ਿੰਦਗੀ ਹਮੇਸ਼ਾ ਹਾਰ ਜਾਂਦੀ ਹੈ। ਦਿਲ ਦੇ ਆਖੇ ਲੱਗ ਕੇ ਜੀਵੀ ਜ਼ਿੰਦਗੀ ਦਾ ਸੁਰਖ ਅਤੇ ਸੂਹਾ ਰੰਗ, ਤੁਹਾਡੀਆਂ ਜੀਵਨ-ਰੁੱਤਾਂ ਦਾ ਸਦਾ ਖ਼ੈਰਖਵਾਹ ਹੁੰਦਾ ਹੈ। ਤੁਸੀਂ ਇਸ ਵਿੱਚੋਂ ਅਜਿਹੇ ਪਲਾਂ ਨੂੰ ਆਪਣੇ ਨਾਵੇਂ ਕਰਦੇ ਹੋ ਜੋ ਤੁਹਾਡੇ ਹੋਣਾ ਲੋਚਦੇ ਹਨ। ਜ਼ਿੰਦਗੀ ਵਗਦੇ ਪਾਣੀਆਂ ਵਰਗੀ ਗਤੀਸ਼ੀਲ, ਪਾਕੀਜ਼ ਅਤੇ ਪਵਿੱਤਰ ਹੋਣੀ ਚਾਹੀਦੀ ਹੈ ਕਿਉਂਕਿ ਛੱਪੜਾਂ ਦੇ ਪਾਣੀ ਬੜੀ ਜਲਦੀ ਬੋਅ ਮਾਰਨ ਲੱਗ ਪੈਂਦੇ ਨੇ।

ਜ਼ਿੰਦਗੀ ਨੂੰ ਹਮੇਸ਼ਾਂ ਰੋਸ਼ਨ ਪੱਖ ਰਾਹੀਂ ਦੇਖੋਗੇ ਤਾਂ ਇਹ ਤੁਹਾਡੀ ਤਲੀ ’ਤੇ ਭਰਪੂਰ ਜੀਵਨ ਦਾ ਸ਼ਗੂਫ਼ਾ ਧਰੇਗੀ। ਤੁਹਾਨੂੰ ਕੋਈ ਹੇਰਵਾ ਨਹੀਂ ਹੋਵੇਗਾ। ਹਨੇਰੇ ਪੱਖ ਰਾਹੀਂ ਜ਼ਿੰਦਗੀ ਨੂੰ ਪਰਿਭਾਸ਼ਤ ਕਰਨ ਵਾਲੇ ਲੋਕ ਸਿਰਫ਼ ਨਿਰਾਸ਼ਾ ਦਾ ਆਲਮ ਅਤੇ ਉਦਾਸੀਨਤਾ ਦਾ ਧੁਖਦਾ ਜੰਗਲ ਹੁੰਦੇ ਹਨ ਜਿਹੜੇ ਆਪ ਵੀ ਸੜਦੇ ਹਨ ਅਤੇ ਆਲੇ-ਦੁਆਲੇ ਨੂੰ ਵੀ ਸਵਾਹ ਕਰਦੇ ਹਨ।

ਜ਼ਿੰਦਗੀ ਦੀ ਸੁੱਚਮ ਅਤੇ ਉੱਤਮ ਨੂੰ ਦੇਖਣਾ ਹੋਵੇ ਤਾਂ ਕਦੇ ਆਪਣੇ ਪੁਰਖਿਆਂ ਦੀ ਜੀਵਨ-ਜਾਚ ਨੂੰ ਆਪਣੇ ਚੇਤਿਆਂ ਵਿੱਚ ਨਵਿਆਉਣਾ। ਤੁਹਾਨੂੰ ਪਤਾ ਲੱਗੇਗਾ ਕਿ ਕੁਦਰਤੀ ਅਲਾਮਤਾਂ ਨਾਲ ਜੂਝਦੇ, ਬਿਮਾਰੀਆਂ ਵਿੱਚ ਘਿਰੇ ਅਤੇ ਸਹੂਲਤ ਵਿਹੂਣੇ ਵੀ ਜ਼ਿੰਦਗੀ ਨੂੰ ਜਸ਼ਨ ਵਾਂਗ ਮਨਾਉਂਦੇ ਸਨ। ਸਾਡੀਆਂ ਮਾਵਾਂ ਰਾਤ ਨੂੰ ਸੌਣ ਤੋਂ ਪਹਿਲਾਂ ਰੱਬ ਦਾ ਸ਼ੁਕਰਗੁਜ਼ਾਰ ਹੁੰਦਿਆਂ ਅਕਸਰ ਹੀ ਕਹਿੰਦੀਆਂ ਹੁੰਦੀਆਂ ਸਨ ਕਿ ਦਿਨ ਵਧੀਆ ਲੰਘਿਆ ਹੈ। ਰੱਬਾ! ਰਾਤ ਵੀ ਸੁੱਖਾਂ ਦੀ ਲੰਘਾਈ ਅਤੇ ਸਾਰੇ ਜੀਅ-ਜੰਤ ਵਿੱਚ ਸ਼ਾਂਤੀ ਵਰਤਾਈਂ।

ਜ਼ਿੰਦਗੀ ਦੇ ਸਰੋਕਾਰਾਂ ਸੰਗ ਸੰਵਾਦ ਰਚਾਉਣਾ, ਚਿੰਤਾ ਵਿੱਚੋਂ ਚੇਤਨਾ ਪੈਦਾ ਕਰਨਾ, ਫ਼ਿਕਰ ਦੀ ਬਜਾਏ ਫ਼ੱਕਰਤਾ ਉਪਜਾਉਣਾ, ਝੂਰਨ ਦੀ ਥਾਂ ਸ਼ੁਕਰਗੁਜ਼ਾਰੀ ਅਤੇ ਕਿਸੇ ਘਾਟ ਦੀ ਬਜਾਏ ਮਿਲੀਆਂ ਦਾਤਾਂ ਦਾ ਸ਼ੁਕਰਾਨਾ ਹੀ ਜ਼ਿੰਦਗੀ ਦਾ ਮੂਲ-ਮੰਤਰ ਹੈ। ਜ਼ਿੰਦਗੀ ਤਾਂ ਜਿਊਣ ਦੀ ਕਲਾ ਹੈ। ਬੰਦੇ ਨੇ ਇੱਕ ਦਿਨ ਤਾਂ ਮਰਨਾ ਹੀ ਹੁੰਦਾ ਹੈ। ਇਸ ਦੀ ਚਿੰਤਾ ਕਿਉਂ ਕਰਨੀ। ਰੋਜ਼ ਰੋਜ਼ ਮਰਨ ਨਾਲੋਂ ਬਿਹਤਰ ਹੁੰਦਾ ਹੈ ਜ਼ਿੰਦਗੀ ਵਿੱਚ ਮਿਲੇ ਪਲਾਂ ਨੂੰ ਪੂਰੇ ਜੋਸ਼ ਅਤੇ ਜਨੂੰਨ ਨਾਲ ਜਿਊਂਦਿਆਂ, ਇਸ ਦੇ ਹਰ ਰੰਗ ਵਿੱਚ ਜ਼ਿੰਦਗੀ ਨੂੰ ਹੋਰ ਲਬਰੇਜ਼ ਅਤੇ ਰੰਗ-ਰੱਤਾ ਕੀਤਾ ਜਾਵੇ।

ਜ਼ਿੰਦਗੀ ਤਾਂ ਜੋਸ਼ ਹੈ ਆਪਣੇ ਪੈਰਾਂ ਵਿੱਚ ਉੱਗੇ ਸਫ਼ਰ ਵਿੱਚ ਉੱਦਮ ਅਤੇ ਉਤਸ਼ਾਹ ਭਰਨ ਦਾ। ਮਿੱਥੀਆਂ ਮੰਜ਼ਲਾਂ ’ਤੇ ਪਹੁੰਚਣ ਅਤੇ ਉਨ੍ਹਾਂ ਦੇ ਮੱਥਿਆਂ ’ਤੇ ਸਫਲਤਾਵਾਂ ਦੇ ਸਿਰਲੇਖ ਖੁਣਨ ਦਾ। ਪਰ ਇਸ ਤੋਂ ਵੀ ਜ਼ਿਆਦਾ ਜ਼ਰੂਰੀ ਹੁੰਦਾ ਹੈ ਆਪਣੀਆਂ ਪ੍ਰਾਪਤੀਆਂ ਨੂੰ ਆਪਣਿਆਂ ਨਾਲ ਸਾਂਝਾਂ ਕਰਨਾ। ਇਸ ਨੂੰ ਮਾਣੋ ਤਾਂ ਕਿ ਸਮਾਂ ਬੀਤਣ ਤੋਂ ਬਾਅਦ ਤੁਹਾਡੇ ਮਨ ਵਿੱਚ ਕੋਈ ਹਿਰਖ਼ ਨਾ ਰਹਿ ਜਾਵੇ ਕਿ ਜ਼ਿੰਦਗੀ ਤਾਂ ਵਿਅਰਥ ਹੀ ਗਵਾਚ ਗਈ।

ਕਦੇ ਕਦਾਈਂ ਸਮਾਂ ਮਿਲੇ ਤਾਂ ਜ਼ਿੰਦਗੀ ਨੂੰ ਜ਼ਰੂਰ ਮੁਖ਼ਾਤਬ ਹੋਣਾ। ਪਤਾ ਕਰਨਾ ਕਿ ਜ਼ਿੰਦਗੀ ਕੀ ਹੈ? ਜ਼ਿੰਦਗੀ ਤੁਹਾਥੋਂ ਕੀ ਮੰਗਦੀ ਹੈ? ਤੁਸੀਂ ਜ਼ਿੰਦਗੀ ਨੂੰ ਕੀ ਦੇ ਰਹੇ ਹੋ? ਜ਼ਿੰਦਗੀ ਨੂੰ ਕੀ ਦੇਣਾ ਚਾਹੀਦਾ ਹੈ ਕਿ ਜ਼ਿੰਦਗੀ ਹੋਰ ਹੁਸੀਨ ਅਤੇ ਖ਼ੂਬਸੂਰਤ ਹੋ ਜਾਵੇ ਅਤੇ ਤੁਹਾਡਾ ਜਿਊਣਾ ਸਾਰਥਿਕ ਹੋ ਜਾਵੇ? ਜ਼ਿੰਦਗੀ ਵਿੱਚੋਂ ਜ਼ਿੰਦਗੀ ਦੀ ਨਿਸ਼ਾਨਦੇਹੀ ਅਤੇ ਸ਼ਬਦਕਾਰੀ ਹੀ ਜ਼ਿੰਦਗੀ ਨੂੰ ਸਮਝਣ ਅਤੇ ਇਸ ਨੂੰ ਸਦੀਵਤਾ ਬਖ਼ਸ਼ਣ ਲਈ ਅਹਿਮ ਹੈ। ਜ਼ਿੰਦਗੀ ਸਾਨੂੰ ਰੋਜ਼ ਮਿਲਦੀ ਹੈ, ਪਰ ਸੋਚਿਓ! ਤੁਸੀਂ ਜ਼ਿੰਦਗੀ ਨੂੰ ਕਦੋਂ ਅਤੇ ਕਿਵੇਂ ਮਿਲੇ ਸੀ? ਕੀ ਤੁਹਾਡੇ ਮਨ ਵਿੱਚ ਕਦੇ ਜ਼ਿੰਦਗੀ ਨੂੰ ਮਿਲਣ ਦਾ ਖ਼ਿਆਲ ਵੀ ਆਇਆ ਕਿ ਨਹੀਂ? ਸੋਚਣਾ ਜ਼ਰੂਰ। ਫਿਰ ਜ਼ਿੰਦਗੀ ਨੂੰ ਮਿਲਣ ਦੀ ਜਾਚ ਆ ਜਾਵੇਗੀ। ਕਈ ਵਾਰ ਜ਼ਿੰਦਗੀ ਉਸ ਵੇਲੇ ਵੀ ਰੋਣ ਲੱਗ ਪੈਂਦੀ ਹੈ ਜਦੋਂ ਹੱਸਣ ਦਾ ਵੇਲਾ ਹੁੰਦਾ ਹੈ। ਉਸ ਵਕਤ ਰੁੱਸ ਜਾਂਦੀ ਹੈ, ਜਦੋਂ ਮਿਲ ਬੈਠਣ ਦਾ ਮੌਕਾ ਹੁੰਦਾ ਹੈ। ਉਸ ਵਕਤ ਵੀ ਬੇਪਛਾਣ ਹੋ ਜਾਂਦੀ ਹੈ, ਜਦੋਂ ਪਛਾਣ ਵਿੱਚੋਂ ਪ੍ਰਮਾਣ ਬਣਨ ਦੀ ਲੋਚਾ ਹੁੰਦੀ ਹੈ। ਜ਼ਿੰਦਗੀ ਸਿਰਫ਼ ਸੁਪਨੇ ਦੇਖਣ ਲਈ ਨਹੀਂ ਹੁੰਦੀ, ਜ਼ਿੰਦਗੀ ਤਾਂ ਸੁਪਨਿਆਂ ਨੂੰ ਸੱਚ ਕਰਨ ਲਈ ਹੁੰਦੀ ਹੈ ਜੋ ਜ਼ਿੰਦਗੀ ਖ਼ੁਦ ਵੀ ਦੇਖਦੀ ਅਤੇ ਜਹਾਨ ਵੀ ਦੇਖਦਾ ਹੈ। ਜ਼ਿੰਦਗੀ ਤਲਖ਼ੀਆਂ ਤੋਂ ਤਜਰਬਿਆਂ ਦੀ ਦਾਸਤਾਨ, ਔਕੜਾਂ ਤੋਂ ਅਸਲੀਅਤ ਦੀ ਕਹਾਣੀ, ਹੱਠ ਤੋਂ ਹੰਭਲਿਆਂ ਦਾ ਸਫ਼ਰ, ਸਿਰੜ ਤੋਂ ਸਾਧਨਾ ਦਾ ਦਸਤਾਵੇਜ਼ ਅਤੇ ਮਿਹਨਤ ਤੋਂ ਮਾਣ ਤੀਕ ਦਾ ਬਿਰਤਾਂਤ ਹੈ। ਜ਼ਿੰਦਗੀ ਜੁਸਤਜੂ ਵੀ ਹੁੰਦੀ ਹੈ, ਕੁਝ ਅਦਿੱਖ ਦਿਸਹੱਦਿਆਂ ’ਤੇ ਪਹੁੰਚਣ ਦੀ, ਕੁਝ ਮਨਚਾਹਿਆ ਪ੍ਰਾਪਤ ਕਰਨ ਦੀ, ਰੂਹ ਦੇ ਹਾਣੀ ਨਾਲ ਰੂਹਦਾਰੀ ਨਾਲ ਭਰੇ ਪਲ ਬਿਤਾਉਣ ਦੀ, ਮੋਹ ਵਿੱਚ ਪਿਘਲ ਜਾਣ ਦੀ, ਬਨੇਰੇ ਤੋਂ ਉਤਰ ਰਹੇ ਚੰਨ ਨਾਲ ਗੁਫ਼ਤਗੂ ਕਰਨ ਦੀ ਅਤੇ ਚਾਨਣੀ ਵਿੱਚ ਨਹਾਉਣ ਦੀ।

ਜ਼ਿੰਦਗੀ ਇੱਕ ਖੇਡ ਹੈ। ਇਸ ਨੂੰ ਖੇਡਣ ਅਤੇ ਜਿੱਤਣ ਲਈ ਜਾਨ ਦੀ ਬਾਜ਼ੀ ਲਾਉਣ ਵਾਲਿਆਂ ਲਈ ਜ਼ਿੰਦਗੀ ਤਲੀਆਂ ਵਿਛਾਉਂਦੀ ਅਤੇ ਨਿਆਮਤਾਂ ਦੇ ਢੇਰ ਲਾਉਂਦੀ ਹੈ।

ਜ਼ਿੰਦਗੀ ਇੱਕ ਰੰਗਮੰਚ ਹੈ। ਅਸੀਂ ਸਾਰੇ ਆਪੋ ਆਪਣੇ ਰੋਲ ਕਰਦੇ ਅਤੇ ਰੰਗਮੰਚ ਤੋਂ ਲੋਪ ਹੋ ਜਾਂਦੇ ਹਾਂ। ਸਿਰਫ਼ ਕੁਝ ਹੀ ਲੋਕ ਚੇਤਿਆਂ ਵਿੱਚ ਸਦਾ ਲਈ ਸਮਾਏ ਰਹਿੰਦੇ ਹਨ ਜਿਨ੍ਹਾਂ ਲਈ ਲੋਕ ਖ਼ੂਬ ਤਾੜੀਆਂ ਮਾਰਦੇ ਹਨ ਕਿਉਂਕਿ ਉਹ ਜ਼ਿਕਰਯੋਗ ਅਦਾਵਾਂ ਨਾਲ ਜੀਵਨ ਦੇ ਸੁੱਚਮ ਨੂੰ ਰੂਪਮਾਨ ਕਰਦੇ ਹਨ।

ਜ਼ਿੰਦਗੀ ਇੱਕ ਜੰਗ ਵੀ ਹੁੰਦੀ ਹੈ। ਇਸ ਨੂੰ ਜਿੱਤਣ ਲਈ ਬੰਦੇ ਨੂੰ ਹਰ ਦਾਅ ਵਰਤਦਿਆਂ, ਸਿਰੜ, ਹਿੰਮਤ ਅਤੇ ਦਲੇਰੀ ਨਾਲ ਜੰਗ ਨੂੰ ਜਿੱਤਣਾ ਹੁੰਦਾ ਹੈ ਅਤੇ ਵੈਰੀਆਂ ਨੂੰ ਚਿੱਤ ਕਰਨਾ ਹੁੰਦਾ ਹੈ। ਜ਼ਿੰਦਗੀ ਵਿੱਚ ਉਸ ਸਮੇਂ ਦੀ ਉਡੀਕ ਨਾ ਕਰੋ ਕਿ ਫਿਰ ਜਸ਼ਨ ਮਨਾਵਾਂਗੇ। ਪਤਾ ਨਹੀਂ ਕਦੋਂ ਸਾਹ ਖ਼ਤਾ ਖਾ ਜਾਣ। ਜੀਵਨ ਵਿੱਚ ਹਰ ਪਲ ਨੂੰ ਆਖ਼ਰੀ ਪਲ ਸਮਝੋ ਅਤੇ ਇਸ ਦਾ ਜਸ਼ਨ ਮਨਾਓ। ਕਦੇ ਸੋਚਿਆ ਜੇ ਕਿ ਜ਼ਿੰਦਗੀ ਕੀ ਏ? ਜ਼ਿੰਦਗੀ ਤਾਂ ਕੁਝ ਵੀ ਨਹੀਂ। ਦਰਅਸਲ, ਜ਼ਿੰਦਗੀ ਤਾਂ ਤੁਹਾਨੂੰ ਮਿਲਿਆ ਇੱਕ ਅਜਿਹਾ ਮੌਕਾ ਹੈ ਜਦੋਂ ਤੁਸੀਂ ਸੂਹੇ ਸ਼ਬਦਾਂ ਦੀ ਅਰਥਕਾਰੀ ਦਾ ਨਾਮ ਹੋ ਜਾਂਦੇ ਹੋ।

ਕਦੇ ਕਦੇ ਜ਼ਿੰਦਗੀ ਸਮਝਾਉਂਦੀ ਹੈ ਕਿ ਆਪਣਿਆਂ ਦੀ ਬੇਭਰੋਸਗੀ, ਨੇੜਲਿਆਂ ਦੀ ਬੇਵਫ਼ਾਈ, ਰਿਸ਼ਤਿਆਂ ਵਿਚਲੀ ਖੋਟ ਅਤੇ ਸਬੰਧਾਂ ਵਿਚਲਾ ਫਰੇਬ। ਇਹ ਨਕਾਬ ਹੇਠ ਛੁਪੇ ਹੋਏ ਚਿਹਰਿਆਂ ਦੀ ਪਛਾਣ ਕਰਾਉਂਦੀ ਹੈ। ਜ਼ਿੰਦਗੀ ਤਾਂ ਬਹੁਤ ਲੰਮੇਰੀ ਹੁੰਦੀ ਹੈ, ਪਰ ਅਸੀਂ ਖ਼ੁਦ ਹੀ ਇਸ ਨੂੰ ਛੋਟੀ ਕਰ ਦਿੰਦੇ ਹਾਂ ਕਿਉਂਕਿ ਅਸੀਂ ਤਾਂ ਜਿਊਣਾ ਹੀ ਉਦੋਂ ਸ਼ੁਰੂ ਕਰਦੇ ਹਾਂ ਜਦੋਂ ਆਖਰੀ ਸਫ਼ਰ ’ਤੇ ਤੁਰਨ ਦੀ ਵੀ ਤਿਆਰੀ ਹੋ ਜਾਂਦੀ ਹੈ।

ਜ਼ਿੰਦਗੀ ਨੂੰ ਪੂਰਨ ਰੂਪ ਵਿੱਚ ਸਮਝਣ ਲਈ ਇਸ ਦੀ ਸਮੁੰਦਰੀ ਗਹਿਰਾਈ ਨੂੰ ਮਿਣਨ ਦੀ ਦਿਲ ਵਿੱਚ ਧਾਰੋ। ਕੰਢੇ ’ਤੇ ਬਹਿ ਕੇ ਸਿਰਫ਼ ਲਹਿਰਾਂ ਹੀ ਗਿਣੀਆਂ ਜਾ ਸਕਦੀਆਂ ਹਨ। ਇਸ ਦੀ ਡੂੰਘਾਈ ਦਾ ਅੰਦਾਜ਼ਾ ਕਿੰਝ ਲਗਾਓਗੇ? ਇਸ ਲਈ ਇਸ ਵਿੱਚ ਉਤਰਨਾ ਜ਼ਰੂਰੀ ਹੈ। ਜ਼ਿੰਦਗੀ ਦੇ ਬਹੁਤ ਰੂਪ ਹਨ। ਇਹ ਕਦੇ ਧੁੱਪ ਹੁੰਦੀ ਹੈ ਅਤੇ ਕਦੇ ਛਾਂ ਹੁੰਦੀ ਹੈ। ਕਦੇ ਬੋਲ-ਬੁਲਾਰਾ ਤੇ ਕਦੇ ਚੁੱਪ-ਚਾਂ ਹੁੰਦੀ ਹੈ। ਕਦੇ ਇਹ ਮਤਰੇਈਆਂ ਵਰਗੀ ਅਤੇ ਕਦੇ ਸਕੀ ਮਾਂ ਹੁੰਦੀ ਹੈ। ਕਦੇ ਗਹਿਮਾ-ਗਹਿਮੀ ਤੇ ਕਦੇ ਉੱਜੜਿਆ ਗਰਾਂ ਹੁੰਦੀ ਹੈ। ਕਦੇ ਆਪਣਾ ਵਿਹੜਾ ਅਤੇ ਕਦੇ ਬੇਗਾਨੀ ਥਾਂ ਹੁੰਦੀ ਹੈ।

ਖ਼ੂਬਸੂਰਤ ਜ਼ਿੰਦਗੀ ਲਈ ਜ਼ਰੂਰੀ ਹੁੰਦੀ ਹੈ ਰੂਹ ਦੀ ਪਾਕੀਜ਼ਗੀ, ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪਣੇ ਅੰਦਾਜ਼ ਵਿੱਚ ਜਿਊਣਾ। ਮਨ ਦੀ ਮੌਜ ਤੇ ਮੁਹੱਬਤ ਦਾ ਰੱਜ। ਸਮਾਜ ਵਿੱਚ ਵਿਚਰਦਿਆਂ ਕਿਸੇ ਦੇ ਅੱਥਰੂ ਪੂੰਝਣ ਦੀ ਜਾਚ, ਭੁੱਖੇ ਪੇਟ ਦੀ ਫ਼ਿਕਰਮੰਦੀ ਅਤੇ ਕੁਝ ਚੰਗੇਰਾ ਕਰਨ ਦੀ ਚਾਹਤ ਦਾ ਜਿਊਂਦੇ ਰਹਿਣਾ ਹੀ ਇਸ ਨੂੰ ਖ਼ੂਬਸੂਰਤ ਬਣਾ ਦਿੰਦਾ ਹੈ। ਇਸ ਲਈ ਅਹਿਮ ਹੁੰਦਾ ਹੈ ਕਿ ਅਸੀਂ ਕਦੇ ਤਾਂ ਕਹੀਏ, ਵਾਹ! ਜ਼ਿੰਦਗੀ! ਤੇਰਾ ਕਿਆ ਕਹਿਣਾ! ਤੂੰ ਇਸ ਤਰ੍ਹਾਂ ਹੀ ਸਾਨੂੰ ਖ਼ੁਸ਼ੀਆਂ, ਖੇੜਿਆਂ ਅਤੇ ਰਾਂਗਲੇ ਸਮਿਆਂ ਨਾਲ ਨਿਵਾਜਦੀ ਰਹੀਂ।

# ਅਲਰਜੀ ਰੋਗੀ ਨਿੰਬੂ-ਸੰਤਰਾ ਖਾਣ ਸੰਭਲ ਕੇ

*''ਵਿਟਾਮਿਨ-ਮਿਨਰਲਜ਼ ਨਾਲ ਭਰਪੂਰ ਹਰ ਮੌਸਮ ਦਾ ਪਸੰਦੀਦਾ ਫੱਲ ਸੰਤਰਾ ਸਟਰੈਸ ਦੂਰ ਕਰਨ ਵਿੱਚ ਮਦਦ ਕਰ ਰਿਹਾ ਹੈ। ਲੇਕਿਨ ਕੁੱਝ ਬਿਮਾਰੀਆਂ ਦੀ ਹਾਲਤ 'ਚ ਅਲਰਜੀ, ਛੋਟੇ ਬੱਚਿਆਂ ਨੂੰ ਅਤੇ ਪੁਰਾਣੀ ਖੰਘ ਦੀ ਹਾਲਤ 'ਚ ਫੈਮਿਲੀ ਡਾਕਟਰ ਦੀ ਸਲਾਹ ਨਾਲ ਸੰਤਰੇ ਦਾ ਸੇਵਨ ਕਰਨਾ ਚਾਹੀਦਾ ਹੈ'' - ਅਨਿਲ ਧੀਰ (ਡਾ.) ਕਾਲਮਨਿਸਟ. ਸੋਸ਼ਲ ਐਕਟੀਵਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ*

ਹੈਲਥ ਮੀਡੀਆ ਕੈਨੇਡਾ : ਹਰ ਸਾਲ ਠੰਢ ਦੌਰਾਨ ਐਲੇਰਜਨਜ਼ ਦਾ ਹਮਲਾ ਤੇਜ਼ ਹੋ ਜਾਂਦਾ ਹੈ। ਸਾਈਟਰਸ ਫੱਲ ਸੰਤਰੇ ਦੁਆਰਾ ਹੋਣ ਵਾਲੀ ਅਲਰਜੀ 'ਚ ਅਚਾਨਕ ਛਿੱਕਾਂ, ਖਾਰਿਸ਼, ਸਾਹ ਲੈਣ 'ਚ ਦਿੱਕਤ, ਪੇਟ ਅੰਦਰ ਏਸਿਡ, ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਜੇ ਸਰੀਰ ਅੰਦਰ ਇਮਿਉਨਿਟੀ ਘੱਟ ਹੈ ਤਾਂ ਵਿਅਕਤੀ ਛੇਤੀ ਹੀ ਰੋਗਾਂ ਦੇ ਘੇਰੇ 'ਚ ਆ ਜਾਂਦਾ ਹੈ। ਜੀਈਆਰਡੀ ਇੱਕ ਪੁਰਾਣੀ ਹਾਲਤ ਹੈ ਜਿੱਥੇ ਪੇਟ ਦਾ ਏਸਿਡ ਅਨਾਸ਼ 'ਚ ਵਾਪਸ ਵਹਿਣਾ ਜਾਰੀ ਰੱਖਦਾ ਹੈ, ਜਿਸ ਨਾਲ ਛਾਤੀ 'ਚ ਦਰਦ, ਦਿਲ 'ਤੇ ਜਲਨ ਅਤੇ ਨਿਗਲਣ 'ਚ ਮੁਸ਼ਕਲ ਹੁੰਦੀ ਹੈ। ਖੱਟੇ ਫੱਲ ਤੇਜ਼ਾਬ ਦੀ ਸਮੱਗਰੀ ਨਾਲ ਭਰਪੂਰ ਹੁੰਦੇ ਹਨ ਅਤੇ ਐਸਿਡ ਰੀਫਲਕਸ ਦੇ ਲੱਛਣਾਂ ਨੂੰ ਵਧਾ ਸਕਦਾ ਹੈ।


ਵਿਸ਼ਵ ਭਰ ਵਿੱਚ ਅੱਜ ਹਰ ਉਮਰ ਦੇ ਵਿਅਕਤੀ ਦਾ ਪਸੰਦੀਦਾ ਸੁਆਦੀ ਰਸੀਲਾ ਫੱਲ ਹੈ ਸੰਤਰਾ। 16ਵੀਂ ਸਦੀ 'ਚ ਇਹ ਫੱਲ ਯੂਰਪ ਵਿੱਚ ਆਮ ਮਿਲਨ ਲੱਗ ਗਿਆ ਸੀ। ਸੰਤਰੀ ਸ਼ਬਦ ਦੀ ਵਰਤੋਂ ਰੰਗ ਤੋਂ ਪਹਿਲਾਂ ਫੱਲ ਨੂੰ ਦਰਸਾਉਣ ਲਈ ਕੀਤੀ ਜਾਂਦੀ ਸੀ। ਵਿਸ਼ਵ ਭਰ 'ਚ ਅੰਦਾਜ਼ਨ 600 ਤੋਂ ਵੱਧ



**ਅਨਿਲ ਧੀਰ**
**ਕਾਲਮਨਿਸਟ**
healthmedia1@hotmail.com

ਕਿਸਮ ਦੇ ਸੰਤਰੇ ਦੱਸੇ ਜਾ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਵੈਲੇਂਸੀਆ ਸੰਤਰਾ ਫਲੇਵਰ ਅਤੇ ਸੁਆਦੀ ਲਈ ਮਸ਼ਹੂਰ ਹੈ। ਫਲੋਰੀਡਾ ਦੇ ਨੋਵਲ, ਮਿਨੀਓਲਾ ਟੈਂਜਲੋਸ, ਮੁਰਕੋਟ ਹਨੀ ਟੈਂਗਰੀਨ ਵਗੈਰਾ ਕਿਸਮ ਦੇ ਸੰਤਰੇ ਤਾਜ਼ੇ, ਮਿੱਠੇ 'ਤੇ ਘੱਟ ਤੇਜ਼ਾਬੀ ਮੰਨੇ ਜਾ ਰਹੇ ਹਨ। ਸੰਤਰੇ 'ਚ ਵੱਖ-ਵੱਖ ਫਾਈਟੋਕੈਮੀਕਲ -ਕੈਰੋਟੀਨੋਇਡਜ਼- ਬੀਟਾ-ਕੈਰੋਟੀਨ, ਲੂਟੀਨ ਅਤੇ ਬੀਟਾ-ਕ੍ਰਿਪਟੌਕਸੈਂਥਿਨ, ਫਲੇਵੋਨੋਇਡਜ਼ਅਤੇ ਸੰਤਰੇ ਦੀ ਖੁਸ਼ਬੂ ਪੈਦਾ ਕਰਨ ਵਾਲੇ ਬਹੁਤ ਸਾਰੇ ਅਸਥਿਰ ਮਿਸ਼ਰਣ- ਐਡੀਹਾਈਡਜ਼, ਐਸਟਰ, ਅਲਕੋਹਲ, ਟੇਰੇਪੇਨਸ ਸ਼ਾਮਿਲ ਹਨ। ਹੋਮ ਕਿਚਨ 'ਤੇ ਕਮਰਸ਼ੀਅਲ ਇੰਡਸਟਰੀ ਅੰਦਰ ਅੱਜ ਸੰਤਰੇ ਫੱਲ ਦਾ ਜੂਸ, ਮਾਮਲੇਡ, ਮਿਕਸਫਰੂਟ ਜੈਮ, ਕੇਕ, ਕੁਕੀਜ਼, ਚਾਕਲੇਟ, ਕੈਂਡੀ, ਫਰੈਗਰੇਂਸ ਵਗੈਰਾ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਬ੍ਰਾਜ਼ੀਲ ਦੁਨੀਆ 'ਚ ਸੰਤਰੇ ਦੇ ਜੂਸ ਦਾ ਸਭ ਤੋਂ ਵੱਡਾ ਉਤਪਾਦਕ ਅਤੇ ਇਸ ਤੋਂ ਬਾਅਦ ਅਮਰੀਕਾ ਦਾ ਨਾਂ ਆ ਰਿਹਾ ਹੈ।





**ਸੰਤਰਾ ਖਾਓ, ਲੇਕਿਨ ਸਭਲ ਕੇ :**

- ਠੰਢ ਦੌਰਾਨ ਐਂਟੀਆਕਸੀਡੈਂਟ ਖੁਰਾਕ ਸ਼ੁਰੂ ਕਰ ਦਿਓ ਤਾਂਕਿ ਆਮ ਰੋਗਾਂ ਨਾਲ ਲੜਨ ਦੀ ਤਾਕਤ 'ਚ ਵਾਧਾ ਹੋ ਸਕੇ। ਕਿਸੇ ਖਾਸ ਅਲਰਜੀ ਦੀ ਹਾਲਤ 'ਚ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।
- ਹਾਈ ਬਲੱਡ ਪ੍ਰੈਸ਼ਰ ਵਾਲੇ ਡੇਲੀ ਨਾਸ਼ਤੇ 'ਚ 1 ਕੱਪ ਤਾਜ਼ੇ ਸੰਤਰੇ ਦਾ ਰੱਸ ਸ਼ੁਰੂ ਕਰ ਸਕਦੇ ਹਨ। ਸੰਤਰੇ 'ਚ ਕੋਈ ਸੋਡੀਅਮ ਨਹੀਂ ਹੁੰਦਾ ਬਲਕਿ ਜੂਸ ਦਾ ਸੇਵਨ 14% ਪੋਟਾਸ਼ੀਅਮ ਦੀ ਮਾਤਰਾ ਵੱਧਾ ਸਕਦਾ ਹੈ। ਬਲੱਡ ਪ੍ਰੈਸ਼ਰ ਦੇ ਜੋਖਮ ਨੂੰ ਘਟਾਉਣ ਲਈ ਪੋਟਾਸ਼ੀਅਮ ਦਾ ਸੇਵਨ ਵਧਾਉਣ ਨਾਲ ਖੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਅਤੇ ਖੋਲਣ 'ਚ ਮਦਦ ਕਰ ਸਕਦਾ ਹੈ।
- ਕੋਲੇਸਟ੍ਰੋਲ ਨੂੰ ਘਟਾਉਣ ਲਈ ਸੰਤਰਾ ਨਮਕੀਨ ਪਾਣੀ ਨਾਲ ਕਲੀਨ ਕਰਕੇ ਫੱਲ ਦੇ ਨਾਲ ਛਿਲਕੇ ਦਾ ਬਾਈਟ ਵੀ ਲਿਆ ਜਾ ਸਕਦਾ ਹੈ। ਫੱਲ ਅੰਦਰ ਮੌਜੂਦ ਫਾਈਬਰ ਵੱਧਿਆ ਹੋਏ ਕੋਲੇਸਟ੍ਰੋਲ ਨੂੰ ਘਟਾਉਂਦਾ ਹੈ।
- ਡਾਇਬਟੀਜ਼ ਦੇ ਖਤਰੇ ਨੂੰ ਘੱਟ ਕਰਨ 'ਚ ਰੋਜਾਨਾਂ 4 ਗ੍ਰਾਮ ਖੁਰਾਕ ਫਾਈਬਰ ਮਦਦ ਕਰ ਸਕਦਾ ਹੈ। ਇਸ ਨਾਲ ਖੂਨ 'ਚ ਗਲੂਕੋਜ਼ ਨਹੀਂ ਘੱਟਦਾ ਪਰ ਸਰੀਰ ਇਨਸੂਲਿਨ ਪ੍ਰਤੀ ਪ੍ਰਤੀਕਿਰਿਆ ਕਰਨ ਦੇ ਤਰੀਕੇ 'ਚ ਸੁਧਾਰ ਕਰਦਾ ਹੈ। ਘੱਟ ਇਨਸੂਲੀਨ ਸੰਵੇਦਨਸ਼ੀਲਤਾ ਟਾਈ-2 ਡਾਇਬਟੀਜ਼ 'ਚ ਯੋਗਦਾਨ ਪਾ ਸਕਦੀ ਹੈ। ਸਰੀਰ ਫਾਈਬਰ ਨੂੰ ਹੋਰ ਪੋਸ਼ਟਿਕ ਤੱਤਾਂ ਨਾਲੋਂ ਹੋਲੀ-ਹੋਲੀ ਪ੍ਰਸੇਸ ਕਰਦਾ ਹੈ, ਇਸ ਲਈ ਬਾਰ-ਬਾਰ ਸਨੈਕਸ ਲੈਣ ਦੀ ਇੱਛਾ ਘੱਟ ਜਾਂਦੀ ਹੈ।
- ਤੰਦਰੁਸਤ ਮਨ ਅਤੇ ਸਰੀਰ ਲਈ ਸੰਤਰੇ ਦੀ ਫਰੂਟ-ਸਲਾਦ 'ਚ ਅਨਾਨਾਸ, ਸਟ੍ਰਾਬੇਰੀ, ਪੀਅਰ ਨੂੰ ਸ਼ਾਮਲ ਕਰੋ।
- ਫੱਲ ਅੰਦਰ ਮੌਜੂਦ ਵਿਟਾਮਿਨ-ਸੀ ਚਮੜੀ ਨੂੰ ਹੈਲਦੀ ਰੱਖਦਾ ਹੈ। ਕੋਲੇਜਨ ਦੇ ਉਤਪਾਦਨ 'ਚ ਯੋਗਦਾਨ ਪਾ ਕੇ ਜ਼ਖਮਾਂ ਨੂੰ ਆਰਾਮ ਦਿੰਦਾ ਹੈ। ਚਮੜੀ ਦਾ ਲਚਕੀਲਾਪਨ, ਡ੍ਰਾਈਨੈਸ ਅਤੇ ਰਿੰਕਲਸ ਨੂੰ ਟੀਕ ਕਰਨ 'ਚ ਮਦਦ ਕਰ ਸਕਦਾ ਹੈ।
- ਸੰਤਰੇ 'ਚ ਮੌਜੂਦ ਕੋਲੀਨ ਅਤੇ ਜ਼ੈਕਸਨਥਿਨ: ਚੰਗੀ ਨੀਂਦ, ਹੈਲਦੀ ਅੱਖਾਂ, ਮਾਸਪੇਸ਼ੀਆਂ ਦੀ ਗਤੀ, ਸਿੱਖਣ ਅਤੇ ਯਾਦਾਸ਼ਤ ਬੇਹਤਰ ਕਰਨ 'ਚ ਹੈਲਪ ਕਰਦਾ ਹੈ। ਸਰੀਰ ਅੰਦਰ ਸੋਜਸ਼ ਨੂੰ ਘਟਾਉਂਦਾ ਹੈ।
- ਚਿਹਰੇ ਦੀ ਖੂਬਸੂਰਤੀ ਲਈ ਔਰਤਾਂ ਸੰਤਰੇ ਦੇ ਛਿਲਕਾ ਪਾਉਡਰ 'ਚ ਸ਼ਹਿਦ ਮਿਕਸ ਕਰਕੇ ਬਤੌਰ ਫੇਸ-ਪੈਕ ਇਸਤੇਮਾਲ ਕਰ ਸਕਦੀਆਂ ਹਨ।
- ਆਮ ਘਬਰਾਹਟ ਘੱਟ ਕਰਨ ਲਈ ਸ਼ੰਤਰਾ ਖਾਣ ਦੇ ਨਾਲ-ਨਾਲ ਤਾਜ਼ਾ ਛਿਲਕਾ ਦਬਾ ਕੇ ਸੁੰਘਣ ਨਾਲ ਮਦਦ ਮਿਲਦੀ ਹੈ।

**ਨੋਟ :** ਕਿਸੇ ਵੀ ਅਲਰਜੀ ਦੀ ਹਾਲਤ 'ਚ ਅਤੇ ਗਰਭਵਤੀ ਔਰਤਾਂ, ਛੋਟੇ ਬੱਚੇ ਅਤੇ ਖਾਂਸੀ, ਗਲੇ ਦੀ ਬਿਮਾਰੀ 'ਚ ਸੰਤਰੇ ਦਾ ਸੇਵਨ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।

# ਕੀ ਹੋਵੇ ਸੁਪਰ ਸਿਹਤ ਲਈ ਜੀਵਨਸ਼ੈਲੀ



**ਆਨੰਦ ਕੁਮਾਰ ਅਨੰਤ**

ਮਾਹਿਰਾਂ ਦਾ ਮੰਨਣਾ ਹੈ ਕਿ ਮਾਨਸਿਕ ਥਕਾਵਟ ਜ਼ਿਆਦਾਤਰ ਤਣਾਅ ਦੇ ਕਾਰਨ ਵੀ ਹੁੰਦੀ ਹੈ। ਤਣਾਅ ਦੇ ਅਨੇਕ ਕਾਰਨ ਹੋ ਸਕਦੇ ਹਨ। ਰੋਜ਼ਮਰ੍ਹਾ ਦੇ ਕੰਮ ਨਿਯਮਤ ਢੰਗ ਨਾਲ ਨਾ ਹੋਣ 'ਤੇ ਵੀ ਤਣਾਅ ਪੈਦਾ ਹੋ ਜਾਂਦਾ ਹੈ। ਤਣਾਅ, ਉਤੇਜਨਾ ਤੇ ਚਿੰਤਾ ਨੂੰ ਵਿਅਕਤੀ ਜਿੰਨੇ ਲੰਮੇ ਸਮੇਂ ਤੱਕ ਆਪਣੇ ਉੱਪਰ ਭਾਰੀ ਪੈਣ ਦਿੰਦਾ ਹੈ, ਉਸ ਨੂੰ ਓਨੀ ਹੀ ਥਕਾਵਟ ਮਹਿਸੂਸ ਹੁੰਦੀ ਹੈ। ਇਸ ਤੋਂ ਬਚਣ ਲਈ ਹਮੇਸ਼ਾ ਕੁਦਰਤੀ ਉਪਾਵਾਂ ਨੂੰ ਅਪਣਾਉਣਾ ਚਾਹੀਦਾ ਹੈ। ਆਪਣੇ ਅੰਦਰ ਆਤਮ-ਵਿਸ਼ਵਾਸ ਨੂੰ ਜਗਾ ਕੇ ਚਿੰਤਾ ਅਤੇ ਤਣਾਅ ਤੋਂ ਮੁਕਤ ਹੋਇਆ ਜਾ ਸਕਦਾ ਹੈ। ਆਤਮ-ਵਿਸ਼ਵਾਸ ਇਕ ਇਸ ਤਰ੍ਹਾਂ ਦਾ ਸਾਧਨ ਹੈ, ਜਿਸ ਨਾਲ ਤਨ, ਮਨ ਦੀ ਥਕਾਵਟ ਤੋਂ ਬਚਿਆ ਜਾ ਸਕਦਾ ਹੈ। ਮਾਸਪੇਸ਼ੀਆਂ ਨੂੰ ਤਣਾਅ ਤੋਂ ਮੁਕਤ ਰੱਖਣ ਲਈ ਮਸਾਜ ਭਾਵ ਮਾਲਿਸ਼ ਬਹੁਤ ਹੀ ਜ਼ਰੂਰੀ ਹੁੰਦੀ ਹੈ। ਸਿਰ ਤੋਂ ਲੈ ਕੇ ਪੈਰਾਂ ਤੱਕ ਸਭ ਅੰਗਾਂ ਦੀ ਵਾਰੀ-ਵਾਰੀ ਮਸਾਜ ਕਰਨ ਨਾਲ ਮਾਸਪੇਸ਼ੀਆਂ ਦਾ ਤਣਾਅ ਘੱਟ ਹੁੰਦਾ ਹੈ ਅਤੇ ਸਰੀਰ ਚੁਸਤ ਰਹਿੰਦਾ ਹੈ। ਮਾਹਿਰਾਂ ਅਨੁਸਾਰ ਸਰੀਰ ਵਿਚ 'ਕੋਰਟਿਸੋਲ' ਨਾਮੀ ਹਾਰਮੋਨ ਕਾਰਨ ਤਣਾਅ ਪੈਦਾ ਹੁੰਦਾ ਹੈ। ਮਸਾਜ ਨਾਲ ਇਸ ਹਾਰਮੋਨ 'ਤੇ ਕਾਬੂ ਪਾਇਆ ਜਾ ਸਕਦਾ ਹੈ। ਹਰ ਕਿਸੇ ਦੇ ਕੰਮ ਕਰਨ ਦੀ ਇਕ ਹੱਦ ਹੁੰਦੀ ਹੈ। ਆਪਣੀ ਹੱਦ ਨੂੰ ਪਛਾਣ ਕੇ ਹੀ ਕਿਸੇ ਕੰਮ ਨੂੰ ਕਰਨਾ ਚਾਹੀਦਾ ਹੈ। ਜ਼ਰੂਰੀ ਕੰਮਾਂ ਨੂੰ ਨਿਬੇੜਨ ਲਈ ਪਹਿਲ ਦੇ ਕੇ ਤਣਾਅ ਤੋਂ ਬਚਿਆ ਜਾ ਸਕਦਾ ਹੈ। ਸਰੀਰ ਨੂੰ ਸਿਹਤਮੰਦ ਰੱਖਣ ਲਈ ਉਸ ਨੂੰ ਆਰਾਮ ਦੇਣ ਦੀ ਵੀ ਜ਼ਰੂਰੀ ਹੁੰਦੀ ਹੈ। ਸਿਰਫ਼ ਸਰੀਰਕ ਹੀ ਨਹੀਂ ਸਗੋਂ ਮਾਨਸਿਕ ਆਰਾਮ ਦੀ ਵੀ ਜ਼ਰੂਰਤ ਹੁੰਦੀ ਹੈ। ਕੰਮ ਨੂੰ ਪਹਿਲ ਦੇ ਆਧਾਰ 'ਤੇ ਹੀ ਨਿਪਟਾਉਣਾ ਲਾਭਕਾਰੀ ਹੁੰਦਾ ਹੈ। ਚੰਗੀ ਸਿਹਤ ਲਈ ਖਾਣ-ਪੀਣ ਵੀ ਚੰਗਾ ਹੋਣਾ ਜ਼ਰੂਰੀ ਹੁੰਦਾ ਹੈ। ਤਲੀਆਂ-ਭੁੰਨੀਆਂ ਤੇ ਚਿਕਨਾਈ ਵਾਲੀਆਂ ਚੀਜ਼ਾਂ ਖਾਂਦੇ ਰਹਿਣ ਨਾਲ ਹਾਜ਼ਮੇ ਵਿਚ ਰੁਕਾਵਟ ਪੈਦਾ ਹੋ ਸਕਦੀ ਹੈ ਅਤੇ ਸਰੀਰ ਆਲਸੀ ਬਣ ਸਕਦਾ ਹੈ। ਸਿਹਤਮੰਦ ਰਹਿਣ ਲਈ ਹਮੇਸ਼ਾ ਇਸ ਤਰ੍ਹਾਂ ਦੀਆਂ ਚੀਜ਼ਾਂ ਨੂੰ ਹੀ ਖਾਣਾ ਚਾਹੀਦਾ ਹੈ ਜੋ ਖੂਨ ਵਿਚ ਸ਼ੂਗਰ ਦੀ ਮਾਤਰਾ ਨੂੰ ਬਰਾਬਰ ਰੱਖੇ ਅਤੇ ਸੰਪੂਰਨ ਸਰੀਰ ਦੀ ਊਰਜਾ ਨੂੰ ਬਣਾਈ ਰੱਖ ਕੇ ਉਸ ਨੂੰ ਫੁਰਤੀਲਾ ਬਣਾਏ। ਗਾਜਰ, ਮੂਲੀ, ਸ਼ਲਗਮ, ਚੁਕੰਦਰ, ਪਾਲਕ, ਲਾਲ ਸਾਗ ਆਦਿ ਨੂੰ ਆਪਣੇ ਭੋਜਨ ਵਿਚ ਜ਼ਿਆਦਾ ਤੋਂ ਜ਼ਿਆਦਾ ਮਾਤਰਾ ਵਿਚ ਲੈ ਕੇ ਸਰੀਰ ਨੂੰ ਤੰਦਰੁਸਤ ਬਣਾਈ ਰੱਖਿਆ ਜਾ ਸਕਦਾ ਹੈ। ਲਗਾਤਾਰ ਕਸਰਤ ਸਰੀਰ ਦੇ ਸਟੈਮਿਨਾ ਨੂੰ ਵਧਾਉਣ ਅਤੇ ਤਣਾਅ ਨਾਲ ਲੜਨ ਵਿਚ ਲਾਭਕਾਰੀ ਹੁੰਦਾ ਹੈ। ਥਕਾਵਟ ਮਹਿਸੂਸ ਹੋਣ 'ਤੇ ਕੁਝ ਦੇਰ ਚਹਿਲਕਦਮੀ ਕਰ ਲੈਣੀ ਚਾਹੀਦੀ ਹੈ। ਸਵੇਰੇ ਲਗਾਤਾਰ 20 ਤੋਂ 30 ਮਿੰਟ ਤੱਕ ਟਹਿਲਣਾ ਚਾਹੀਦਾ ਹੈ। ਹਫ਼ਤੇ ਵਿਚ 2 ਤੋਂ 3 ਵਾਰ ਤੱਕ ਐਰੋਬਿਕ ਕਸਰਤ, ਦੌੜਨਾ, ਤੈਰਨਾ, ਸਾਇਕਲ ਚਲਾਉਣਾ ਆਦਿ ਕਰਦੇ ਰਹਿਣ ਨਾਲ ਸਰੀਰ ਦੀ ਫੁਰਤੀ ਬਰਕਰਾਰ ਰਹਿੰਦੀ ਹੈ। ਚਾਹ, ਕੌਫੀ, ਸ਼ਰਾਬ, ਨਸ਼ੀਲੇ ਪਦਾਰਥ ਆਦਿ ਦੀ ਜ਼ਿਆਦਾ ਵਰਤੋਂ ਨਾਲ ਸਰੀਰ ਨੂੰ ਕਾਫ਼ੀ ਨੁਕਸਾਨ ਪਹੁੰਚਦਾ ਹੈ। ਹਰ ਰੋਜ਼ ਘੱਟ ਤੋਂ ਘੱਟ 8-10 ਗਿਲਾਸ ਤਾਜ਼ਾ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਪਾਣੀ ਜ਼ਿਆਦਾ ਪੀਣ ਨਾਲ ਸਰੀਰਕ ਨੁਕਸ ਪੇਸ਼ਾਬ ਦੇ ਰਾਹੀਂ ਨਿਕਲਦੇ ਰਹਿੰਦੇ ਹਨ ਅਤੇ ਸਰੀਰਕ ਤੰਤਰ ਚੰਗੀ ਤਰ੍ਹਾਂ ਕੰਮ ਕਰਨ ਲਗਦਾ ਹੈ।




# ਘਰ ਘਰ ਰਿੱਝੇ ਨਿੱਤ ਸਾਗ ਹਾਣੀਆਂ



ਸਰ੍ਹੋਂ ਉੱਤਰੀ ਭਾਰਤ ਦੀ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੈ। ਇਹ ਖੁਰਾਕੀ ਤੇਲ ਦਾ ਪ੍ਰਮੁੱਖ ਸਰੋਤ ਹੈ। ਇਸ ਦੇ ਪੀਲੇ ਫੁੱਲ ਧਰਤੀ ਨੂੰ ਬਸੰਤ ਰੁੱਤ ਵਿੱਚ ਸੁਹੱਪਣ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ। ਇਸ ਦੇ ਨਾਲ ਨਾਲ ਇਸ ਦੀਆਂ ਨਰਮ ਗੰਦਲਾਂ, ਪੱਤਿਆਂ ਦਾ ਸਾਗ ਉੱਤਰੀ ਭਾਰਤ, ਪਾਕਿਸਤਾਨ ਵਿੱਚ ਵੱਡੇ ਪੱਧਰ 'ਤੇ ਬਣਾਇਆ ਜਾਂਦਾ ਹੈ। ਸਰ੍ਹੋਂ ਦਾ ਸਾਗ ਅਤੇ ਪੱਕੀ ਦੀ ਰੋਟੀ ਪੰਜਾਬੀਆਂ ਦਾ ਸਰਦੀ ਦਾ ਮਨਭਾਉਂਦਾ ਖਾਣਾ ਹੈ। ਸਰ੍ਹੋਂ ਦਾ ਸਾਗ ਬਣਾਉਣ ਸਮੇਂ ਵਿੱਚ ਪਾਏ ਜਾਂਦੇ ਪਾਲਕ, ਮੇਥੀ, ਬਾਥੂ, ਅਦਰਕ, ਲਸਣ ਆਦਿ ਵਰਗੀਆਂ ਵਸਤੂਆਂ ਇਸ ਨੂੰ ਸੁਆਦੀ ਬਣਾਉਣ ਦੇ ਨਾਲ ਨਾਲ ਖੁਰਾਕੀ ਤੱਤਾਂ ਨਾਲ ਭਰਪੂਰ ਬਣਾਉਣ ਦਾ ਕਾਰਜ ਕਰਦੇ ਹਨ। ਸਰਦੀਆਂ ਵਿੱਚ ਪੰਜਾਬੀਆਂ ਦਾ ਉਹ ਕਿਹੜਾ ਘਰ ਹੈ ਜਿੱਥੇ ਸਾਗ ਬਣਾਇਆ ਅਤੇ ਖਾਧਾ ਨਹੀਂ ਜਾਂਦਾ।

ਸਰ੍ਹੋਂ ਦੇ ਸਾਗ ਵਿੱਚ ਸਰ੍ਹੋਂ ਦੀਆਂ ਨਰਮ ਗੰਦਲਾਂ, ਪੱਤਿਆਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਸਾਗ ਬਣਾਉਣ ਲਈ ਇਸ ਦੀਆਂ ਨਰਮ ਗੰਦਲਾਂ ਅਤੇ ਪੱਤਿਆਂ ਦਾ ਉਪਯੋਗ ਕੀਤਾ ਜਾਂਦਾ ਹੈ। ਸਾਗ ਬਣਾਉਣ ਲਈ ਪਹਿਲੀ ਗਤੀਵਿਧੀ ਸਰ੍ਹੋਂ ਦੀਆਂ ਨਰਮ ਗੰਦਲਾਂ ਤੋੜ ਕੇ ਲਿਆਉਣਾ ਹੈ। ਇਸ ਕਰਕੇ ਸਰ੍ਹੋਂ ਦਾ ਸਾਗ ਤੋੜਣ ਦੇ ਅਜਿਹੇ ਪੱਖ ਦਾ ਜ਼ਿਕਰ ਟੱਪਿਆਂ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ;

**ਕੁੜੀ ਸਰ੍ਹੋਂ ਦੀ ਗੰਦਲ ਵਰਗੀ**
**ਸਰ੍ਹੋਂ ਦਾ ਸਾਗ ਤੋੜਦੀ ਫਿਰੇ।**

ਸਰ੍ਹੋਂ ਦਾ ਸਾਗ ਬਣਾਉਣ ਲਈ ਸਰ੍ਹੋਂ ਦੀਆਂ ਗੰਦਲਾਂ ਦੀ ਵੱਡੇ ਪੱਧਰ 'ਤੇ ਤੋੜ ਤੁੜਾਈ ਹੁੰਦੀ ਹੈ। ਅਜਿਹਾ ਹੋਣ ਕਾਰਨ ਕਿਸੇ ਸਾਗ ਤੋੜਣ ਵਾਲੀ ਨੂੰ ਕਿਸਾਨ ਵੱਲੋਂ ਸਾਗ ਲਈ ਸਰ੍ਹੋਂ ਦੀ ਗੰਦਲ ਤੋੜਣ ਤੋਂ ਰੋਕਣ ਸਬੰਧੀ ਟੱਪੇ ਵਿੱਚ ਕਿਹਾ ਕੁਝ ਇਸ ਤਰ੍ਹਾਂ ਮਿਲਦਾ ਹੈ;

**ਹੱਥ ਸੋਚ ਕੇ ਗੰਦਲ ਨੂੰ ਪਾਈਂ**
**ਕਿਹੜੀ ਐਂ ਤੂੰ ਸਾਗ ਤੋੜਦੀ।**

ਸਰਦੀ ਵਿੱਚ ਸਾਗ ਬਣਾਉਣ ਦੇ ਦਿਨਾਂ ਵਿੱਚ ਹਰ ਘਰ ਵੱਲੋਂ ਵਾਰ ਵਾਰ ਸਾਗ ਬਣਾਇਆ ਜਾਂਦਾ ਹੈ। ਅਜਿਹਾ ਹੋਣ ਕਾਰਨ ਸਾਗ ਲਈ ਸਰ੍ਹੋਂ ਦੀ ਵੱਡੇ ਪੱਧਰ 'ਤੇ ਤੋੜ ਤੁੜਾਈ ਕਾਰਨ ਸਰ੍ਹੋਂ ਦਾ ਨੁਕਸਾਨ ਵੱਡੇ ਪੱਧਰ 'ਤੇ ਹੁੰਦਾ ਹੈ। ਇਸ ਲਈ ਕਈ ਵਾਰ ਕਿਸਾਨਾਂ ਨੂੰ ਸਾਗ ਲਈ ਸਰ੍ਹੋਂ ਤੋੜਣ ਵਾਲਿਆਂ ਤੋਂ ਇਸ ਦੀ ਰਖਵਾਲੀ ਵੀ ਕਰਨੀ ਪੈਂਦੀ ਹੈ। ਕਿਸੇ ਨੂੰ ਅਜਿਹੇ ਸਮੇਂ ਸਾਗ ਤੋੜਨ ਜਾਂ ਤੋੜਨ ਦਾ ਭੁਲੇਖਾ ਪੈਣ 'ਤੇ ਸਬੰਧਤ ਨੂੰ ਟੋਕਣ ਸਬੰਧੀ ਵੀ ਲੋਕ ਬੋਲੀਆਂ ਟੱਪਿਆਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

**ਕਾਹਨੂੰ ਮਾਰਦੇ ਜੱਟਾ ਐਵੇਂ ਖੰਘੂਰੇ**
**ਮੈਂ ਨਾ ਤੇਰਾ ਸਾਗ ਤੋੜਿਆ।**

ਸਰਦੀ ਵਿੱਚ ਸਾਗ ਹਰ ਘਰ ਬਣਦਾ ਹੈ। ਇਸ ਲਈ ਸਰ੍ਹੋਂ ਦੀਆਂ ਗੰਦਲਾਂ ਦਾ ਸਾਗ ਵੀ ਖੇਤੋਂ ਤੋੜ ਕੇ ਲਿਆਉਣਾ ਪੈਂਦਾ ਹੈ। ਸਾਗ ਤੋੜ ਕੇ ਲਿਆਉਣਾ ਜਿੱਥੇ ਇਹ ਆਮ ਘਰਾਂ ਦੀ ਜ਼ਰੂਰਤ ਹੈ, ਉੱਥੇ ਸ਼ੌਕ ਨਾਲ ਵੀ ਕੁਝ ਲੋਕਾਂ ਵੱਲੋਂ ਸਾਗ ਲਿਆਉਣ ਦਾ ਕੰਮ ਕੀਤਾ ਜਾਂਦਾ ਹੈ। ਸਾਗ ਤੋੜਨ ਦਾ ਕੰਮ ਆਮ ਕਰਕੇ ਘਰ ਦੀਆਂ ਔਰਤਾਂ ਵੱਲੋਂ ਕੀਤਾ ਜਾਂਦਾ ਹੈ। ਕਿਸੇ ਦੇ ਖੇਤ ਕਿਸੇ ਅਣਜਾਣ ਵੱਲੋਂ ਸਾਗ ਤੋੜਨ 'ਤੇ ਮਾਲਕ ਵੱਲੋਂ ਰੋਕਿਆ ਵੀ ਜਾਂਦਾ ਹੈ। ਕਈ ਵਾਰ ਸਾਗ ਤੋੜਨ ਵਾਲੀ ਕਿਸੇ ਹੈਸੀਅਤ ਦੀ ਮਾਲਕ ਹੋਣ ਦੇ ਕਾਰਨ ਲੁਕ ਕੇ ਨਹੀਂ, ਸਗੋਂ ਮਾਣ ਨਾਲ ਸਾਗ ਤੋੜਦੀ ਅਤੇ ਆਪਣੀ ਧੌਂਸ ਵੀ ਕੁਝ ਇਸ ਤਰ੍ਹਾਂ ਬਰਕਰਾਰ ਰੱਖਦੀ ਹੈ;

**ਸਾਗ ਤੋੜਦੀ ਜੱਟੀ ਮੁਰੱਬਿਆਂ ਵਾਲੀ**
**ਐਵੇਂ ਮਾਰ ਨਾ ਜੱਟਾ ਲਲਕਾਰੇ।**

ਸਰ੍ਹੋਂ ਦੇ ਸਾਗ ਨਾਲ ਮੱਕੀ ਦੀ ਰੋਟੀ ਪੰਜਾਬੀਆਂ ਦਾ ਪਸੰਦੀਦਾ ਅਤੇ ਪ੍ਰੰਪਰਾਗਤ ਖਾਣਾ ਹੈ। ਇਹ ਕੇਵਲ ਇੱਕ ਪਕਵਾਨ ਨਾ ਹੋ ਕੇ ਪੰਜਾਬੀਆਂ ਦੀ ਸੱਭਿਆਚਾਰਕ ਪੱਖ ਤੋਂ ਪਹਿਚਾਣ ਦਾ ਹਿੱਸਾ ਹੈ। ਸਰ੍ਹੋਂ ਦਾ ਸਾਗ ਕੈਲਰੀਆਂ, ਸੂਖਮ ਤੱਤਾਂ, ਵਿਟਾਮਨ ਏ, ਬੀ, ਸੀ ਨਾਲ ਭਰਪੂਰ ਹੁੰਦਾ ਹੈ। ਆਪਣੇ ਅਜਿਹੇ ਮਹੱਤਵ ਕਾਰਨ ਇਹ ਪੰਜਾਬੀ ਜਨ ਜੀਵਨ ਲਈ ਬੇਹੱਦ ਮਹੱਤਵਪੂਰਨ ਹੈ ਅਤੇ ਪੰਜਾਬੀ ਲੋਕ ਗੀਤਾਂ ਵਿੱਚ ਵੱਖ ਵੱਖ ਸੰਦਰਭਾਂ ਵਿੱਚ ਇਸ ਦਾ ਵਰਣਨ ਕੁਝ ਇਸ ਤਰ੍ਹਾਂ ਮਿਲਦਾ ਹੈ;

**ਰੋਟੀ ਮੱਕੀ ਦੀ ਉੱਤੇ ਰੱਖੂ ਸਾਗ ਬਾਬਲਾ**
**ਤੇਰੀ ਪੱਗ ਨੂੰ ਨਾ ਲਾਊਂ ਕਦੇ ਦਾਗ ਬਾਬਲਾ**

## ਜੱਗਾ ਸਿੰਘ ਆਦਮਕੇ

ਸਰ੍ਹੋਂ ਦਾ ਸਾਗ ਖੁਰਾਕੀ ਤੱਤਾਂ ਪੱਖੋਂ ਕਾਫ਼ੀ ਗੁਣਕਾਰੀ ਹੈ। ਅਜਿਹਾ ਹੋਣ ਕਾਰਨ ਪੰਜਾਬੀ ਖੁਰਾਕੀ ਆਦਤਾਂ ਦਾ ਖਾਸ ਹਿੱਸਾ ਹੈ। ਇਹ ਸਰੀਰਕ ਰੂਪ ਵਿੱਚ ਤਾਕਤ ਪ੍ਰਦਾਨ ਕਰਨ ਦੇ ਨਾਲ ਨਾਲ ਵੱਖ ਵੱਖ ਰੋਗਾਂ ਨਾਲ ਲੜਨ ਦੀ ਸਮਰੱਥਾ ਪ੍ਰਦਾਨ ਕਰਕੇ ਸਰੀਰ ਨੂੰ ਤੰਦਰੁਸਤੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦਾ ਹੈ। ਇਸ ਦੀ ਥਾਂ ਦੂਸਰੀਆਂ ਤਲੀਆਂ ਤੇ ਬਾਜ਼ਾਰੂ ਚੀਜ਼ਾਂ ਖਾਣ ਦੇ ਨੁਕਸਾਨ ਹਨ। ਅਜਿਹਾ ਹੋਣ ਕਾਰਨ ਸਾਗ ਦੀ ਥਾਂ ਹੋਰ ਚੀਜ਼ਾਂ ਖਾਣ ਵਾਲਿਆਂ ਨੂੰ ਲੋਕ ਬੋਲੀਆਂ ਵਿੱਚ ਸੁਚੇਤ ਕੀਤਾ ਕੁਝ ਇਸ ਤਰ੍ਹਾਂ ਮਿਲਦਾ ਹੈ;

**ਸਾਗ ਸਰ੍ਹੋਂ ਦਾ ਮੱਕੀ ਦੀ ਰੋਟੀ**
**ਨੀਂ ਤੂੰ ਅੱਜਕੱਲ੍ਹ ਕਿਉਂ ਨਾ ਖਾਂਦੀ**
**ਗਿੱਝ ਗਈ ਤਲਿਆਂ 'ਤੇ**
**ਤਾਂ ਹੀ ਮੋਟੀ ਹੁੰਦੀ ਜਾਂਦੀ ਨੀਂ ਗਿੱਝ ਗਈ**

ਮੱਘਰ ਮਹੀਨੇ ਤੋਂ ਖੇਤਾਂ ਵਿੱਚ ਸਰ੍ਹੋਂ ਹੋਣ ਨਾਲ ਹੀ ਆਮ ਘਰਾਂ ਵਿੱਚ ਸਾਗ ਬਣਨਾ ਸ਼ੁਰੂ ਹੋ ਜਾਂਦਾ ਹੈ। ਪੋਹ-ਮਾਘ ਵਿੱਚ ਇਸ ਦੀ ਵਰਤੋਂ ਖੂਬ ਹੁੰਦੀ ਹੈ। ਇਸ ਸਮੇਂ ਕਿਸੇ ਆਪਣੇ ਦੀ ਇਸ ਦਾ ਆਨੰਦ ਨਾ ਲੈ ਸਕਣ ਕਾਰਨ ਘਾਟ ਵੀ ਮਹਿਸੂਸ ਹੁੰਦੀ ਹੈ। ਜੇਕਰ ਉਹ ਇਸ ਸਮੇਂ ਇੱਥੇ ਮੌਜੂਦ ਹੁੰਦਾ ਤਾਂ ਇਸ ਮੌਸਮੀ ਉਪਹਾਰ ਦਾ ਉਹ ਵੀ ਲੁਤਫ ਲੈਂਦਾ;

**ਚੜ੍ਹੇ ਮਹੀਨੇ ਪੋਹ ਮਾਘ**
**ਰਿੰਨ੍ਹੀਏ ਸਾਗ, ਹਾਂਡੀ ਪਾਣੀ ਪਾਈਏ**
**ਪੀਆ ਆਵੇ ਮੇਰੇ ਕੋਲ**
**ਤਾਂ ਰਲ ਮਿਲ ਖਾਈਏ**

ਸਾਗ ਬਣਾਉਣ ਦਾ ਕੰਮ ਕਾਫ਼ੀ ਮਿਹਨਤ ਵਾਲਾ ਹੈ। ਇਸ ਨੂੰ ਲੰਬਾ ਸਮਾਂ ਮੋਟੀਆਂ ਲੱਕੜਾਂ, ਪਾਥੀਆਂ ਨਾਲ ਚੰਗੀ ਤਰ੍ਹਾਂ ਰਿੰਨ੍ਹਣ ਤੋਂ ਬਾਅਦ ਘੋਟਣਾ ਵੀ ਜ਼ਰੂਰੀ ਪ੍ਰਕਿਰਿਆ ਹੈ ਕਿਉਂਕਿ ਇਸ ਤੋਂ ਪਹਿਲਾਂ ਸਰ੍ਹੋਂ ਤੇ ਦੂਸਰੇ ਬਾਥੂ, ਪਾਲਕ, ਮੇਥੀ ਵਰਗੇ ਪਦਾਰਥ ਮੋਟੇ ਜਿਹੇ ਹੀ ਕੱਟ ਕੇ ਰਿੰਨ੍ਹੇ ਜਾਂਦੇ ਸਨ। ਪਹਿਲਾਂ ਸਾਗ ਬਣਾਉਣ ਲਈ ਮਿੱਟੀ ਤੋਂ ਬਣੀ ਤੌੜੀ ਦੀ ਵਰਤੋਂ ਕੀਤੀ ਜਾਂਦੀ ਸੀ। ਸਾਗ ਘੋਟਣ ਸਮੇਂ ਇਸ ਵਿੱਚ ਮੱਕੀ ਜਾਂ ਬਾਜਰੇ ਦਾ ਆਟਾ ਪਾਇਆ ਜਾਂਦਾ ਹੈ ਜਿਹੜਾ ਇਸ ਨੂੰ ਸੰਘਣਾ ਕਰਨ ਦਾ ਕੰਮ ਕਰਦਾ ਹੈ। ਸਾਗ ਨੂੰ ਘੋਟਣ ਲਈ ਵਰਤੀਂ ਦੇ ਅਜੋਕੇ ਬਿਜਲਈ ਸਾਧਨਾਂ ਦੀ ਬਜਾਏ ਇਸ ਪ੍ਰਕਿਰਿਆ ਲਈ ਘੋਟਣੇ, ਮਧਣੀ, ਡੋਈ ਆਦਿ ਦਾ ਉਪਯੋਗ ਕੀਤਾ ਜਾਂਦਾ ਸੀ। ਇਸ ਪ੍ਰਕਿਰਿਆ ਦੌਰਾਨ ਕਈ ਵਾਰ ਕਿਸੇ ਨਾਲ ਕੁਝ ਅਜਿਹਾ ਵੀ ਵਾਪਰ ਜਾਂਦਾ;

**ਕਾਹਦੀ ਤੂੰ ਸੁੱਘੜ ਸੁਆਣੀ**
**ਸਾਗ ਘੋਟਦੀ ਨੇ ਭੰਨਤੀ ਤੌੜੀ।**

ਸਰਦੀ ਵਿੱਚ ਸਾਗ ਦਾ ਪੰਜਾਬੀ ਜਨ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ। ਸਾਗ ਵਿੱਚ ਅਜਿਹੇ ਖੁਰਾਕੀ ਤੱਤ ਹੁੰਦੇ ਹਨ ਜਿਹੜੇ ਮਨੁੱਖੀ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਗਰਮੀ ਦੇਣ ਦਾ ਕੰਮ ਕਰਦਾ ਹੈ। ਕੱਤਕ ਤੋਂ ਖੇਤਾਂ ਵਿੱਚ ਸਰ੍ਹੋਂ ਮਿਲਣੀ ਸ਼ੁਰੂ ਹੋਣ 'ਤੇ ਲਗਾਤਾਰ ਭਰਪੂਰ ਮਾਤਰਾ ਵਿੱਚ ਸਾਗ ਬਣਾਇਆ ਜਾਣਾ ਆਮ ਜਨ ਜੀਵਨ ਦੀਆਂ ਸਰਦੀ ਵਿੱਚ ਖੁਰਾਕ ਸਬੰਧੀ ਆਦਤਾਂ ਦਾ ਹਿੱਸਾ ਹੈ। ਅਜਿਹਾ ਹੋਣ ਕਾਰਨ ਬਹੁਤ ਸਾਰੀਆਂ ਬੋਲੀਆਂ, ਟੱਪਿਆਂ ਵਿੱਚ ਸਾਗ ਦਾ ਵੱਖ ਵੱਖ ਰੂਪਾਂ ਵਿੱਚ ਜ਼ਿਕਰ ਕੀਤਾ ਮਿਲਦਾ ਹੈ;

**ਚੱਲ ਨਣਦੇ ਨੀਂ ਚੱਲੀਏ**
**ਖੇਤ ਨੀਂ ਜਾ ਕੇ ਆਈਏ**
**ਵੀਰ ਤੇਰੇ ਨੀਂ ਗਿਆ ਕਹਿ ਕੇ**
**ਨੀਂ ਸਰ੍ਹੋਂ ਦਾ ਸਾਗ ਬਣਾਈਏ**
**ਗੰਦਲਾਂ ਸਰ੍ਹੋਂ ਦੀਆਂ ਖੇਤੋਂ ਤੋੜ ਲਿਆਈਏ**

ਸਰਦੀ ਦੇ ਦਿਨਾਂ ਵਿੱਚ ਸਾਗ ਬਣਾਉਣ ਲਈ ਵੱਡੀ ਮਾਤਰਾ ਵਿੱਚ ਸਰ੍ਹੋਂ ਦੀ ਤੋੜ ਤੁੜਾਈ ਹੋਣ ਕਾਰਨ ਸਰ੍ਹੋਂ ਦੀ ਫ਼ਸਲ ਦਾ ਕਾਫ਼ੀ ਨੁਕਸਾਨ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਕਿਸਾਨਾਂ ਵੱਲੋਂ ਸਰ੍ਹੋਂ ਦਾ ਸਾਗ ਤੋੜਣ ਵਾਲਿਆਂ ਨੂੰ ਰੋਕਿਆ ਜਾਂਦਾ ਹੈ। ਕਿਸੇ ਵੱਲੋਂ ਕਿਸਾਨ ਅਜਿਹੀ ਗਤੀਵਿਧੀ ਨੂੰ ਸੂਮਪਣਾ ਕੁਝ ਇਸ ਤਰ੍ਹਾਂ ਮੰਨਿਆ ਜਾਂਦਾ ਹੈ;

**ਨੀਂ ਮੁੰਡਾ ਕਮਾਲ ਨੀਂ ਕਰੇ**
**ਨੀਂ ਮੁੰਡਾ ਕਮਾਲ ਨੀਂ ਕਰੇ**
**ਮੁੰਡਾ ਅੰਤਾਂ ਦਾ ਸੂਮ ਕੁੜੀਓ**
**ਨੀਂ ਰੁੱਗ ਸਰ੍ਹੋਂ ਦੀਆਂ ਗੰਦਲਾਂ**
**ਨਾ ਜਰੇ**
**ਤੋੜਾਂ ਸਾਗ ਤਾਂ ਮਰਜੂੰ ਮਰਜੂੰ**
**ਨੀਂ ਕਰੇ**

ਸਾਗ ਬਣਾਉਣ ਲਈ ਇਸ ਦੀ ਚੀਰ ਚਰਾਈ ਲਈ ਆਮ ਘਰਾਂ ਵਿੱਚ ਦਾਤ ਬਣਾਇਆ ਹੁੰਦਾ ਸੀ। ਸਾਗ ਚੀਰਨ ਦੀ ਜ਼ਿੰਮੇਵਾਰੀ ਆਮ ਕਰਕੇ ਪਰਿਵਾਰ ਦੀਆਂ ਬਜ਼ੁਰਗ ਔਰਤਾਂ ਵੱਲੋਂ ਨਿਭਾਈ ਜਾਂਦੀ ਸੀ। ਸਰ੍ਹੋਂ ਦਾ ਸਾਗ ਬਣਾਉਣ ਲਈ ਖੇਤ ਚਾਈਂ ਚਾਈਂ ਸਾਗ ਤੋੜਣ ਲਈ ਕੋਈ ਜਾਂਦਾ, ਪ੍ਰੰਤੂ ਅਜਿਹੇ ਸਮੇਂ ਕਿਸੇ ਨਾਲ ਕੁਝ ਇਸ ਤਰ੍ਹਾਂ ਵੀ ਵਾਪਰ ਜਾਂਦਾ;

**ਰਾਇਆ ਰਾਇਆ ਰਾਇਆ**
**ਨੀਂ ਲੈਣ ਗਈ ਸਾਗ ਸਰ੍ਹੋਂ ਦਾ**
**ਜਦੋਂ ਹੱਥ ਪਹਿਲੀ ਨੀਂ ਗੰਦਲ ਨੂੰ ਪਾਇਆ**
**ਕਾਲਾ ਨਾਗ ਨੀਂ ਸ਼ੂਕਦਾ ਆਇਆ**
**ਕਾਲਾ ਨਾਗ ਨੀਂ**

ਸਾਗ ਮੋਟਾਪਾ ਘਟਾਉਣ ਲਈ ਫਾਈਬਰ, ਦੰਦਾਂ, ਹੱਡੀਆਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਅਤੇ ਦੂਸਰੇ ਤੱਤਾਂ ਨਾਲ ਭਰਪੂਰ ਹੁੰਦਾ ਹੈ। ਸਰਦੀਆਂ ਵਿੱਚ ਲਗਾਤਾਰ ਪੰਜਾਬੀਆਂ ਦੇ ਘਰਾਂ ਵਿੱਚ ਵਾਰ ਵਾਰ ਸਰ੍ਹੋਂ ਦਾ ਸਾਗ ਬਣਦਾ ਹੈ। ਅਜਿਹਾ ਹੋਣ ਕਾਰਨ ਸਾਗ ਦੇ ਅਜਿਹੇ ਪੱਖ ਸਬੰਧੀ ਟੱਪਿਆਂ, ਬੋਲੀਆਂ ਵਿੱਚ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

**ਕਾਹਦਾ ਆਇਆ ਪੋਹ ਮਾਘ ਹਾਣੀਆਂ।**
**ਘਰ ਘਰ ਰਿੱਝੇ ਨਿੱਤ ਸਾਗ ਹਾਣੀਆਂ।**

ਲੋਕ ਵਿਸ਼ਵਾਸ ਅਨੁਸਾਰ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿੱਚ ਲੋਹੜੀ ਵਾਲੀ ਸ਼ਾਮ ਗੰਨੇ ਦੇ ਰਸ ਨਾਲ ਖੀਰ, ਖਿਚੜੀ ਅਤੇ ਸਾਗ ਬਣਾਉਣ ਦੀ ਪਰੰਪਰਾ ਰਹੀ ਹੈ, ਪ੍ਰੰਤੂ ਲੋਹੜੀ ਵਾਲੇ ਦਿਨ ਇਨ੍ਹਾਂ ਨੂੰ ਨਹੀਂ ਸੀ ਖਾਧਾ ਜਾਂਦਾ। ਇਨ੍ਹਾਂ ਦੀ ਖਾਣ ਲਈ ਵਰਤੋਂ ਅਗਲੇ ਦਿਨ ਭਾਵ ਮਾਘੀ ਵਾਲੇ ਦਿਨ ਕੀਤੀ ਜਾਂਦੀ ਸੀ। ਪੰਜਾਬੀ ਲੋਕ ਵਿਸ਼ਵਾਸ ਅਨੁਸਾਰ ਅਜਿਹਾ ਕਰਨਾ ਸ਼ੁਭ ਮੰਨਿਆ ਜਾਂਦਾ ਸੀ। ਭਾਵੇਂ ਹੁਣ ਲੋਹੜੀ ਵਾਲੇ ਦਿਨ ਦੀ ਸ਼ਾਮ ਨੂੰ ਖੀਰ, ਖਿਚੜੀ ਤਾਂ ਨਹੀਂ ਬਣਾਈ ਜਾਂਦੀ, ਪਰ ਲਗਭਗ ਹਰ ਘਰ ਹੁਣ ਵੀ ਸਾਗ ਬਣਾਇਆ ਜਾਂਦਾ ਹੈ ਅਤੇ ਇਸ ਸਬੰਧੀ ਪ੍ਰਸਿੱਧ ਹੈ;

**ਪੋਹ ਰਿੰਨ੍ਹੀ, ਮਾਘ ਖਾਧੀ**

ਸਰ੍ਹੋਂ ਦਾ ਸਾਗ ਖੁਰਾਕੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਇਸ ਵਿੱਚ ਪਾਇਆ ਜਾਂਦਾ ਪਾਲਕ, ਬਾਥੂ, ਮੇਥੀ, ਅਦਰਕ, ਲਸਣ, ਪਿਆਜ਼, ਚਿੱਬੜ ਆਦਿ ਪਦਾਰਥ ਵੱਖ ਵੱਖ ਗੁਣਾਂ ਵਾਲੇ ਹੁੰਦੇ ਹਨ। ਇਹ ਵੱਖ ਵੱਖ ਬਿਮਾਰੀਆਂ ਤੋਂ ਸਿਹਤ ਨੂੰ ਸੁਰੱਖਿਅਤ ਕਰਨ ਦੇ ਨਾਲ ਨਾਲ ਦੂਸਰੇ ਲਾਭ ਪਹੁੰਚਾਉਣ ਵਾਲੇ ਹੁੰਦੇ ਹਨ। ਇਸ ਦੇ ਨਾਲ ਇਹ ਸਾਗ ਨੂੰ ਖਾਣ ਦੇ ਪੱਖ ਤੋਂ ਬੇਹੱਦ ਸੁਆਦੀ ਬਣਾਉਂਦੇ ਹਨ। ਸਾਗ ਦੇ ਅਜਿਹੇ ਪੱਖਾਂ ਕਾਰਨ ਸਾਗ ਦੇ ਦਿਨ ਆਉਣ 'ਤੇ ਇਸ ਦੇ ਸ਼ੌਕੀਨਾਂ ਵਿੱਚ ਵੱਖਰਾ ਚਾਅ ਹੁੰਦਾ ਹੈ। ਬਹੁਤ ਸਾਰੇ ਲੋਕ ਵਿਦੇਸ਼ੋਂ ਇਸ ਸਮੇਂ ਸਾਗ ਖਾਣ ਬਹਾਨੇ ਪੰਜਾਬ ਆਏ ਹੁੰਦੇ ਹਨ ਅਤੇ ਅਕਸਰ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਅਸੀਂ ਕਿਹਾ ਚਲੋਂ ਪੰਜਾਬ ਸਾਗ ਖਾ ਆਈਏ;

**ਮਹੀਨਾ ਆਇਆ ਪੋਹ, ਮਾਘ ਦਾ**
**ਪੂਰਾ ਨਜ਼ਾਰਾ ਲਵਾਂਗੇ ਸਾਗ ਦਾ।**

ਇਸ ਤਰ੍ਹਾਂ ਸਰ੍ਹੋਂ ਦੇ ਸਾਗ ਦੇ ਪੰਜਾਬੀ ਜਨ ਜੀਵਨ ਵਿੱਚ ਮਹੱਤਵ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਲੋਕਗੀਤਾਂ, ਬੋਲੀਆਂ, ਟੱਪਿਆਂ ਆਦਿ ਵਿੱਚ ਇਸ ਦਾ ਵੱਡੇ ਪੱਧਰ 'ਤੇ ਜ਼ਿਕਰ ਮਿਲਦਾ ਹੈ। ਮੱਘਰ ਮਹੀਨੇ ਤੋਂ ਮਾਘ ਤੱਕ ਜ਼ਿਆਦਤਰ ਸਮੇਂ ਇਸ ਦਾ ਪੰਜਾਬੀ ਘਰਾਂ ਦੀ ਰਸੋਈ ਵਿੱਚ ਕਬਜ਼ਾ ਰਹਿਣਾ ਅਤੇ ਇਸ ਸਮੇਂ ਦੌਰਾਨ ਮਹੱਤਵਪੂਰਨ ਸਮਾਗਮਾਂ ਦਾ ਵੀ ਹਿੱਸਾ ਹੋਣਾ ਹੈ। ਇਸ ਸਬੰਧੀ ਲੋਕ ਵਿਸ਼ਵਾਸ ਹੋਣਾ ਅਤੇ ਪੰਜਾਬੀ ਵਿੱਚ ਇਸ ਸਬੰਧੀ ਚੁਟਕਲਿਆਂ ਦਾ ਪ੍ਰਚੱਲਿਤ ਹੋਣਾ ਵੀ ਇਸ ਦੇ ਅਜਿਹੇ ਪੱਖ ਦਾ ਪ੍ਰਤੀਕ ਹੈ। ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਪੰਜਾਬੀ ਸੱਭਿਆਚਾਰ ਦੇ ਇੱਕ ਪੱਖ ਦੇ ਰੂਪ ਵਿੱਚ ਪ੍ਰਸਿੱਧ ਹੈ।







# ਵਿਗੜੀਆਂ ਖਾਣ-ਪੀਣ ਦੀਆਂ ਆਦਤਾਂ



ਜਦੋਂ ਤੱਕ ਕੋਈ ਪਰਵਾਸੀ ਵਿਅਕਤੀ ਕੈਨੇਡਾ ਦੀ ਧਰਤੀ ਉੱਤੇ ਨਹੀਂ ਪਹੁੰਚ ਜਾਂਦਾ, ਉਦੋਂ ਤੱਕ ਉਸ ਨੂੰ ਇੰਜ ਲੱਗਦਾ ਹੈ ਕਿ ਇਸ ਦੇਸ਼ ਵਿੱਚ ਸਹੂਲਤਾਂ ਹੀ ਸਹੂਲਤਾਂ ਹਨ, ਸਮੱਸਿਆ ਨਾ ਦੀ ਤਾਂ ਇਸ ਮੁਲਕ ਵਿੱਚ ਕੋਈ ਚੀਜ਼ ਹੀ ਨਹੀਂ ਹੈ। ਫਿਰ ਜਿਵੇਂ ਹੀ ਇਸ ਮੁਲਕ ਦੀ ਧਰਤੀ ਉੱਤੇ ਆ ਕੇ ਵਸਣ ਵਾਲੇ ਪਰਵਾਸੀ ਲੋਕਾਂ ਦੀ ਜ਼ਿੰਦਗੀ ਆਪਣੀ ਚਾਲ ਚੱਲਣੀ ਸ਼ੁਰੂ ਕਰਦੀ ਹੈ ਤੇ ਹੌਲੀ ਹੌਲੀ ਜਦੋਂ ਉਨ੍ਹਾਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਮੁਲਕ ਦੀ ਜ਼ਿੰਦਗੀ ਦਾ ਅੰਦਰਲਾ ਸੱਚ ਉਨ੍ਹਾਂ ਦੇ ਸਾਹਮਣੇ ਆਉਂਦਾ ਹੈ। ਉਨ੍ਹਾਂ ਸਮੱਸਿਆਵਾਂ ਵਿੱਚ ਗੁਜ਼ਰਦਿਆਂ ਉਨ੍ਹਾਂ ਦੇ ਮਨਾਂ ਵਿੱਚ ਇੱਕ ਵਾਰ ਇਹ ਖ਼ ?ਆਲ ਜ਼ਰੂਰ ਆਉਂਦਾ ਹੈ ਕਿ ਉਨ੍ਹਾਂ ਦਾ ਇਸ ਮੁਲਕ ਵਿੱਚ ਆ ਕੇ ਵਸਣ ਦਾ ਫ਼ੈਸਲਾ ਕੋਈ ਬਹੁਤ ਚੰਗਾ ਨਹੀਂ ਸੀ, ਪਰ ਉਹ ਆਪਣੇ ਦੇਸ਼ ਨੂੰ ਮੁੜਨ ਜੋਗੇ ਵੀ ਨਹੀਂ ਰਹਿੰਦੇ।

ਡਾਲਰਾਂ ਵਿੱਚ ਕਮਾਈ, ਬੱਚਿਆਂ ਦੀ ਮੁਫ਼ਤ ਪੜ੍ਹਾਈ, ਬਜ਼ੁਰਗਾਂ ਨੂੰ ਪੈਨਸ਼ਨ ਅਤੇ ਬੱਚਿਆਂ ਨੂੰ ਸਰਕਾਰ ਵੱਲੋਂ ਮਿਲਣ ਵਾਲੀ ਆਰਥਿਕ ਸਹਾਇਤਾ ਉਨ੍ਹਾਂ ਨੂੰ ਇਨ੍ਹਾਂ ਸਮੱਸਿਆਵਾਂ ਨਾਲ ਸਮਝੌਤਾ ਕਰਨ ਦੀ ਆਦਤ ਪਾ ਦਿੰਦੀ ਹੈ। ਉਨ੍ਹਾਂ ਸਮੱਸਿਆਵਾਂ ਵਿੱਚੋਂ ਇੱਕ ਸਮੱਸਿਆ ਹੈ ਕੈਨੇਡਾ ਵਿੱਚ ਵਸਦੇ ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਅਤੇ ਸਿਹਤ ਸਮੱਸਿਆਵਾਂ। ਇਸ ਮੁਲਕ ਦੀ ਸਭ ਤੋਂ ਵੱਡੀ ਸਮੱਸਿਆ ਫਰਿੱਜਾਂ ਵਿੱਚ ਲੱਗੀਆਂ ਹੋਈਆਂ ਚੀਜ਼ਾਂ ਖਾਣ ਦੀ ਹੈ। ਫਰਿੱਜਾਂ ਵਿੱਚ ਲੱਗੇ ਹੋਏ ਮੀਟ, ਮੱਛੀ, ਬਣੀਆਂ ਹੋਈਆਂ ਸਬਜ਼ੀਆਂ, ਰੋਟੀਆਂ, ਨਾਨ, ਕੇਕ, ਕੁਲਚੇ, ਤਲਣ ਵਾਲੀਆਂ ਚੀਜ਼ਾਂ, ਫਾਸਟ ਫੂਡ, ਚਾਕਲੇਟ ਅਤੇ ਬੇਕਰੀ ਦੀਆਂ ਕਈ ਚੀਜ਼ਾਂ ਖਾਣਾ ਇਸ ਮੁਲਕ ਦੇ ਲੋਕਾਂ ਦੀ ਮਜਬੂਰੀ ਹੈ ਕਿਉਂਕਿ ਡਾਲਰ ਕਮਾਉਣ ਦੀ ਦੌੜ ਵਿੱਚ ਲੋਕਾਂ ਕੋਲ ਸਮਾਂ ਹੀ ਨਹੀਂ ਹੁੰਦਾ ਕਿ ਉਹ ਖ਼ੁਦ ਆਪਣੀ ਮਨਪਸੰਦ ਦਾ ਭੋਜਨ ਬਣਾ ਕੇ ਖਾ ਸਕਣ। ਜੇਕਰ ਘਰ ਚਾਰ ਪ੍ਰਾਹੁਣੇ ਆ ਜਾਣ ਤਾਂ ਉਨ੍ਹਾਂ ਅੱਗੇ ਇਹ ਫਰਿੱਜਾਂ ਵਿੱਚ ਲੱਗਿਆ ਹੋਇਆ ਭੋਜਨ ਜਾਂ ਫਾਸਟ ਫੂਡ ਹੀ ਪਰੋਸਿਆ ਜਾਂਦਾ ਹੈ।

ਸਾਡੇ ਮੁਲਕ ਵਿੱਚ ਲੋਕਾਂ ਨੂੰ ਆਪਣੀ ਇੱਛਾ ਨਾਲ ਤਾਜ਼ਾ ਭੋਜਨ ਬਣਾ ਕੇ ਖਾਣ ਦੀ ਆਦਤ ਹੈ, ਪਰ ਫਰਿੱਜਾਂ ਵਿੱਚ ਲੱਗਿਆ ਹੋਇਆ ਖਾਣਾ, ਖਾਣਾ ਲੋਕਾਂ ਦੀ ਮਜਬੂਰੀ ਬਣ ਚੁੱਕੀ ਹੈ। ਇਸ ਮੁਲਕ ਵਿੱਚ ਜ਼ਿਆਦਾਤਰ ਸਬਜ਼ੀਆਂ, ਫਲ, ਮੀਟ ਅਤੇ ਹੋਰ ਕਈ ਚੀਜ਼ਾਂ ਦੂਜੇ ਮੁਲਕਾਂ ਤੋਂ ਆਉਂਦੀਆਂ ਹਨ। ਉਹ ਚੀਜ਼ਾਂ ਕਈ ਕਈ ਦਿਨ ਟਰੱਕਾਂ ਵਿੱਚ ਲੱਗੇ ਵੱਡੇ ਫਰਿੱਜਾਂ ਅਤੇ ਕੋਲਡ ਸਟੋਰਾਂ ਵਿੱਚ ਪਈਆਂ ਰਹਿੰਦੀਆਂ ਹਨ। ਕਈ ਕਈ ਦਿਨਾਂ ਤੋਂ ਫਰਿੱਜਾਂ ਵਿੱਚ ਪਈਆਂ ਇਹ ਚੀਜ਼ਾਂ ਖਾਣ ਕਰਨ ਲੋਕ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਦੂਜੇ ਪਾਸੇ ਆਪਣੇ ਮੁਲਕਾਂ ਵਿੱਚ ਇਨ੍ਹਾਂ ਲੋਕਾਂ ਨੂੰ ਸਬਜ਼ੀਆਂ, ਫਲ, ਮੀਟ, ਮੱਛੀ

**ਪ੍ਰਿੰਸੀਪਲ ਵਿਜੈ ਕੁਮਾਰ**

ਅਤੇ ਹੋਰ ਚੀਜ਼ਾਂ ਤਾਜ਼ੀਆਂ ਖਾਣ ਦੀ ਆਦਤ ਹੁੰਦੀ ਹੈ। ਇਹ ਲੋਕ ਹਰ ਰੋਜ਼ ਫਰਿੱਜਾਂ ਵਿੱਚ ਲੱਗੀਆਂ ਚੀਜ਼ਾਂ ਖਾ ਕੇ ਆਪਣੇ ਮੁਲਕਾਂ ਦੀਆਂ ਤਾਜ਼ਾ ਚੀਜ਼ਾਂ ਖਾਣ ਦੀਆਂ ਗੱਲਾਂ ਕਰਦੇ ਰਹਿੰਦੇ ਹਨ।

ਭਾਵੇਂ ਸਾਡੇ ਮੁਲਕ ਵਿੱਚ ਵੀ ਲੋਕਾਂ ਨੂੰ ਸਾਧੇ ਭੋਜਨ ਦੇ ਨਾਲ ਫਾਸਟ ਫੂਡ, ਪੀਜ਼ਾ, ਨੂਡਲ, ਮੈਗੀ, ਬਰਗਰ, ਮੰਚੂਰੀਅਨ, ਹੌਟਡੌਗ, ਮੈਕਰੋਨੀ, ਪਾਓ ਭਾਜੀ, ਪਾਸਤਾ, ਮੋਮੋ, ਟਿੱਕੀਆਂ, ਸਮੋਸੇ ਆਦਿ ਖਾਣ ਦੀ ਆਦਤ ਪੈ ਚੁੱਕੀ ਹੈ, ਪਰ ਸਾਡੇ ਮੁਲਕ ਦੇ ਲੋਕ ਇਨ੍ਹਾਂ ਚੀਜ਼ਾਂ ਨੂੰ ਰੋਟੀ ਦੀ ਥਾਂ ਨਹੀਂ ਸਗੋਂ ਵਿਆਹ ਸ਼ਾਦੀਆਂ, ਜਨਮ ਦਿਨਾਂ ਅਤੇ ਹੋਰ ਸਮਾਗਮਾਂ ਉੱਤੇ ਹੀ ਖਾਂਦੇ ਹਨ। ਦੂਜੇ ਪਾਸੇ ਕੈਨੇਡਾ ਵਿੱਚ ਇਹ ਫਾਸਟ ਫੂਡ ਲੋਕਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹਨ। ਸਵੇਰ, ਦੁਪਹਿਰ ਅਤੇ ਰਾਤ ਦੇ ਖਾਣੇ ਵੇਲੇ ਫਾਸਟ ਫੂਡ ਖਾਣਾ ਇੱਥੋਂ ਦੇ ਲੋਕਾਂ ਦੀ ਆਦਤ ਬਣ ਚੁੱਕੀ ਹੈ। ਘਰ ਆਏ ਮਹਿਮਾਨਾਂ ਅੱਗੇ ਵੀ ਫਾਸਟ ਫੂਡ ਪਰੋਸਿਆ ਜਾਂਦਾ ਹੈ ਕਿਉਂਕਿ ਹੱਥੀਂ ਭੋਜਨ ਬਣਾਉਣ ਨਾਲੋਂ ਘਰ ਬੈਠੇ ਆਰਡਰ ਦੇ ਕੇ ਇਹ ਫਾਸਟ ਫੂਡ ਮੰਗਾਉਣਾ ਲੋਕਾਂ ਨੂੰ ਸੌਖਾ ਲੱਗਦਾ ਹੈ। ਬਜ਼ੁਰਗਾਂ ਨੂੰ ਵੀ ਮਜਬੂਰੀ ਵਿੱਚ ਆਪਣੇ ਬੱਚਿਆਂ ਨਾਲ ਇਹ ਫਾਸਟ ਫੂਡ ਖਾਣਾ ਪੈਂਦਾ ਹੈ।

ਬੱਚਿਆਂ ਨੂੰ ਇਹ ਸਭ ਖਾਣ ਦੀ ਅਜਿਹੀ ਆਦਤ ਪੈ ਚੁੱਕੀ ਹੈ ਕਿ ਉਹ ਰੋਟੀ ਖਾਣਾ ਪਸੰਦ ਹੀ ਨਹੀਂ ਕਰਦੇ। ਜਿਹੜੇ ਲੋਕ ਰੋਟੀ ਵੀ ਖਾਂਦੇ ਹਨ, ਉਨ੍ਹਾਂ ਵਿੱਚ ਨੌਜਵਾਨ ਪੀੜ੍ਹੀ ਸਮੇਂ ਦੀ ਘਾਟ ਕਾਰਨ ਹੱਥੀਂ ਖਾਣਾ ਬਣਾਉਣ ਦੀ ਥਾਂ ਆਰਡਰ 'ਤੇ ਤੇਜ਼ ਮਸਾਲਿਆਂ ਵਾਲੀਆਂ ਸਬਜ਼ੀਆਂ, ਮੈਦੇ ਦੇ ਨਾਨ, ਛੋਲੇ ਭਟੂਰੇ, ਕੁਲਚੇ ਆਦਿ ਖਾਣ ਨੂੰ ਤਰਜੀਹ ਦਿੰਦੇ ਹਨ। ਇਸ ਦੇਸ਼ ਵਿੱਚ ਕਈ ਇਲਾਕੇ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਪੰਜਾਬੀ ਲੋਕਾਂ ਦੇ ਖਾਣ ਦੀਆਂ ਵਸਤਾਂ ਮਿਲਦੀਆਂ ਹੀ ਨਹੀਂ। ਇਸ ਮੁਲਕ ਦੇ ਆਟੇ, ਪਨੀਰ, ਦੁੱਧ ਅਤੇ ਦਹੀਂ ਦਾ ਸੁਆਦ ਸਾਡੇ ਮੁਲਕ ਨਾਲੋਂ ਅੱਡ ਹੁੰਦਾ ਹੈ। ਠੰਢਾ ਹੋਇਆ ਫੁਲਕਾ ਅਤੇ ਨਾਨ ਖਾਣ ਜੋਗੇ ਨਹੀਂ ਰਹਿੰਦੇ। ਟਿਮ ਹੌਰਟਨ ਦੀ ਕੌਫ਼ੀ, ਬਰਗਰ ਅਤੇ ਕਟਲਟਸ ਇਸ ਮੁਲਕ ਵਿੱਚ ਵਸਦੇ ਲੋਕਾਂ ਖ਼ਾਸ ਕਰਕੇ ਵਿਦਿਆਰਥੀ ਵਰਗ ਲਈ ਅਫੀਮ ਦੇ ਨਸ਼ੇ ਵਾਂਗ ਬਣ ਚੁੱਕੇ ਹਨ। ਸਮੇਂ ਦੀ ਘਾਟ ਕਾਰਨ ਵਿਦਿਆਰਥੀ ਵਰਗ ਟਿਮ ਹੌਰਟਨ ਦੀ ਕੌਫ਼ੀ ਅਤੇ ਬਰਗਰਾਂ ਨੂੰ ਨਾਸ਼ਤੇ ਵਿੱਚ ਵੀ ਖਾਂਦੇ ਹਨ। ਪਲਾਜ਼ਿਆਂ, ਪਾਰਕਾਂ, ਰੇਲ ਗੱਡੀਆਂ, ਬੱਸਾਂ, ਸਿੱਖਿਆ ਸੰਸਥਾਵਾਂ ਵਿੱਚ ਸੜਕਾਂ ਅਤੇ ਜਨਤਕ ਥਾਵਾਂ 'ਤੇ ਨੌਜਵਾਨ ਮੁੰਡੇ-ਕੁੜੀਆਂ ਅਤੇ ਲੋਕਾਂ ਦੇ ਹੱਥਾਂ ਵਿੱਚ ਇਹ ਕੌਫ਼ੀ ਦੇ ਕੱਪ ਆਮ ਹੀ ਵੇਖਣ ਨੂੰ ਮਿਲਣਗੇ। ਨੌਜਵਾਨ ਮੁੰਡੇ-ਕੁੜੀਆਂ ਅਤੇ ਬੱਚੇ ਫਾਸਟ ਫੂਡ ਨਾਲ ਜੂਸ ਅਤੇ ਕੋਲਡ ਡਰਿੰਕ ਪੀ ਕੇ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ।

ਇਸ ਮੁਲਕ ਵਿੱਚ ਪਰਿਵਾਰਾਂ ਦਾ ਗੁਜ਼ਾਰਾ ਕਰਨ ਲਈ ਅਤੇ ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਲਈ ਪਤੀ-ਪਤਨੀ ਦੋਹਾਂ ਨੂੰ ਨੌਕਰੀ ਕਰਨੀ ਪੈਂਦੀ ਹੈ। ਸਮੇਂ ਦੀ ਘਾਟ ਕਾਰਨ ਉਹ ਬੱਚਿਆਂ ਨੂੰ ਆਪਣੇ ਹੱਥੀਂ ਬਣਾਇਆ ਭੋਜਨ ਖਿਲਾਉਣ ਦੀ ਬਜਾਏ ਮੈਗੀ, ਤੇਖੂ, ਫਰਾਇਡ ਪਨੀਰ, ਕੌਰਨਸ ਅਤੇ ਹੋਰ ਤਲੀਆਂ ਹੋਈਆਂ ਚੀਜ਼ਾਂ ਖਿਲਾਉਂਦੇ ਹਨ। ਬੱਚੇ ਜਿਵੇਂ ਜਿਵੇਂ ਵੱਡੇ ਹੁੰਦੇ ਜਾਂਦੇ ਹਨ, ਉਨ੍ਹਾਂ ਨੂੰ ਇਹ ਸਾਰੀਆਂ ਚੀਜ਼ਾਂ ਖਾਣ ਦੀ ਆਦਤ ਪੈ ਜਾਂਦੀ ਹੈ। ਚਾਕਲੇਟ, ਪੀਜ਼ਾ, ਨੂਡਲ, ਜੂਸ, ਕੇਕ, ਬਰਗਰ, ਹੌਟਡੌਗ, ਹੋਰ ਫਰਾਇਡ ਚੀਜ਼ਾਂ ਖਾਣਾ ਉਨ੍ਹਾਂ ਦੀ ਹਰ ਰੋਜ਼ ਦੀ ਆਦਤ ਬਣ ਜਾਂਦੀ ਹੈ। ਹਫ਼ਤੇ ਦੇ ਆਖ਼ਰੀ ਦਿਨਾਂ ਨੂੰ ਹੋਟਲਾਂ ਵਿੱਚ ਖਾਣਾ, ਖਾਣ ਜਾਣਾ ਲੋਕਾਂ ਦਾ ਸ਼ੌਕ ਵੀ ਹੈ ਤੇ ਮੌਜ ਮਸਤੀ ਦਾ ਸਾਧਨ ਵੀ। ਲੋਕਾਂ ਦੇ ਕਾਰਾਂ ਵਿੱਚ ਆਉਣ ਜਾਣ ਅਤੇ ਹੱਥੀਂ ਕੰਮ ਘੱਟ ਹੋਣ ਨਾਲ ਸਰੀਰਕ ਕਸਰਤ ਬਹੁਤ ਘੱਟ ਹੁੰਦੀ ਹੈ। ਖਾਣ ਪੀਣ ਦੀਆਂ ਇਹ ਆਦਤਾਂ ਠੰਢਾ ਮੁਲਕ ਹੋਣ ਕਾਰਨ ਅਤੇ ਪਸੀਨਾ ਨਾ ਆਉਣ ਕਾਰਨ ਤੇ ਸਰੀਰਕ ਕਸਰਤ ਘੱਟ ਹੋਣ ਕਾਰਨ ਹਾਰਟ ਅਟੈਕ, ਬਲੱਡ ਪ੍ਰੈਸ਼ਰ, ਸਰਵਾਈਕਲ, ਪੇਟ, ਸ਼ੂਗਰ, ਕਿਡਨੀ ਦੀਆਂ ਬਿਮਾਰੀਆਂ ਦਾ ਕਾਰਨ ਬਣ ਰਹੀਆਂ ਹਨ। ਅਜਿਹਾ ਖਾਣ ਪੀਣ ਹੋਣ ਕਾਰਨ ਇਸ ਮੁਲਕ ਵਿੱਚ ਨਵੇਂ ਜਨਮੇਂ ਬੱਚੇ ਦੇਰ ਨਾਲ ਬੋਲਣਾ ਅਤੇ ਚੱਲਣਾ ਸ਼ੁਰੂ ਕਰਦੇ ਹਨ। ਉਨ੍ਹਾਂ ਵਿੱਚ ਮੋਟਾਪਾ, ਲੱਤਾਂ ਦਾ ਵਿੰਗਾ-ਟੇਢਾ ਹੋਣਾ ਅਤੇ ਹੋਰ ਬਿਮਾਰੀਆਂ ਵੀ ਵੇਖਣ ਨੂੰ ਮਿਲਦੀਆਂ ਹਨ।

ਹਰ ਇੱਕ ਚੀਜ਼ ਪੈਸਾ ਨਹੀਂ ਹੈ। ਜੇਕਰ ਸਿਹਤ ਚੰਗੀ ਹੋਵੇਗੀ ਤਾਂ ਹੀ ਪੈਸੇ ਦਾ ਅਨੰਦ ਲਿਆ ਜਾ ਸਕੇਗਾ। ਪੈਸੇ ਲਈ ਸਿਹਤ ਨਾਲ ਸਮਝੌਤਾ ਕਰਨਾ ਸਮਝਦਾਰੀ ਨਹੀਂ ਹੈ। ਇਸ ਮੁਲਕ ਵਿੱਚ ਵੱਸਦਿਆਂ ਆਪਣੀਆਂ ਅਤੇ ਆਪਣੇ ਬੱਚਿਆਂ ਦੀਆਂ ਖਾਣ-ਪੀਣ ਦੀਆਂ ਆਦਤਾਂ ਵੱਲ ਬਣਦਾ ਧਿਆਨ ਜ਼ਰੂਰ ਦਿਓ ਤਾਂ ਕਿ ਭਵਿੱਖ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਇਕੱਲੇ ਰਹਿਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਨੂੰ ਵੀ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੇਕਰ ਉਨ੍ਹਾਂ ਦੀ ਸਿਹਤ ਠੀਕ ਰਹੇਗੀ ਤਾਂ ਹੀ ਉਹ ਡਾਲਰ ਕਮਾ ਸਕਣਗੇ, ਨਹੀਂ ਤਾਂ ਬਿਮਾਰੀਆਂ ਨੂੰ ਹੀ ਸੱਦਾ ਦੇਣਗੇ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX
IFTA
Amarjit S Bir
amarjit@uscipp.org
Lic#0I15593CA
Ph: (925)318-1247

## ਪੱਖੀ

ਗਰਮੀ ਦੀ ਦੁਪਹਿਰ ਸੀ, 'ਤੇ ਚਿਲਕਦੀ ਧੁੱਪ ਸੀ,
ਪੱਤਾ ਵੀ ਨਾ ਹਿੱਲਦਾ ਸੀ, ਹੋਇਆ ਡਾਢਾ ਹੁੱਟ ਸੀ।

ਸੜਕ ਦੇ ਦੋਨੋਂ ਪਾਸੇ, ਸੰਘਣੇ ਬੜੇ ਰੁੱਖ ਸੀ,
ਗਰਮੀ ਤੋਂ ਬਚਣ ਦਾ, ਵਧੀਆ ਇਹ ਢੁੱਕ ਸੀ।

ਮੈਂ ਆਪਣੇ ਧਿਆਨ ਵਿੱਚ, ਛਾਵੇਂ ਟਹਿਲ ਰਿਹਾ ਸਾਂ,
ਕੁਦਰਤੀ ਇਕੱਲਤਾ ਦਾ, ਆਨੰਦ ਮਾਣ ਰਿਹਾ ਸਾਂ।

ਅਚਾਨਕ ਹੀ ਪਿੱਛੋਂ ਇੱਕ, ਯੁਵਤੀ ਜੋ ਆਈ ਸੀ,
ਹੱਥ ਵਿੱਚ ਪੱਖੀ, ਜਿਸ 'ਤੇ ਸੁੰਦਰ ਕਢਾਈ ਸੀ।

ਮੇਰੇ ਕੋਲ ਆਕੇ ਉਹਨੇ, ਬਾਂਹ 'ਚ ਬਾਂਹ ਪਾ ਲਈ,
ਤਸੱਲੀ ਵਾਲਾ ਹੌਕਾ ਲੈਕੇ, ਪੱਖੀ ਝੱਲ ਲਾ ਲਈ।

ਕਹਿਣ ਲੱਗੀ ਮੈਂ ਤੈਨੂੰ, ਸਾਲਾਂ ਤੋਂ ਹਾਂ ਜਾਣਦੀ,
ਮੰਨੇ ਤੂੰ ਭਾਵੇਂ ਨਾ, ਤੇਰੀ ਆਵਾਜ਼ ਹਾਂ ਪਛਾਣਦੀ।

ਰੇਡੀਓ 'ਤੇ ਤੇਰੇ ਮੈਂ, ਪ੍ਰੋਗਰਾਮ ਸਾਰੇ ਸੁਣੇ ਨੇ,
ਵਿਚਾਰ ਤੇਰੇ ਸੁਣ ਮੇਰੇ, ਸਿੱਧੇ ਪਏ ਗੁਣੇ ਨੇ।

ਮੇਰੀ ਸਾਰੀ ਜਿੰਦੜੀ ਹੀ, ਪਹਿਲਾਂ ਡਾਵਾਂ ਡੋਲ ਸੀ,
ਕਈ ਪੁੱਠੇ ਸਿੱਧੇ ਮੇਰੀ, ਜ਼ਿੰਦਗੀ ਦੇ ਘੋਲ ਸੀ।

ਅਚਾਨਕ ਇੱਕ ਦਿਨ ਤੇਰਾ, ਸੁਣਿਆ ਵਿਚਾਰ ਸੀ,
ਜਿਸ ਤੋਂ ਹੌਲੀ ਹੌਲੀ, ਮੇਰਾ ਬਦਲਿਆ ਆਚਾਰ ਸੀ।

ਸੱਚ ਪੁੱਛੇਂ ਮੇਰੇ ਲਈ ਤੂੰ, ਬਣਿਆ ਮਸੀਹਾ ਸੀ,
'ਤੇ ਮੇਰੀ ਜ਼ਿੰਦਗੀ ਚੋਂ ਮੁੱਕ, ਗਿਆ ਹਰ ਤਸੀਹਾ ਸੀ।

ਚਾਹੁੰਦੀ ਸਾਂ ਮੈਂ ਤੈਨੂੰ ਮਿਲ, ਦੱਸ ਦੇਵਾਂ ਗੱਲ ਸਾਰੀ,
ਖੁਸ਼ੀ ਮੈਨੂੰ ਹੋਰ ਮਿਲੇ, ਜਾਵਾਂ ਤੈਥੋਂ ਬਲਿਹਾਰੀ।

ਮੇਰੇ ਧੰਨ ਭਾਗ ਅੱਜ, ਤੂੰ ਹੈਂ ਮੈਨੂੰ ਮਿਲ ਗਿਆ,
ਮੇਰੀ ਹਰ ਘਾਲਣਾ ਦਾ, ਫਲ ਅੱਜ ਪੱਲੇ ਪਿਆ।

ਤੇਰੇ ਅਹਿਸਾਨਾਂ ਦਾ, ਬਦਲਾ ਚੁਕਾਉਣ ਲਈ,
ਮੇਰੀ ਇਹ ਨਿਸ਼ਾਨੀ ਰੱਖ, ਮੇਰੀ ਯਾਦ ਆਉਣ ਲਈ।

ਫੜ ਲੈ ਇਹ ਪੱਖੀ, ਅਤੇ ਝੱਲੇਂਗਾ ਤੂੰ ਜਦੋਂ ਕਦੀ,
ਠੰਢੀ ਹਵਾ ਮੇਰੇ ਵਲੋਂ, ਆਏਗੀ ਫਿਰ ਬਦੋ ਬਦੀ।

ਇਨਾਂ ਕਹਿ ਕੇ ਸੁੰਦਰੀ ਉਹ, ਸੜਕ ਪਾਰ ਕਰ ਗਈ,
ਗੱਲਾਂ ਗੱਲਾਂ ਵਿੱਚ ਮੈਨੂੰ, ਠੰਢਾ ਠਾਰ ਕਰ ਗਈ।

ਪੱਖੀ ਹੱਥ ਫੜੀ ਖੜ੍ਹਾ, ਰਹਿ ਗਿਆ ਅਵਾਕ ਮੈਂ,
ਨਾ ਕੋਈ ਸਵਾਲ ਕੀਤਾ, ਨਾ ਦਿੱਤਾ ਕੋਈ ਜਵਾਬ ਮੈਂ।

ਸਕਤੇ ਵਿੱਚ ਆ ਕੇ ਮੈਂ, ਸੁੰਨ ਹੋਇਆ ਖੜ੍ਹਾ ਸੀ,
ਸੱਚਮੁੱਚ ਉਸ 'ਤੇ ਮੈਨੂੰ, ਤਰਸ ਆਇਆ ਬੜਾ ਸੀ।

ਤਰਸਵਾਨ ਅੱਖਾਂ ਤੋਂ, ਉਹ ਅਲੋਪ ਝੱਟ ਹੋ ਗਈ,
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਸੁਹਾਵਣੀ ਬਸੰਤ

ਠੰਢੀ ਠੰਢੀ ਠੁਰ ਠੁਰ ਸਵੇਰੇ, ਦਿਨ ਵੇਲ਼ੇ ਨਿੱਘਾ ਕੋਸਾ ਹੈ,
ਫੁੱਲ-ਫਲ਼ ਚੰਗੇਰ ਭਰੀ ਅੱਜ, ਰੰਗ-ਬਰੰਗ ਚੰਗਾ ਚੋਸਾ ਹੈ।

ਭੀਂ ਭੀਂ ਭੰਵਰੇ ਲੁੱਟਦੇ ਮਸਤੀ, ਕੁਦਰਤ ਰਾਣੀ ਦਾ ਤੋਸਾ ਹੈ,
ਤਿੱਤਲੀਆਂ ਪਾਵਣ ਕਿੱਕਲੀ, ਕਾਦਰ ਧਰਿਆ ਪਰੋਸਾ ਹੈ।

ਪੌਦੇ ਦੀ ਅੱਖ ਅੱਖ ਹੈ ਸੁੱਜੀ, ਜਨਮ ਪੀੜਾ ਤੋਂ ਡਰਿਆ ਹੈ,
ਰਗ ਰਗ ਹੈ ਜੀਉਣ ਤਮੰਨਾ, ਨਸ ਨਸ ਰਸ ਭਰਿਆ ਹੈ।

ਪੱਤੇ, ਡੋਡੀਆਂ ਕੂੰਪੇ ਬੰਦ ਹੋਏ, ਹਰ ਡਾਹਲੀ ਤੇ ਧਰਿਆ ਹੈ,
ਤੇ ਜਲਵਾਯੂ ਦੀ ਤਪਸ਼ ਵਧੇ, ਪੌਦਾ ਹਰਿਆ ਭਰਿਆ ਹੈ।

ਰੁੱਤ ਬਸੰਤੀ ਹੈ ਧਰਤ ਸੁਹਾਵੀ, ਮਹਿਕਾਂ ਭਰਿਆ ਅੰਬਰ ਹੈ,
ਹਰੀ ਮਖ਼ਮਲ ਜਿਹਾ ਚੁਫੇਰਾ, ਆਂਦਰੀਂ ਰਸਿਆ ਮੰਤਰ ਹੈ।

ਵੇਖਾਂ ਜਦ ਤਾਂ ਤਨ ਨਸ਼ਿਆਵੇ, ਖਿੜ ਕੇ ਹੱਸਿਆ ਅੰਤਰ ਹੈ,
ਵਾਹ ਰੇ! ਕਿਆ ਰੰਗ ਬਿਖੇਰੇ, ਕਾਦਰ ਵਸਿਆ ਅੰਦਰ ਹੈ।

ਸੇਵਾ ਸਿੰਘ 'ਨੂਰਪੁਰੀ'

## ਸੋਨੇ ਦੀ ਚਿੜੀ

ਭਾਰਤ ਦੇਸ਼ ਨੂੰ ਫਿਰ ਆਪਾਂ, ਸੋਨੇ ਦੀ ਚਿੜੀ ਬਣਾਵਾਂਗੇ।
ਤਿੰਨ ਰੰਗੇ ਪਰਚਮ ਨੂੰ ਰਲ਼ ਕੇ, ਦੁਨੀਆਂ ਵਿੱਚ ਲਹਿਰਾਵਾਂਗੇ।

ਗੁਰੂਆਂ ਪੀਰਾਂ ਇਸ ਧਰਤੀ ਨੂੰ, ਅਧਿਆਤਮ ਦਾ ਰੰਗ ਦਿੱਤਾ,
ਸੂਰਬੀਰਾਂ, ਬਲੀਦਾਨੀਆਂ ਸਾਨੂੰ, ਦੇਸ਼-ਸੇਵਾ ਦਾ ਢੰਗ ਦਿੱਤਾ।
ਇੱਕ-ਇੱਕ ਬੱਚੇ ਦੇ ਵਿੱਚ ਆਪਾਂ, ਅਣਖ ਦਾ ਬੀਜ ਉਗਾਵਾਂਗੇ।

ਸਾਰੇ ਧਰਮ ਹੀ ਉੱਚੇ-ਸੁੱਚੇ, ਸਾਰੇ ਰੰਗ ਹੀ ਚੰਗੇ ਨੇ,
ਇੱਕੋ ਜੋਤ ਤੋਂ ਪੈਦਾ ਹੋਏ, ਭਾਵੇਂ ਰੰਗ-ਬਿਰੰਗੇ ਨੇ।
ਗਲ਼ੀ ਗਲ਼ੀ ਵਿੱਚ ਜਾ ਕੇ, ਦੇਸ਼-ਪ੍ਰੇਮ ਦੇ ਗੀਤ ਹੀ ਗਾਵਾਂਗੇ।

ਹਿੰਦੋਸਤਾਨ 'ਚ ਰਲ਼ ਕੇ ਰਹਿੰਦੇ, ਮੁਸਲਿਮ, ਸਿੱਖ ਜਾਂ ਹਿੰਦੂ ਨੇ,
ਸਾਂਝ ਇਨ੍ਹਾਂ ਵਿੱਚ ਪੱਕੀ-ਪੀਡੀ, ਹਿੰਦ-ਗਗਨ ਦੇ ਇੰਦੂ ਨੇ।
ਏਕੇ ਵਿੱਚ ਏਦਾਂ ਹੀ ਹਰਦਮ, ਸੁਰ ਤੇ ਤਾਲ ਮਿਲਾਵਾਂਗੇ।

ਧਰਤ ਨੂੰ ਰੱਖੀਏ ਹਰੀ ਭਰੀ, ਤੇ ਨਸ਼ਿਆਂ ਤੋਂ ਬੱਸ ਦੂਰ ਰਹੀਏ,
ਮੰਦਾ ਬੋਲ ਨਾ ਮੂੰਹੋਂ ਕੱਢੀਏ, ਨਾਲ਼ ਮੁਹੱਬਤ ਮਿਲ ਬਹੀਏ।
ਨਰ-ਨਾਰੀ ਤੇ ਬੱਚੇ ਮਿਲ ਕੇ, ਗੀਤ ਆਜ਼ਾਦੀ ਗਾਵਾਂਗੇ।

ਮਾਂ ਦਾ ਦਰਜਾ ਸਭ ਤੋਂ ਉੱਚਾ, ਔਰਤ ਦਾ ਸਤਿਕਾਰ ਕਰੋ,
ਵੱਡਿਆਂ ਅੱਗੇ ਸੀਸ ਝੁਕਾਈਏ, ਛੋਟਿਆਂ ਤਾਈਂ ਪਿਆਰ ਕਰੋ।
ਜ਼ਾਤ-ਕੁੱਲ ਨੂੰ ਤਜ ਕੇ, ਸਭ ਨੂੰ ਨਾਲ਼ ਗਲੇ ਦੇ ਲਾਵਾਂਗੇ।

ਪੱਤਾ ਪੱਤਾ ਮਹਿਕ ਰਿਹਾ ਹੈ, ਸਭ ਪਾਸੇ ਖ਼ੁਸ਼ਹਾਲੀ ਹੈ,
ਧਰਤੀ ਹੋਈ ਹੈ ਹੁਣ ਸਾਵੀ, ਮੁਸਕਾਉਂਦੀ ਹਰ ਡਾਲੀ ਹੈ।
ਪ੍ਰਦੂਸ਼ਣ ਤੋਂ ਕਰਨੀ ਤੋਬਾ, ਵਾਤਾਵਰਣ ਬਚਾਵਾਂਗੇ।

- ਪ੍ਰੋ. ਨਵ ਸੰਗੀਤ ਸਿੰਘ
9417692015

## ਅਉਣੇ ਵਾਲਾ

ਅਉਣੇ ਵਾਲੇ ਪਤਾ ਨਹੀਂ ਕਦ ਆਉਣਾ ਦੇਖੋ।
ਸਾਡਾ ਕੰਮ ਆ ਉਹਨੂੰ ਯਾਦ ਕਰਾਉਣਾ ਦੇਖੋ।
ਮਿੱਤਰ ਪਿਆਰਾ ਸਕਾ ਸੋਦਰਾ ਸਾਈਂ ਕਹੀਏ,
ਉਹਦੇ ਬਿਨ ਹੈ ਕਿਹਨੇ ਚਿੱਤ ਵਰਾਉਣਾ ਦੇਖੋ।

ਪੱਥਰਾਂ ਚੋਂ ਵੀ ਬਹੁੜਨਾ ਕਹਿੰਦੇ ਪੈਂਦਾ ਉਹਨੂੰ,
ਦਿਲੋਂ ਜਾਨ ਨਾਲ ਹੋਵੇ ਜੇਕਰ ਚਹੁਣਾ ਦੇਖੋ।
ਸਹੂਲਤ ਦਰ ਸਹੂਲਤ ਜੋ ਖੋਜਾਂ ਨੇ ਦਿੱਤੀ,
ਛੱਡ ਦਿੱਤਾ ਹੈ ਲੋਕਾ ਕਸਬ ਕਮਾਉਣਾ ਦੇਖੋ।

ਪਹਿਲਾਂ ਨਾਲੋਂ ਪਾਠਾਂ ਦੀ ਵੱਧ ਵਿਕਰੀ ਹੈ,
ਬੰਦੇ ਲਈ ਤਾਂ ਰੱਬ ਹੈ ਨਿਰਾ ਖਡੌਣਾ ਦੇਖੋ।
ਮਹਿੰਗੇ ਮੁੱਲ ਦਾ ਲੱਗਦਾ ਹੈ ਇਹ ਸੌਦਾ ਪੱਤਾ,
ਕਰਮਾ ਦਾ ਜਦ ਪੈਂਦਾ ਕਰਜ਼ ਚਕਾਉਣਾ ਦੇਖੋ।

ਮਾਰੇ ਹੋਏ ਕਾਂ ਕੁੰਘੜੇ ਪੈਣ ਮਿਟੇਣੇ,
ਕਹਿੰਦੇ ਇਹ ਹੈ ਕੀਤੀ ਤੇ ਪਛਤਾਉਣਾ ਦੇਖੋ।
ਜੇਰਾ ਜਰਬੀ ਉਕਾ ਹੀ ਨਾ ਓਥੇ ਚਲਦੀ,
ਹੱਥ ਜੋੜ ਜੋ ਪੈਂਦਾ ਹੈ ਹਥਿਆਉਣਾ ਦੇਖੋ।

ਮਿੱਤਰ ਮਾਰ ਨਹੀਂ ਤਾਂ ਦੱਸੋ ਹੋਰ ਕੀ ਕਹੀਏ,
ਆਪਣੇ ਆਪ ਤੋਂ ਆਪਾ ਪਏ ਬਚਾਉਣਾ ਦੇਖੋ।
ਇੱਕੋ ਹੀ ਉਪਦੇਸ਼ ਬਥੇਰਾ 'ਢੇਸੀ' ਲਈ ਹੈ
ਕਿਥੇ ਲਉਣਾ ਕਿੱਥੋਂ ਜੀਅ ਹਟਾਉਣਾ ਦੇਖੋ।

ਕੁਲਵੰਤ ਸਿੰਘ ਢੇਸੀ, ਯੂ ਕੇ

## ਰੁੱਤ ਪੜ੍ਹਨੇ ਦੀ ਆਈ...

ਪੜ੍ਹੋ ਬੱਚਿਓ ਰੁੱਤ ਪੜ੍ਹਨੇ ਦੀ ਆਈ ਆ,
ਇਹ ਸਫਲਤਾ ਦੀ ਕੁੰਜੀ ਨਾਲ ਕਰਮਾਂ ਥਿਆਈ ਆ।
ਪੜ੍ਹੋ ਬੱਚਿਓ...
ਸਾਰੇ ਸਾਲ ਦੀ ਮਿਹਨਤ ਨੂੰ ਹੁਣ ਫਲ ਲੱਗਣਾ,
ਥੋੜੇ ਦਿਨ ਪੇਪਰਾਂ 'ਚ ਰਹਿ ਗਏ ਸੁਣ ਮੱਖਣਾ।
ਬਣੋ ਉਹ ਮਹਾਨ ਕਦਰ ਸਮੇਂ ਦੀ ਜੋ ਪਾਈ ਆ,
ਪੜ੍ਹੋ ਬੱਚਿਓ...
ਕੋਸਦੇ ਫਿਰ ਕਿਸਮਤ ਨੂੰ ਸਮਾਂ ਜੋ ਲੰਘਾਵਦੇ,
ਸਾਰੀ ਉਮਰ ਉਹ ਰਹਿੰਦੇ ਪਿੱਛੋਂ ਪਛਤਾਂਵਦੇ।
ਫੇਰ ਪਤਾ ਲੱਗੇ ਸਮਾਂ ਲੰਘਿਆ ਅਜਾਈਂ ਆ,
ਪੜ੍ਹੋ ਬੱਚਿਓ...
ਹੁੰਦੇ ਜੋ ਸਿਆਣੇ ਉਹ ਸਮੇਂ ਨੂੰ ਵਿਚਾਰ ਦੇ,
ਮੁਸ਼ਕਿਲਾਂ ਦੇ ਵਿੱਚ ਉਹ ਕਦੇ ਵੀ ਨੀ ਹਾਰ ਦੇ।
ਹਰ ਪਾਸੇ ਜਾਣ ਉਹ ਕਦਮ ਵਧਾਈ ਆ,
ਪੜ੍ਹੋ ਬੱਚਿਓ...
ਵਿੱਦਿਆ ਨੇ ਵੇਖੋ ਕਿੰਨੇ ਜੀਵਨ ਰੁਸ਼ਨਾ ਦਿੱਤੇ,
ਡਾਕਟਰ, ਵਕੀਲ, ਵਿਗਿਆਨੀ, ਮੰਤਰੀ ਬਣਾ ਦਿੱਤੇ।
ਹਰਪ੍ਰੀਤ ਪੱਤੋ, ਨੇ ਗੱਲ ਲੱਖਾਂ ਦੀ ਸੁਣਾਈ ਆ,
ਪੜ੍ਹੋ ਬੱਚਿਓ ਰੁੱਤ ਪੜ੍ਹਨੇ ਦੀ ਆਈ ਆ।
ਇਹ ਸਫਲਤਾ ਦੀ ਕੁੰਜੀ ਨਾਲ ਕਰਮਾਂ ਥਿਆਈ ਆ।

ਹਰਪ੍ਰੀਤ ਪੱਤੋ
94658-21417

## ਕਿੰਝ ਮਿਲੀ ਸਾਨੂੰ ਆਜ਼ਾਦੀ

ਪੁੱਤਰਾਂ ਦੀ ਕੁਰਬਾਨੀ ਨੂੰ ਝੋਲੀ ਵਿਚ ਪਾਇਆ ਮਾਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।
ਰਾਜਗੁਰੂ, ਸੁਖਦੇਵ, ਭਗਤ ਸਿੰਘ ਭਾਰਤ ਮਾਂ ਦੇ ਜਾਏ।

ਦੇ ਕੇ ਖ਼ੂਨ ਕਰਾਂਤੀ ਵਾਲਾ ਸਿਰ 'ਤੇ ਤਾਜ ਸਜਾਏ।
ਉਨ੍ਹਾਂ ਕਰਕੇ ਅੱਜ ਜੱਗ ਉਤੇ ਸੁੰਦਰ ਸੁੰਦਰ ਰਾਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਨਹਿਰੂ, ਲਾਜਪਤ ਰਾਇ, ਮਹਾਤਮਾ ਗਾਂਧੀ ਦੇ ਸੰਗਰਾਮ ਨੇ।
ਊਧਮ ਸਿੰਘ, ਸੁਭਾਸ਼ ਚੰਦਰ, ਕੂਕਾ ਲਹਿਰ ਦੇ ਕੁਰਾਮ ਨੇ।
ਧੁੱਪਾਂ ਚੀਰ ਕੇ ਪੈਦਾ ਕੀਤੀਆਂ ਠੰਡੀਆਂ ਠੰਡੀਆਂ ਛਾਂਵਾਂ।

ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।
ਸੰਨ ਸੰਤਾਲੀ ਦੀ ਵੰਡ ਪਾਈ ਸੀ ਅੰਗਰੇਜ਼ਾਂ ਆ ਕੇ।
ਪਾਕਿ-ਹਿੰਦ 'ਚ ਭਾਈ ਵੰਡੇ ਕਤਲੋਗਾਰਤ ਪਾ ਕੇ।

ਲੁੱਟੀਆਂ ਗਈਆਂ ਆਪਸ ਦੇ ਵਿਚ ਸਧਰਾਂ ਰੀਝਾਂ ਹਾਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।
ਕਾਨੂੰਨ ਅਵਸਥਾ ਦਾ ਸੰਵਿਧਾਨ ਅੰਬੇਦਕਰ ਨੇ ਬਣਾਇਆ।

ਭਾਰਤ ਮਾਂ ਨੂੰ ਸਭਿਆਚਾਰ 'ਚ ਦੁਹਲਨ ਵਾਂਗ ਸਜਾਇਆ।
ਅਪਣਾ ਫੇਰ ਤਿਰੰਗਾ ਉਚਾ ਸਰਹੱਦ ਉਤੇ ਲਹਿਰਾਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਇਸ ਦੇ ਸੱਚੇ ਪੁੱਤਰਾਂ ਇਸ ਦੀ ਸ਼ਾਨ ਵਧਾ ਕੇ ਦੱਸੀ।
ਅੰਬਰ ਤੀਕ ਤਰੱਕੀ ਇਸ ਦੀ ਹੋਰ ਉਠਾ ਕੇ ਦੱਸੀ।
ਵੱਖ-ਵੱਖ ਧਰਮਾਂ-ਜਾਤੀ ਦੀਆਂ ਇਕ ਤਨ ਉਤੇ ਬਾਵਾਂ।

ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।
ਲੱਖਾਂ ਦੇਸ਼ ਭਗਤ ਸੀ ਹੋਏ ਇਸ ਉਤੇ ਕੁਰਬਾਨ।
'ਬਾਲਮ' ਫ਼ਿਰ ਜਾ ਕੇ ਬਣਿਆ ਸੀ ਮੇਰਾ ਭਾਰਤ ਮਹਾਨ।

ਭਾਰਤ ਮਾਂ ਦੇ ਮੱਥੇ ਉਤੇ ਸੂਰਜ ਦਾ ਤਿਲਕ ਲਗਾਵਾਂ।
ਕਿੰਝ ਮਿਲੀ ਸਾਨੂੰ ਆਜ਼ਾਦੀ ਉਸ ਦਾ ਹਾਲ ਸੁਣਾਵਾਂ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਗ਼ਜ਼ਲ

ਜੀਵਨ ਹੈ ਪਰ ਫਿਰ ਵੀ, ਰੰਗ ਬੇਰੰਗ ਬੜੇ ਨੇ
ਚਿਹਰੇ ਉੱਤੇ ਚੜ੍ਹਕੇ ਫਿੱਟੇ ਰੰਗ ਬੜੇ ਨੇ

ਬਾਗੀਂ ਕੋਇਲ ਚਹਿਕੇ ਮਹਿਕੇ ਫੁੱਲ ਤੇ ਕਲੀਆਂ
ਮਾਣਨ ਦੇ ਜੀਵਨ ਨੂੰ ਸੋਹਣੇ ਢੰਗ ਬੜੇ ਨੇ

ਬਿਨ ਮਤਲਬ ਸਭ ਨਾਲ ਰਲ ਮਿਲਕੇ ਜੋ ਹੈ ਚਲਦਾ
ਕਦਮ ਕਦਮ ਤੇ ਮਿਲਦੇ ਉਸਨੂੰ ਸੰਗ ਬੜੇ ਨੇ

ਅਪਣਾ ਅੱਗਾ ਤਾਂ ਆਪੇ ਸੰਵਾਰ ਹੀ ਸਕਦੇ
ਚਲਦੇ ਰਹਿਣ ਸਰੀਰ ਦੇ ਸਾਬਤ ਅੰਗ ਬੜੇ ਨੇ

ਆਸੇ ਪਾਸੇ ਦੇਖੋ ਔਲਾਦ ਨਿਕੰਮੀ ਨੇ
ਸੂਲੀ ਉੱਤੇ ਦਿੱਤੇ ਮਾਪੇ ਟੰਗ ਬੜੇ ਨੇ

ਅਗਲੀ ਪੀੜ੍ਹੀ ਦਾ ਹੈ ਹੁਣ ਰੱਬ ਹੀ ਰਾਖਾ ਜੀ
ਜੰਮਦੇ ਬੱਚਿਆਂ ਦੇ ਉੱਗ ਪਏ ਫੰਘ ਬੜੇ ਨੇ

ਮੁਰਸਦ ਦੇ ਸੰਗ ਤਰ ਹੀ ਜਾਂਦੇ ਸਿਦਕ ਦੇ ਪੱਕੇ
ਅਧਵਾਟੇ ਕੱਚੇ ਹੁੰਦੇ ਵੇਖੇ ਭੰਗ ਬੜੇ ਨੇ

ਘਰ ਤੋਂ ਉਝ ਤੇ ਰੱਜੇ-ਪੁੱਜੇ ਫਿਰ ਵੀ ਦੇਖੇ
ਹੌਲੇ ਦਿਲ ਦੇ ਨੀਤ ਦੇ ਮਾੜੇ ਨੰਗ ਬੜੇ ਨੇ

ਕਦਮਾਂ ਦੇ ਸੰਗ ਕਦਮ ਮਿਲਾ ਕੇ ਵੱਧਦੇ ਜਾਈਏ
ਤੱਕਦੇ ਤੱਕਦੇ ਰਹਿਣੇ ਲੋਕੀਂ ਦੰਗ ਬੜੇ ਨੇ

ਦੂਰ ਦੇ ਢੋਲ ਸੁਹਾਉਂਦੇ ਹੁੰਦੇ ਸੁਣਿਆਂ ਅਕਸਰ
ਨੇੜਿਓਂ ਪਾਸਾ ਵੱਟ ਕੇ ਜਾਂਦੇ ਲੰਘ ਬੜੇ ਨੇ

ਅੱਜ ਕੱਲ੍ਹ ਰਾਂਝੇ ਗਲੀਆਂ ਦੇ ਵਿੱਚ ਰੁੱਲਦੇ ਫਿਰਦੇ
ਹੀਰ ਦੇ ਚਾਚੇ ਕੈਦੋਂ, ਵੇਲੇ, ਝੰਗ ਬੜੇ ਨੇ

ਬੰਦਾ ਕੋਈ ਤਿਆਰ ਨਹੀਂ ਇਮਦਾਦ ਦੀ ਖਾਤਿਰ
ਇਮਦਾਦ ਖੁਦਾ ਤੋਂ ਲੋਕ ਰਹੇ ਮੰਗ ਬੜੇ ਨੇ

ਨਿੰਮ ਦਾ ਬੂਟਾ, ਪਾਲ ਪੋਸ ਕੇ ਰੁੱਖ ਬਣਾਇਆ
ਛਾਂਵੇਂ ਬੈਠੇ ਝੜੇ ਪੱਤਾਂ ਤੋਂ ਤੰਗ ਬੜੇ ਨੇ

'ਪ੍ਰੀਤ' ਖਿਆਲੀ ਦਮ ਖਮ ਰੱਖਣ ਵਾਲੇ ਜਿਹੜੇ
ਹੱਕਾਂ ਦੇ ਲਈ ਲੜਦੇ ਕੱਲੇ ਜੰਗ ਬੜੇ ਨੇ।



-ਪਰਮ 'ਪ੍ਰੀਤ'

## ਪਰਖ

ਨਾ ਸਾਰੇ ਲੋਕ ਹੀ ਚੰਗੇ ਹੁੰਦੇ,
'ਤੇ ਨਾ ਹੁੰਦੇ ਸਾਰੇ ਮਾੜੇ,
ਇਹ ਤਾਂ ਲੋਕੋ ਆਪਣੀ ਆਪਣੀ,
ਸਮਝ ਦੇ ਹੀ ਨੇ ਪੁਆੜੇ।

ਕਿਹੜਾ ਕਿਸ ਦੇ ਕਿਹੜੇ ਪੱਖੋਂ,
ਸਿਫਤਾਂ ਦੇ ਪੁਲ ਬੰਨ੍ਹੇ,
ਕਿਹੜਾ ਆਪਣੀ ਭੈੜੀ ਨੀਤ ਨਾਲ,
ਨਿੱਤ ਕਿਸੇ ਨੂੰ ਤਾੜੇ।

ਕਿਸੇ ਨੂੰ ਤਾਂ ਮਾਂਹ ਵਾਦੀ ਕਰਦੇ,
ਕਿਸੇ ਨੂੰ ਹੋਣ ਮੁਫਾਦੀ,
ਕੋਈ ਖਾਵੇ ਕੌੜ ਕਰੇਲੇ ਵੀ,
ਲਾ ਲਾ ਕੇ ਚਟਕਾਰੇ।

ਆਪਣੇ ਆਪਣੇ ਗਜ਼ ਨਾਲ ਮਾਪਣ,
ਸਾਰੇ ਇੱਕ ਦੂਜੇ ਨੂੰ,
ਇਸੇ ਲਈ ਵਖਰੇਵੇਂ ਦੇ ਹਰ ਦਿਨ,
ਵਧਦੇ ਜਾਵਣ ਪਾੜੇ।

ਜੇ ਕੋਈ ਕਿਸੇ ਦੇ ਸੌ ਕੰਮ ਸਾਰੇ,
ਪਰ ਇੱਕ ਸਾਰ ਨਾ ਸਕੇ,
ਲੋਕੀ ਸੌ ਵੀ ਝੱਟ ਭੁੱਲ ਜਾਂਦੇ,
'ਤੇ ਉਪਕਾਰੀ ਜਾਂਦੇ ਲਿਤਾੜੇ।

ਨਾਇਕ ਤੋਂ ਖਲਨਾਇਕ ਬਣਾ ਕੇ,
ਦੁਨੀਆ ਨੇ ਕਈ ਛੱਡੇ,
ਇਸ ਦੁਨੀਆ ਨੇ ਬੇਗਿਣਤ ਹੀ,
ਵਸਦੇ ਰਹਿਬਰ ਉਜਾੜੇ।

ਮਨੁੱਖਤਾ ਨੂੰ ਪਰਖਣ ਦੇ ਵਿੱਚ,
ਮਨੁੱਖ ਹੀ ਕਰਦਾ ਧੋਖਾ,
ਹੈ ਕੋਈ ਐਸਾ ਸੱਚਾ ਇਨਸਾਫੀ,
ਜੋ ਦੁੱਧ 'ਤੇ ਪਾਣੀ ਨਿਤਾਰੇ?

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਆਓ ਬਣੀਏਂ ਗੁਰੂ ਸਵਾਰੇ ਲੋਕ

ਅਕਸਰ ਵੇਖੇ ਰੋਂਦੇ, ਦੁੱਖਾਂ ਦੇ ਮਾਰੇ ਲੋਕ।
ਇਹੋ ਸਦਾ ਭਾਲਦੇ ਰਹਿਣ, ਸਹਾਰੇ ਲੋਕ
ਕੋਈ ਨੀ ਮਦਦ ਕਰਦਾ, ਦੁੱਖਾਂ ਦੇ ਮਾਰਿਆਂ ਦੀ,
ਅੱਜ-ਕੱਲ੍ਹ ਬਣ ਗਏ ਕਿਉਂ, ਹਤਿਆਰੇ ਲੋਕ।
ਦੁਖੀਏ ਤਾਈਂ ਅਕਸਰ, ਵੇਖ ਕੇ ਖੁਸ਼ ਹੋਵਣ,
ਵੀਰੋ ਨਿਰਮੋਹੇ ਨੇ ਜ਼ਿਆਦਾ, ਜੋ ਹੰਕਾਰੇ ਲੋਕ।
ਪਰ ਪੰਜੇ ਉਂਗਲਾਂ ਨਹੀਓ, ਹੁੰਦੀਆਂ ਇੱਕੋ ਜਿਹੀਆਂ,
ਕੁਝ ਹੁੰਦੇ ਨੇ ਸਤਿਗੁਰ ਦੇ, ਸੰਵਾਰੇ ਲੋਕ।
ਬਾਂਹ ਫੜਦੇ ਨੇ ਆ ਕੇ, ਜੋ ਵੀ ਦੁਖੀਏ ਦੀ,
ਸਮਾਜ ਵਿੱਚ ਨੇ ਜਾਂਦੇ ਓਹ, ਸਤਿਕਾਰੇ ਲੋਕ।
ਜੋ ਲੋਕ ਭਲਾਈ ਦੇ ਲਈ, ਕਾਰਜ ਕਰਦੇ ਓਹ,
ਸਤਿਗੁਰ ਲਈ ਉਹ ਹੁੰਦੇ, ਬਹੁਤ ਪਿਆਰੇ ਲੋਕ।
ਆਖੇ ਦੱਦਾਹੂਰੀਆ ਉਝ ਤਾਂ, ਹੈ ਜੀ ਘਾਟ ਬੜੀ,
ਪਰ ਫਿਰ ਵੀ ਲੱਭ ਜਾਂਦੇ ਨੇ, ਐਸੇ ਕੁੱਝ ਨਿਆਰੇ ਲੋਕ।
ਚਮਕਾ ਜਾਂਦੇ ਨੇ ਨਾਮ, ਸਦਾ ਉਹ ਦੁਨੀਆਂ ਤੇ,
ਮਸੀਹੇ ਬਣਦੇ ਸੱਭ ਲਈ, ਰਾਜ ਦੁਲਾਰੇ ਲੋਕ।
ਕਦੇ ਮੱਲਮ ਪੱਟੀ, ਜੋ ਨਾ ਬਣਦੇ ਦੁਖੀਆਂ ਦੀ,
ਸਦਾ ਜੱਗ ਦੇ ਵਿੱਚੋਂ ਜਾਂਦੇ ਉਹ, ਫਿਟਕਾਰੇ ਲੋਕ।

ਜਸਵੀਰ ਸ਼ਰਮਾ ਦੱਦਾਹੂਰ
95691-49556

## ਮੈਂ ਕਿਉਂ ਮਾਰਾਂ

ਜਿਸ ਨੇ ਆਪਣੇ ਘਰ ਦੇ ਬੂਹੇ ਭੇੜੇ,
ਮੈਂ ਕਿਉਂ ਮਾਰਾਂ ਉਸ ਦੇ ਘਰ ਵੱਲ ਗੇੜੇ।
ਚਾਚੇ, ਤਾਏ, ਮਾਮੇ ਪਿੱਛੋਂ ਆਉਂਦੇ,
ਮਾਂ ਹੁੰਦੀ ਹੈ ਪੁੱਤ ਦੇ ਸਭ ਤੋਂ ਨੇੜੇ।
ਜੋ ਤੁਫਾਨਾਂ ਵਿੱਚ ਵੀ ਛੱਡਦੇ ਨ੍ਹੀ ਦਿਲ,
ਪਾਰ ਉਨ੍ਹਾਂ ਦੇ ਯਾਰੋ, ਲੱਗਦੇ ਬੇੜੇ।
ਉਸ ਵਰਗਾ ਮੂਰਖ ਨਾ ਕੋਈ ਯਾਰੋ,
ਜੋ ਸੁੱਤੇ ਹੋਏ ਨਾਗਾਂ ਨੂੰ ਛੇੜੇ।
ਮਿਹਨਤ ਕਰਨੀ ਪੈਣੀ ਰੱਜ ਕੇ ਯਾਰੋ,
ਜੇ ਲਿਆਣੇ ਜੀਵਨ ਵਿਚ ਖੁਸ਼ੀਆਂ, ਖੇੜੇ।
ਉਹ ਇਹਨਾਂ ਦੇ ਗੁਣ ਗਾਉਂਦਾ ਨਾ ਥੱਕੇ,
ਜਿਸ ਨੇ ਵੀ ਖਾਧੇ ਜੇਜੋਂ ਦੇ ਪੇੜੇ।
ਹੁਣ ਪੁੱਤਾਂ ਦਾ ਮੋਹ ਨਾ ਰਿਹਾ ਮਾਂ-ਪਿਉ ਵਿਚ,
ਪੈਸੇ ਲਈ ਉਹ ਹੋਣ ਉਨ੍ਹਾਂ ਦੇ ਨੇੜੇ।

ਮਹਿੰਦਰ ਸਿੰਘ ਮਾਨ
9915803554

# ਤਰੱਕੀ ਦੇ ਵਿਰੁੱਧ ਪੋਸ਼ਣ ਦੀ ਚੁਣੌਤੀ

ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ





ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਗਰੀਬੀ ਅਤੇ ਪੋਸ਼ਣ ਨਾਲ ਸਬੰਧਤ ਵੱਖ-ਵੱਖ ਅਧਿਐਨ ਰਿਪੋਰਟਾਂ ਇਸ ਤੱਥ ਨੂੰ ਉਜਾਗਰ ਕਰ ਰਹੀਆਂ ਹਨ ਕਿ ਗਰੀਬੀ ਲਗਾਤਾਰ ਘਟ ਰਹੀ ਹੈ ਪਰ ਲੋਕਾਂ ਦੇ ਭੋਜਨ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ ਇੱਕ ਚੁਣੌਤੀ ਬਣੀ ਹੋਈ ਹੈ। ਸਟੇਟ ਬੈਂਕ ਆਫ਼ ਇੰਡੀਆ ਗਰੀਬੀ ਬਾਰੇ ਖੋਜ ਸਰਕਾਰੀ ਸਹਾਇਤਾ ਪ੍ਰੋਗਰਾਮਾਂ ਦੇ ਕਾਰਨ ਗਰੀਬੀ ਨੂੰ ਘਟਾਉਣਾ ਜਾਰੀ ਰੱਖਦਾ ਹੈ ਜੋ ਸਿੱਧੇ ਤੌਰ 'ਤੇ ਗਰੀਬਾਂ ਨੂੰ ਲਾਭ ਪਹੁੰਚਾਉਂਦੇ ਹਨ। ਜਦੋਂ ਕਿ ਵਿਸ਼ਵ ਵਿੱਚ ਖੁਰਾਕ ਸੁਰੱਖਿਆ ਅਤੇ ਪੋਸ਼ਣ ਦੀ ਸਥਿਤੀ (ਸੋਫੀ) ਰਿਪੋਰਟ 2023 ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਪੋਸ਼ਣ ਦੀ ਸਥਿਤੀ ਚੁਣੌਤੀਪੂਰਨ ਹੈ। 2020 ਤੋਂ 2022 ਦਰਮਿਆਨ 74 ਮਿਲੀਅਨ ਲੋਕ ਕੁਪੋਸ਼ਣ ਦਾ ਸ਼ਿਕਾਰ ਹੋਏ। ਇਸ ਰਿਪੋਰਟ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਦਿਨ ਵਿੱਚ ਦੋ ਭੋਜਨ ਦੀ ਪਰਿਭਾਸ਼ਾ ਅਨੁਸਾਰ ਭਾਰਤ ਵਿੱਚ ਭੁੱਖਮਰੀ ਦੀ ਸਮੱਸਿਆ ਮੁਕਾਬਲਤਨ ਘਟੀ ਹੈ। ਇਸ ਦਾ ਮਤਲਬ ਹੈ ਕਿ ਆਬਾਦੀ ਦੇ ਇੱਕ ਵੱਡੇ ਹਿੱਸੇ ਦੀਆਂ ਅਨਾਜ ਨਾਲ ਸਬੰਧਤ ਲੋੜਾਂ ਬਹੁਤ ਹੱਦ ਤੱਕ ਪੂਰੀਆਂ ਹੋ ਰਹੀਆਂ ਹਨ। ਪਰ ਪੋਸ਼ਣ ਦੀ ਕਮੀ ਬਣੀ ਰਹਿੰਦੀ ਹੈ। ਇਸੇ ਤਰ੍ਹਾਂ, ਗਲੋਬਲ ਹੰਗਰ ਇੰਡੈਕਸ 2023 ਵਿੱਚ, ਭਾਰਤ ਨੂੰ 125 ਦੇਸ਼ਾਂ ਵਿੱਚੋਂ 111ਵਾਂ ਸਥਾਨ ਮਿਲਿਆ ਹੈ। ਐਸਬੀਆਈ ਰਿਸਰਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗਰੀਬੀ ਵਿੱਚ ਕਮੀ ਸ਼ਹਿਰੀ ਖੇਤਰਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਵਿੱਚ ਜ਼ਿਆਦਾ ਹੈ। ਇਹ ਹੋਰ ਤੇਜ਼ੀ ਨਾਲ ਹੋਇਆ ਹੈ. ਜਦੋਂ ਕਿ ਸਾਲ 2011-12 ਵਿਚ ਪੇਂਡੂ ਗਰੀਬੀ 25.7 ਫੀਸਦੀ ਅਤੇ ਸ਼ਹਿਰੀ ਗਰੀਬੀ 13.7 ਫੀਸਦੀ ਸੀ, ਸਾਲ 2023-24 ਵਿਚ ਪੇਂਡੂ ਗਰੀਬੀ 4.86 ਫੀਸਦੀ ਅਤੇ ਸ਼ਹਿਰੀ ਗਰੀਬੀ 4.09 ਫੀਸਦੀ 'ਤੇ ਆ ਗਈ। ਇਸ ਰਿਪੋਰਟ ਦੇ ਅਨੁਸਾਰ ਪਿਛਲੇ 14 ਸਾਲਾਂ ਵਿੱਚ ਆਮਦਨ ਵਿੱਚ ਵਾਧੇ ਕਾਰਨ ਜਿੱਥੇ ਸ਼ਹਿਰਾਂ ਵਿੱਚ ਮਹੀਨਾਵਾਰ ਪ੍ਰਤੀ ਵਿਅਕਤੀ ਖਪਤਕਾਰ ਖਰਚ (MPCE) ਵਿੱਚ 3.5 ਗੁਣਾ ਵਾਧਾ ਹੋਇਆ ਹੈ, ਉੱਥੇ ਪੇਂਡੂ ਖੇਤਰਾਂ ਵਿੱਚ ਇਹ ਲਗਭਗ ਚਾਰ ਗੁਣਾ ਵਧਿਆ ਹੈ। 2009-10 ਅਤੇ 2023-24 ਦੇ ਵਿਚਕਾਰ, ਸ਼ਹਿਰੀ ਖੇਤਰਾਂ ਵਿੱਚ ਖਪਤਕਾਰਾਂ ਦਾ ਖਰਚਾ 1984 ਰੁਪਏ ਤੋਂ ਵਧ ਕੇ 6996 ਰੁਪਏ ਹੋ ਜਾਵੇਗਾ ਅਤੇ ਪੇਂਡੂ ਖੇਤਰਾਂ ਵਿੱਚ ਇਹ 1054 ਰੁਪਏ ਤੋਂ ਵੱਧ ਜਾਵੇਗਾ। ਇਹ ਵਧ ਕੇ 4122 ਰੁਪਏ ਹੋ ਗਿਆ। ਅਜਿਹੇ 'ਚ ਸ਼ਹਿਰਾਂ ਨਾਲੋਂ ਪਿੰਡਾਂ 'ਚ ਇਹ ਖਰਚਾ ਜ਼ਿਆਦਾ ਹੈ। ਧਿਆਨਯੋਗ ਹੈ ਕਿ 4 ਜਨਵਰੀ ਨੂੰ ਗ੍ਰਾਮੀਣ ਭਾਰਤ ਮਹਾਉਤਸਵ 2025 ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਦੇਸ਼ 'ਚ ਗ੍ਰਾਮੀਣ ਗਰੀਬੀ ਤੇਜ਼ੀ ਨਾਲ ਘੱਟ ਰਹੀ ਹੈ। ਪਿਛਲੇ ਸਾਲ ਇਹ 2024 ਵਿੱਚ ਪੰਜ ਫੀਸਦੀ ਤੋਂ ਵੀ ਘੱਟ ਰਹਿ ਗਿਆ ਹੈ। ਇਸ ਤੋਂ ਇਲਾਵਾ ਪਿੰਡ ਵਾਸੀਆਂ ਦੀ ਆਮਦਨ ਅਤੇ ਖਰੀਦ ਸ਼ਕਤੀ ਵੀ ਵਧੀ ਹੈ। ਪਿੰਡਾਂ ਦੇ ਲੱਖਾਂ ਘਰਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮਿਲ ਰਿਹਾ ਹੈ। 1.5 ਲੱਖ ਆਯੁਸ਼ਮਾਨ ਅਰੋਗਿਆ ਮੰਦਰਾਂ ਤੋਂ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਡਿਜੀਟਲ ਤਕਨਾਲੋਜੀ ਦੀ ਮਦਦ ਨਾਲ ਸੁਧਾਰਨਾ ਤਾਂ ਡਾਕਟਰ ਅਤੇ ਨਾ ਹੀ ਹਸਪਤਾਲ ਪਿੰਡਾਂ ਨਾਲ ਜੁੜ ਰਹੇ ਹਨ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੇ ਜ਼ਰੀਏ ਦੇਸ਼ ਦੇ ਕਿਸਾਨਾਂ ਨੂੰ 3 ਲੱਖ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਪਿਛਲੇ ਦਸ ਸਾਲਾਂ ਵਿੱਚ ਖੇਤੀ ਕਰਜ਼ਿਆਂ ਵਿੱਚ ਸਾਢੇ ਤਿੰਨ ਗੁਣਾ ਵਾਧਾ ਹੋਇਆ ਹੈ। ਹੁਣ ਪਸ਼ੂ ਪਾਲਕਾਂ ਅਤੇ ਮੱਛੀ ਪਾਲਕਾਂ ਨੂੰ ਵੀ ਕਿਸਾਨ ਕ੍ਰੈਡਿਟ ਕਾਰਡ ਦਿੱਤੇ ਜਾ ਰਹੇ ਹਨ। ਪਿਛਲੇ ਦਸ ਸਾਲਾਂ ਵਿੱਚ ਫ਼ਸਲਾਂ ਅਤੇ ਫ਼ਸਲੀ ਬੀਮੇ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਕਮ ਵਿੱਚ ਵਾਧਾ ਕੀਤਾ ਗਿਆ ਹੈ। ਸਵਾਮਿਤਵ ਯੋਜਨਾ ਵਰਗੀਆਂ ਮੁਹਿੰਮਾਂ ਚਲਾਈਆਂ ਗਈਆਂ ਹਨ, ਜਿਸ ਰਾਹੀਂ ਪਿੰਡਾਂ ਦੇ ਲੋਕਾਂ ਨੂੰ ਜਾਇਦਾਦ ਦੇ ਦਸਤਾਵੇਜ਼ ਦਿੱਤੇ ਜਾ ਰਹੇ ਹਨ। ਪਿੰਡ ਦੇ ਨੌਜਵਾਨਾਂ ਲਈ ਮੁਦਰਾ ਸਕੀਮ'ਸਟਾਰਟਅੱਪ ਇੰਡੀਆ' ਅਤੇ 'ਸਟੈਂਡ ਅੱਪ ਇੰਡੀਆ' ਵਰਗੀਆਂ ਸਕੀਮਾਂ ਰਾਹੀਂ ਮਦਦ ਦਿੱਤੀ ਜਾ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨਾ ਯੋਜਨਾ (PMGKAY) ਦੇ ਤਹਿਤ 80 ਕਰੋੜ ਤੋਂ ਵੱਧ ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਮੁਫਤ ਅਨਾਜ ਪ੍ਰੋਗਰਾਮ ਨੇ ਉਨ੍ਹਾਂ ਦੀ ਗਰੀਬੀ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਰਕਾਰ ਨੇ PMGKAY ਤਹਿਤ 2028 ਤੱਕ ਗਰੀਬਾਂ ਨੂੰ ਮੁਫਤ ਅਨਾਜ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੇਸ਼ ਦੇ ਗਰੀਬ ਅਤੇ ਕਮਜ਼ੋਰ ਵਰਗਾਂ ਨੂੰ ਸੰਗਠਿਤ ਕੀਤਾ ਜਾਣਾ ਚਾਹੀਦਾ ਹੈ ਮੁਫਤ ਅਨਾਜ ਵੰਡਦੇ ਹੋਏਜਨਤਕ ਵੰਡ ਪ੍ਰਣਾਲੀ (ਪੀਡੀਐਸ) ਦੀ ਭੂਮਿਕਾ ਨੂੰ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਦੇਸ਼ ਭਰ ਵਿੱਚ ਪੰਜ ਲੱਖ ਤੋਂ ਵੱਧ ਮੌਜੂਦਾ ਵਾਜਬ ਕੀਮਤ ਦੀਆਂ ਦੁਕਾਨਾਂ ਰਾਹੀਂ ਮੁਫਤ ਅਨਾਜ ਵੰਡਿਆ ਜਾਂਦਾ ਹੈ। 2016 ਤੋਂ ਰਾਸ਼ਨ ਦੀਆਂ ਦੁਕਾਨਾਂ ਵਿੱਚ ਪੁਆਇੰਟ ਆਫ ਸੇਲ (ਪੀਓਐਸ) ਮਸ਼ੀਨਾਂ ਦੀ ਸ਼ੁਰੂਆਤ ਦੇ ਨਤੀਜੇ ਵਜੋਂ ਲੀਕੇਜ ਵਿੱਚ ਕਮੀ ਆਈ ਹੈ। ਇਹ ਵੀ ਮਹੱਤਵਪੂਰਨ ਹੈ ਕਿ ਡਿਜੀਟਲ ਇੰਡੀਆ, ਸਾਫ਼ ਪੀਣ ਵਾਲੇ ਪਾਣੀ ਲਈ ਸੌਭਾਗਿਆ ਯੋਜਨਾ ਮੁਹਿੰਮ ਅਤੇ ਆਯੁਸ਼ਮਾਨ ਭਾਰਤ ਯੋਜਨਾ ਅਤੇ ਸਾਰੇ ਘਰਾਂ ਤੱਕ ਬਿਜਲੀ ਲਈ ਸਾਫ਼ ਈਂਧਨ ਲਈ ਉੱਜਵਲਾ ਯੋਜਨਾ ਦੇਸ਼ ਵਿੱਚ ਗਰੀਬੀ ਨੂੰ ਘਟਾ ਰਹੀ ਹੈ। ਖਾਸ ਕਰਕੇ 54 ਕਰੋੜ ਤੋਂ ਵੱਧਜਨ-ਧਨ ਖਾਤਿਆਂ, ਲਗਭਗ 138 ਕਰੋੜ ਆਧਾਰ ਕਾਰਡਾਂ ਅਤੇ 115 ਕਰੋੜ ਤੋਂ ਵੱਧ ਮੋਬਾਈਲ ਗਾਹਕਾਂ ਦੀ ਸ਼ਕਤੀ ਨਾਲ ਬਣਿਆ ਬੇਮਿਸਾਲ ਡਿਜੀਟਲ ਬੁਨਿਆਦੀ ਢਾਂਚਾ ਗਰੀਬਾਂ ਦੇ ਸਸ਼ਕਤੀਕਰਨ ਵਿੱਚ ਅਸਾਧਾਰਨ ਭੂਮਿਕਾ ਨਿਭਾ ਰਿਹਾ ਹੈ। ਇਸ ਦੇ ਆਧਾਰ 'ਤੇ ਰਾਹਤ ਫੰਡ ਸਿੱਧੇ ਦੇਸ਼ ਦੇ ਗਰੀਬ ਲੋਕਾਂ ਦੇ ਖਾਤਿਆਂ 'ਚ ਟਰਾਂਸਫਰ ਕੀਤੇ ਜਾ ਰਹੇ ਹਨ। ਸਾਲ 2014 ਤੋਂ ਸਾਲ 2024 ਤੱਕ, DBT ਰਾਹੀਂ 40 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਕਮ ਸਿੱਧੇ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਜਮ੍ਹਾਂ ਕੀਤੀ ਗਈ ਹੈ। ਇਸ ਸਭ ਕਾਰਨ ਗਰੀਬੀ ਵਿੱਚ ਵੱਡੀ ਕਮੀ ਆਈ ਹੈ ਅਤੇ ਪੇਂਡੂ ਭਾਰਤ ਨੂੰ ਵਿਸ਼ੇਸ਼ ਤੌਰ 'ਤੇ ਫਾਇਦਾ ਹੋਇਆ ਹੈ।

ਗਲੋਬਲ ਰਿਪੋਰਟਾਂ ਵਿੱਚ ਵੀ ਭਾਰਤ ਵਿੱਚ ਗਰੀਬਾਂ ਦਾ ਸਸ਼ਕਤੀਕਰਨਕਰਜ਼ੇ ਅਤੇ ਵਿਕਾਸ ਰਾਹੀਂ ਗਰੀਬੀ ਘਟਾਉਣ ਅਤੇ ਉਤਪਾਦਕਤਾ ਵਿੱਚ ਵਾਧੇ ਦਾ ਵਿਸ਼ਲੇਸ਼ਣ ਪੇਸ਼ ਕੀਤਾ ਜਾ ਰਿਹਾ ਹੈ। ਵਿਸ਼ਵ ਬੈਂਕ ਦੀ ਵਿਸ਼ਵ ਗਰੀਬੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 1990 ਵਿੱਚ ਭਾਰਤ ਵਿੱਚ ਅਤਿ ਗਰੀਬਾਂ ਦੀ ਗਿਣਤੀ 431 ਮਿਲੀਅਨ ਸੀ। ਇਹ 2021 ਵਿੱਚ ਘਟ ਕੇ 16.74 ਕਰੋੜ ਰਹਿ ਜਾਵੇਗਾ ਅਤੇ ਸਾਲ 2024 ਵਿੱਚ ਸਿਰਫ 12.9 ਕਰੋੜ ਰਹਿ ਜਾਵੇਗਾ। ਨੀਤੀ ਆਯੋਗ ਦੁਆਰਾ ਮਾਨਤਾ ਪ੍ਰਾਪਤ ਮਾਪਦੰਡਾਂ ਦੇ ਅਧਾਰ 'ਤੇ ਬਹੁ-ਆਯਾਮੀ ਗਰੀਬੀ ਸੂਚਕਾਂਕ (ਐਮਪੀਆਈ) 2024 ਦੇ ਅਨੁਸਾਰ, ਪਿਛਲੇ ਦਸ ਸਾਲਾਂ ਵਿੱਚ ਲਗਭਗ 25 ਕਰੋੜ ਲੋਕ ਬਹੁ-ਆਯਾਮੀ ਗਰੀਬੀ ਦੇ ਦਾਇਰੇ ਤੋਂ ਬਾਹਰ ਆ ਗਏ ਹਨ। ਵਿਸ਼ਵ ਪ੍ਰਸਿੱਧਅਰਥ ਸ਼ਾਸਤਰੀ ਥਾਮਸ ਪਿਕੇਟੀ ਦਾ ਕਹਿਣਾ ਹੈ ਕਿ ਭਾਰਤ ਵਿੱਚ ਤੇਜ਼ੀ ਨਾਲ ਵਿਕਾਸ ਆਮ ਆਦਮੀ ਦੀ ਆਮਦਨ ਵਿੱਚ ਵਾਧਾ ਕਰ ਰਿਹਾ ਹੈ ਅਤੇ ਗਰੀਬੀ ਵਿੱਚ ਤੇਜ਼ੀ ਨਾਲ ਕਮੀ ਦਾ ਰੁਝਾਨ ਉੱਭਰ ਰਿਹਾ ਹੈ। ਲੋਕ ਭਲਾਈ ਸਕੀਮਾਂ ਨੇ ਗਰੀਬੀ ਅਤੇ ਭੁੱਖਮਰੀ ਦੀ ਚੁਣੌਤੀ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ, ਪਰ ਸਰਕਾਰ ਦੇ ਟੀਚੇ ਅਨੁਸਾਰ ਸਾਲ 2030 ਤੱਕ ਬਹੁ-ਆਯਾਮੀ ਗਰੀਬੀ ਦਾ ਸਾਹਮਣਾ ਕਰ ਰਹੇ 15 ਕਰੋੜ ਤੋਂ ਵੱਧ ਗਰੀਬ ਲੋਕਾਂ ਨੂੰ ਗਰੀਬੀ ਤੋਂ ਬਾਹਰ ਲਿਆਉਣ ਲਈ ਹੋਰ ਯਤਨਾਂ ਦੀ ਲੋੜ ਹੈ। ਸਾਨੂੰ ਇਸ ਗੱਲ ਵੱਲ ਧਿਆਨ ਦੇਣਾ ਹੋਵੇਗਾ ਕਿ ਭਾਵੇਂ ਦੇਸ਼ ਵਿੱਚ ਗਰੀਬਾਂ ਦਾ ਸਸ਼ਕਤੀਕਰਨ ਝਲਕਦਾ ਹੈਆਮਦਨ ਵੀ ਵਧੀ ਹੈ, ਪਰ ਭਾਰਤ ਅਜੇ ਵੀ ਦੁਨੀਆ ਦੇ ਉਨ੍ਹਾਂ ਚੋਟੀ ਦੇ ਦਸ ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੇ ਪਿਛਲੇ ਵੀਹ ਸਾਲਾਂ ਵਿੱਚ ਲੋਕਾਂ ਦੀ ਆਮਦਨ ਵਿੱਚ ਅਸਮਾਨ ਵਾਧਾ ਹੋਇਆ ਹੈ। ਦੇਸ਼ ਦੇ ਕਰੋੜਾਂ ਗ਼ਰੀਬ ਲੋਕਾਂ ਲਈ ਸਾਨੂੰ ਅਜਿਹੀਆਂ ਨੀਤੀਆਂ ਦੀ ਲੋੜ ਹੈ ਜੋ ਉਨ੍ਹਾਂ ਲਈ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਦੀ ਵੰਡ, ਉਪਲਬਧਤਾ ਅਤੇ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ ਇਸਨੂੰ ਸਸਤੇ ਰੱਖਣ ਵਿੱਚ ਸਹਾਇਕ ਹੋ ਸਕਣ। ਇਹ ਉਮੀਦ ਕੀਤੀ ਜਾਂਦੀ ਹੈ ਕਿ ਸਰਕਾਰ ਸਾਲ 2025 ਵਿੱਚ ਦੇਸ਼ ਵਿੱਚ ਗਰੀਬੀ ਘਟਾਉਣ ਲਈ ਸਸ਼ਕਤੀਕਰਨ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਨਾਲ ਨਵੀਆਂ ਯੋਜਨਾਵਾਂ ਅਤੇ ਨਵੇਂ ਰਣਨੀਤਕ ਯਤਨਾਂ ਨਾਲ ਅੱਗੇ ਵਧੇਗੀ। ਇਸ ਸੰਦਰਭ ਵਿੱਚ, ਸਰਕਾਰ ਬਹੁ-ਆਯਾਮੀ 'ਤੇ ਕੰਮ ਕਰ ਰਹੀ ਹੈਇਹ 2030 ਤੱਕ ਗਰੀਬੀ ਦਾ ਸਾਹਮਣਾ ਕਰ ਰਹੇ ਪੰਦਰਾਂ ਕਰੋੜ ਤੋਂ ਵੱਧ ਲੋਕਾਂ ਨੂੰ ਗਰੀਬੀ ਤੋਂ ਬਾਹਰ ਲਿਆਉਣ ਦੇ ਟੀਚੇ 'ਤੇ ਕੇਂਦਰਿਤ ਹੋਵੇਗਾ।

# ਖੋ-ਖੋ: ਗਲੀਆਂ ਤੋਂ ਵਿਸ਼ਵ ਕੱਪ ਤੱਕ

ਹਰਜੀਤ ਸਿੰਘ ਜੋਗਾ



ਸਾਲ 1918 ਵਿੱਚ ਪੂਨਾ (ਮਹਾਰਾਸ਼ਟਰ) ਦੇ ਜਿਮਖਾਨਾ ਕਲੱਬ ਵਿੱਚ ਮਿੱਟੀ ਦੇ ਮੈਦਾਨ ਤੋਂ ਸ਼ੁਰੂ ਹੋਈ ਖੋ-ਖੋ ਹੁਣ ਆਪਣਾ ਸਫ਼ਰ ਤੈਅ ਕਰਕੇ ਇਨਡੋਰ ਸਟੇਡੀਅਮਾਂ ਵਿੱਚ ਮੈਟ 'ਤੇ ਪਹੁੰਚਣ ਵਿੱਚ ਸਫਲਤਾ ਹਾਸਲ ਕਰ ਚੁੱਕੀ ਹੈ। ਖੋ-ਖੋ ਖੇਡ ਦੀ ਸ਼ੁਰੂਆਤ 1600 ਈਸਵੀ ਵਿੱਚ ਹੋਈ ਮੰਨੀ ਜਾਂਦੀ ਹੈ। ਉਸ ਸਮੇਂ ਇਹ ਖੇਡ ਰੱਥਾਂ 'ਤੇ ਚੜ੍ਹ ਕੇ ਖੇਡੀ ਜਾਂਦੀ ਸੀ। ਰੱਥਾਂ 'ਤੇ ਸਵਾਰ ਹੋ ਕੇ ਖੇਡਣ ਕਾਰਨ ਉਸ ਸਮੇਂ ਇਸ ਨੂੰ 'ਰਥੇਰਾ' ਕਿਹਾ ਜਾਂਦਾ ਸੀ। ਪਹਿਲੀ ਵਾਰ ਇਸ ਖੇਡ ਦੇ ਨਿਯਮਾਂ ਨੂੰ 1914 ਵਿੱਚ ਬਾਲ ਗੰਗਾਧਰ ਤਿਲਕ ਵੱਲੋਂ ਲਿਖਤੀ ਰੂਪ ਦਿੱਤਾ ਗਿਆ। ਕਬੱਡੀ ਤੋਂ ਬਾਅਦ ਖੋ-ਖੋ ਇਸ ਤਰ੍ਹਾਂ ਦੀ ਪਹਿਲੀ ਸਵਦੇਸ਼ੀ ਖੇਡ ਹੈ ਜਿਸ ਨੂੰ ਅੰਤਰ ਰਾਸ਼ਟਰੀ ਪੱਧਰ ਦੀ ਖੇਡ ਬਣਾਉਣ ਲਈ ਖੋ-ਖੋ ਫੈਡਰੇਸ਼ਨ ਆਫ ਇੰਡੀਆ ਵੱਲੋਂ ਖੇਡ ਮੰਤਰਾਲੇ ਨਾਲ ਮਿਲ ਕੇ ਯਤਨ ਕੀਤੇ ਜਾ ਰਹੇ ਹਨ। ਪਹਿਲਾਂ ਇਹ ਖੇਡ ਭਾਰਤ ਦੇ ਰਾਜਾਂ ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਆਦਿ ਵਿੱਚ ਹੀ ਜ਼ਿਆਦਾ ਪ੍ਰਚੱਲਿਤ ਸੀ, ਪਰ ਹੌਲੀ ਹੌਲੀ ਇਹ ਖੇਡ ਪੂਰੇ ਭਾਰਤ ਵਿੱਚ ਹਰਮਨਪਿਆਰੀ ਹੋ ਗਈ। 1936 ਦੀਆਂ ਬਰਲਿਨ ਓਲੰਪਿਕ ਖੇਡਾਂ ਮੌਕੇ ਭਾਰਤ ਦੀਆਂ ਹੋਰ ਰਵਾਇਤੀ ਖੇਡਾਂ ਦੇ ਨਾਲ ਨਾਲ ਖੋ-ਖੋ ਦਾ ਵੀ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਨ ਕੀਤਾ ਗਿਆ ਸੀ। 1982 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਮੌਕੇ ਵੀ ਇਸ ਦਾ ਪ੍ਰਦਰਸ਼ਨੀ ਮੈਚ ਵਿਸ਼ੇਸ਼ ਤੌਰ 'ਤੇ ਕਰਵਾਇਆ ਗਿਆ ਸੀ। ਉਸ ਤੋਂ ਬਾਅਦ 1996 ਵਿੱਚ ਕਲਕੱਤਾ ਵਿਖੇ ਪਹਿਲੀ ਖੋ-ਖੋ ਏਸ਼ੀਅਨ ਚੈਂਪੀਅਨਸ਼ਿਪ ਕਰਵਾਈ ਗਈ ਸੀ। ਫਿਰ 2016 ਵਿੱਚ ਗੁਹਾਟੀ ਵਿਖੇ ਹੋਈਆਂ ਦੱਖਣੀ ਏਸ਼ੀਆ ਖੇਡਾਂ ਵਿੱਚ ਇਸ ਨੂੰ ਮੁੱਖ ਖੇਡ ਵਜੋਂ ਸ਼ਾਮਲ ਕੀਤਾ ਗਿਆ।

ਖੋ-ਖੋ ਨੂੰ ਵਿਸ਼ਵ ਪੱਧਰ 'ਤੇ ਪ੍ਰਚੱਲਿਤ ਕਰਨ ਲਈ ਭਾਰਤੀ ਖੋ-ਖੋ ਫੈਡਰੇਸ਼ਨ ਨੇ ਵੱਖ ਵੱਖ ਦੇਸ਼ਾਂ ਵਿੱਚ ਭਾਰਤੀ ਖੋ-ਖੋ ਕੋਚ ਨਿਯੁਕਤ ਕਰਕੇ ਦੂਸਰੇ ਦੇਸ਼ਾਂ ਦੇ ਖਿਡਾਰੀਆਂ ਲਈ ਸਿਖਲਾਈ ਦਾ ਪ੍ਰਬੰਧ ਕੀਤਾ ਸੀ। ਇੱਥੇ ਹੀ ਬਸ ਨਹੀਂ ਉਸ ਤੋਂ ਬਾਅਦ ਬਾਹਰਲੇ ਦੇਸ਼ਾਂ ਵਿੱਚ ਤਿਆਰ ਕੀਤੀਆਂ ਗਈਆਂ ਇਨ੍ਹਾਂ ਟੀਮਾਂ ਨੂੰ ਭਾਰਤ ਵਿੱਚ ਬੁਲਾ ਕੇ ਵੱਖ ਵੱਖ ਪ੍ਰਾਂਤਾਂ ਦੀਆਂ ਟੀਮਾਂ ਨਾਲ ਇਨ੍ਹਾਂ ਦੇ ਮੈਚ ਕਰਵਾਉਣ ਲਈ ਵੀ ਭਾਰਤੀ ਖੋ-ਖੋ ਫੈਡਰੇਸ਼ਨ ਵੱਲੋਂ ਕਾਫ਼ੀ ਕੰਮ ਕੀਤਾ ਗਿਆ ਜਿਸ ਸਦਕਾ ਅੱਜ 54 ਤੋਂ ਜ਼ਿਆਦਾ ਦੇਸ਼ਾਂ ਵਿੱਚ ਖੋ-ਖੋ ਖੇਡੀ ਜਾਣ ਲੱਗੀ ਹੈ। ਭਾਰਤ ਤੋਂ ਇਲਾਵਾ ਹੋਰ ਵੀ ਅਨੇਕਾਂ ਮੁਲਕਾਂ ਵਿੱਚ ਇਸ ਦੀ ਵਧ ਰਹੀ ਹਰਮਨਪਿਆਰਤਾ ਦਾ ਹੀ ਨਤੀਜਾ ਹੈ ਕਿ ਇਸ ਸਾਲ ਭਾਰਤ ਇਸ ਖੇਡ ਦੇ ਪਹਿਲੇ ਵਿਸ਼ਵ ਕੱਪ ਦੀ ਮੇਜ਼ਬਾਨੀ ਕਰ ਰਿਹਾ ਹੈ। ਭਾਰਤ ਵਿੱਚ ਜਨਮੀ ਇਸ ਪ੍ਰਾਚੀਨ ਤੇ ਰਵਾਇਤੀ ਖੇਡ ਦੇ ਹੋ ਰਹੇ ਮਹਾਂਕੁੰਭ ਵਿੱਚ ਵੱਖ ਵੱਖ ਦੇਸ਼ਾਂ ਦੀਆਂ ਮਰਦ ਅਤੇ ਔਰਤਾਂ ਦੀਆਂ 39 ਟੀਮਾਂ ਹਿੱਸਾ ਲੈ ਰਹੀਆਂ ਹਨ। ਗਲੀਆਂ-ਮੁਹੱਲਿਆਂ ਵਿੱਚ ਮਿੱਟੀ 'ਤੇ ਖੇਡੀ ਜਾਣ ਵਾਲੀ ਖੋ-ਖੋ ਹੁਣ ਵਿਸ਼ਵ ਕੱਪ ਤੱਕ ਪੁੱਜ ਚੁੱਕੀ ਹੈ ਜੋ ਇਸ ਖੇਡ ਲਈ ਸ਼ੁਭ ਸ਼ਗਨ ਕਿਹਾ ਜਾ ਸਕਦਾ ਹੈ। ਖੋ-ਖੋ ਵਿਸ਼ਵ ਕੱਪ ਨੂੰ ਕਰਵਾਉਣ ਦਾ ਅਸਲ ਉਦੇਸ਼ ਭਾਰਤ ਦੀ ਇਸ ਰਵਾਇਤੀ ਖੇਡ ਨੂੰ ਏਸ਼ਿਆਈ ਅਤੇ ਓਲੰਪਿਕ ਖੇਡਾਂ ਤੱਕ ਪਹੁੰਚਾਉਣਾ ਹੈ। ਪਹਿਲੇ ਵਿਸ਼ਵ ਕੱਪ ਵਿੱਚ ਵਿਸ਼ਵ ਦੇ 6 ਮਹਾਂਦੀਪਾਂ ਵਿੱਚੋਂ 23 ਦੇਸ਼ਾਂ ਦੇ 615 ਤੋਂ ਜ਼ਿਆਦਾ ਖਿਡਾਰੀ ਭਾਗ ਲੈ ਰਹੇ ਹਨ। ਅਫ਼ਰੀਕਾ ਮਹਾਂਦੀਪ ਵਿੱਚੋਂ ਘਾਨਾ, ਕੀਨੀਆ, ਦੱਖਣੀ ਅਫ਼ਰੀਕਾ ਅਤੇ ਯੂਗਾਂਡਾ, ਏਸ਼ੀਆ ਮਹਾਂਦੀਪ ਵਿੱਚੋਂ ਮੇਜ਼ਬਾਨ ਭਾਰਤ, ਬੰਗਲਾਦੇਸ਼, ਭੂਟਾਨ, ਇੰਡੋਨੇਸ਼ੀਆ, ਇਰਾਨ, ਮਲੇਸ਼ੀਆ, ਨੇਪਾਲ, ਦੱਖਣੀ ਕੋਰੀਆ ਅਤੇ ਸ਼੍ਰੀ ਲੰਕਾ, ਯੂਰਪ ਤੋਂ ਇੰਗਲੈਂਡ, ਜਰਮਨੀ, ਹਾਲੈਂਡ ਅਤੇ ਪੋਲੈਂਡ, ਉੱਤਰੀ ਅਮਰੀਕਾ ਮਹਾਂਦੀਪ ਵਿੱਚੋਂ ਸੰਯੁਕਤ ਰਾਜ ਅਮਰੀਕਾ, ਦੱਖਣੀ ਅਮਰੀਕਾ ਮਹਾਂਦੀਪ ਵਿੱਚੋਂ ਅਰਜਨਟੀਨਾ, ਬ੍ਰਾਜ਼ੀਲ ਅਤੇ ਪੇਰੂ ਅਤੇ ਆਸਟਰੇਲੀਆ ਤੇ ਨਿਊਜ਼ੀਲੈਂਡ ਦੀਆਂ ਟੀਮਾਂ ਆਪਣੇ-ਆਪਣੇ ਮਹਾਂਦੀਪ ਦੀ ਪ੍ਰਤੀਨਿਧਤਾ ਕਰਨਗੀਆਂ। 13 ਤੋਂ 19 ਜਨਵਰੀ ਤੱਕ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇੰਡੋਰ ਸਟੇਡੀਅਮ ਵਿੱਚ ਕਰਵਾਏ ਜਾ ਰਹੇ ਪਹਿਲੇ ਖੋ-ਖੋ ਵਿਸ਼ਵ ਕੱਪ ਲਈ ਜੇਤੂ ਟੀਮਾਂ ਨੂੰ ਕੋਈ ਨਕਦ ਰਾਸ਼ੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੂੰ ਸਿਰਫ਼ ਟਰਾਫੀ ਨਾਲ ਹੀ ਸਨਮਾਨਿਤ ਕੀਤਾ ਜਾਵੇਗਾ। ਇਸ ਟੂਰਨਾਮੈਂਟ ਲਈ ਤੇਜਸ ਅਤੇ ਤਾਰਾ ਨਾਮ ਦੀ ਜੋੜੀ ਦਾ ਸ਼ੁਭਾਂਕਰ ਵੀ ਜਾਰੀ ਕੀਤਾ ਗਿਆ ਹੈ। ਵਿਸ਼ਵ ਕੱਪ ਅਲਟੀਮੇਟ ਖੋ-ਖੋ ਦੀ ਤਰਜ਼ 'ਤੇ ਤੇਜ਼-ਤਰਾਰ ਫਾਰਮੈੱਟ ਵਿੱਚ ਕਰਵਾਇਆ ਜਾ ਰਿਹਾ ਹੈ।

ਨਵੇਂ ਨਿਯਮਾਂ ਅਨੁਸਾਰ ਹਮਲਾਵਰ ਟੀਮ ਵਿੱਚ ਸ਼ਤਰੰਜ ਦੀ ਤਰ੍ਹਾਂ ਇੱਕ 'ਵਜ਼ੀਰ' ਖਿਡਾਰੀ ਹੈ ਜੋ ਕਿਸੇ ਵੀ ਦਿਸ਼ਾ ਵਿੱਚ ਮੁੜਨ ਲਈ ਸੁਤੰਤਰ ਹੈ। ਇਸ ਤੋਂ ਪਹਿਲਾਂ ਹਮਲਾਵਰ ਪੱਖ ਦਾ ਖਿਡਾਰੀ ਆਪਣੀ ਦਿਸ਼ਾ ਨਹੀਂ ਬਦਲ ਸਕਦਾ ਸੀ। ਜਿਸ ਤਰ੍ਹਾਂ ਵਾਲੀਬਾਲ ਵਿੱਚ 'ਲਿਬਰੋ' ਦੀ ਵਰਦੀ ਦਾ ਰੰਗ ਆਪਣੇ ਸਾਥੀ ਖਿਡਾਰੀਆਂ ਦੀ ਵਰਦੀ ਤੋਂ ਵੱਖਰਾ ਹੁੰਦਾ ਹੈ, ਇਸੇ ਤਰ੍ਹਾਂ ਹੀ 'ਵਜ਼ੀਰ' ਦੀ ਵਰਦੀ ਵੀ ਵੱਖਰੇ ਰੰਗ ਦੀ ਹੈ ਤਾਂ ਕਿ ਉਸ ਦੀ ਪਹਿਚਾਣ ਰਹੇ। ਖੋ-ਖੋ ਵਿੱਚ 'ਵਜ਼ੀਰ' ਖਿਡਾਰੀ ਰੱਖਣ ਨਾਲ ਇਹ ਖੇਡ ਹੋਰ ਜ਼ਿਆਦਾ ਗਤੀਸ਼ੀਲ ਬਣੇਗੀ। ਪਹਿਲੇ ਖੋ-ਖੋ ਵਿਸ਼ਵ ਕੱਪ ਵਿੱਚ ਦਰਸ਼ਕਾਂ ਦਾ ਦਾਖਲਾ ਮੁਫ਼ਤ ਰੱਖਿਆ ਗਿਆ ਹੈ। ਦਰਸ਼ਕ ਵੱਖ-ਵੱਖ ਆਨਲਾਈਨ ਪਲੈਟਫਾਰਮਾਂ ਰਾਹੀਂ ਆਪਣੀ ਸੀਟ ਬੁੱਕ ਕਰਵਾ ਕੇ ਇਨ੍ਹਾਂ ਮੈਚਾਂ ਦਾ ਆਨੰਦ ਮਾਣ ਸਕਦੇ ਹਨ।

# Josanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD